# PUNJAB VIDHAN SABHA

# DEBATES

*Tuesday, the 10th March, 2026*

## SIXTEENTH VIDHAN SABHA

**(TWELFTH (BUDGET) SESSION)**

**(Sitting No.4)**

## OFFICIAL REPORT




**PUNJAB VIDHAN SABHA SECRETARIAT,
CHANDIGARH-160001**

**Price : Rs…………**

**ਪੰਜਾਬ ਵਿਧਾਨ ਸਭਾ**

**ਸਰਦਾਰ ਕੁਲਤਾਰ ਸਿੰਘ ਸੰਧਵਾਂ, ਮਾਣਯੋਗ ਸਪੀਕਰ**

**ਸਰਦਾਰ ਜੈ ਕ੍ਰਿਸ਼ਨ ਸਿੰਘ, ਮਾਣਯੋਗ ਡਿਪਟੀ ਸਪੀਕਰ**

**ਸ੍ਰੀ ਰਾਮ ਲੋਕ ਖਟਾਣਾ, ਸਕੱਤਰ**

**PUNJAB VIDHAN SABHA**

**Sardar Kultar Singh Sandhwan, Hon'ble Speaker**

**Sardar Jai Krishan Singh, Hon'ble Deputy Speaker**

**Shri Ram Lok Khatana, Secretary**

**ਮੰਤਰੀ ਮੰਡਲ ਦੀ ਸੂਚੀ**

| **ਕ੍ਰਮ ਨੰ:** | **ਨਾਮ** | **Department** | **ਵਿਭਾਗ** |
|---|---|---|---|
| 1. | ਸ਼੍ਰੀ ਭਗਵੰਤ ਮਾਨ, ਮੁੱਖ ਮੰਤਰੀ<br>Shri Bhagwant Mann, Chief Minister | General Administration,<br>Home Affairs & Justice,<br>Personnel,<br>Vigilance,<br>Co-operation,<br>Legal & Legislative Affairs,<br>Civil Aviation,<br>Science, Technology & Environment, Sports & Youth Services | ਆਮ ਪ੍ਰਸ਼ਾਸਨ,<br>ਗ੍ਰਹਿ ਮਾਮਲੇ ਅਤੇ ਨਿਆਂ,<br>ਪ੍ਰਸੋਨਲ,ਚੌਕਸੀ, ਸਹਿਕਾਰਤਾ,<br>ਕਾਨੂੰਨੀ ਤੇ ਵਿਧਾਨਕ ਮਾਮਲੇ,<br>ਸ਼ਹਿਰੀ ਹਵਾਬਾਜ਼ੀ,<br>ਸਾਇੰਸ, ਤਕਨਾਲੋਜੀ ਤੇ ਵਾਤਾਵਰਣ<br>ਖੇਡਾਂ ਤੇ ਯੁਵਕ ਸੇਵਾਵਾਂ |
| 2. | ਸਰਦਾਰ ਹਰਪਾਲ ਸਿੰਘ ਚੀਮਾ<br>Sardar Harpal Singh Cheema | Finance, Planning<br>Programme Implementation<br>Excise & Taxation Minister | ਵਿੱਤ, ਯੋਜਨਾ ਪ੍ਰੋਗਰਾਮ ਲਾਗੂਕਰਨ,<br>ਆਬਕਾਰੀ ਤੇ ਕਰ ਮੰਤਰੀ |
| 3. | ਸ਼੍ਰੀ ਅਮਨ ਅਰੋੜਾ<br>Shri Aman Arora | New & Renewable Energy Resources, Printing & Stationery, Good Governance and Information Technology, & Employment Generation and Training Minister | ਨਵ ਤੇ ਨਵਿਆਉਣਯੋਗ ਊਰਜਾ ਸਰੋਤ, ਛਪਾਈ ਤੇ ਲਿਖਣ ਸਮੱਗਰੀ, ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ, ਰੋਜ਼ਗਾਰ ਉਤਪਤੀ ਤੇ ਟਰੇਨਿੰਗ ਮੰਤਰੀ |
| 4. | ਡਾਕਟਰ ਬਲਜੀਤ ਕੌਰ<br>Doctor Baljit Kaur | Social Justice, Empowerment & Minorities, Social Security Women & Child Development Minister | ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀਆਂ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ |
| 5. | ਸ਼੍ਰੀ ਸੰਜੀਵ ਅਰੋੜਾ<br>Shri Sanjeev Arora | Local Government, Industry and Commerce, Investment Promotion & Power Minister | ਸਥਾਨਕ ਸਰਕਾਰ, ਉਦਯੋਗ ਤੇ ਵਣਜ, ਨਿਵੇਸ਼ ਪ੍ਰੋਤਸਾਹਨ ਤੇ ਊਰਜਾ ਮੰਤਰੀ |
| 6. | ਡਾਕਟਰ ਬਲਬੀਰ ਸਿੰਘ<br>Doctor Balbir Singh | Health & Family Welfare, Medical Education & Research and Elections Minister | ਸਿਹਤ ਅਤੇ ਪਰਿਵਾਰ ਭਲਾਈ, ਡਾਕਟਰੀ ਸਿੱਖਿਆ ਤੇ ਖੋਜ ਅਤੇ ਚੋਣਾਂ ਮੰਤਰੀ |
| 7. | ਸ਼੍ਰੀ ਲਾਲ ਚੰਦ<br>Shri Lal Chand | Food, Civil Supplies and Consumer Affairs, Forests, Wildlife preservation Minister | ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਜੰਗਲਾਤ, ਜੰਗਲੀ ਜੀਵ ਸੁਰੱਖਿਆ ਮੰਤਰੀ |

| | | | |
|---|---|---|---|
| 8. | ਸਰਦਾਰ ਲਾਲਜੀਤ ਸਿੰਘ ਭੁੱਲਰ<br>Sardar Laljit Singh Bhullar | Transport, Jails Minister | ਟਰਾਂਸਪੋਰਟ, ਜੇਲ੍ਹਾਂ ਮੰਤਰੀ |
| 9. | ਸਰਦਾਰ ਹਰਜੋਤ ਸਿੰਘ ਬੈਂਸ<br>Sardar Harjot Singh Bains | Technical Education & Industrial Training, Higher Education, School Education, Information & Public Relations Minister | ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ, ਸਕੂਲ ਸਿੱਖਿਆ, ਸੂਚਨਾ ਅਤੇ ਲੋਕ ਸੰਪਰਕ ਮੰਤਰੀ |
| 10. | ਸਰਦਾਰ ਹਰਭਜਨ ਸਿੰਘ<br>Sardar Harbhajan Singh | Public Works (B&R) Minister | ਲੋਕ ਨਿਰਮਾਣ (ਭ ਤੇ ਮ) ਮੰਤਰੀ |
| 11. | ਸਰਦਾਰ ਗੁਰਮੀਤ ਸਿੰਘ ਖੁੱਡੀਆਂ<br>Sardar Gurmeet Singh Khudian | Agriculture & Farmers Welfare, Animal Husbandry, Fisheries and Dairy Development, Food Processing Minister | ਖੇਤੀਬਾੜੀ ਤੇ ਕਿਸਾਨ ਭਲਾਈ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ, ਫੂਡ ਪ੍ਰਾਸੈਸਿੰਗ ਮੰਤਰੀ |
| 12. | ਡਾਕਟਰ ਰਵਜੋਤ ਸਿੰਘ<br>Dr. Ravjot Singh | Parliamentary Affairs, NRI Affairs Minister | ਸੰਸਦੀ ਮਾਮਲੇ ਮੰਤਰੀ, ਪ੍ਰਵਾਸੀ ਭਾਰਤੀ ਮਾਮਲੇ ਮੰਤਰੀ |
| 13. | ਸ੍ਰੀ ਬਰਿੰਦਰ ਕੁਮਾਰ ਗੋਇਲ<br>Shri Barinder Kumar Goyal | Mines & Geology, Water Resources, Conservation of Land & Water Minister | ਖਣਨ ਤੇ ਭੂ ਵਿਗਿਆਨ, ਜਲ ਸਰੋਤ, ਭੂਮੀ ਤੇ ਜਲ ਸੰਭਾਲ ਮੰਤਰੀ |
| 14. | ਸਰਦਾਰ ਹਰਦੀਪ ਸਿੰਘ ਮੁੰਡੀਆਂ<br>Sardar Hardeep Singh Mundian | Revenue, Rehabilitation and Disaster Management, Water Supply & Sanitation, Housing and Urban Development Minister | ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ, ਜਲ ਸਪਲਾਈ ਤੇ ਸੈਨੀਟੇਸ਼ਨ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ |
| 15. | ਸਰਦਾਰ ਤਰੁਨਪ੍ਰੀਤ ਸਿੰਘ ਸੌਂਦ<br>Sardar Tarunpreet Singh Sond | Tourism & Cultural Affairs, Labour & Hospitality, Rural Development & Panchayats Minister | ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ, ਕਿਰਤ, ਪ੍ਰਾਹੁਣਾਚਾਰੀ, ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ |
| 16 | ਸ੍ਰੀ ਮੋਹਿੰਦਰ ਭਗਤ<br>Shri Mohinder Bhagat | Defence Services Welfare, Freedom Fighters, Horticulture Minister | ਰੱਖਿਆ ਸੇਵਾਵਾਂ ਭਲਾਈ, ਸੁਤੰਤਰਤਾ ਸੈਨਾਨੀ, ਬਾਗਬਾਨੀ ਮੰਤਰੀ |

## CONTENTS


| Sr. No. | Subject | Page No. |
|---|---|---|
| 1. | Starred Questions and Answers | 1 |
| 2. | Written Answers to Starred Questions laid on the Table of the House under Rule 38 | 27 |
| 3. | Matters raised During Zero Hour and Statements made by the Ministers thereon | 30 |
| 4. | Short Adjournment of the House | 34 |
| 5. | Matters raised During Zero Hour and Statements made by the Ministers thereon *(Resumption)* | 34 |
| 6. | Censure Motion | 36 |
| 8. | Calling Attention Notice under Rule 66 | 51 |
| 9. | Presentation of Reports of the Committees | 53 |
| 10. | Papers Laid on the Table of the House | 55 |
| 11. | FINANCIAL BUSINESS | 56 |
| | (i) Presentation of Supplementary Demands for Grants for Expenditure of the Government of Punjab for the Year 2025-26 | |
| | (ii) Presentation of the Report of the Committee on Estimates on the Supplementary Demands for Grants for Expenditure of the Government of Punjab for the Year 2025-26 | |
| | (iii) Supplementary Demands for Grants for Expenditure of the Government of Punjab for the Year 2025-26 | 57 |
| | 1.Discussion on the Estimates of the Expenditure Charged on the Revenue of the State. | |
| | 2.Voting on the Supplementary Demands for Grants | |
| 12. | The Punjab Appropriation (No. 1) Bill, 2026 | 69 |
| 13. | Resumption of General Discussion on Budget Estimates | 71 |

| | | |
|---|---|---|
| | for the Year 2026-27 | |
| 14. | Welcome Announcement by the Hon'ble Speaker | 75 |
| 15. | Resumption of General Discussion on Budget Estimates for the Year 2026-27 *(Resumption)* | 75 |
| 16. | Welcome Announcement by the Hon'ble Speaker | 80 |
| 17. | Resumption of General Discussion on Budget Estimates for the Year 2026-27 *(Resumption)* | 81 |
| 18. | Short Adjournment of the House | 84 |
| 19. | Extension of time of Sitting of the House | 85 |
| 20. | Official Resolution regarding Reaffirming the Protection of Farmers' Rights, Seed Sovereignty, Crop Diversification and Agricultural Interests against Adverse Impacts of the Proposed India–Us Trade Agreement | 85 |
| 21. | Welcome Annoucement by the Speaker | 91 |
| 22. | Official Resolution regarding Reaffirming the Protection of Farmers' Rights, Seed Sovereignty, Crop Diversification and Agricultural Interests against Adverse Impacts of the Proposed India–Us Trade Agreement *(Resumption)* | 91 |
| 23. | Annexure | 131 |
| 24 | Appendix-II<br>Bulletins (Punjabi & English) | 132 |

**PUNJAB VIDHAN SABHA**

*Tuesday, the 10th March, 2026*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Sardar Kultar Singh Sandhwan) in the Chair.*

---

**STARRED QUESTIONS AND ANSWERS**

**ਮਾਣਯੋਗ ਸਪੀਕਰ** : ਪ੍ਰਸ਼ਨ ਕਾਲ।

**ਟਾਂਡਾ ਫਾਟਕ ਲੈਵਲ ਕਰਾਸਿੰਗ ਨੰਬਰ S-63/E3 ਵਿਖੇ ਰੇਲਵੇ ਅੰਡਰ ਬ੍ਰਿਜ ਦੀ ਉਸਾਰੀ ਦੀ ਮੌਜੂਦਾ ਸਥਿਤੀ**

***1698. ਸ੍ਰੀ ਅਵਤਾਰ ਸਿੰਘ ਜੂਨੀਅਰ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਜਲੰਧਰ ਵਿੱਚ ਸਾਹਨੇਵਾਲ-ਜਲੰਧਰ-ਅੰਮ੍ਰਿਤਸਰ ਲਾਈਨ ਤੇ ਟਾਂਡਾ ਫਾਟਕ ਲੈਵਲ ਕਰਾਸਿੰਗ ਨੰਬਰ S-63/E3 ਵਿਖੇ ਰੇਲਵੇ ਅੰਡਰ ਬ੍ਰਿਜ ਦੀ ਉਸਾਰੀ ਦੀ ਤਜਵੀਜ਼ ਹੈ; ਜੇਕਰ ਹਾਂ ਤਾਂ ਇਸ ਪ੍ਰੋਜੈਕਟ ਦੀ ਮੌਜੂਦਾ ਸਥਿਤੀ ਕੀ ਹੈ?

**ਸਰਦਾਰ ਹਰਭਜਨ ਸਿੰਘ** : ਜੀ ਹਾਂ, ਜ਼ਿਲ੍ਹਾ ਜਲੰਧਰ ਵਿੱਚ ਟਾਂਡਾ ਫਾਟਕ ਲੈਵਲ ਕਰਾਸਿੰਗ ਨੰਬਰ S-63/E3, ਸਾਹਨੇਵਾਲ-ਜਲੰਧਰ-ਅੰਮ੍ਰਿਤਸਰ ਲਾਈਨ ਤੇ ਰੇਲਵੇ ਅੰਡਰ ਬ੍ਰਿਜ (ਆਰ.ਯੂ.ਬੀ.) ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ। ਇਸ ਕੰਮ ਦੀ ਪ੍ਰਸ਼ਾਸਕੀ ਪ੍ਰਵਾਨਗੀ ਪੀ.ਆਈ.ਡੀ.ਬੀ. ਦੇ ਮੀਮੋ ਨੰ. PIDB/ Projects/G.M.(F&P)/2021/2394 ਮਿਤੀ 11-05-2021 ਬਾਬਤ ਰਕਮ 13.06 ਕਰੋੜ ਰੁਪਏ ਦੀ ਪ੍ਰਾਪਤ ਹੋਈ ਸੀ, ਜਿਸ ਵਿੱਚ ਰੇਲਵੇ ਪੋਰਸ਼ਨ ਦਾ ਕੰਮ 2.22 ਕਰੋੜ ਰੁਪਏ ਸ਼ਾਮਿਲ ਸੀ। ਇਸ ਖਰਚ ਲਈ 50:50 ਵੰਡ ਦੀ ਸਹਿਮਤੀ ਪ੍ਰਿੰਸੀਪਲ ਸਕੱਤਰ, ਪੰਜਾਬ ਲੋਕ ਨਿਰਮਾਣ ਵਿਭਾਗ, ਚੰਡੀਗੜ੍ਹ ਵੱਲੋਂ ਦਿੰਦੇ ਹੋਏ ਇਸ ਕੰਮ ਨੂੰ ਰੇਲਵੇ ਦੇ ਵਰਕ ਪ੍ਰੋਗਰਾਮ ਵਿੱਚ ਸ਼ਾਮਿਲ ਕਰਨ ਲਈ ਰੇਲਵੇ ਵਿਭਾਗ ਨੂੰ ਬੇਨਤੀ ਕੀਤੀ ਗਈ ਸੀ। ਰੇਲਵੇ ਵਿਭਾਗ ਵੱਲੋਂ ਇਸ ਕੰਮ ਨੂੰ ਸਾਲ 2025-26 ਦੇ ਵਰਕ ਪ੍ਰੋਗਰਾਮ ਵਿੱਚ ਸ਼ਾਮਿਲ ਕਰਦੇ ਹੋਏ ਪਲਾਨ ਅਤੇ ਸਰਵੇ ਚਾਰਜਿਜ਼ ਲਈ ਰਕਮ 21,24,035/- ਰੁਪਏ ਜਮ੍ਹਾਂ ਕਰਵਾਉਣ ਦੀ ਮੰਗ ਕੀਤੀ ਗਈ ਹੈ ਅਤੇ ਰੇਲਵੇ ਵਿਭਾਗ ਦੇ ਪੱਤਰ ਨੰ: 635/W/02/25/JUC ਮਿਤੀ 26.11.2025 ਰਾਹੀਂ ਇਸ ਪ੍ਰੋਜੈਕਟ ਦੀ ਪ੍ਰਵਾਨਿਤ ਦਰਸਾਈ ਰਕਮ 10,65,54,155/- ਦਾ ਬਣਦਾ ਸ਼ੇਅਰ 5,32,77,078/- ਜਮ੍ਹਾਂ ਕਰਵਾਉਣ ਲਈ ਲਿਖਿਆ ਗਿਆ ਹੈ। ਰੇਲਵੇ ਵਿਭਾਗ ਵੱਲੋਂ ਮੰਗੇ ਗਏ ਪਲਾਨ ਅਤੇ ਸਰਵੇ ਚਾਰਜਿਜ਼ ਦੀ ਰਾਸ਼ੀ ਜਲਦੀ ਜਮ੍ਹਾਂ ਕਰਵਾ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ।

**ਸ੍ਰੀ ਅਵਤਾਰ ਸਿੰਘ ਜੂਨੀਅਰ** : ਸਪੀਕਰ ਸਾਹਿਬ, ਮਿਹਰਬਾਨੀ। ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਨੂੰ ਇੱਕ ਗੁਜ਼ਾਰਿਸ਼ ਕਰਨੀ ਚਾਹੁੰਦਾ ਹਾਂ। ਵਜ਼ੀਰ ਸਾਹਿਬ, ਤੁਸੀਂ ਪਿਛਲੇ ਸਾਲ ਵੀ ਬੜੀ ਫਰਾਖਦਿਲੀ ਦਿਖਾਈ ਸੀ ਅਤੇ ਹਾਊਸ ਨੂੰ ਪ੍ਰਾਮਿਸ ਕੀਤਾ ਸੀ ਕਿ ਇਹ ਕੰਮ ਪਿਛਲੇ ਸਾਲ ਸ਼ੁਰੂ ਹੋ ਜਾਵੇਗਾ। ਵਜ਼ੀਰ ਸਾਹਿਬ, ਕੀ ਤੁਸੀਂ ਹਾਊਸ ਨੂੰ ਇਹ ਆਸ਼ਵਾਸਨ ਦੇ ਸਕਦੇ ਹੋ ਕਿ ਇਸ ਮਹੀਨੇ ਦੇ ਅੰਦਰ ਅੰਦਰ ਹੀ ਬਣਦੀ ਰਕਮ ਜਮ੍ਹਾਂ ਕਰਵਾ ਦਿੱਤੀ

ਜਾਵੇਗੀ ਅਤੇ ਕੀ ਇਸ ਕੁਆਰਟਰ ਵਿੱਚ ਜਾਂ ਜੂਨ ਤੋਂ ਪਹਿਲਾਂ ਪਹਿਲਾਂ ਟੈਂਡਰਿੰਗ ਪ੍ਰਾਸੈਸ ਵਿੱਚ ਵਜ਼ੀਰ ਸਾਹਿਬ ਆਪ ਪਰਸਨਲੀ ਇੰਟਰਵੀਨ ਕਰਕੇ ਖੁਦ ਕੰਮ ਸ਼ੁਰੂ ਕਰਵਾ ਦੇਣਗੇ? ਜੇਕਰ ਅਜਿਹਾ ਹੋਵੇ ਤਾਂ ਬੜੀ ਮਿਹਰਬਾਨੀ ਹੋਵੇਗੀ।

**ਮਾਣਯੋਗ ਸਪੀਕਰ** : ਵਜ਼ੀਰ ਸਾਹਿਬ, ਤੁਸੀਂ ਮਿਹਰਬਾਨੀ ਕਰਕੇ ਕੰਮ ਕਰਵਾ ਦਿਉ ਜੀ। ਤੁਸੀਂ ਤਾਂ ਬੜੇ ਮਿਹਰਬਾਨ ਹੋ।

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਇਹ ਪੰਜਾਬ ਸਰਕਾਰ ਅਤੇ ਰੇਲਵੇ ਵਿਭਾਗ ਦਾ ਸਾਂਝਾ ਕੰਮ ਹੈ। ਸਾਨੂੰ ਦਸੰਬਰ, 2025 ਵਿੱਚ ਮਨਜ਼ੂਰੀ ਮਿਲੀ ਹੈ। ਸੋ, ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਯਕੀਨ ਦਿਵਾ ਚੁੱਕਾ ਹਾਂ ਕਿ ਜਲਦੀ ਹੀ ਪੰਜਾਬ ਸਰਕਾਰ ਦਾ ਪੋਰਸ਼ਨ ਰੇਲਵੇ ਵਿਭਾਗ ਨੂੰ ਜਮ੍ਹਾਂ ਕਰਵਾ ਦਿੱਤਾ ਜਾਵੇਗਾ। ਬਾਕੀ ਦਾ ਜਿਹੜਾ ਡਿਪਾਜ਼ਿਟ ਵਰਕ ਹੈ, ਟੈਂਡਰ ਰੇਲਵੇ ਵੱਲੋਂ ਲਗਾਏ ਜਾਣੇ ਹਨ, ਰੇਲਵੇ ਨੇ ਕੰਮ ਕਰਨਾ ਹੈ। ਅਸੀਂ ਆਪਣਾ ਪੈਸੇ ਦਾ ਪੋਰਸ਼ਨ ਜਮ੍ਹਾਂ ਕਰਵਾਉਣਾ ਹੈ, ਉਹ ਕਰਵਾ ਦਿਆਂਗੇ ਜੀ।

**ਮਾਣਯੋਗ ਸਪੀਕਰ** : ਮੰਤਰੀ ਜੀ, ਤੁਸੀਂ ਮਾਣਯੋਗ ਮੰਤਰੀ ਹੋ, ਤੁਸੀਂ ਮਗਰ ਪੈ ਕੇ ਰੇਲਵੇ ਵਾਲਿਆਂ ਤੋਂ ਵੀ ਕੰਮ ਕਰਵਾ ਸਕਦੇ ਹੋ।

**ਮੰਤਰੀ** : ਠੀਕ ਹੈ ਜੀ, ਤੁਹਾਡਾ ਆਸ਼ੀਰਵਾਦ ਚਾਹੀਦਾ ਹੈ ਜੀ।

**ਸ੍ਰੀ ਅਵਤਾਰ ਸਿੰਘ ਜੂਨੀਅਰ** : ਸਪੀਕਰ ਸਾਹਿਬ, ਤੁਹਾਡੀ ਮਾਰਫਤ ਵਜ਼ੀਰ ਸਾਹਿਬ ਨੂੰ ਬੇਨਤੀ ਹੈ ਅਤੇ ਮੈਂ ਸਵਾਲ ਵੀ ਪੁੱਛਦਾ ਹਾਂ ਕਿ ਕੀ ਇਹ ਰਾਸ਼ੀ ਅਪ੍ਰੈਲ ਦੇ ਮਹੀਨੇ ਦੇ ਅੰਦਰ ਅੰਦਰ ਡਿਪਾਜ਼ਿਟ ਕਰਵਾ ਦਿਉਗੇ? ਆਸ਼ਵਾਸਨ ਦੇ ਦਿਉ ਜੀ।

**ਮਾਣਯੋਗ ਸਪੀਕਰ** : ਹੋ ਗਿਆ ਹੈ ਜੀ। ਉਨ੍ਹਾਂ ਨੇ ਕਹਿ ਦਿੱਤਾ ਹੈ। (ਵਿਘਨ) ਧੰਨਵਾਦ।

**ਸ੍ਰੀ ਅਵਤਾਰ ਸਿੰਘ ਜੂਨੀਅਰ** : ਆਸ਼ਵਾਸਨ ਦਿਵਾ ਦਿਉ ਜੀ।

**ਮਾਣਯੋਗ ਸਪੀਕਰ** : ਹੋ ਗਿਆ ਹੈ, ਉਨ੍ਹਾਂ ਨੇ ਕਹਿ ਦਿੱਤਾ ਹੈ।

---

## ਟਾਈਪ-1 ਸ਼ੂਗਰ ਦੇ ਮਰੀਜ਼ਾਂ ਨੂੰ ਸਹੂਲਤਾਂ ਦੇਣਾ

***1819. ਸਰਦਾਰ ਦਲਬੀਰ ਸਿੰਘ ਟੌਂਗ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਟਾਈਪ-1 ਸ਼ੂਗਰ ਕਾਰਨ ਵਿਅਕਤੀਆਂ/ਮਰੀਜ਼ਾਂ ਦੇ ਸਰੀਰਕ ਅੰਗ ਕੰਮ ਕਰਨਾ ਬੰਦ ਕਰ ਦਿੰਦੇ ਹਨ; ਜੇਕਰ ਅਜਿਹਾ ਹੈ ਤਾਂ ਕੀ ਇਸ ਬਿਮਾਰੀ ਤੋਂ ਪੀੜ੍ਹਤ ਲੋਕਾਂ ਨੂੰ ਹੈਂਡੀਕੈਪ ਕੈਟਾਗਰੀ ਵਿੱਚ ਸ਼ਾਮਲ ਕਰਕੇ ਉਨ੍ਹਾਂ ਨੂੰ ਇਲਾਜ ਅਤੇ ਸਹੂਲਤਾਂ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸਦੇ ਵੇਰਵੇ ਕੀ ਹਨ?

**ਡਾਕਟਰ ਬਲਬੀਰ ਸਿੰਘ :** ਸ਼੍ਰੀਮਾਨ ਜੀ,

- ਨਹੀਂ ਜੀ, ਇਹ ਗਲਤ ਹੈ ਕਿ ਟਾਈਪ-1 ਡਾਇਬਟੀਜ਼ ਨਾਲ ਸਰੀਰਕ ਅੰਗ ਕੰਮ ਕਰਨਾ ਬੰਦ ਕਰ ਦਿੰਦੇ ਹਨ।
- ਟਾਈਪ-1 ਡਾਇਬਟੀਜ਼ ਇੱਕ ਆਟੋਇਮਿਊਨ ਬਿਮਾਰੀ ਹੈ, ਜੋ ਕਿ ਬੱਚਿਆਂ ਅਤੇ ਨੌਜਵਾਨਾਂ ਵਿੱਚ ਜ਼ਿਆਦਾਤਰ ਪਾਈ ਜਾਂਦੀ ਹੈ।
- ਟਾਈਪ-1 ਡਾਇਬਟੀਜ਼ ਵਾਲਾ ਮਰੀਜ਼ ਇੱਕ ਨਾਰਮਲ ਅਤੇ ਸਿਹਤਮੰਦ ਜੀਵਨ ਜੀਅ ਸਕਦਾ ਹੈ, ਜੇਕਰ ਉਹ ਆਪਣੀ ਜੀਵਨ ਸ਼ੈਲੀ (ਲਾਈਫ-ਸਟਾਈਲ) ਵਿੱਚ ਬਦਲਾਵ ਲੈ ਕੇ ਆਏ। ਰੋਜ਼ਾਨਾ ਕਸਰਤ, ਨਿਯਮਤ

ਬੱਲਡ ਸ਼ੂਗਰ ਦੀ ਜਾਂਚ, ਇੰਸੁਲਿਨ ਨਾਲ ਇਲਾਜ ਅਤੇ ਕੰਟਰੋਲ ਕੀਤੀ ਖੁਰਾਕ ਨਾਲ ਟਾਈਪ-1 ਡਾਇਬਟੀਜ਼ ਦਾ ਮਰੀਜ਼ ਆਮ ਜੀਵਨ ਜੀਅ ਸਕਦਾ ਹੈ।

ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਜਿਹੜਾ ਪ੍ਰਸ਼ਨ ਹੈ, ਉਹ ਟਾਈਪ-1 ਡਾਇਬਟੀਜ਼ ਸਬੰਧੀ ਹੈ। ਬਹੁਤ ਸਾਰੀਆਂ ਬਿਮਾਰੀਆਂ ਹਨ, ਜਿਹੜੀਆਂ curable ਨਹੀਂ ਹਨ ਪਰ controllable ਹਨ, ਉਨ੍ਹਾਂ ਦਾ ਇਲਾਜ ਹੋ ਸਕਦਾ ਹੈ, ਜਿਸ ਤਰ੍ਹਾਂ Parkinsonism ਹੈ, ਇਨਫੈਕਸ਼ਨਜ਼ ਹਨ, ਐਚ.ਆਈ.ਵੀ. ਹੈ, ਕੈਂਸਰ ਹੈ, Rheumatoid arthritis ਵਰਗੀਆਂ ਬਹੁਤ ਸਾਰੀਆਂ ਬਿਮਾਰੀਆਂ ਹਨ। ਟਾਈਪ-1 ਡਾਇਬਟੀਜ਼ ਵਿੱਚ ਇਨ੍ਹਾਂ ਨੇ ਕਿਹਾ ਹੈ ਕਿ ਅੰਗ ਖਤਮ ਹੋ ਜਾਂਦੇ ਹਨ, ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੈ। ਪੇਰੈਂਟਸ ਵਿੱਚ ਅਵੇਅਰਨੈੱਸ ਦੀ ਲੋੜ ਹੈ ਐਂਰ ਟਾਈਪ-1 ਡਾਇਬਟੀਜ਼ ਵਿੱਚ ਇੰਸੁਲਿਨ ਯੂਜ਼ ਕਰਨੀ ਪੈਂਦੀ ਹੈ। ਇਸ ਵਿੱਚ ਓਰਲ ਮੈਡੀਕੇਸ਼ਨ ਕੰਮ ਨਹੀਂ ਕਰਦੀ ਹੈ। ਅਸੀਂ ਇਸ ਵਾਸਤੇ ਪਰਿਵਾਰਾਂ ਨੂੰ ਸਪੈਸ਼ਲ ਟ੍ਰੇਨਿੰਗ ਵੀ ਦਿੰਦੇ ਹਾਂ ਕਿ ਉਨ੍ਹਾਂ ਨੇ ਆਪਣੀ ਗੁਲੂਕੋਜ਼ ਮੋਨੀਟਰਿੰਗ ਕਰਨੀ ਹੈ ਐਂਰ ਰੈਗੂਲਰ ਲਾਈਫ ਸਟਾਈਲ ਲਈ ਡਾਈਟਰੀ ਐਡਵਾਈਜ਼ ਵੀ ਦਿੱਤੀ ਜਾਂਦੀ ਹੈ ਕਿ ਉਸ ਨੇ ਆਪਣੀ ਡਾਈਟ ਕਿਸ ਤਰ੍ਹਾਂ ਲੈਣੀ ਹੈ ਐਂਰ ਲਗਾਤਾਰ ਇੰਸੁਲਿਨ ਲੈਣੀ ਹੈ। ਅੱਜਕਲ੍ਹ ਇੰਸੁਲਿਨ ਪੰਪ ਵੀ ਆ ਗਏ ਹਨ ਜੋ ਕਿ ਬੰਦੇ ਖੁਦ ਆਪਣੇ ਫੈਮਿਲੀ ਮੈਂਬਰਜ਼ ਨੂੰ ਇਨਜੈਕਟ ਕਰ ਸਕਦੇ ਹਨ ਅਤੇ ਜਦੋਂ ਬੱਚਾ ਵੱਡਾ ਹੋ ਜਾਂਦਾ ਹੈ ਤਾਂ ਉਸ ਨੂੰ ਵੀ ਟ੍ਰੇਨਿੰਗ ਦਿੱਤੀ ਜਾਂਦੀ ਹੈ। So, they can lead a normal life. ਇਸ ਵਿੱਚ ਕੋਈ ਇਸ ਤਰ੍ਹਾਂ ਦੀ ਗੱਲ ਨਹੀਂ ਹੈ ਕਿ ਜਿਸ ਨੂੰ ਟਾਈਪ-1 ਡਾਇਬਟੀਜ਼ ਹੈ, ਉਹ ਨਾਰਮਲ ਲਾਈਫ ਨਹੀਂ ਜੀਅ ਸਕਦਾ ਹੈ। They can lead a normal life. ਮੇਰੇ ਬਹੁਤ ਸਾਰੇ ਡਾਕਟਰ ਫਰੈਂਡਜ਼ ਹਨ ਜਿਨ੍ਹਾਂ ਨੂੰ ਬਚਪਨ ਤੋਂ ਹੀ ਟਾਈਪ-1 ਡਾਇਬਟੀਜ਼ ਸੀ but they are very good doctors. ਹੁਣ ਉਹ ਖੁਦ ਡਾਕਟਰ ਬਣ ਗਏ ਹਨ। They are leading a very normal life.

**ਸਰਦਾਰ ਦਲਬੀਰ ਸਿੰਘ ਟੌਂਗ**: ਸਰ, ਮੇਰਾ ਸਵਾਲ ਇਹ ਸੀ ਕਿ ਟਾਈਪ-1 ਡਾਇਬਟੀਜ਼ ਜ਼ਿਆਦਾਤਰ ਬੱਚਿਆਂ ਨੂੰ ਇਨਫੈਕਟ ਕਰਦੀ ਹੈ, ਜਿਸ ਨਾਲ ਬੱਚਿਆਂ ਦੀਆਂ pancreas ਖਤਮ ਹੋ ਜਾਂਦੀ ਹੈ, ਜਿਸ ਨਾਲ ਸਰੀਰ ਦੇ ਕਈ ਅੰਗ, ਜਿਵੇਂ ਕਿਡਨੀਆਂ, ਲਿਵਰ ਆਦਿ ਇਨਫੈਕਟ ਹੁੰਦੇ ਹਨ। ਜਦੋਂ ਇਹ ਇਨਫੈਕਟ ਹੁੰਦੇ ਹਨ ਤਾਂ 10-15 ਹਜ਼ਾਰ ਰੁਪਏ ਮਹੀਨੇ ਦੀ ਦਵਾਈ ਆਉਂਦੀ ਹੈ ਤੇ ਪਿੰਡਾਂ ਵਿੱਚ ਗਰੀਬ ਲੋਕ ਇਹ ਦਵਾਈ ਨਹੀਂ ਲੈ ਸਕਦੇ ਹਨ। ਇੰਸੁਲਿਨ ਦੀ ਗੱਲ ਕਰਦੇ ਹਾਂ ਤਾਂ ਉਹ ਲੋਕ ਇੰਸੁਲਿਨ ਰੋਜ਼ ਨਹੀਂ ਲਗਾ ਸਕਦੇ ਹਨ। ਇਸ ਲਈ ਮੇਰਾ ਇਹ ਕਹਿਣਾ ਸੀ ਕਿ ਮੰਤਰੀ ਸਾਹਿਬ ਕੋਈ ਇਹੋ ਜਿਹੀ ਪ੍ਰੋਵੀਜ਼ਨ ਬਣਾਉਣ ਕਿ ਜੇ ਇਹ ਇੰਸੁਲਿਨ ਡੇਅਲੀ ਉਨ੍ਹਾਂ ਨੂੰ ਫਰੀ ਮਿਲਦੀ ਰਹੇ ਜਿਸ ਨਾਲ ਉਨ੍ਹਾਂ ਦੇ ਘਰ ਦਾ ਖਰਚਾ ਬਚਦਾ ਰਹੇ ਤੇ ਉਨ੍ਹਾਂ ਨੂੰ ਹੈਂਡੀਕੈਪਡ ਕੋਟੇ ਵਿੱਚ ਪਾ ਦਿੱਤਾ ਜਾਵੇ ਤਾਂ ਜੋ ਉਸ ਦੇ ਪਰਿਵਾਰ ਦੇ ਲੋਕ ਉਸ ਦਾ ਇਲਾਜ ਸਹੀ ਤਰੀਕੇ ਨਾਲ ਕਰਵਾ ਸਕਣ।

**ਮੰਤਰੀ** : ਬਿਲਕੁਲ ਜੀ, ਜਿਵੇਂ ਇਨ੍ਹਾਂ ਨੇ ਕਿਹਾ ਹੈ ਕਿ ਟਾਈਪ-1 ਡਾਇਬਟੀਜ਼ ਵਿੱਚ ਇੰਸੁਲਿਨ ਬਣਦੀ ਨਹੀਂ ਹੈ। ਸੋ, ਇਹ ਬਚਪਨ ਤੋਂ ਜਾਂ 13-14 ਸਾਲ ਤੱਕ ਮੈਨੀਫੈਸਟ ਕਰ ਜਾਂਦੀ ਹੈ। ਮੈਂ ਫਿਰ ਰਿਪੀਟ ਕਰ ਰਿਹਾ ਹਾਂ ਕਿ ਜਿਹੜੇ ਵੀ ਬੱਚਿਆਂ ਨੂੰ ਟਾਈਪ-1 ਡਾਇਬਟੀਜ਼ ਹੋਵੇ, ਅਸੀਂ ਉਨ੍ਹਾਂ ਨੂੰ ਹਸਪਤਾਲ ਵਿੱਚ ਟ੍ਰੇਨਿੰਗ ਵੀ ਦਿੰਦੇ ਹਾਂ, ਇੰਸੁਲਿਨ ਲਗਾਉਣੀ ਵੀ ਸਿਖਾਉਂਦੇ ਹਾਂ ਐਂਰ ਅਸੀਂ ਇੰਸੁਲਿਨ ਵੀ ਦੇਵਾਂਗੇ। ਅਸੀਂ ਸਾਰਾ ਕੁਝ ਪ੍ਰੋਵਾਈਡ ਕਰਾਂਗੇ, ਅਸੀਂ ਗੁਲੂਕੋਜ਼ ਮੋਨੀਟਰਿੰਗ ਵੀ ਸਿਖਾਵਾਂਗੇ ਤਾਂ ਜੋ ਉਹ ਬੱਚੇ ਸਮਾਜ ਤੇ ਬੋਝ ਬਣਨ ਦੀ ਬਜਾਏ ਆਪਣੀ ਨਾਰਮਲ ਲਾਈਫ ਜੀਅ ਸਕਣ। ਇਨ੍ਹਾਂ ਨੇ ਕੰਪਲੀਕੇਸ਼ਨ ਦੀ ਗੱਲ ਕੀਤੀ ਹੈ, ਜੇ ਪਰਾਪਰ ਟਰੀਟਮੈਂਟ ਲਵੋਗੇ ਤਾਂ ਉਹ ਕੰਪਲੀਕੇਸ਼ਨਜ਼ ਨਹੀਂ ਆਉਣਗੀਆਂ and they can be delayed, ਬਹੁਤ ਲੇਟ ਆਉਣਗੀਆਂ। ਇਸ ਵਿੱਚ ਸਭ ਤੋਂ ਪਹਿਲਾਂ ਅੱਖਾਂ ਦੇ ਵਿੱਚ retinopathy

ਹੁੰਦੀ ਹੈ, ਫਿਰ ਗੁਰਦੇ ਤੇ ਅਸਰ ਕਰਦੀ ਹੈ ਜਿਸ ਨੂੰ ਅਸੀਂ nephropathy ਕਹਿੰਦੇ ਹਾਂ ਔਰ ਇਸੇ ਤਰ੍ਹਾਂ peripheral neuropathy ਹੁੰਦੀ ਹੈ ਜੋ ਹਾਰਟ ਤੇ ਅਸਰ ਕਰਦੀ ਹੈ but complications are very rare and very late. They can also be managed with laser. ਉਸ ਦਾ "ਮੁੱਖ ਮੰਤਰੀ ਸਿਹਤ ਯੋਜਨਾ" ਵਿੱਚ ਸਾਰਾ ਇਲਾਜ ਵੀ ਫਰੀ ਹੈ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ**: ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਕੀ ਆਮ ਆਦਮੀ ਕਲੀਨਿਕਾਂ ਵਿੱਚ ਇੰਸੁਲਿਨ ਅਵੇਲੇਬਲ ਕਰਵਾਈ ਜਾ ਸਕਦੀ ਹੈ? ਜੇ ਲੋਕਾਂ ਨੂੰ ਉੱਥੋਂ ਹੀ ਇੰਸੁਲਿਨ ਮਿਲ ਜਾਵੇ ਤਾਂ ਉਨ੍ਹਾਂ ਦਾ ਖਰਚਾ ਬਿਲਕੁਲ ਜ਼ੀਰੋ ਹੋ ਜਾਵੇਗਾ।

**ਮੰਤਰੀ:** ਬਿਲਕੁਲ ਜੀ, ਜਿੱਥੇ ਕਿਤੇ ਵੀ ਡਿਮਾਂਡ ਹੋਵੇਗੀ, ਅਸੀਂ ਦਿੰਦੇ ਹਾਂ। ਇਹ 107 ਮੈਡੀਸਿਨਾਂ ਵਿੱਚ ਇੰਸੁਲਿਨ ਨਹੀਂ ਹੈ ਪਰ ਇਸ ਬਾਰੇ ਜ਼ਰੂਰ ਵਿਚਾਰ ਕੀਤਾ ਜਾਵੇਗਾ ਤਾਂ ਜੋ ਅਜਿਹੇ ਲੋਕਾਂ ਨੂੰ ਘਰ ਦੇ ਨੇੜੇ ਇੰਸੁਲਿਨ ਮਿਲ ਜਾਵੇ। ਸਾਡੇ ਸਬ-ਡਵੀਜ਼ਨਲ ਹਸਪਤਾਲਾਂ ਵਿੱਚ ਅਤੇ ਜ਼ਿਲ੍ਹਾ ਹਸਪਤਾਲਾਂ ਵਿੱਚ ਇਹ ਉਪਲਬਧ ਕਰਵਾਈ ਜਾ ਰਹੀ ਹੈ।

**ਮਾਣਯੋਗ ਸਪੀਕਰ:** ਇੱਕ ਸਾਡੇ ਬੱਚਿਆਂ ਵਿੱਚ ਸਭ ਤੋਂ ਵੱਡੀ ਬਿਮਾਰੀ ਕਹੀਏ ਜਾਂ ਕੀ ਕਹੀਏ ਕਿ ਬੱਚੇ ਮੋਬਾਇਲ ਤੇ ਬਹੁਤ ਸਮਾਂ ਲਗਾਉਂਦੇ ਹਨ। ਡਾਕਟਰ ਸਾਹਿਬ, ਕੀ ਇਸ ਸਬੰਧੀ ਡਿਪਾਰਟਮੈਂਟ ਵੱਲੋਂ ਕੋਈ ਐਡਵਾਈਜ਼ਰੀ ਜਾਰੀ ਕੀਤੀ ਜਾ ਸਕਦੀ ਹੈ ਕਿ ਪੇਰੈਂਟਸ ਬੱਚਿਆਂ ਨੂੰ ਮੋਬਾਇਲ ਨਾ ਫੜਾਉਣ। ਕਈ ਵਾਰੀ ਖੇਡਣ ਵਾਸਤੇ ਵੀ ਮੋਬਾਇਲ ਦੇ ਦਿੱਤਾ ਜਾਂਦਾ ਹੈ ਤੇ ਛੋਟੇ-ਛੋਟੇ ਬੱਚੇ ਵੀ ਮੋਬਾਇਲ ਨਾਲ ਖੇਡਦੇ ਦੇਖੇ ਜਾਂਦੇ ਹਨ। ਇਸ ਵਾਸਤੇ ਜ਼ਰੂਰ ਕੋਈ ਐਡਵਾਈਜ਼ਰੀ ਬਣਾਓ ਜੀ।

**ਮੰਤਰੀ:** ਜਿਹੜਾ ਡਾਇਬਟੀਜ਼ ਦਾ epidemic ਹੋ ਰਿਹਾ ਹੈ, ਜਿਸ ਨੂੰ ਐਨ.ਸੀ.ਡੀ. ਕਹਿੰਦੇ ਹਾਂ, ਇਸ ਨਾਲ ਬਲੱਡ ਪ੍ਰੈਸ਼ਰ, ਓਬੈਸਿਟੀ ਅਤੇ ਕੈਂਸਰ ਵੀ ਰਿਲੇਟਿਡ ਹਨ। ਸਰ, ਜਿਹੜੀ ਤੁਸੀਂ ਲਾਈਫ ਸਟਾਈਲ ਦੀ ਗੱਲ ਕਹੀ ਹੈ, ਉਸ ਵਿੱਚ ਮੋਬਾਇਲ ਇੱਕ ਬਹੁਤ ਵੱਡੀ ਐਡਿਕਸ਼ਨ ਹੈ। ਇਸ ਵਾਸਤੇ ਬੱਚਿਆਂ ਲਈ ਸਾਇਕੈਟ੍ਰਿਕ ਦੇ ਕੋਰਸਿਜ਼ ਹਨ, ਬੱਚਿਆਂ ਲਈ ਕੌਂਸਲਿੰਗ ਦੇ ਕੋਰਸਿਜ਼ ਹਨ, ਇਸ ਦੇ ਨਾਲ ਨਾਲ ਪੇਰੈਂਟਸ ਨੂੰ ਬੱਚਿਆਂ ਨਾਲ ਕੁਆਲਿਟੀ ਟਾਈਮ ਸਪੈਂਡ ਕਰਨਾ ਚਾਹੀਦਾ ਹੈ ਔਰ ਦੂਸਰੇ ਇੰਸੈਂਟਿਵ ਜਿਵੇਂ ਸਪੋਰਟਸ ਵਿੱਚ ਜਾਂ ਬੱਚਿਆਂ ਨੂੰ ਬੁੱਕ ਪੜ੍ਹਨ ਦੀ ਆਦਤ ਪਾਉਣੀ ਚਾਹੀਦੀ ਹੈ। ਬਹੁਤ ਸਾਰੇ ਦੇਸ਼ਾਂ ਨੇ ਇਹ ਆਲਰੇਡੀ ਬੈਨ ਕਰ ਦਿੱਤਾ ਹੈ ਅਤੇ ਸਾਡੀਆਂ ਵੀ ਕਈ ਸਟੇਟਾਂ ਨੇ ਇਹ ਇਨੀਸ਼ੀਏਟਿਵ ਲਿਆ ਹੈ। ਇਹ ਤੁਹਾਡੀ ਅੱਛੀ ਸੁਜੈਸ਼ਨ ਹੈ ਤੇ ਸਾਨੂੰ ਵੀ ਡਿਸਕਸ ਕਰਕੇ ਕੋਈ ਇਨੀਸ਼ੀਏਟਿਵ ਲੈ ਲੈਣਾ ਚਾਹੀਦਾ ਹੈ। It's very high time. ਸੋਸ਼ਲ ਮੀਡੀਆ ਦੇ ਬੱਚਿਆਂ ਤੇ ਬਹੁਤ ਮਾੜੇ ਪ੍ਰਭਾਵ ਪੈ ਰਹੇ ਹਨ।

**Mr. Speaker**: Thank you.

---

## ਬਿਜਲੀ ਗਰਿੱਡਾਂ ਦੀ ਸੁਰੱਖਿਆ ਲਈ ਗਾਰਡ ਨਿਯੁਕਤ ਕਰਨਾ

***1824. ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ** : ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰੀ ਇਮਾਰਤਾਂ ਜਿਵੇ ਸਕੂਲਾਂ ਆਦਿ ਲਈ ਗਾਰਡ ਨਿਯੁਕਤ ਕੀਤੇ ਜਾਣ ਦੀ ਤਰਜ ਤੇ ਬਿਜਲੀ ਦੇ ਸਰਕਾਰੀ ਗਰਿੱਡਾਂ, ਜਿਨ੍ਹਾਂ ਵਿੱਚ ਬਹੁਤ ਕੀਮਤੀ ਸਮਾਨ ਵੀ ਪਿਆ ਰਹਿੰਦਾ ਹੈ, ਦੀ ਸੁਰੱਖਿਆ ਲਈ ਵੀ ਗਾਰਡ ਨਿਯੁਕਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀ ਸੰਜੀਵ ਅਰੋੜਾ :** ਸਰਕਾਰੀ ਇਮਾਰਤਾਂ ਜਿਵੇਂ ਸਕੂਲਾਂ ਆਦਿ ਵਿੱਚ ਦਫ਼ਤਰੀ ਸਮੇਂ ਤੋਂ ਬਾਅਦ ਸਾਰਾ ਸਟਾਫ਼ ਘਰ ਚਲਾ ਜਾਂਦਾ ਹੈ, ਜਿਸ ਕਾਰਨ ਸਰਕਾਰੀ ਪ੍ਰਾਪਰਟੀ ਦੀ ਦੇਖ-ਰੇਖ ਲਈ ਸਕਿਉਰਟੀ ਗਾਰਡ ਦੀ ਜ਼ਰੂਰਤ ਪੈਂਦੀ ਹੈ,

ਪ੍ਰੰਤੂ ਗਰਿੱਡ ਸਬ-ਸਟੇਸ਼ਨਾਂ ਵਿੱਚ 24x7 ਭਾਵ ਹਰ ਸਮੇਂ ਮੁਲਾਜ਼ਮ ਸ਼ਿਫ਼ਟਵਾਈਜ਼ ਡਿਊਟੀ ਕਰਦੇ ਹਨ ਅਤੇ ਇਸ ਤਰ੍ਹਾਂ ਕੰਮ ਦੇ ਨਾਲ ਨਾਲ ਸਰਕਾਰੀ ਪ੍ਰਾਪਰਟੀ ਦੀ ਦੇਖ-ਰੇਖ ਵੀ ਰਹਿੰਦੀ ਹੈ। ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਦੇ 400 ਕੇ.ਵੀ., 220 ਕੇ.ਵੀ. ਅਤੇ 132 ਕੇ.ਵੀ. ਗਰਿੱਡ ਸਬ-ਸਟੇਸ਼ਨ ਵੱਡੇ ਹੋਣ ਕਾਰਨ ਇਨ੍ਹਾਂ ਵਿੱਚ ਪਹਿਲਾਂ ਤੋਂ ਹੀ ਸਕਿਉਰਟੀ ਗਾਰਡ ਤੈਨਾਤ ਹਨ।

**ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ :** ਸਰ, 'ਮਿਸ਼ਨ ਰੌਸ਼ਨ ਪੰਜਾਬ' ਵਿੱਚ ਪੰਜਾਬ ਗੌਰਮਿੰਟ ਬਾਰੇ ਮੇਰਾ ਲਾਸਟ ਸਵਾਲ ਇਹ ਹੈ ਕਿ 5000 ਕਰੋੜ ਰੁਪਏ ਦੀ ਆਪਾਂ ਗਰਿੱਡਾਂ ਵਿੱਚ ਇਨਵੈਸਟਮੈਂਟ ਕੀਤੀ ਹੈ, ਬ੍ਰੇਕਰਜ਼ ਲਗਾਏ ਹਨ ਅਤੇ ਸਟੇਸ਼ਨ ਬਣਾਏ ਹਨ। ਆਪਣੇ ਆਉਣ ਵਾਲੇ ਬਜਟ ਵਿੱਚ ਵੀ ਆਪਾਂ ਇੱਕ ਬਹੁਤ ਵੱਡੀ ਤਜਵੀਜ਼ ਰੱਖੀ ਹੈ। ਮੈਨੂੰ ਲੱਗਦਾ ਹੈ ਕਿ ਜੇਕਰ ਆਪਾਂ ਬਿਜਲੀ ਡਿਪਾਰਟਮੈਂਟ ਤੇ ਇੰਨਾ ਜ਼ਿਆਦਾ ਖਰਚ ਕਰ ਰਹੇ ਹਾਂ ਤਾਂ ਉਨ੍ਹਾਂ ਦੀ ਸੇਫਟੀ ਵਾਸਤੇ ਜੇਕਰ ਉੱਥੇ ਗਾਰਡ ਨਿਯੁਕਤ ਹੋ ਜਾਣ ਤਾਂ ਆਉਣ ਵਾਲੇ ਟਾਈਮ ਵਿੱਚ ਸਰਕਾਰੀ ਸਿਸਟਮ ਬਿਲਕੁਲ ਸੁਰੱਖਿਅਤ ਰਹੇਗਾ। ਕੁਝ ਕੇਸ ਇਹੋ ਜਿਹੇ ਆਏ ਹਨ ਜਿਸ ਨਾਲ ਸ਼ਰਾਰਤੀ ਅਨਸਰਾਂ ਨੇ ਕਰੋੜਾਂ ਰੁਪਏ ਦੀਆਂ ਚੀਜ਼ਾਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ।

**ਮੰਤਰੀ :** ਜੋ ਮੈਂਬਰ ਸਾਹਿਬਾਨ ਨੇ ਆਪਣਾ ਕੰਸਰਨ ਦਿਖਾਇਆ ਹੈ, ਮੈਂ ਇਸ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਦੋ ਤਰ੍ਹਾਂ ਦੀਆਂ ਗਰਿੱਡਾਂ ਹੁੰਦੀਆਂ ਹਨ, ਇੱਕ ਪੀ.ਐਸ.ਟੀ.ਸੀ.ਐਲ. ਕੋਲ ਹੁੰਦੀਆਂ ਹਨ ਅਤੇ ਦੂਜੀਆਂ ਪੀ.ਐਸ.ਪੀ.ਸੀ.ਐਲ. ਕੋਲ ਹੁੰਦੀਆਂ ਹਨ। ਜਿਹੜੀਆਂ ਗਰਿੱਡਾਂ ਪੀ.ਐਸ.ਟੀ.ਸੀ.ਐਲ. ਕੋਲ ਹੁੰਦੀਆਂ ਹਨ, ਇਹ ਵੱਡੀਆਂ ਹੁੰਦੀਆਂ ਹਨ ਔਰ ਏਕੜਾਂ ਵਿੱਚ ਬਣੀਆਂ ਹੁੰਦੀਆਂ ਹਨ, ਉੱਥੇ ਸਾਡੇ ਸਕਿਉਰਿਟੀ ਗਾਰਡ ਹਮੇਸ਼ਾ ਹੁੰਦੇ ਹਨ, 24 ਘੰਟੇ ਸਕਿਉਰਿਟੀ ਗਾਰਡ ਰਹਿੰਦਾ ਹੈ। ਜਿਹੜੀਆਂ ਪੀ.ਐਸ.ਪੀ.ਸੀ.ਐਲ. ਦੀਆਂ ਗਰਿੱਡਾਂ ਹਨ, ਇਹ ਤਕਰੀਬਨ 838 ਗਰਿੱਡਾਂ ਹਨ, ਇਹ ਬੜੀਆਂ ਛੋਟੀਆਂ ਹੁੰਦੀਆਂ ਹਨ, ਉੱਥੇ 24 ਘੰਟੇ ਸਾਡਾ ਸਟਾਫ ਹੁੰਦਾ ਹੈ ਤੇ ਉੱਥੇ ਕੋਈ ਬਹੁਤੀ ਚੋਰੀ ਨਹੀਂ ਹੁੰਦੀ, ਕੋਈ ਬਹੁਤੀ ਰਿਪੋਰਟਿਡ ਵੀ ਨਹੀਂ ਹੈ। ਇਸ ਲਈ ਉੱਥੇ ਸਕਿਉਰਿਟੀ ਗਾਰਡ ਨਹੀਂ ਰੱਖਦੇ। ਜਿਹੜਾ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਉੱਥੇ ਚੋਰੀਆਂ ਹੁੰਦੀਆਂ ਹਨ, ਸਾਨੂੰ ਟਰਾਂਸਫਾਰਮਰਜ਼ ਚੋਰੀ ਵਗੈਰਾ ਦੀਆਂ ਜ਼ਰੂਰ ਕੰਪਲੇਂਟਸ ਆਉਂਦੀਆਂ ਹਨ ਪਰ ਇਹ ਟਰਾਂਸਫਾਰਮਰ ਤਾਂ ਗਲੀਆਂ, ਮੁਹੱਲਿਆਂ, ਸੜਕਾਂ ਵਿੱਚ ਹਰ ਜਗ੍ਹਾ ਤੇ ਲੱਗੇ ਹੋਏ ਹਨ, ਹਰ ਜਗ੍ਹਾ ਤਾਂ ਸਕਿਉਰਿਟੀ ਗਾਰਡ ਲਗਾਉਣੇ ਔਖੇ ਹਨ ਪਰ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਇਹ ਚੋਰੀਆਂ ਵੀ ਅੱਗੇ ਤੋਂ ਘਟਣ, ਅਸੀਂ ਕਿਤੇ ਇਨ੍ਹਾਂ ਨੂੰ ਵੈਲਡਿੰਗ ਕਰਵਾ ਰਹੇ ਹਾਂ, ਕੋਈ ਟਰਾਂਸਫਾਰਮਰ ਇਸ ਤਰੀਕੇ ਨਾਲ ਲਗਾ ਰਹੇ ਹਾਂ ਤਾਂ ਕਿ ਲੋਕ ਇਨ੍ਹਾਂ ਨੂੰ ਛੇਤੀ ਲਾਹ ਕੇ ਨਾ ਲਿਜਾ ਸਕਣ।

**ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ :** ਸਰ, ਮੈਂ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿ ਪਹਿਲਾਂ ਤਾਂ ਕੁਝ ਜ਼ਿਆਦਾ ਹੈ ਹੀ ਨਹੀਂ ਸੀ, ਹੁਣ ਤਾਂ ਇਹ ਬਹੁਤ ਪੈਸੇ ਦੇ ਰਹੇ ਹਨ। ਮੈਨੂੰ ਲੱਗਦਾ ਹੈ ਕਿ ਇਹ ਸੇਫਟੀ ਵਾਸਤੇ ਵੀ ਥੋੜ੍ਹਾ ਜਿਹਾ ਪ੍ਰਬੰਧ ਕਰਨਗੇ, ਟਰਾਂਸਫਾਰਮਰਾਂ ਉਤੇ ਨਹੀਂ ਤਾਂ ਫਿਰ ਇਕੱਲੇ ਗਰਿੱਡਾਂ ਤੇ ਕਰ ਲੈਣ ਤਾਂ ਬਹੁਤ ਹੋਵੇਗਾ। ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ :** ਮੰਤਰੀ ਜੀ, ਵੈਸੇ ਟਰਾਂਸਫਾਰਮਰ ਚੋਰੀ ਦਾ phenomena ਹੈ, ਇਸ ਲਈ ਕੁਝ ਇਸ ਤਰ੍ਹਾਂ ਦਾ ਦੇਖੋ ਕਿ ਜਿਵੇਂ ਵਿੱਚੋਂ ਤਾਰਾਂ ਕੱਢਦੇ ਹਨ, ਕੋਈ ਤਾਰ ਹੀ ਐਸੇ ਮੈਟੀਰੀਅਲ ਦੀ ਆ ਜਾਵੇ ਜਿਹੜੀ ਬਹੁਤ ਸਸਤੀ ਹੋਵੇ, ਚੋਰ ਨੂੰ ਕੁਝ ਨਾ ਮਿਲੇ ਜਾਂ ਜਿਹੜੇ ਲੋਕ ਇਨ੍ਹਾਂ ਚੋਰਾਂ ਤੋਂ ਅਜਿਹਾ ਸਮਾਨ ਖਰੀਦਦੇ ਹਨ, ਉਨ੍ਹਾਂ ਤੇ ਕੋਈ ਸਖਤ ਕਾਰਵਾਈ ਕਰਨ ਲਈ ਕਾਨੂੰਨ ਬਣਾ ਲਵੋ।

**ਮੰਤਰੀ :** ਨਹੀਂ ਸਰ, ਅੱਜ ਕੱਲ੍ਹ ਦੇਖੋ ਬਹੁਤ ਸਾਰੇ ਸੀ.ਸੀ.ਟੀ.ਵੀ. ਕੈਮਰੇ ਲੱਗੇ ਹਨ, ਜੇ ਤਾਂ ਕੋਈ ਕੈਮਰੇ ਵਿੱਚ ਫੜ੍ਹਿਆ ਜਾਵੇ, ਫਿਰ ਤਾਂ ਆਪਾਂ ਐਫ.ਆਈ.ਆਰ. ਵੀ ਦਰਜ ਕਰਵਾ ਦਿੰਦੇ ਹਾਂ ਅਤੇ ਉਨ੍ਹਾਂ ਵਿਰੁੱਧ ਕਾਰਵਾਈ ਵੀ ਕਰਵਾਉਂਦੇ ਹਾਂ। ਜਿੱਥੇ ਚੋਰ ਨਾ ਫੜ੍ਹੇ ਜਾਣ ਤਾਂ ਹੋਰ ਗੱਲ ਹੈ ਪਰ ਇਹ ਪਰਸੈਂਟੇਜ ਅੱਗੇ ਨਾਲੋਂ ਕਾਫੀ ਘਟ ਰਹੀ ਹੈ।

**ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ:** ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਹੈ।

**ਮਾਣਯੋਗ ਸਪੀਕਰ:** ਅੰਮ੍ਰਿਤਪਾਲ ਜੀ, ਦੋ ਸਪਲੀਮੈਂਟਰੀ ਹੀ ਹੁੰਦੀਆਂ ਹਨ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1764****

**ਮਾਣਯੋਗ ਸਪੀਕਰ :** ਇਹ ਪ੍ਰਸ਼ਨ 16 ਮਾਰਚ, 2026 ਤੱਕ ਮੁਲਤਵੀ ਕੀਤਾ ਜਾਂਦਾ ਹੈ।

---

**ਹਲਕਾ ਡੇਰਾਬੱਸੀ ਦੀਆਂ ਮੰਡੀ ਬੋਰਡ ਅਧੀਨ ਆਉਂਦੀਆਂ ਸੜਕਾਂ ਦੇ ਵੇਰਵੇ**

***1783. ਸਰਦਾਰ ਕੁਲਜੀਤ ਸਿੰਘ ਰੰਧਾਵਾ** : ਕੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਹਲਕਾ ਡੇਰਾਬੱਸੀ ਅੰਦਰ ਕੁੱਲ ਕਿੰਨੀਆਂ ਸੜਕਾਂ ਪੰਜਾਬ ਮੰਡੀ ਬੋਰਡ ਦੇ ਅਧੀਨ ਆਉਂਦੀਆਂ ਹਨ, ਇਨ੍ਹਾਂ ਦੇ ਨਾਂ ਕੀ ਹਨ ਅਤੇ ਇਹ ਸੜਕਾਂ ਕਿੰਨੇ-ਕਿੰਨੇ ਕਿਲੋਮੀਟਰ ਚੌੜਾਈ ਤੇ ਲੰਬਾਈ ਵਾਲੀਆਂ ਹਨ;

(ਅ) ਇਨ੍ਹਾਂ ਸੜਕਾਂ ਵਿੱਚੋਂ ਇਸ ਵੇਲੇ ਕਿਹੜੀਆਂ-ਕਿਹੜੀਆਂ ਤੇ ਕਿੰਨੀਆਂ ਸੜਕਾਂ ਦੀ ਮੁਰੰਮਤ ਕਰਵਾਈ ਜਾ ਰਹੀ ਹੈ, ਅਤੇ ਬਾਕੀ ਰਹਿੰਦੀਆਂ ਸੜਕਾਂ ਦੀ ਕਦੋਂ ਤੱਕ ਮੁਰੰਮਤ ਕਰਵਾ ਦਿੱਤੀ ਜਾਵੇਗੀ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਗੁਰਮੀਤ ਸਿੰਘ ਖੁੱਡੀਆਂ:** ਸ੍ਰੀਮਾਨ ਜੀ,

(ੳ) ਵਿਧਾਨ ਸਭਾ ਹਲਕਾ ਡੇਰਾਬੱਸੀ ਵਿੱਚ ਪੰਜਾਬ ਮੰਡੀ ਬੋਰਡ ਅਧੀਨ 350.14 ਕਿਲੋਮੀਟਰ ਲੰਬਾਈ ਦੀਆਂ 192 ਸੜਕਾਂ ਆਉਂਦੀਆਂ ਹਨ। ਜਿਹਨਾਂ ਦੇ ਵੇਰਵੇ **ਅਨੁਲੱਗ "ੳ" ਤੇ ਨੱਥੀ ਕੀਤੇ ਗਏ ਹਨ।

(ਅ) ਇਨ੍ਹਾਂ ਵਿੱਚੋਂ 97.9 ਕਿਲੋਮੀਟਰ ਲੰਬਾਈ ਦੀਆਂ 39 ਸੜਕਾਂ ਨੂੰ 5794 ਲੱਖ ਰੁਪਏ ਦੀ ਲਾਗਤ ਨਾਲ ਮੁਰੰਮਤ ਕਰਵਾਇਆ ਜਾ ਰਿਹਾ ਹੈ ਅਤੇ 186.26 ਕਿਲੋਮੀਟਰ ਲੰਬਾਈ ਦੀਆਂ 94 ਸੜਕਾਂ ਨੂੰ 9852 ਲੱਖ ਰੁਪਏ ਦੀ ਲਾਗਤ ਨਾਲ ਮੁਰੰਮਤ ਕਰਨ ਲਈ ਸਪੈਸ਼ਲ ਅਸਿਸਟੈਂਸ ਟੂ ਸਟੇਟਸ ਫਾਰ ਕੈਪੀਟਲ ਇਨਵੈਸਟਮੈਂਟ (ਪਾਰਟ-II) ਤਹਿਤ ਸ਼ਾਮਿਲ ਕਰ ਲਿਆ ਗਿਆ ਹੈ। ਬਾਕੀ ਰਹਿੰਦੀਆਂ 65.98 ਕਿਲੋਮੀਟਰ ਲੰਬਾਈ ਦੀਆਂ 59 ਸੜਕਾਂ ਚੰਗੀ ਹਾਲਤ ਵਿੱਚ ਹਨ। ਜਿਨ੍ਹਾਂ ਦੇ ਵੇਰਵੇ **ਅਨੁਲੱਗ "ਅ" ਤੇ ਨੱਥੀ ਕੀਤੇ ਗਏ ਹਨ।

**ਸਰਦਾਰ ਕੁਲਜੀਤ ਸਿੰਘ ਰੰਧਾਵਾ:** ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਅਤੇ ਇੱਕ ਹੋਰ ਬੜੀ ਹੈਰਾਨੀ ਦੀ ਗੱਲ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਮੰਤਰੀ ਸਾਹਿਬ ਅਤੇ ਮੁੱਖ ਮੰਤਰੀ ਸਾਹਿਬ ਵੱਲੋਂ ਲਾਲੜੂ ਵਿਖੇ 65 ਸਾਲ ਬਾਅਦ ਡੰਗਰਾਂ ਦਾ ਹਸਪਤਾਲ ਬਣਾਇਆ ਗਿਆ ਹੈ। ਇਸ ਲਈ ਮੈਂ ਬਹੁਤ-ਬਹੁਤ ਧੰਨਵਾਦ ਕਰਦਾ ਹਾਂ। (ਥੰਪਿੰਗ)

---

** For Starred Question No. 1764 and reply thereto, please see annexure to this Debate.

** Placed in the Revisor Branch.

**ਮਾਣਯੋਗ ਸਪੀਕਰ :** ਇਹ ਹੈਰਾਨੀ ਦੀ ਗੱਲ ਹੈ ਜਾਂ ਖੁਸ਼ੀ ਦੀ ਗੱਲ ਹੈ? (ਹਾਸਾ)

**ਸਰਦਾਰ ਕੁਲਜੀਤ ਸਿੰਘ ਰੰਧਾਵਾ :** ਸਪੀਕਰ ਸਾਹਿਬ, ਮੇਰੇ ਵਾਸਤੇ ਖੁਸ਼ੀ ਦੀ ਗੱਲ ਹੈ ਜੀ। ਮੰਤਰੀ ਜੀ, ਤੁਸੀਂ ਬੜਾ ਕੁਝ ਦੇ ਦਿੱਤਾ ਹੈ ਪਰੰਤੂ ਸੜਕਾਂ ਦੀ ਇੱਕ ਦਿੱਕਤ ਹੈ ਕਿਉਂਕਿ ਸੜਕਾਂ ਬਣਾਉਣ ਲਈ ਸਿਰਫ ਤਿੰਨ ਠੇਕੇਦਾਰ ਹਨ। ਮੈਂ ਮੰਤਰੀ ਸਾਹਿਬ ਨੂੰ ਇਹੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੇ ਠੇਕੇਦਾਰ ਹੋਰ ਲਗਾ ਦਿਓ ਤਾਂ ਬਰਸਾਤ ਦੇ ਮੌਸਮ ਤੋਂ ਪਹਿਲਾਂ ਸੜਕਾਂ ਬਣ ਜਾਣਗੀਆਂ ਅਤੇ ਡੇਰਾਬੱਸੀ ਨੂੰ ਨਰਕ ਵਿਚੋਂ ਕੱਢਿਆ ਜਾ ਸਕੇਗਾ। ਬਹੁਤ-ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ :** ਕਿਆ ਬਾਤ ਹੈ। ਧੰਨਵਾਦ ਜੀ। ਮੰਤਰੀ ਜੀ, ਕੁਝ ਕਹਿਣਾ ਚਾਹੁੰਦੇ ਹੋ?

**ਮੰਤਰੀ :** ਮਾਣਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਸੜਕਾਂ ਬਣਨ ਦੀ ਦੇਰੀ ਸਬੰਧੀ ਕਿਹਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਂ ਮਹਿਕਮੇ ਨੂੰ ਕਹਿ ਕੇ ਠੇਕੇਦਾਰਾਂ ਤੋਂ ਕੰਮ ਜਲਦੀ ਤੋਂ ਜਲਦੀ ਕਰਵਾ ਦੇਵਾਂਗਾ। ਇਸ ਤੋਂ ਇਲਾਵਾ ਜੇਕਰ ਅਦਲਾ-ਬਦਲੀ ਕਰਨ ਦੀ ਲੋੜ ਹੋਈ ਤਾਂ ਉਹ ਵੀ ਕਰ ਦੇਵਾਂਗੇ ਕਿਉਂਕਿ ਬਰਸਾਤਾਂ ਤੋਂ ਪਹਿਲਾਂ ਜੇਕਰ ਪੈਸਾ ਲਗਾਉਣਾ ਹੈ ਤਾਂ ਉਹ ਕੰਮ ਆ ਜਾਵੇ।

**ਮਾਣਯੋਗ ਸਪੀਕਰ :** ਮੰਤਰੀ ਜੀ, ਤੁਸੀਂ ਬੜੇ ਮਿਹਰਬਾਨ ਹੋ ਜੀ। ਰੰਧਾਵਾ ਸਾਹਿਬ, ਤੁਸੀਂ ਧੰਨਵਾਦ ਤਾਂ ਕਰ ਦਿੱਤਾ ਹੈ। ਹਾਂ ਜੀ, ਰੰਧਾਵਾ ਜੀ ਬੋਲੋ।

**ਸਰਦਾਰ ਕੁਲਜੀਤ ਸਿੰਘ ਰੰਧਾਵਾ :** ਮੰਤਰੀ ਜੀ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਦੂਜੇ ਪਾਸੇ, ਸਪੀਕਰ ਸਾਹਿਬ, ਤੁਹਾਡੇ ਜ਼ਰੀਏ ਬੇਨਤੀ ਵੀ ਕਰਦਾ ਹਾਂ ਕਿਉਂਕਿ ਸਾਨੂੰ ਅਤੇ ਘਨੌਰ ਹਲਕੇ ਨੂੰ ਬਹੁਤ ਮਾਰ ਪਈ ਹੈ, ਜਦੋਂ ਸ਼ੰਭੂ ਬਾਰਡਰ ਬੰਦ ਕੀਤਾ ਹੋਇਆ ਸੀ। ਮੈਂ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਕਿਉਂਕਿ ਇਹ ਦੋ ਵੱਡੇ ਪੁਲ ਵੀ ਪਾਸ ਕਰਵਾ ਰਹੇ ਹਨ।

---

## ਨਵੇਂ ਰਾਸ਼ਨ ਡਿਪੂ ਅਲਾਟ ਕਰਨਾ

***1811. ਸ੍ਰੀ ਗੁਰਲਾਲ ਘਨੌਰ :** ਕੀ ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ ਕਿਰਪਾ ਕਰਕੇ ਇਹ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਕਾਰ ਵੱਲੋਂ ਨਵੇਂ ਰਾਸ਼ਨ ਡਿਪੂ ਅਲਾਟ ਕਰਨ ਲਈ ਐਲਾਨ ਕੀਤਾ ਗਿਆ ਸੀ; ਜੇਕਰ ਅਜਿਹਾ ਹੈ ਤਾਂ ਇਸ ਐਲਾਨ ਤੇ ਅਮਲ ਕਰਨ ਲਈ ਯੋਗ ਕਾਰਵਾਈ ਕਦੋਂ ਤੱਕ ਕਰ ਦਿੱਤੀ ਜਾਵੇਗੀ, ਵੇਰਵੇ ਸਹਿਤ ਦੱਸਿਆ ਜਾਵੇ?

**ਸ੍ਰੀ ਲਾਲ ਚੰਦ :** ਜੀ ਹਾਂ, ਸਮੂਹ ਜ਼ਿਲ੍ਹਾ ਕੰਟਰੋਲਰਾਂ, ਖੁਰਾਕ ਅਤੇ ਸਪਲਾਈਜ਼ ਵੱਲੋਂ ਨਵੇਂ ਰਾਸ਼ਨ ਡਿਪੂਆਂ ਦੀ ਅਲਾਟਮੈਂਟ ਲਈ 8291 ਪੇਂਡੂ ਅਤੇ 1686 ਸ਼ਹਿਰੀ ਖਾਲੀ ਅਸਾਮੀਆਂ ਵਿਰੁੱਧ ਚਾਹਵਾਨ ਉਮੀਦਵਾਰਾਂ ਪਾਸੋਂ ਅਰਜ਼ੀਆਂ ਮੰਗੀਆਂ ਗਈਆਂ ਸਨ। ਨਵੇਂ ਰਾਸ਼ਨ ਡਿਪੂਆਂ ਦੀ ਅਲਾਟਮੈਂਟ ਦੀ ਪ੍ਰਕਿਰਿਆ ਇਸ ਵੇਲੇ ਕਾਰਵਾਈ ਅਧੀਨ ਹੈ ਅਤੇ ਇਹ ਕੰਮ ਆਉਣ ਵਾਲੇ ਦੋ ਮਹੀਨਿਆਂ ਦੇ ਅੰਦਰ ਅੰਦਰ ਮੁਕੰਮਲ ਹੋ ਜਾਵੇਗਾ।

ਮਾਣਯੋਗ ਸਪੀਕਰ ਸਾਹਿਬ, ਜਵਾਬ ਤਾਂ ਮੈਂਬਰ ਸਾਹਿਬ ਕੋਲ ਚਲਾ ਗਿਆ ਹੈ। ਇਸ ਦਾ ਸ਼ਾਰਟਕੱਟ ਜਿਹਾ ਜਵਾਬ ਹੈ। ਚਲੋ, ਮੈਂ ਦੇ ਦਿੰਦਾ ਹਾਂ।

**ਮਾਣਯੋਗ ਸਪੀਕਰ :** ਤੁਸੀਂ ਜਵਾਬ ਦੇ ਹੀ ਦਿਓ ਕਿਉਂਕਿ ਉਹ ਪਲੇਅਰ ਹਨ।

**ਮੰਤਰੀ :** ਸਪੀਕਰ ਸਾਹਿਬ, ਨਵੇਂ ਰਾਸ਼ਨ ਡਿਪੂਆਂ ਦੀ ਅਲਾਟਮੈਂਟ ਲਈ 8291 ਪੇਂਡੂ ਅਤੇ 1686 ਸ਼ਹਿਰੀ ਖਾਲੀ ਅਸਾਮੀਆਂ ਵਿਰੁੱਧ ਚਾਹਵਾਨ ਉਮੀਦਵਾਰਾਂ ਪਾਸੋਂ ਅਰਜ਼ੀਆਂ ਮੰਗੀਆਂ ਗਈਆਂ ਸਨ। ਉਸ ਵਿੱਚ ਟੋਟਲ 9977

ਵੈਕੰਸੀਆਂ ਸੀ ਅਤੇ ਇਸ ਦਾ ਸਾਢੇ ਪੰਜ ਮਹੀਨੇ ਪਹਿਲਾਂ ਪ੍ਰਾਸੈਸ ਸ਼ੁਰੂ ਕੀਤਾ ਸੀ। ਇਨ੍ਹਾਂ ਵੈਕੰਸੀਆਂ ਸਬੰਧੀ ਬਕਾਇਦਾ ਇਸ਼ਤਿਹਾਰ ਅਤੇ ਲੋਕਾਂ ਨੂੰ ਦੱਸ ਕੇ ਪ੍ਰਾਸੈਸ ਸ਼ੁਰੂ ਕੀਤਾ ਗਿਆ ਸੀ। ਸਪੀਕਰ ਸਾਹਿਬ, 7876 ਲੋਕਾਂ ਨੇ ਵੱਖ-ਵੱਖ ਕੈਟਾਗਰੀਆਂ ਦੀਆਂ ਵੈਕੰਸੀਆਂ ਵਿੱਚ ਅਪਲਾਈ ਕੀਤਾ ਹੈ। ਇਨ੍ਹਾਂ ਸਾਰਿਆਂ ਦੀ ਸਕਰੂਟਿਨੀ ਕਰ ਲਈ ਗਈ ਹੈ। ਮੈਂ ਸਾਰੇ ਹਾਊਸ ਅਤੇ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ 7500 ਨਵੇਂ ਡਿਪੂ ਡੇਢ-ਦੋ ਮਹੀਨੇ ਵਿੱਚ ਅਲਾਟ ਕਰ ਦਿੱਤੇ ਜਾਣਗੇ।

**ਸ੍ਰੀ ਗੁਰਲਾਲ ਘਨੌਰ :** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ। ਇਸ ਦੇ ਨਾਲ ਮੁੱਖ ਮੰਤਰੀ ਜੀ ਵੱਲੋਂ ਜਿਹੜੀ "ਮੇਰੀ ਰਸੋਈ ਸਕੀਮ" ਸ਼ੁਰੂ ਕੀਤੀ ਗਈ ਹੈ, ਉਹ ਵੀ ਲੋਕਾਂ ਤੱਕ ਪਹੁੰਚ ਸਕੇਗੀ ਕਿਉਂਕਿ ਕਈ ਡਿਪੂ ਹੋਲਡਰਾਂ ਕੋਲ 5-5, 6-6 ਅਤੇ 10-10 ਪਿੰਡ ਹਨ।

**ਮਾਣਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ ਜੀ।

**ਸ੍ਰੀ ਗੁਰਲਾਲ ਘਨੌਰ :** ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅਲਾਟਮੈਂਟ ਲਈ ਜਿਹੜਾ ਡੇਢ-ਦੋ ਮਹੀਨੇ ਦਾ ਸਮਾਂ ਦੱਸਿਆ ਗਿਆ ਹੈ, ਕੀ ਇਸ ਸਮੇਂ ਨੂੰ ਘਟਾਇਆ ਜਾ ਸਕਦਾ ਹੈ? ਜੇਕਰ ਇਸ ਨੂੰ ਹੋਰ ਨੇੜੇ ਕਰ ਦਿੱਤਾ ਜਾਵੇ ਤਾਂ ਬਹੁਤ ਬਿਹਤਰ ਹੋਵੇਗਾ ਕਿਉਂਕਿ ਸਮਾਂ ਬਹੁਤ ਲੰਮਾ ਹੋ ਗਿਆ ਹੈ। ਜੇਕਰ ਇਹ ਜਲਦੀ ਹੋ ਜਾਂਦਾ ਹੈ ਤਾਂ ਬੱਚਿਆਂ ਨੂੰ ਰੁਜ਼ਗਾਰ ਵੀ ਬਹੁਤ ਮਿਲੇਗਾ। ਕੀ ਮਹਿਕਮੇ ਨੂੰ ਕਹਿ ਕੇ ਪੱਕਾ ਕਰ ਦਿਓਗੇ? ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਸ ਨੂੰ ਟਾਈਮ-ਬਾਊਂਡ ਕਰ ਦਿਓ ਜੀ।

**ਮੰਤਰੀ:** ਡੇਢ-ਦੋ ਮਹੀਨੇ ਵਿੱਚ ਕਰ ਦੇਵਾਂਗੇ ਜੀ।

**ਮਾਣਯੋਗ ਸਪੀਕਰ:** ਪੰਜਾਬ ਸਰਕਾਰ ਦੇ ਮੰਤਰੀ ਨੇ ਕਿਹਾ ਹੈ ਜੀ। ਹੁਣ ਪੱਕਾ ਕੀ ਹੁੰਦਾ ਹੈ? ਤੁਸੀਂ ਬੈਠੋ ਜੀ।

---

## ਕਿਰਤੀ ਕਾਮਿਆਂ ਦੀਆਂ ਅਰਜ਼ੀਆਂ ਦੇ ਵੇਰਵੇ

***1816. ਸ੍ਰੀ ਨਰਿੰਦਰ ਪਾਲ ਸਿੰਘ ਸਵਨਾ :** ਕੀ ਕਿਰਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਪਿਛਲੇ 4 ਸਾਲਾਂ ਵਿਚ ਫਾਜ਼ਿਲਕਾ ਹਲਕੇ ਦੇ ਕਿਰਤੀ ਕਾਮਿਆਂ ਨੇ ਕਿੰਨਾ ਲਾਭ ਕਿਰਤ ਵਿਭਾਗ ਤੋਂ ਲਿਆ ਹੈ;

(ਅ) ਮੌਜੂਦਾ ਸਮੇਂ ਵਿੱਚ ਕਿਰਤੀ ਕਾਮਿਆਂ ਵੱਲੋਂ ਆਪਣਾ ਬਣਦਾ ਲਾਭ ਲੈਣ ਲਈ ਕਿਰਤ ਵਿਭਾਗ ਕੋਲ ਕਿੰਨੀਆਂ ਅਰਜ਼ੀਆਂ ਆ ਚੁੱਕੀਆਂ ਹਨ ਅਤੇ ਇਨ੍ਹਾਂ ਦਾ ਨਿਪਟਾਰਾ ਕਿੰਨੇ ਸਮੇਂ ਵਿੱਚ ਕੀਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ:** ਸ੍ਰੀਮਾਨ ਜੀ,

(ੳ) ਪਿਛਲੇ ਚਾਰ ਸਾਲਾਂ ਵਿੱਚ ਫਾਜ਼ਿਲਕਾ ਹਲਕੇ ਵਿੱਚ ਵੱਖ ਵੱਖ ਭਲਾਈ ਸਕੀਮਾਂ ਅਧੀਨ ਬੀ.ਓ.ਸੀ.ਡਬਲਯੂ. ਵੈਲਫੇਅਰ ਬੋਰਡ ਵੱਲੋਂ ਕੁੱਲ 47.38 ਕਰੋੜ ਰੁਪਏ ਦੀ ਰਕਮ ਉਸਾਰੀ ਕਿਰਤੀਆਂ ਨੂੰ ਦਿੱਤੀ ਜਾ ਚੁੱਕੀ ਹੈ।

(ਅ) ਵੱਖ ਵੱਖ ਭਲਾਈ ਸਕੀਮਾਂ ਅਧੀਨ ਉਸਾਰੀ ਕਿਰਤੀਆਂ ਵੱਲੋਂ ਹੁਣ ਤੱਕ ਕੁੱਲ 87,557 ਅਰਜ਼ੀਆਂ ਪ੍ਰਾਪਤ ਹੋਈਆਂ ਹਨ। ਲੰਬਿਤ ਅਰਜ਼ੀਆਂ ਦਾ ਨਿਪਟਾਰਾ ਨਿਰਧਾਰਿਤ ਸਮੇਂ (62 ਦਿਨਾਂ ਵਿੱਚ, **ਅਨੁਲੱਗ 'ੳ' ਅਨੁਸਾਰ) ਕਰ ਦਿੱਤਾ ਜਾਵੇਗਾ।

---

** Placed in the Revisor Branch.

ਸਪੀਕਰ ਸਾਹਿਬ, ਇਸ ਵਿੱਚ ਸਾਡਾ ਦੂਸਰਾ ਬੋਰਡ ਪੰਜਾਬ ਲੇਬਰ ਵੈਲਫੇਅਰ ਬੋਰਡ ਵੀ ਹੈ। ਅਸੀਂ ਫਾਜ਼ਿਲਕਾ ਵਿੱਚ 39,95,000 ਹਜ਼ਾਰ ਰੁਪਿਆ 185 ਉਦਯੋਗਿਕ ਕਿਰਤੀ ਕਾਮਿਆਂ ਨੂੰ ਦੇ ਚੁੱਕੇ ਹਾਂ।

**ਸ੍ਰੀ ਨਰਿੰਦਰ ਪਾਲ ਸਿੰਘ ਸਵਨਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਅਤੇ ਮੰਤਰੀ ਜੀ ਦਾ ਧੰਨਵਾਦ ਵੀ ਕਰਨਾ ਚਾਹੁੰਦਾ ਹਾਂ। ਸਾਡੇ ਇਲਾਕੇ ਦੀ ਬਹੁਤ ਵੱਡੀ ਮੰਗ ਸੀ ਕਿ ਉੱਥੇ ਇੱਕ ਪੱਕਾ ਇੰਸਪੈਕਟਰ ਲਗਾਇਆ ਜਾਵੇ। ਮੰਤਰੀ ਸਾਹਿਬ ਨੇ ਉਸ ਸਮੱਸਿਆ ਦਾ ਹੱਲ ਕੀਤਾ ਹੈ। ਇਸ ਦੇ ਲਈ ਮੰਤਰੀ ਸਾਹਿਬ ਦਾ ਬਹੁਤ ਬਹੁਤ ਧੰਨਵਾਦ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਦੌਰਾਨ ਕੀ ਫਰਕ ਆਇਆ ਹੈ? ਆਬਜੈਕਸ਼ਨਜ਼ ਬਹੁਤ ਲੱਗਦੀਆਂ ਸਨ, ਸਾਡੇ ਜਿਹੜੇ ਕਿਰਤੀ ਕਾਮੇ ਹਨ, ਜਦੋਂ ਆਬਜੈਕਸ਼ਨ ਲੱਗਦੀ ਹੈ ਤਾਂ ਉਹ ਆਪਣੀ ਦਿਹਾੜੀ ਛੱਡ ਕੇ ਦਫਤਰਾਂ ਵਿੱਚ ਚੱਕਰ ਲਗਾਉਂਦੇ ਹਨ। ਮੈਂ ਦੇਖਿਆ ਹੈ ਕਿ ਉਹ ਸਵੇਰੇ ਤਿੰਨ ਵਜੇ ਆ ਕੇ ਲਾਈਨਾਂ ਵਿੱਚ ਲੱਗਦੇ ਹਨ। ਆਪਾਂ ਹੱਲ ਕੱਢੀਏ ਕਿ ਇਸ ਨੂੰ ਹੋਰ ਕਿਸ ਤਰ੍ਹਾਂ ਸਰਲ ਕਰ ਸਕਦੇ ਹਾਂ, ਇਸ ਦੇ ਲਈ ਪਿੰਡਾਂ ਵਿੱਚ ਕੈਂਪ ਲਗਾ ਸਕਦੇ ਹਾਂ ਜਾਂ ਵਾਰਡਾਂ ਵਿੱਚ ਕੈਂਪ ਲਗਾ ਸਕਦੇ ਹਾਂ। ਜੇਕਰ ਕੋਈ ਆਬਜੈਕਸ਼ਨ ਲੱਗਦਾ ਹੈ ਤਾਂ ਫੋਨ ਰਾਹੀਂ ਉਨ੍ਹਾਂ ਨੂੰ ਸੰਪਰਕ ਕਰ ਸਕਦੇ ਹਾਂ। ਕਈ ਕਿਰਤੀ ਕਾਮੇ ਤਾਂ ਆਨਲਾਈਨ ਫੋਨ ਵੀ ਨਹੀਂ ਚਲਾ ਸਕਦੇ।

**ਮਾਣਯੋਗ ਸਪੀਕਰ :** ਮੰਤਰੀ ਜੀ, ਇਹ ਗੱਲ ਠੀਕ ਹੈ। ਅੱਜਕੱਲ੍ਹ ਤੁਸੀਂ ਮੈਰਿਜ ਸਰਟੀਫਿਕੇਟ ਵੀ 1076 ਨੰਬਰ ਡਾਇਲ ਕਰਨ ਤੇ ਬਣਨੇ ਲਗਾ ਦਿੱਤੇ ਹਨ। ਇਸ ਨੂੰ ਟੈਕਨੋਲੋਜੀਕਲ ਇੰਟਰਵੈਂਸ਼ਨ ਨਾਲ ਕੁਝ ਸੌਖਾ ਕਰ ਦਿਓ ਤਾਂ ਕਿ ਦਿਹਾੜੀਦਾਰਾਂ ਨੂੰ ਆਪਣੀ ਦਿਹਾੜੀ ਨਾ ਖਰਾਬ ਕਰਨੀ ਪਵੇ।

**ਮੰਤਰੀ :** ਸਪੀਕਰ ਸਾਹਿਬ, ਮੈਂ ਮਾਣਯੋਗ ਸਦਨ ਨੂੰ ਅੱਜ ਤੁਹਾਡੇ ਮਾਧਿਅਮ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਇਹ ਅੱਜ ਤੱਕ ਦੀ ਹਿਸਟਰੀ ਦਾ ਰਿਕਾਰਡ ਬ੍ਰੇਕਿੰਗ ਡਾਟਾ ਹੈ, ਜਿਹੜਾ ਮੈਂ ਹੁਣ ਦੱਸਣ ਜਾ ਰਿਹਾ ਹਾਂ। ਅਸੀਂ ਜਿੰਨੀਆਂ ਵੀ ਪੁਰਾਣੀਆਂ ਸਰਕਾਰਾਂ ਹੰਢਾਈਆਂ ਹਨ, ਚਾਹੇ ਉਹ ਕਾਂਗਰਸ ਪਾਰਟੀ ਦੀ ਸਰਕਾਰ ਹੋਵੇ ਜਾਂ ਅਕਾਲੀ ਦਲ ਦੀ ਭਾਜਪਾ ਦੇ ਗਠਜੋੜ ਨਾਲ ਸਰਕਾਰ ਹੋਵੇ, ਜਿਹੜਾ ਰਿਕਾਰਡ ਮੈਂ ਦੱਸਣ ਲੱਗਾ ਹਾਂ, ਇਹ ਆਪਣੇ ਆਪ ਵਿੱਚ ਮੂੰਹੋਂ ਬੋਲਦੀ ਤਸਵੀਰ ਹੈ। ਜਦੋਂ ਸਾਲ 2021-22 ਵਿੱਚ ਪੰਜਾਬ ਵਿੱਚੋਂ ਕਾਂਗਰਸ ਦੀ ਸਰਕਾਰ ਗਈ ਹੈ, ਉਸ ਸਮੇਂ ਲਾਸਟ ਈਅਰ ਵਿੱਚ ਇਨ੍ਹਾਂ ਨੇ ਬੈਨੀਫਿਸ਼ਰੀਜ਼ ਨੂੰ 14.73 ਕਰੋੜ ਰੁਪਏ ਦੇ ਬੈਨੀਫਿਟ ਵੰਡੇ ਸਨ ਅਤੇ ਬੈਨੀਫਿਸ਼ਰੀਜ਼ ਦੀ 4,977 ਬੰਦਿਆਂ ਦੀ ਲਿਸਟ ਸੀ। ਜਦੋਂ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਆਈ ਤਾਂ ਮੈਨੂੰ ਦੱਸਦੇ ਹੋਏ ਇਸ ਗੱਲ ਦਾ ਮਾਣ ਮਹਿਸੂਸ ਹੋ ਰਿਹਾ ਹੈ ਕਿ ਚਾਰ ਸਾਲਾਂ ਦੇ ਅੰਦਰ ਅੰਦਰ ਸਾਡੇ ਡਿਪਾਰਟਮੈਂਟ ਦੇ ਅਫਸਰਾਂ ਨੇ ਦਿਨ ਰਾਤ ਇੱਕ ਕਰਕੇ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਦੇ ਅੰਦਰ, ਇਹ ਮੈਂ ਸਿਰਫ ਇੱਕ ਸਾਲ ਦਾ ਡਾਟਾ ਦੱਸਣ ਲੱਗਾ ਹਾਂ, ਸਿਰਫ ਚੌਥੇ ਸਾਲ ਦੇ ਅੰਦਰ 146.77 ਕਰੋੜ ਰੁਪਿਆ ਵੰਡਿਆ ਹੈ ਅਤੇ ਬੈਨੀਫਿਸ਼ਰੀ ਵੀ 45,578 ਹਨ। ਅਸੀਂ ਬੈਨੀਫਿਸ਼ਰੀਜ਼ ਨੂੰ ਪੁਰਾਣੀ ਰਿਜ਼ੀਮ ਨਾਲੋਂ 10 ਗੁਣਾ ਵੱਧ ਬੈਨੀਫਿਟਸ ਦੇ ਚੁੱਕੇ ਹਾਂ। ਇੱਥੇ ਹੀ ਬੱਸ ਨਹੀਂ, ਸਾਡੇ ਡਿਪਾਰਟਮੈਂਟ ਨੇ ਇੱਕ ਹੋਰ ਬਹੁਤ ਵੱਡਾ ਕਮਾਲ ਕੀਤਾ ਹੈ। ਅੱਜ ਤੱਕ ਜਿੰਨੀਆਂ ਵੀ ਅਰਜ਼ੀਆਂ ਆਉਂਦੀਆਂ ਸਨ, ਉਨ੍ਹਾਂ ਅਰਜ਼ੀਆਂ ਨੂੰ ਪ੍ਰੋਸੈਸ ਹੋਣ ਦਾ 165 ਦਿਨ ਦਾ ਟਾਈਮ ਲੱਗਦਾ ਸੀ। ਉਦੋਂ ਤੱਕ ਤਾਂ ਜਿਸ ਬੈਨੀਫਿਸ਼ਰੀ ਨੇ ਅਰਜ਼ੀ ਅਪਲਾਈ ਕੀਤੀ ਹੁੰਦੀ ਸੀ, ਉਹ ਬੰਦਾ ਹੀ ਐਗਜ਼ਾਸਟ ਹੋ ਜਾਂਦਾ ਸੀ। ਉਹ ਬੈਨੀਫਿਟ ਲੈਣ ਤੋਂ ਇਨਕਾਰ ਹੀ ਕਰ ਜਾਂਦਾ ਸੀ। ਰਿਕਾਰਡ ਕਢਵਾ ਕੇ ਦੇਖ ਲਓ, ਉਦੋਂ 165 ਦਿਨ ਦਾ ਟਾਈਮ ਸੀ। ਅਸੀਂ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਵੇਲੇ ਉਸ ਰਿਕਾਰਡ ਬ੍ਰੇਕਿੰਗ ਟਾਈਮ ਨੂੰ 165 ਦਿਨਾਂ ਤੋਂ ਘਟਾ ਕੇ ਕੁੱਲ 65 ਦਿਨਾਂ ਤੱਕ ਲੈ ਆਏ ਹਾਂ। ਸਰ, ਅਸੀਂ ਹੁਣ 65 ਦਿਨਾਂ ਨੂੰ ਵੀ ਘਟਾ ਕੇ ਆਉਣ ਵਾਲੇ ਦਿਨਾਂ ਵਿੱਚ ਕੁੱਲ 45 ਦਿਨਾਂ ਤੇ ਲੈ ਕੇ ਆਵਾਂਗੇ।

**ਮਾਣਯੋਗ ਸਪੀਕਰ :** ਧੰਨਵਾਦ ਜੀ।

**ਡਾਕਟਰ ਵਿਜੈ ਸਿੰਗਲਾ :** ਸਰ, ਮੈਂ ਮਾਣਯੋਗ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪੇਂਟਰ ਹਨ, ਰੰਗ ਰੋਗਨ ਵਾਲੇ ਮਜ਼ਦੂਰ ਹਨ, ਕੀ ਉਨ੍ਹਾਂ ਦੀ ਵੀ ਇਸ ਵਿੱਚ ਐਨਰੋਲਮੈਂਟ ਅਤੇ ਰਜਿਸਟ੍ਰੇਸ਼ਨ ਹੋ ਸਕਦੀ ਹੈ, ਉਨ੍ਹਾਂ ਦਾ ਕੀ ਪ੍ਰੋਸੀਜਰ ਹੁੰਦਾ ਹੈ? ਕੀ ਉਨ੍ਹਾਂ ਦਾ ਵੀ ਉਸੇ ਤਰੀਕੇ ਨਾਲ ਹੁੰਦਾ ਹੈ ਜਿਵੇਂ ਕੰਸਟਰੱਕਸ਼ਨ ਵਰਕਰਜ਼ ਦਾ ਹੁੰਦਾ ਹੈ ਜਾਂ ਉਨ੍ਹਾਂ ਦਾ ਅਲੱਗ ਤਰੀਕੇ ਨਾਲ ਹੁੰਦਾ ਹੈ?

**ਮੰਤਰੀ :** ਸਰ, ਸਾਡੇ ਪੰਜਾਬ ਦਾ ਜਿਹੜਾ ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਹੈ, ਉਸ ਵਿੱਚ ਉਨ੍ਹਾਂ ਨੂੰ ਬੈਨੀਫਿਟ ਮਿਲਦੇ ਹਨ। ਮਾਣਯੋਗ ਮੈਂਬਰ ਸਾਹਿਬ ਦਾ ਜੇਕਰ ਕੋਈ ਕੰਸਰਨ ਹੋਇਆ ਤਾਂ ਉਹ ਮੇਰੇ ਨਾਲ ਆ ਕੇ ਮੀਟਿੰਗ ਕਰ ਲੈਣ। ਅਸੀਂ ਇਨ੍ਹਾਂ ਦਾ ਹੱਲ ਕਰਵਾ ਦਿਆਂਗੇ।

**ਮਾਣਯੋਗ ਸਪੀਕਰ :** ਧੰਨਵਾਦ ਜੀ।

---

## ਪਿੰਡ ਵਣੀਕੇ ਤੋਂ ਅਜਨਾਲਾ ਤੱਕ ਸੜਕ ਬਣਾਉਣਾ

*1752. **ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਹਲਕਾ ਰਾਜਾਸਾਂਸੀ ਅਧੀਨ ਪੈਂਦੇ ਪਿੰਡ ਵਣੀਕੇ ਤੋਂ ਅਜਨਾਲਾ ਤੱਕ (ਵਾਇਆ ਚੋਗਾਵਾਂ) ਸੜਕ ਦਾ ਕਿੰਨਾ ਹਿੱਸਾ ਬਣ ਚੁੱਕਿਆ ਹੈ ਅਤੇ ਕਿੰਨਾ ਬਾਕੀ ਹੈ ;

(ਅ) ਇਹ ਸੜਕ ਕਦੋਂ ਤੱਕ ਬਣ ਕੇ ਪੂਰੀ ਤਿਆਰ ਹੋ ਜਾਵੇਗੀ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਭਜਨ ਸਿੰਘ :** ਸ਼੍ਰੀਮਾਨ ਜੀ,

(ੳ) ਅਟਾਰੀ-ਚੋਗਾਵਾਂ-ਅਜਨਾਲਾ ਰੋਡ (ਵਣੀਕੇ-ਅਜਨਾਲਾ ਵਾਇਆ ਚੋਗਾਵਾਂ) ਇੱਕ ਪਲਾਨ ਰੋਡ ਹੈ, ਜਿਸਦਾ ਰੋਡ ਕੋਡ ਨੰਬਰ ਐਮ.ਡੀ.ਆਰ-63 ਹੈ। ਇਸ ਸੜਕ ਦੀ ਕੁੱਲ ਲੰਬਾਈ 25.00 ਕਿ.ਮੀ. (ਆਰ.ਡੀ. 6.00 ਤੋਂ ਆਰ.ਡੀ. 31.00) ਹੈ ਅਤੇ ਚੌੜਾਈ 5.50 ਮੀਟਰ ਹੈ। ਅਟਾਰੀ-ਚੋਗਾਵਾਂ-ਅਜਨਾਲਾ ਰੋਡ ਨੂੰ ਮਜ਼ਬੂਤ ਅਤੇ ਰਿਪੇਅਰ ਕਰਨ ਦਾ ਕੰਮ Central Road Infrastructure Funds (CRIF) Scheme ਤਹਿਤ ਬਾਬਤ ਰਕਮ 9.65 ਕਰੋੜ ਰੁਪਏ ਦਾ ਅਲਾਟ ਕੀਤਾ ਗਿਆ ਹੈ ਅਤੇ ਇਸਦਾ ਕੰਮ ਪ੍ਰਗਤੀ ਅਧੀਨ ਹੈ। ਇਸ ਸੜਕ ਉਪਰ ਡੀ.ਬੀ.ਐਮ. ਦਾ ਕੰਮ 19 ਕਿਲੋਮੀਟਰ ਅਤੇ ਕੰਕਰੀਟ ਰੋਡ ਦਾ ਕੰਮ 1.30 ਕਿਲੋਮੀਟਰ ਮੁਕੰਮਲ ਹੋ ਚੁੱਕਾ ਹੈ। ਇਹ ਕੰਮ 70% ਮੁਕੰਮਲ ਹੋ ਚੁੱਕਾ ਹੈ ਅਤੇ ਡੀ.ਬੀ.ਐਮ. ਦਾ 4.70 ਕਿਲੋਮੀਟਰ ਅਤੇ ਬੀ.ਸੀ. ਦਾ 23.70 ਕਿਲੋਮੀਟਰ ਬਕਾਇਆ ਕੰਮ ਪ੍ਰਗਤੀ ਅਧੀਨ ਹੈ।

(ਅ) ਇਸ ਸੜਕ ਦਾ ਬਕਾਇਆ ਰਹਿੰਦਾ ਕੰਮ ਮਿਤੀ 30-06-2026 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ।

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ਸਪੀਕਰ ਸਾਹਿਬ, ਇਹ ਸੜਕ ਤਕਰੀਬਨ 25 ਕਿਲੋਮੀਟਰ ਲੰਬੀ ਹੈ। ਇਸ ਨੂੰ ਬਣਦਿਆਂ ਛੇ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਮੈਂ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਸੜਕ ਦੇ ਡਿਲੇਅ ਹੋਣ ਦੇ ਕੀ ਕਾਰਨ ਹਨ? ਜਿਹੜੇ ਕਾਰਨਾਂ ਕਰਕੇ ਜਾਂ ਕਿਸੇ ਦੀ ਅਣਗਹਿਲੀ ਕਰਕੇ ਇਹ ਸੜਕ ਨਹੀਂ ਬਣੀ, ਕੀ ਉਸ ਤੇ ਕੋਈ ਐਕਸ਼ਨ ਲਿਆ ਹੈ?

**ਮੰਤਰੀ :** ਮਾਣਯੋਗ ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਤਾਂ ਦੱਸਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਮਾਣਯੋਗ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਛੇ ਸਾਲ ਦਾ ਡਿਲੇਅ ਹੋਇਆ ਹੈ, ਇਸ ਛੇ ਸਾਲ ਦੇ ਡਿਲੇਅ ਵਿੱਚ ਤਿੰਨ ਸਾਲ ਕਾਂਗਰਸ

ਪਾਰਟੀ ਦਾ ਡਿਲੇਅ ਸੀ। ਇਸ ਕੰਮ ਦੀ ਅਲਾਟਮੈਂਟ 20 ਜੂਨ, 2019 ਨੂੰ ਹੋਈ ਸੀ ਔਰ ਸਿਰਫ 18 ਮਹੀਨਿਆਂ ਵਿੱਚ ਇਹ ਕੰਮ ਕੰਪਲੀਟ ਕਰਨਾ ਸੀ। ਮਿਤੀ 19 ਦਸੰਬਰ, 2020 ਤੱਕ ਇਹ ਕੰਮ ਕੰਪਲੀਟ ਹੋਣਾ ਚਾਹੀਦਾ ਸੀ ਪਰ ਇਨ੍ਹਾਂ ਦੀ ਆਪਣੀ ਸਰਕਾਰ ਦੇ ਵਿੱਚ ਇਹ ਕੰਮ ਕੰਪਲੀਟ ਨਹੀਂ ਹੋਇਆ। ਉਸ ਤੋਂ ਬਾਅਦ ਇਹ ਜਿਹੜੀ ਰੋਡ ਹੈ, ਦੋ ਰੋਡਜ਼ ਦਾ ਇਕੱਠਾ ਟੈਂਡਰ ਹੋਇਆ ਸੀ, ਇੱਕ ਅੰਮ੍ਰਿਤਸਰ-ਸੋਹੀਆਂ ਅਤੇ ਦੂਜੀ ਫਤਹਿਗੜ੍ਹ ਚੂੜੀਆਂ ਰੋਡ, ਜਿਸ ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਮੈਂਬਰ ਸਾਹਿਬ ਜਿਹੜੇ ਰੋਡ ਦੀ ਗੱਲ ਕਰ ਰਹੇ ਹਨ, ਇਸ ਦਾ ਵੀ 70% ਕੰਮ ਕਰ ਦਿੱਤਾ ਹੈ। ਜਿੱਥੋਂ ਤੱਕ ਇਹ ਐਕਸ਼ਨ ਲੈਣ ਦੀ ਗੱਲ ਕਰਦੇ ਹਨ, ਇਹ ਕੰਮ ਜਿਹੜੀ ਕੰਪਨੀ ਨੂੰ ਦਿੱਤਾ ਗਿਆ ਸੀ, ਉਸ ਤੇ 10 ਲੱਖ 50 ਹਜ਼ਾਰ ਰੁਪਏ ਦੀ ਐਲ.ਡੀ.(Liquidated damages) ਲਗਾਏ ਜਾ ਚੁੱਕੇ ਹਨ, ਉਨ੍ਹਾਂ ਨੂੰ ਬਾਊਂਡ ਕਰ ਦਿੱਤਾ ਗਿਆ ਹੈ ਕਿ ਮਿਤੀ 30 ਜੂਨ, 2026 ਤੱਕ ਇਹ ਕੰਮ ਹਰ ਹਾਲਤ ਵਿੱਚ ਕੰਪਲੀਟ ਕੀਤਾ ਜਾਵੇ।

**ਮਾਣਯੋਗ ਸਪੀਕਰ :** ਹਾਂ ਜੀ, ਸਰਕਾਰੀਆ ਸਾਹਿਬ ਗੱਲ ਤਾਂ ਆ ਗਈ ਹੈ।

**ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ :** ਸਪੀਕਰ ਸਾਹਿਬ, ਸਾਡੀ ਗਲਤੀ ਤਾਂ ਇਨ੍ਹਾਂ ਨੇ ਕੱਢ ਦਿੱਤੀ ਹੈ ਕਿ ਇਹ ਕੰਮ ਸਾਡੇ ਵੇਲੇ ਸ਼ੁਰੂ ਹੋਇਆ ਸੀ, ਇਸ ਵਿੱਚ ਕੋਈ ਸ਼ੱਕ ਵਾਲੀ ਗੱਲ ਨਹੀਂ ਹੈ ਪਰ ਚਾਰ ਸਾਲ ਇਨ੍ਹਾਂ ਨੂੰ ਵੀ ਹੋ ਗਏ ਹਨ। ਇਨ੍ਹਾਂ ਨੇ 4 ਸਾਲਾਂ ਵਿੱਚ ਕਿੰਨਾ ਕੁ ਮਾਅਰਕਾ ਮਾਰ ਦਿੱਤਾ ਹੈ? (ਵਿਘਨ) ਹੁਣ ਮੇਰੀ ਬੇਨਤੀ ਤਾਂ ਸੁਣ ਲਓ, ਸਵਾਲ ਤਾਂ ਕਰ ਲੈਣ ਦਿਓ। ਮੈਂ ਇਹ ਗੱਲ ਕਰਨੀ ਚਾਹੁੰਦਾ ਹਾਂ ਕਿ 25-30% ਸੜਕ ਨੂੰ ਬਣਿਆਂ ਪੰਜ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਜੇਕਰ ਇਸ ਸਾਲ ਇਹ ਸੜਕ ਕੰਪਲੀਟ ਹੁੰਦੀ ਹੈ ਤਾਂ ਇਸ ਦਾ ਕੰਪਲੀਸ਼ਨ ਸਰਟੀਫਿਕੇਟ ਇਸ ਸਾਲ ਹੀ ਮਿਲਣਾ ਹੈ, ਬਾਕੀ ਪੋਰਸ਼ਨ ਤਾਂ ਕੰਪਲੀਟ ਹੋ ਜਾਣਾ ਹੈ ਪਰੰਤੂ ਜਿਹੜਾ ਪਹਿਲਾਂ ਦਾ ਬਣਿਆ ਪੋਰਸ਼ਨ ਹੈ, ਉਹ ਟੁੱਟਣਾ ਸ਼ੁਰੂ ਹੋ ਜਾਣਾ ਹੈ। ਇਸ ਸੜਕ ਦੀ ਛੇ ਸਾਲ ਬਾਅਦ ਵਾਰੀ ਆਉਣੀ ਹੈ, ਉਦੋਂ ਤੱਕ ਇਹ ਸੜਕ ਬਣੀ ਨੂੰ 12 ਸਾਲ ਹੋ ਜਾਣੇ ਹਨ। ਮੰਤਰੀ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਇਸ ਸਾਰੀ ਸੜਕ ਦੇ ਉੱਤੇ ਦੁਬਾਰਾ ਪੀ.ਸੀ.ਪਵਾਉਗੇ?

**ਮੰਤਰੀ :** ਸਰ, ਇਹ ਕੰਮ ਸੀ.ਆਈ.ਆਰ.ਐਫ. ਦਾ ਸੀ। ਇਸ ਵਿੱਚ ਡਿਫੈਕਟ ਲਾਇਬਿਲਟੀ ਪੀਰੀਅਡ ਤਿੰਨ ਸਾਲ ਦਾ ਆਲਰੇਡੀ ਚੱਲ ਰਿਹਾ ਹੈ, ਇਸ ਦਾ 70% ਕੰਮ ਕੰਪਲੀਟ ਹੈ, ਸਿਰਫ 30% ਕੰਮ ਪੈਂਡਿੰਗ ਹੈ। ਮੈਂ ਯਕੀਨ ਦਿਵਾ ਚੁੱਕਾ ਹਾਂ ਕਿ 30% ਕੰਮ ਵੀ ਮਿਤੀ 30 ਜੂਨ, 2026 ਤੱਕ ਕੰਪਲੀਟ ਕਰਾਂਗੇ। ਜੇਕਰ ਕੋਈ ਇਸ ਰੋਡ ਤੇ ਮੁਸ਼ਕਿਲ ਆਉਂਦੀ ਹੈ ਤਾਂ ਬਾਕੀ ਪੋਰਸ਼ਨ 3 ਸਾਲ ਦੇ ਡਿਫੈਕਟ ਲਾਇਬਿਲਟੀ ਪੀਰੀਅਡ ਵਿੱਚ ਲੈ ਲਵਾਂਗੇ।

**ਮਾਣਯੋਗ ਸਪੀਕਰ :** ਧੰਨਵਾਦ ਜੀ।

---

## ਕਾਨਿਆਂਵਾਲੀ ਮਾਈਨਰ ਨੂੰ ਪੱਕਾ ਕਰਨਾ

***1746. ਸਰਦਾਰ ਗੁਰਦਿੱਤ ਸਿੰਘ ਸੇਖੋਂ :** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਗੰਗ ਕੈਨਾਲ (ਬੀਕਾਨੇਰ ਕੈਨਾਲ) ਵਿੱਚੋਂ ਪੰਜਾਬ ਅੰਦਰ ਨਿਕਲਣ ਵਾਲੀ ਇਕੱਲੀ ਕੱਸੀ (ਅਰਥਾਤ ਕਾਨਿਆਂਵਾਲੀ ਮਾਈਨਰ) ਦੀ ਹਾਲਤ ਬਹੁਤ ਹੀ ਜਰਜਰ ਹੋ ਚੁੱਕੀ ਹੈ, ਜਿਸ ਕਾਰਨ ਪਾਣੀ ਦੇ ਰਿਸਾਅ ਨਾਲ ਕਿਸਾਨਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ;

(ਅ) ਕੀ ਸਰਕਾਰ ਕਾਨਿਆਂਵਾਲੀ ਮਾਈਨਰ ਨੂੰ ਕੰਕਰੀਟ ਨਾਲ ਪੱਕਾ ਕਰਨ ਅਤੇ ਇਸ ਦੀ ਚੌੜਾਈ/ਸਮਰੱਥਾ ਵਧਾਉਣ ਲਈ ਕੋਈ ਯੋਜਨਾ ਤਿਆਰ ਕਰ ਰਹੀ ਹੈ; ਜੇਕਰ ਅਜਿਹਾ ਹੈ ਤਾਂ ਇਸ ਕੰਮ ਲਈ ਕਿੰਨੀ ਰਕਮ ਮਨਜ਼ੂਰ ਕੀਤੀ ਗਈ ਹੈ ਅਤੇ ਕੰਮ ਸ਼ੁਰੂ ਕਰਨ ਦੀ ਸੰਭਾਵਿਤ ਮਿਤੀ ਕੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸ਼੍ਰੀ ਬਰਿੰਦਰ ਕੁਮਾਰ ਗੋਇਲ :** ਸ਼੍ਰੀਮਾਨ ਜੀ,

(ੳ) ਕਾਨਿਆਂਵਾਲੀ ਮਾਈਨਰ, ਜੋ ਕਿ ਬੀਕਾਨੇਰ ਨਹਿਰ ਤੋਂ ਨਿਕਲਦੀ ਹੈ, ਦੀ ਡਿਜ਼ਾਈਨ ਡਿਸਚਾਰਜ ਸਮਰੱਥਾ 24.95 ਕਿਊਸਿਕ ਹੈ ਅਤੇ ਲੰਬਾਈ 28,000 ਫੁੱਟ ਹੈ। ਇਹ ਮਾਈਨਰ ਸਾਲ 1995 ਵਿੱਚ ਬਰਿੱਕ ਲਾਈਨਡ ਕੀਤੀ ਗਈ ਸੀ। ਟੇਲ ਗੇਜ਼ ਦੇ ਅੰਕੜੇ ਦਰਸਾਉਂਦੇ ਹਨ ਕਿ ਇਹ ਨਹਿਰ ਆਪਣੀ ਡਿਜ਼ਾਇਨ ਸਮਰੱਥਾ ਤੋਂ 114% ਪਾਣੀ ਲੈ ਰਹੀ ਹੈ। ਇਸ ਲਈ, ਇਹ ਨਹਿਰ ਆਪਣੀ ਡਿਜ਼ਾਇਨ ਕੀਤੀ ਸਮਰੱਥਾ ਤੋਂ ਵੱਧ ਪਾਣੀ ਲਿਜਾਉਣ ਲਈ ਪੂਰੀ ਤਰ੍ਹਾਂ ਸਮਰੱਥ ਹੈ।

(ਅ) ਕਿਉਂਕਿ ਨਹਿਰ ਦੀ ਡਿਸਚਾਰਜ ਸਮਰੱਥਾ ਕਾਫ਼ੀ ਹੈ, ਇਸ ਲਈ ਕੰਕਰੀਟ ਲਾਈਨਿੰਗ ਜਾਂ ਸਮਰੱਥਾ ਵਧਾਉਣ ਦੀ ਤੁਰੰਤ ਲੋੜ ਨਹੀਂ ਹੈ।

**ਸਰਦਾਰ ਗੁਰਦਿੱਤ ਸਿੰਘ ਸੇਖੋਂ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੀ ਗੰਗ ਕੈਨਾਲ ਹੈ, ਇਸ ਨੂੰ ਬੀਕਾਨੇਰ ਕੈਨਾਲ ਵੀ ਕਹਿੰਦੇ ਹਨ। ਇਹ ਫਿਰੋਜ਼ਪੁਰ ਤੋਂ ਨਿਕਲ ਕੇ ਬੀਕਾਨੇਰ ਨੂੰ ਜਾਂਦੀ ਹੈ। ਉਸ ਵਿੱਚੋਂ ਪੰਜਾਬ ਵਿੱਚੋਂ ਇੱਕੋ ਹੀ ਕੱਸੀ ਨਿਕਲਦੀ ਹੈ, ਜਿਸ ਨੂੰ ਕਾਨਿਆਂਵਾਲੀ ਮਾਈਨਰ ਕਹਿੰਦੇ ਹਨ। ਇਹ ਲਗਭਗ 1965-70 ਦੇ ਦਹਾਕੇ ਵਿੱਚ ਬਣੀ ਹੈ। ਇਸ ਨੂੰ ਦੁਬਾਰਾ 1995 ਵਿੱਚ ਪੱਕਾ ਕੀਤਾ ਗਿਆ ਸੀ। ਇਸ ਵਿੱਚ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਜਦੋਂ ਇਹ ਕੱਸੀ ਕੱਢੀ ਗਈ ਸੀ ਤਾਂ ਉਦੋਂ ਇਹ ਸਾਰਾ ਏਰੀਆ ਨਰਮੇ ਦੇ ਥੱਲੇ ਸੀ। ਨਰਮੇ ਦੇ ਥੱਲੇ ਹੋਣ ਕਰਕੇ ਉਦੋਂ ਪਾਣੀ ਦੀ ਮੰਗ ਕਾਫੀ ਘੱਟ ਸੀ। ਹੁਣ ਇਸ ਸਮੇਂ ਇਹ ਸਾਰਾ ਏਰੀਆ ਝੋਨੇ ਥੱਲੇ ਆ ਗਿਆ ਹੈ ਤੇ ਸੇਮ ਵੀ ਆ ਗਈ ਹੈ। ਇੱਕ ਤਾਂ ਸਮੱਸਿਆ ਇਹ ਹੈ ਕਿ ਜਦੋਂ ਝੋਨਾ ਲਾਉਣਾ ਹੁੰਦਾ ਹੈ ਤਾਂ ਸਾਨੂੰ ਪਾਣੀ ਦੀ ਘਾਟ ਹੁੰਦੀ ਹੈ। ਅਸੀਂ ਚਾਹੁੰਦੇ ਹਾਂ ਕਿ ਸਾਡਾ 24.95 ਕਿਊਸਿਕ ਪਾਣੀ ਵੀ ਵੱਧ ਕੀਤਾ ਜਾਵੇ, ਕੱਸੀ ਦੀ ਮੁਰੰਮਤ ਵੀ ਕੀਤੀ ਜਾਵੇ। ਇੱਕ ਸਮੱਸਿਆ ਆਉਂਦੀ ਹੈ ਕਿ ਜਦੋਂ ਅੱਗੇ ਜਾ ਕੇ ਮੀਂਹ ਪੈਂਦੇ ਹਨ ਤਾਂ ਇਸ ਦੀ ਟੇਲ ਇੱਕ ਕਿਲੋਮੀਟਰ ਪਿੱਛੇ ਖਤਮ ਹੋ ਜਾਂਦੀ ਹੈ, ਇਸ ਟੇਲ ਨੂੰ ਵੀ ਸੇਮ ਨਾਲੇ ਤੱਕ ਬਣਾਇਆ ਜਾਵੇ ਕਿਉਂਕਿ ਜਦੋਂ ਪਾਣੀ ਖੇਤਾਂ ਵਿੱਚ ਜਾਂਦਾ ਹੈ ਤਾਂ ਲੋਕਾਂ ਦੀਆਂ ਫਸਲਾਂ ਵੀ ਡੁੱਬ ਜਾਂਦੀਆਂ ਹਨ। ਇਸ ਕਰਕੇ ਮੇਰੀ ਬੇਨਤੀ ਹੈ ਕਿ ਇੱਕ ਤਾਂ ਪਾਣੀ ਵਧਾਇਆ ਜਾਵੇ, ਕੱਸੀ ਨੂੰ ਪੱਕਾ ਕੀਤਾ ਜਾਵੇ ਅਤੇ ਤੀਜਾ ਟੇਲ ਵਧਾਈ ਜਾਵੇ।

**ਮਾਣਯੋਗ ਸਪੀਕਰ :** ਸਵਾਲ ਪੁੱਛੋ ਜੀ ਕਿ ਕੀ ਤੁਸੀਂ ਪਾਣੀ ਵਧਾਉਗੇ? ਬੇਨਤੀ ਨਹੀਂ ਕਰਨੀ।

**ਸਰਦਾਰ ਗੁਰਦਿੱਤ ਸਿੰਘ ਸੇਖੋਂ :** ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਹੁਕਮ ਕਰਦਾ ਹਾਂ। (ਹਾਸਾ)

**ਮਾਣਯੋਗ ਸਪੀਕਰ :** ਹੁਕਮ ਨਹੀਂ ਕਰਨਾ, ਸਵਾਲ ਕਰਨਾ ਹੈ। ਜੇ ਪਾਣੀ ਵਧਾਉਗੇ ਤੇ ਕਦੋਂ ਵਧਾਉਗੇ? ਮੰਤਰੀ ਜੀ, ਇਹ ਜ਼ਰੂਰੀ ਹੈ ਜੀ, ਮੈਂਬਰ ਸਾਹਿਬ ਨੂੰ ਪਾਣੀ ਦਿਓ ਜੀ।

**ਮੰਤਰੀ :** ਮਾਣਯੋਗ ਸਪੀਕਰ ਸਾਹਿਬ, ਹੁਣ ਤਾਂ ਮੈਂਬਰ ਸਾਹਿਬ ਨੇ ਹੁਕਮ ਹੀ ਕਰ ਦਿੱਤਾ ਹੈ। ਇਸ ਕਰਕੇ ਮੈਂਬਰ ਸਾਹਿਬ ਦਾ ਹੁਕਮ ਤਾਂ ਮੰਨਣਾ ਹੀ ਹੈ।

**ਮਾਣਯੋਗ ਸਪੀਕਰ :** ਵਾਹ ਜੀ ਵਾਹ।

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਬਿਲਕੁਲ ਸਹੀ ਹੈ ਕਿ ਇਹ ਜਿਹੜੀ ਕੈਨਾਲ ਹੈ, ਇਹ ਬੀਕਾਨੇਰ ਨਹਿਰ ਵਿੱਚੋਂ ਇਕੱਲੀ ਮਾਈਨਰ ਨਿਕਲਦੀ ਹੈ। ਮੈਂ ਇਸ ਦਾ ਟੇਲ ਗੇਜ਼ ਲੈ ਕੇ ਆਇਆ ਹਾਂ। ਜਿਹੜਾ ਪੀਕ ਸੀਜ਼ਨ ਸੀ, ਉਸ ਪੀਕ ਸੀਜ਼ਨ ਦੌਰਾਨ ਇੱਥੇ 114% ਪਾਣੀ ਚਲਦਾ ਰਿਹਾ ਹੈ। ਇਹ ਠੀਕ ਹੈ ਕਿ ਸਾਲ 1995 ਵਿੱਚ ਇਸ ਦੀ ਬ੍ਰਿਕ ਲਾਈਨਿੰਗ ਹੋਈ ਸੀ ਪਰ ਇਸ ਸਟੇਜ ਤੇ ਵੀ ਇਸ ਵਿੱਚ 114% ਪਾਣੀ ਚਲਦਾ ਰਿਹਾ ਹੈ। ਜਦੋਂ ਪਿਛਲੇ ਸਮੇਂ ਵਿੱਚ ਪੈਚ ਵਰਕ ਦੀ ਜ਼ਰੂਰਤ ਸੀ, ਉਹ ਵੀ ਕੀਤੀ ਗਈ ਹੈ ਪਰ ਹੁਣ ਮਾਣਯੋਗ ਮੈਂਬਰ ਸਾਹਿਬ ਨੇ ਹੁਕਮ

ਕੀਤਾ ਹੈ, ਇਸ ਮਾਈਨਰ ਦੀ ਕੈਪੇਸਿਟੀ ਸਹੀ ਢੰਗ ਨਾਲ ਚੱਲੇ ਅਤੇ ਲੋਕਾਂ ਨੂੰ ਪਾਣੀ ਮਿਲੇ, ਇਸ ਲਈ ਜੋ ਵੀ ਕੰਮ ਇਸ ਵਿੱਚ ਹੋਣ ਵਾਲਾ ਹੈ, ਉਹ ਅਸੀਂ ਕਰਕੇ ਦੇਵਾਂਗੇ।

**ਮਾਣਯੋਗ ਸਪੀਕਰ :** ਠੀਕ ਹੈ ਜੀ, ਹੁਣ ਤਾਂ ਤਸੱਲੀ ਹੈ?

**ਸਰਦਾਰ ਗੁਰਦਿੱਤ ਸਿੰਘ ਸੇਖੋਂ :** ਬਹੁਤ ਬਹੁਤ ਧੰਨਵਾਦ ਜੀ।

---

**ਰਾਜ ਵਿੱਚ ਖੋਲ੍ਹੇ ਗਏ ਨਵੇਂ ਸਰਕਾਰੀ ਮੈਡੀਕਲ ਕਾਲਜਾਂ ਦੇ ਵੇਰਵੇ**

***1669. 1. ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :**

**2. ਸਰਦਾਰ ਪ੍ਰਤਾਪ ਸਿੰਘ ਬਾਜਵਾ :** ਕੀ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸਰਕਾਰ ਵੱਲੋਂ ਮਾਰਚ, 2022 ਤੋਂ ਹੁਣ ਤੱਕ ਖੋਲ੍ਹੇ ਗਏ ਨਵੇਂ ਸਰਕਾਰੀ ਮੈਡੀਕਲ ਕਾਲਜਾਂ ਦੀ ਗਿਣਤੀ ਕਿੰਨੀ ਹੈ ਅਤੇ ਹਰ ਇੱਕ ਕਾਲਜ ਦੀ ਮੌਜੂਦਾ ਸਥਿਤੀ ਕੀ ਹੈ;

(ਅ) ਇਹ ਕਾਲਜ ਕਿਹੜੇ-ਕਿਹੜੇ ਜ਼ਿਲ੍ਹੇ ਵਿੱਚ ਸਥਿਤ ਹਨ ਅਤੇ ਇਨ੍ਹਾਂ ਕਾਲਜਾਂ ਵਿੱਚ ਭਰਤੀ ਕੀਤੇ ਗਏ ਸਟਾਫ (ਕੈਟਾਗਰੀ-ਵਾਈਜ਼) ਦੀ ਕੁੱਲ ਗਿਣਤੀ ਕਿੰਨੀ-ਕਿੰਨੀ ਹੈ, ਵੇਰਵੇ ਸਹਿਤ ਦੱਸਿਆ ਜਾਵੇ?

**ਡਾਕਟਰ ਬਲਬੀਰ ਸਿੰਘ :** ਸ਼੍ਰੀਮਾਨ ਜੀ,

(ੳ) ਪੰਜਾਬ ਸਰਕਾਰ ਦੇ ਯਤਨਾਂ ਸਦਕਾ ਅਤੇ ਬਿਹਤਰ ਪਾਲਿਸੀਆਂ ਸਦਕਾ ESIC ਮੈਡੀਕਲ ਕਾਲਜ ਲੁਧਿਆਣਾ ਵਿਖੇ ਸਾਲ 2025 ਵਿੱਚ 50 ਐਮ.ਬੀ.ਬੀ.ਐਸ. ਸੀਟਾਂ ਦਾ ਨਵਾਂ ਚਲਾ ਦਿੱਤਾ ਹੈ ਅਤੇ ਇੱਕ ਪ੍ਰਾਈਵੇਟ ਮੈਡੀਕਲ ਕਾਲਜ ਮੰਡੀ ਗੋਬਿੰਦਗੜ੍ਹ (ਰੀਜ਼ਨਲ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ) ਵਿਖੇ ਸਾਲ 2024 ਵਿੱਚ 50 ਐਮ.ਬੀ.ਬੀ.ਐਸ. ਸੀਟਾਂ ਦਾ ਨਵਾਂ ਚਲਾ ਦਿੱਤਾ ਹੈ ।

ਇੱਥੇ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਸ ਤੋਂ ਇਲਾਵਾ, ਸੱਤ ਮੈਡੀਕਲ ਕਾਲਜ ਪ੍ਰਕਿਰਿਆ ਅਧੀਨ ਹਨ, ਜਿਨ੍ਹਾਂ ਵਿੱਚ ਹੁਸ਼ਿਆਰਪੁਰ ਅਤੇ ਕਪੂਰਥਲਾ ਵਿਖੇ ਭਾਰਤ ਸਰਕਾਰ ਦੀ ਸਹਾਇਤਾ ਨਾਲ ਸਰਕਾਰੀ ਮੈਡੀਕਲ ਕਾਲਜ, ਸੰਗਰੂਰ ਅਤੇ ਨਵਾਂਸ਼ਹਿਰ ਵਿਖੇ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ (PPP) ਮੋਡ ਅਧੀਨ ਮੈਡੀਕਲ ਕਾਲਜ, ਜੇ.ਆਈ.ਐਸ. ਮੈਡੀਕਲ ਕਾਲਜ ਐਂਡ ਹਸਪਤਾਲ (ਜੋਧ ਇਸ਼ਵਰ ਸਿੰਘ ਮੈਡੀਕਲ ਕਾਲਜ ਐਂਡ ਹਸਪਤਾਲ), ਪਿੰਡ ਭੁੱਟਾ, ਜ਼ਿਲ੍ਹਾ ਲੁਧਿਆਣਾ ਵਿਖੇ ਪ੍ਰਾਈਵੇਟ ਖੇਤਰ ਵਿੱਚ, ਜੈਨ ਭਾਈਚਾਰੇ ਲਈ ਲਹਿਰਾਗਾਗਾ ਵਿਖੇ ਇੱਕ ਘੱਟ ਗਿਣਤੀ ਮੈਡੀਕਲ ਕਾਲਜ ਅਤੇ ਪ੍ਰਧਾਨ ਮੰਤਰੀ ਜਨ ਵਿਕਾਸ ਕਾਰਯਕ੍ਰਮ (PMJVK) ਅਧੀਨ ਭਾਰਤ ਸਰਕਾਰ ਦੀ ਸਹਾਇਤਾ ਨਾਲ ਮਲੇਰਕੋਟਲਾ ਵਿਖੇ ਇੱਕ ਮੈਡੀਕਲ ਕਾਲਜ ਸ਼ਾਮਲ ਹਨ।

(ਅ) ਲਾਗੂ ਨਹੀਂ ਹੁੰਦਾ ਜੀ।

**ਮਾਣਯੋਗ ਸਪੀਕਰ :** ਮੰਤਰੀ ਜੀ, ਪੂਰੀ ਡਿਟੇਲ ਦੇ ਦੇਵੋ, ਦੋਵੇਂ ਬਾਜਵਾ ਸਾਹਿਬ ਨੇ ਇੱਕੋ question ਕੀਤਾ ਹੈ।

**ਮੰਤਰੀ :** ਨਹੀਂ ਜੀ, ਇੱਕ ਨਹੀਂ ਹੈ। ਅਲੱਗ-ਅਲੱਗ ਪ੍ਰਸ਼ਨ ਹਨ।

**ਮਾਣਯੋਗ ਸਪੀਕਰ :** ਅਲੱਗ-ਅਲੱਗ ਹਨ। ਇਹ ਤਾਂ ਕਲੱਬ ਕੀਤੇ ਹੋਏ ਹਨ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਸਪੀਕਰ ਸਾਹਿਬ, ਮੇਰਾ ਸਵਾਲ ਕੁਝ ਹੋਰ ਸੀ ਅਤੇ ਮੈਨੂੰ ਜਵਾਬ ਕੁਝ ਹੋਰ ਆਇਆ ਹੈ।

**ਮਾਣਯੋਗ ਸਪੀਕਰ:** ਤੁਹਾਨੂੰ ਇਨ੍ਹਾਂ (ਸਰਦਾਰ ਪ੍ਰਤਾਪ ਸਿੰਘ ਬਾਜਵਾ) ਵਾਲੇ ਸਵਾਲ ਦਾ ਜਵਾਬ ਨਾ ਆ ਗਿਆ ਹੋਵੇ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਨਹੀਂ ਜੀ, ਮੈਂ ਸਰਕਾਰੀ ਮੈਡੀਕਲ ਕਾਲਜਾਂ ਦੀ ਗਿਣਤੀ ਬਾਰੇ ਪੁੱਛਿਆ ਸੀ। ਤੁਸੀਂ ਜਿਹੜਾ ਕਾਲਜ ਜੈਨ ਸੰਸਥਾ ਨੇ ਬਣਾਇਆ ਹੈ, ਉਸ ਨੂੰ ਵੀ ਨਾਲ ਗਿਣ ਦਿੱਤਾ ਹੈ। ਤੁਸੀਂ ਆਖਿਆ ਸੀ ਕਿ ਹਰ ਜ਼ਿਲ੍ਹੇ ਵਿੱਚ ਸਰਕਾਰੀ ਮੈਡੀਕਲ ਕਾਲਜ ਖੁੱਲ੍ਹੇਗਾ, ਤੁਸੀਂ ਇਹ ਤਾਂ ਨਾ ਕਰੋ ਕਿ ਜਿਹੜਾ ਕਾਲਜ ਜੈਨ ਸੰਸਥਾ ਨੇ ਬਣਾਇਆ ਹੈ, ਉਹ ਵੀ ਵਿੱਚ ਹੀ ਗਿਣੀ ਜਾਵੇ। ਜੇ ਕੱਲ੍ਹ ਨੂੰ ਐਸ.ਜੀ.ਪੀ.ਸੀ. ਆਪਣਾ ਕੋਈ ਕਾਲਜ ਬਣਾਵੇਗੀ ਤਾਂ ਕੀ ਤੁਸੀਂ ਉਸ ਨੂੰ ਵੀ ਆਪਣਾ ਕਾਲਜ ਗਿਣੋਗੇ?

**ਮੰਤਰੀ:** ਹੁਣ ਮੈਂ ਜਵਾਬ ਦੇ ਦੇਵਾਂ ਜੀ?

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਹਾਂ ਜੀ।

**ਮੰਤਰੀ:** ਸਰ, ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ 40 ਸਾਲ ਇਨ੍ਹਾਂ ਦੇ ਅਕਾਲੀ, ਕਾਂਗਰਸ ਅਤੇ ਬੀ.ਜੇ.ਪੀ. ਦੇ ਔਰ 4 ਸਾਲ ਭਗਵੰਤ ਮਾਨ ਸਰਕਾਰ ਦੇ ਹਨ। ਸਰ, ਮੈਂ ਇਨ੍ਹਾਂ ਨਾਲ ਲਿਸਟ ਸਾਂਝੀ ਕਰਦਾ ਹਾਂ ਕਿ ਸਾਲ 2024 ਵਿੱਚ ਮੰਡੀ ਗੋਬਿੰਦਗੜ੍ਹ, ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿੱਚ ਕਾਲਜ ਬਣ ਗਿਆ ਸੀ। ਜਿੱਥੇ 50-50 ਸੀਟਾਂ ਵਾਲੇ 2 ਬੈਚ ਆ ਚੁੱਕੇ ਹਨ ਅਤੇ ਉੱਥੇ ਬੱਚੇ ਪੜ੍ਹ ਰਹੇ ਹਨ। ਇਸੇ ਤਰ੍ਹਾਂ ਲੁਧਿਆਣੇ ਵਿੱਚ ਜਿਹੜਾ ਈ.ਐਸ.ਆਈ. ਹਸਪਤਾਲ ਹੈ, ਉਸ ਵਿੱਚ 50 ਸੀਟਾਂ ਵਾਲਾ ਕਾਲਜ ਬਣਿਆ ਹੈ। ਉੱਥੇ ਵੀ ਐਡਮਿਸ਼ਨ ਹੋ ਚੁੱਕੀ ਹੈ ਅਤੇ ਬੱਚੇ ਪੜ੍ਹ ਰਹੇ ਹਨ। ਸਰ, ਇਹ ਨਹੀਂ ਹੈ ਕਿ ਈ.ਐਸ.ਆਈ ਵਾਲਾ ਕਾਲਜ ਜਾਂ ਜੈਨ ਸਮਾਜ ਵਾਲਾ ਕਾਲਜ ਆਪਣੇ ਆਪ ਖੁੱਲ੍ਹ ਗਿਆ ਹੈ। ਉਨ੍ਹਾਂ ਨੂੰ ਅਸੀਂ ਜਗ੍ਹਾ ਦਿੱਤੀ ਹੈ। ਉੱਥੇ ਬਾਬਾ ਹੀਰਾ ਸਿੰਘ ਭੱਠਲ ਜੀ ਦੇ ਨਾਂ ਦੇ ਉੱਤੇ ਇੰਜੀਨੀਅਰਿੰਗ ਕਾਲਜ ਸੀ ਜਿਹੜਾ ਕਿ ਬੰਦ ਪਿਆ ਸੀ ਅਤੇ ਸਟਾਫ ਨੂੰ ਤਨਖਾਹ ਨਹੀਂ ਮਿਲਦੀ ਸੀ ਔਰ ਉਹ ਨਸ਼ੇੜੀਆਂ ਦਾ ਅੱਡਾ ਬਣਿਆ ਹੋਇਆ ਸੀ। After all ਜਦੋਂ ਗੌਰਮਿੰਟ ਦੀਆਂ ਕੋਈ ਪਾਲਿਸੀਆਂ ਹੁੰਦੀਆਂ ਹਨ ਤਾਂ ਲੋਕ ਉਸ ਤੋਂ influence ਹੋ ਕੇ ਆਉਂਦੇ ਹਨ।

ਪਹਿਲਾਂ ਮੈਂ ਇਨ੍ਹਾਂ ਨੂੰ ਸਾਰੇ ਕਾਲਜਾਂ ਬਾਰੇ ਦੱਸ ਦੇਵਾਂ ਜੀ। ਮੈਂ ਪਿਛਲੇ ਚਾਰ ਸਾਲਾਂ ਦੇ ਮੈਡੀਕਲ ਕਾਲਜਾਂ ਬਾਰੇ ਦੱਸਦਾ ਹਾਂ। ਉਸ ਤੋਂ ਬਾਅਦ ਇਹ ਮੈਨੂੰ ਇਨ੍ਹਾਂ ਦੇ 40 ਸਾਲਾਂ ਦੇ ਮੈਡੀਕਲ ਕਾਲਜਾਂ ਬਾਰੇ ਦੱਸ ਦੇਣ ਕਿ ਇਨ੍ਹਾਂ ਨੇ ਕਿੰਨੇ ਕਾਲਜ ਬਣਾਏ ਸਨ। ਜਿਵੇਂ ਮੈਂ ਹੁਣੇ ਦੱਸਿਆ ਹੈ, ਉਹ ਦੋ ਕਾਲਜ ਚੱਲ ਰਹੇ ਹਨ। ਹੁਸ਼ਿਆਰਪੁਰ ਵਿੱਚ 274.75 ਕਰੋੜ ਰੁਪਏ ਦੀ ਲਾਗਤ ਨਾਲ ਸਰਕਾਰੀ ਕਾਲਜ ਬਣਨ ਜਾ ਰਿਹਾ ਹੈ। ਇਸ ਦਾ ਵਰਕ ਆਰਡਰ ਹੋ ਗਿਆ ਹੈ ਅਤੇ 20 ਤਰੀਕ ਨੂੰ ਇਸ ਕਾਲਜ ਦਾ ਕੰਮ ਸ਼ੁਰੂ ਹੋ ਜਾਵੇਗਾ। ਇਸੇ ਤਰ੍ਹਾਂ ਚੌਥਾ ਕਾਲਜ, ਕਪੂਰਥਲੇ ਦਾ ਸਰਕਾਰੀ ਮੈਡੀਕਲ ਕਾਲਜ ਹੈ, ਇਹ ਕਾਲਜ 296 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਜਾ ਰਿਹਾ ਹੈ, ਇਸ ਦਾ ਵੀ ਵਰਕ ਆਰਡਰ ਹੋ ਗਿਆ ਹੈ ਅਤੇ ਇਸ ਦਾ ਵੀ ਕੰਮ ਸ਼ੁਰੂ ਹੋਣ ਜਾ ਰਿਹਾ ਹੈ। ਸੰਗਰੂਰ ਅਤੇ ਨਵਾਂ ਸ਼ਹਿਰ ਵਿੱਚ ਬਣਨ ਵਾਲੇ ਕਾਲਜ ਦਾ ਸਾਰਾ ਪ੍ਰਾਸੈੱਸ ਕੰਪਲੀਟ ਹੋ ਗਿਆ ਹੈ। ਹੁਣ ਕੰਨਸੈਸ਼ਨੇਅਰ ਦੀ ਚੋਣ ਹੋਣੀ ਹੈ, ਉਸ ਦਾ ਪ੍ਰਾਸੈੱਸ ਚੱਲ ਰਿਹਾ ਹੈ। ਇਹ ਕਾਲਜ ਜੂਨ ਮਹੀਨੇ ਤੱਕ ਸ਼ੁਰੂ ਹੋ ਜਾਵੇਗਾ। ਸਰ, ਲੁਧਿਆਣਾ ਵਿੱਚ ਇੱਕ ਜੇ.ਆਈ.ਐਸ. ਮੈਡੀਕਲ ਕਾਲਜ ਹੈ, ਇਹ ਪਾਰਟੀ ਵੀ ਪ੍ਰਾਈਵੇਟ ਹੈ। ਇਨ੍ਹਾਂ ਦੇ ਦੋ ਮੈਡੀਕਲ ਕਾਲਜ ਬੰਗਾਲ ਵਿੱਚ ਚੱਲ ਰਹੇ ਹਨ, ਦੋ ਮੈਡੀਕਲ ਕਾਲਜ ਬਿਹਾਰ ਵਿੱਚ ਚੱਲ ਰਹੇ ਹਨ। ਸਰਦਾਰ ਭਗਵੰਤ ਮਾਨ ਜੀ ਦੀ ਸਰਕਾਰ ਦੀ ਪਾਲਿਸੀ ਤੋਂ influence ਹੋ ਕੇ ਉਹ ਆਪਣਾ ਪੰਜਵਾਂ ਮੈਡੀਕਲ ਕਾਲਜ ਆਪਣੇ ਜੱਦੀ ਪਿੰਡ ਵਿੱਚ ਆ ਕੇ ਲੁਧਿਆਣਾ ਵਿੱਚ ਖੋਲ੍ਹ ਰਿਹਾ ਹੈ। ਇਹ 100 ਸੀਟਾਂ ਵਾਲਾ ਕਾਲਜ ਹੈ ਅਤੇ ਇਹ ਵੀ ਇਸ ਸਾਲ ਸ਼ੁਰੂ ਹੋ ਜਾਵੇਗਾ। ਸਰ, ਲਹਿਰਾਗਾਗਾ ਇੱਕ ਰਿਮੋਟ ਏਰੀਆ ਹੈ ਜੀ। ਸ਼੍ਰੀ ਬਰਿੰਦਰ ਗੋਇਲ ਜੀ ਨੇ ਜਿੰਨੀ ਕੋਸ਼ਿਸ਼ ਕੀਤੀ ਹੈ ਜੀ, ਅਸੀਂ ਉਨ੍ਹਾਂ ਨਾਲ ਗੱਲਬਾਤ ਕਰਕੇ, ਉਨ੍ਹਾਂ ਨੂੰ ਜੋ ਸਹੂਲਤਾਂ ਚਾਹੀਦੀਆਂ ਸਨ, ਉਹ ਸਾਰੀਆਂ ਸਹੂਲਤਾਂ ਦਿੱਤੀਆਂ, ਜਿਸ ਨਾਲ ਇੱਕ ਰਿਮੋਟ ਏਰੀਏ ਵਿੱਚ ਜੈਨ ਭਾਈਚਾਰੇ ਦਾ ਮਨਿਓਰਿਟੀ

ਵਾਲਾ ਇੱਕ ਮੈਡੀਕਲ ਕਾਲਜ ਬਣਨ ਜਾ ਰਿਹਾ ਹੈ। ਇਸੇ ਤਰ੍ਹਾਂ ਜਿਹੜਾ ਮਲੇਰਕੋਟਲਾ ਹੈ, ਉਸ ਵਿੱਚ ਪੀ.ਐਮ.ਜੇ ਕਾਲਜ ਵਾਸਤੇ ਲੈਂਡ ਨਹੀਂ ਸੀ, ਪੰਜਾਬ ਸਰਕਾਰ ਨੇ ਡਿਫੈਂਸ ਤੋਂ ਲੈਂਡ ਖਰੀਦ ਲਈ ਹੈ ਅਤੇ ਇਸ ਦੀ ਡਿਟੇਲਡ ਪ੍ਰੋਜੈਕਟ ਰਿਪੋਰਟ ਬਣਾ ਕੇ ਕੇਂਦਰ ਸਰਕਾਰ ਨੂੰ ਚਲੀ ਗਈ ਹੈ। ਸਾਨੂੰ ਪੂਰੀ ਉਮੀਦ ਹੈ ਕਿ ਇਹ ਕਾਲਜ ਵੀ ਇਸ ਸਾਲ ਵਿੱਚ ਸ਼ੁਰੂ ਹੋ ਜਾਵੇਗਾ। ਸਰ, 9 ਮੈਡੀਕਲ ਕਾਲਜ ਬਣਨ ਜਾ ਰਹੇ ਹਨ। ਚਾਰ ਸਾਲ ਵਿੱਚ ਦੋ ਮੈਡੀਕਲ ਕਾਲਜ ਬਣ ਗਏ ਹਨ ਅਤੇ ਚੱਲ ਰਹੇ ਹਨ, ਦੋ ਕਾਲਜ ਸ਼ੁਰੂ ਹੋਣ ਜਾ ਰਹੇ ਹਨ। ਕੁੱਲ 9 ਮੈਡੀਕਲ ਕਾਲਜ ਬਣਨਗੇ। ਹੁਣ ਇਹ ਆਪਣੇ 40 ਸਾਲ ਦਾ ਦੱਸ ਦੇਣ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਸਰ, ਵੇਖੋ unfortunate ਗੱਲ ਹੈ, ਇਹ ਪੜ੍ਹੇ ਲਿਖੇ ਬੰਦੇ ਹਨ। ਡਾਕਟਰ ਹੋਣ ਦੇ ਬਾਵਜੂਦ, ਸਵਾਲ ਅਸੀਂ Government ਦੇ ਮੈਡੀਕਲ ਕਾਲਜਾਂ ਦਾ ਕੀਤਾ ਹੈ, ਜਵਾਬ ਤੁਸੀਂ ਪ੍ਰਾਈਵੇਟ ਕਾਲਜਾਂ ਬਾਰੇ ਦੇ ਰਹੇ ਹੋ। ਮਾਲ ਮਾਲਕਾਂ ਦਾ, ਮਸ਼ਹੂਰੀ ਕੰਪਨੀ ਦੀ। ਤੁਹਾਡਾ ਉਸ ਵਿੱਚ ਕੀ ਹੱਥ ਹੈ ਜੀ? ਅਸੀਂ ਤੁਹਾਨੂੰ ਸਰਕਾਰੀ ਮੈਡੀਕਲ ਕਾਲਜਾਂ ਦਾ ਸਵਾਲ ਕੀਤਾ ਹੈ, ਜਿਹੜੇ ਤੁਹਾਡੇ ਫਾਈਨਾਂਸ ਮਨਿਸਟਰ ਨੇ Government ਦੇ 16 ਮੈਡੀਕਲ ਕਾਲਜ ਅਨਾਊਂਸ ਕੀਤੇ ਹਨ, ਉਨ੍ਹਾਂ ਵਿੱਚੋਂ ਇੱਕ ਕਾਲਜ ਤੇ ਵੀ ਕਿਤੇ ਕੋਈ ਕੰਮ ਸ਼ੁਰੂ ਨਹੀਂ ਹੋਇਆ ਹੈ। ਪੰਜ ਕਾਲਜਾਂ ਸਬੰਧੀ ਅਨਾਊਂਸਮੈਂਟਸ ਹੋਈਆਂ ਹਨ। 11 ਕਾਲਜਾਂ ਦੀ ਲੋਕੇਸ਼ਨ ਵੀ ਨਹੀਂ ਦੱਸੀ ਗਈ। Don't hoodwink the people of the Punjab. You have expertise of hoodwinking. ਸਾਨੂੰ ਪ੍ਰਾਈਵੇਟ ਸਬੰਧੀ ਨਾ ਦੱਸਿਆ ਜਾਵੇ। ਸਰ, ਇਹ ਜਿਹੜਾ ਇਨ੍ਹਾਂ ਨੇ ਪਹਿਲਾ ਕਾਲਜ ਦੱਸਿਆ ਹੈ, ਜਿਸ ਵਿੱਚ ਕਿਹਾ ਹੈ ਕਿ 50 ਸੀਟਾਂ ਵਧਾਈਆਂ ਹਨ, ਇਹ ਕਾਲਜ ਤਾਂ ਲੁਧਿਆਣੇ ਵਿੱਚ ਸੈਂਟਰਲ ਗੌਰਮਿੰਟ ਦਾ ਹੈ।

**ਮਾਣਯੋਗ ਸਪੀਕਰ**: ਅਸੀਂ ਜਵਾਬ ਲੈ ਲਈਏ। ਹਾਂ ਜੀ ਮੰਤਰੀ ਜੀ, ਜਵਾਬ ਦਿਓ ਜੀ।

**ਮੰਤਰੀ**: ਬਾਜਵਾ ਸਾਹਿਬ, ਸੈਂਟਰ ਵਿੱਚ ਵੀ ਐਮ.ਪੀ. ਰਹੇ ਹਨ, ਇੱਥੇ ਮੰਤਰੀ ਵੀ ਰਹੇ ਹਨ, ਹੁਣ ਇਹ as a MLA ਆਏ ਹਨ। ਜਿਹੜਾ ਹੁਸ਼ਿਆਰਪੁਰ ਵਿਖੇ ਮੈਡੀਕਲ ਕਾਲਜ ਹੈ, ਕੀ ਤੁਸੀਂ ਉਸ ਨੂੰ ਪੰਜਾਬ ਦਾ ਮੰਨਦੇ ਹੋ? ਜਨਾਬ, ਉਸ ਦੀ ਵੀ ਕੇਂਦਰ ਨਾਲ collaboration ਹੈ। ਉਹ ਵੀ 60:40 ਰੇਸ਼ੋ ਵਿੱਚ ਹੈ। ਇਹ ਕਾਲਜ ਸਾਲ 2019 ਵਿੱਚ ਲਿਆਂਦਾ ਗਿਆ ਸੀ, ਜਦੋਂ ਤੁਹਾਡੀ ਸਰਕਾਰ ਸੀ। ਜਦੋਂ ਤੁਸੀਂ ਮੁੱਖ ਮੰਤਰੀ ਜੀ ਨੂੰ ਚਿੱਠੀਆਂ ਲਿਖਦੇ ਹੁੰਦੇ ਸੀ ਅਤੇ ਉਹ ਜਵਾਬ ਨਹੀਂ ਦਿੰਦੇ ਹੁੰਦੇ ਸੀ। ਸਾਲ 2019, 2020, 2021 ਅਤੇ 2022 ਦੋ ਮੁੱਖ ਮੰਤਰੀ ਲੰਘ ਗਏ, ਤੁਹਾਡੀਆਂ 6-6 ਸਰਕਾਰਾਂ ਲੰਘ ਗਈਆਂ। ਜਨਾਬ, ਇੱਕ ਵੀ ਮੈਡੀਕਲ ਕਾਲਜ ਨਹੀਂ ਬਣਿਆ, ਅਸੀਂ 9 ਮੈਡੀਕਲ ਕਾਲਜ ਬਣਾ ਰਹੇ ਹਾਂ, ਪ੍ਰਾਈਵੇਟ ਕਾਲਜ ਵੀ ਆਪਣੇ ਆਪ ਨਹੀਂ ਬਣ ਜਾਂਦੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਕੋਈ ਸ਼ੁਰੂ ਹੋਇਆ ਹੈ?

**ਮੰਤਰੀ** : ਸਰ, ਮੇਰੀ ਬੇਨਤੀ ਸੁਣੋ। ਦੋ ਸ਼ੁਰੂ ਹੋ ਗਏ ਹਨ, ਉਨ੍ਹਾਂ ਵਿੱਚ ਬੱਚੇ ਪੜ੍ਹ ਰਹੇ ਹਨ। ਸਰ, ਪ੍ਰਾਈਵੇਟ ਨੂੰ facilitate ਕਰਨਾ ਪੈਂਦਾ ਹੈ। ਸਰ, ਜਿਵੇਂ ਜੈਨ ਮਨਿਓਰਿਟੀ ਵਾਲਾ ਪ੍ਰਾਈਵੇਟ ਕਾਲਜ ਹੈ, ਅਸੀਂ ਉਨ੍ਹਾਂ ਨੂੰ ਲੈਂਡ ਦੇ ਰਹੇ ਹਾਂ। ਸਾਡਾ ਉਨ੍ਹਾਂ ਦੇ ਨਾਲ ਐਮ.ਓ.ਯੂ. ਸਾਈਨ ਹੋਇਆ ਹੈ। ਉਨ੍ਹਾਂ ਦੇ minority ਦੇ ਬੱਚੇ ਵੀ ਉੱਥੇ ਪੜ੍ਹਨੇ ਹਨ ਅਤੇ ਸਾਡੇ ਬੱਚੇ ਵੀ ਉੱਥੇ ਪੜ੍ਹਨੇ ਹਨ। ਸਾਰੇ ਪ੍ਰਾਈਵੇਟ ਕਾਲਜਾਂ ਵਿੱਚ 50 ਪ੍ਰਤੀਸ਼ਤ ਸੀਟਾਂ ਸਰਕਾਰੀ ਰੇਟ ਤੇ ਹੋਣੀਆਂ ਹਨ। ਸਰ, ਅਸੀਂ 600 ਸੀਟਾਂ ਐਡ ਕਰ ਦਿੱਤੀਆਂ ਹਨ। ਅਸੀਂ ਪਹਿਲਾਂ ਹੀ Existing Colleges ਵਿੱਚ 300 ਸੀਟਾਂ ਐਡ ਕੀਤੀਆਂ ਹਨ। ਕੁੱਲ ਮਿਲਾ ਕੇ ਅਸੀਂ 900 ਸੀਟਾਂ ਮੈਡੀਕਲ ਕਾਲਜਾਂ ਵਿੱਚ ਐਡ ਕਰ ਦਿੱਤੀਆਂ ਹਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਰ, ਇਹ ਗੱਲ openly ਇਨ੍ਹਾਂ ਨੇ ਤਸਲੀਮ ਕਰ ਲਈ ਹੈ।

(ਇਸ ਸਮੇਂ ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ, ਸ਼੍ਰੀ ਅਮਨ ਅਰੋੜਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਇੱਕ ਮਿੰਟ ਅਮਨ ਜੀ। I have to ask few questions.

**ਮਾਣਯੋਗ ਸਪੀਕਰ** : ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ, ਚੇਅਰ ਨੂੰ ਐਡਰੈੱਸ ਕਰੋ ਜੀ।

**Sardar Partap Singh Bajwa** : Sir, he is not the Health Minister. Let the Health Minister stand. How can he stand? He may be the President of your party, how can he stand? Sir, this is against the Parliamentary Rules. ਹੈਲਥ ਮਨਿਸਟਰ ਜਵਾਬ ਦੇ ਸਕਦਾ ਹੈ, how can he do it?

**New & Renewable Energy Resources Minister** : **(Shri Aman Arora)** : You cannot dictate me, you say your own.

**ਮਾਣਯੋਗ ਸਪੀਕਰ** : ਇੱਕ ਮਿੰਟ ਸਾਰੇ ਬੈਠੋ। ਮੈਂ ਥੋੜ੍ਹੀ intervention ਕਰਨੀ ਚਾਹੁੰਦਾ ਹਾਂ। ਮੈਂ ਤੁਹਾਨੂੰ ਦੱਸਦਾ ਹਾਂ। ਬੈਠੋ ਮੰਤਰੀ ਜੀ। ਅਮਨ ਜੀ, ਤੁਸੀਂ ਵੀ ਬੈਠੋ। ਬਾਜਵਾ ਜੀ, ਤੁਸੀਂ ਵੀ ਬੈਠੋ। ਬਾਜਵਾ ਜੀ, ਤੁਸੀਂ ਇਸ ਹਾਊਸ ਦੇ ਸਭ ਤੋਂ ਵੱਧ experienced Member ਹੋ, ਲੀਡਰ ਆਫ ਦਿ ਆਪੋਜੀਸ਼ਨ ਹੋ। ਜੋ ਸਰਕਾਰ ਦੀ ਜ਼ਿੰਮੇਵਾਰੀ ਹੈ, it is the collective responsibility and any Minister can stand any time and Chair can allow anybody to speak.

**Sardar Partap Singh Bajwa** : You are misleading the House.

**Mr. Speaker** : No, I am not.

**ਸਰਦਾਰ ਪ੍ਰਤਾਪ ਸਿੰਘ ਬਾਜਵਾ** : **

**ਮਾਣਯੋਗ ਸਪੀਕਰ** : ਚੱਲੋ, ਗੱਲ ਅੱਗੇ ਚੱਲਣ ਦੇਈਏ।

**New & Renewable Energy Resources Minister**: Bajwa ji, now please listen for a minute. ਮੈਂ ਤੁਹਾਡੀ ਸੁਣ ਲਈ, ਹੁਣ ਤੁਸੀਂ ਮੇਰੀ ਗੱਲ ਸੁਣ ਲਵੋ। ਸਰ, ਇੱਕ ਮਿੰਟ ਬੈਠ ਜਾਓ। ਤੁਸੀਂ ਮੇਰੇ ਤੋਂ ਵੱਡੇ ਹੋ, ਬੈਠ ਜਾਓ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ।)

**ਮਾਣਯੋਗ ਸਪੀਕਰ**: ਅਮਨ ਜੀ, ਤੁਸੀਂ ਚੇਅਰ ਨੂੰ ਐਡਰੈੱਸ ਕਰੋ।

**ਨਵ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ**: ਇੱਕ ਮਿੰਟ ਜੀ। Let him sit.

**ਮਾਣਯੋਗ ਸਪੀਕਰ** : ਅਮਨ ਜੀ, ਤੁਸੀਂ ਕੋਈ ਗੱਲ ਕਰਨੀ ਹੈ?

**ਨਵ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਹਾਂ ਜੀ।

**ਮਾਣਯੋਗ ਸਪੀਕਰ** : ਫਿਰ ਚੇਅਰ ਨੂੰ ਐਡਰੈੱਸ ਕਰਕੇ ਕਰੋ।

**ਨਵ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਸਪੀਕਰ ਸਾਹਿਬ, ਇਸ ਤਰ੍ਹਾਂ ਹੈ, ਮੇਰੀ ਬੇਨਤੀ ਹੈ, ਦੋਨੋਂ ਬਾਜਵਾ ਸਾਹਿਬ, ਮੇਰੇ ਬੜੇ ਸਤਿਕਾਰਯੋਗ ਹਨ, ਮੈਂ ਇਨ੍ਹਾਂ ਨੂੰ ਹੱਥ ਜੋੜ ਕੇ ਨਿਮਰਤਾ ਸਹਿਤ ਬੇਨਤੀ ਕਰਦਾ ਹਾਂ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਮਾਈਕ ਤੋਂ ਬੋਲ ਰਹੇ ਸਨ, ਜੋ ਕਿ ਸੁਣਾਈ ਨਹੀਂ ਦੇ ਰਿਹਾ ਸੀ।)

---

** Expunged as ordered by the Hon'ble Speaker.

**Mr. Speaker :** Let him complete.

**ਨਵ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਨੰਬਰ ਇੱਕ ਤਾਂ ਲੀਡਰ ਆਫ ਦਿ ਆਪੋਜ਼ੀਸ਼ਨ, ਸਰਦਾਰ ਪ੍ਰਤਾਪ ਸਿੰਘ ਬਾਜਵਾ ਮੈਨੂੰ ਜਾਂ ਕਿਸੇ ਨੂੰ ਵੀ terms dictate ਨਹੀਂ ਕਰ ਸਕਦੇ ਕਿ ਕਦੋਂ ਕਿਸ ਨੇ ਖੜ੍ਹੇ ਹੋਣਾ ਹੈ ਅਤੇ ਕਦੋਂ ਕਿਸ ਨੇ ਬੈਠਣਾ ਹੈ। ਨੰਬਰ 2, ਇਹ ਸਵਾਲ ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਸਾਹਿਬ ਦਾ ਹੈ।

**ਮਾਣਯੋਗ ਸਪੀਕਰ** : ਸਵਾਲ ਕੰਬਾਈਨਡ ਹੈ, ਇਹ ਸਾਂਝਾ ਸਵਾਲ ਹੈ।

**ਨਵ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਚਲੋ, ਸਾਂਝਾ ਸਵਾਲ ਹੈ। ਹੁਣ being the Leader of Opposition, ਇਨ੍ਹਾਂ ਨੂੰ ਗੱਲ ਕਹਿਣ ਦਾ ਹੱਕ ਹੈ। ਇਨ੍ਹਾਂ ਨੇ 16 ਮੈਡੀਕਲ ਕਾਲਜਾਂ ਦੀ ਗੱਲ ਕੀਤੀ ਹੈ। ਸਰ, ਜੇਕਰ ਇਹ ਗੱਲ ਕਰ ਸਕਦੇ ਹਨ ਤਾਂ ਮੇਰਾ ਵੀ as Minister, part of the Government and party President, ਗੱਲ ਕਰਨ ਦਾ ਹੱਕ ਬਣਦਾ ਹੈ।

**ਮਾਣਯੋਗ ਸਪੀਕਰ** : ਤੁਸੀਂ ਗੱਲ ਕਰ ਸਕਦੇ ਹੋ।

**ਨਵ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਮੈਂ ਵੀ ਆਪਣੀ ਗੱਲ ਕਰ ਸਕਦਾ ਹਾਂ।

**Sardar Partap Singh Bajwa** : You cannot speak.

**New & Renewable Energy Resources Minister**: Why I cannot speak?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਤੁਸੀਂ ਕਿਤਾਬ ਕੱਢੋ। ਤੁਸੀਂ ਪੜ੍ਹੇ ਲਿਖੇ ਹੋ।

**ਨਵ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਹੁਣ ਤੁਸੀਂ ਸਾਰਿਆਂ ਨੂੰ ਦੱਸੋਗੇ ਕਿ ਕਿਸ ਨੇ ਕੀ ਬੋਲਣਾ ਹੈ। ਮੈਂ ਤੁਹਾਨੂੰ ਦੱਸਦਾ ਹਾਂ ਕਿ 16 ਮੈਡੀਕਲ ਕਾਲਜ ਖੁੱਲ੍ਹਣ ਜਾ ਰਹੇ ਹਨ।

**ਮਾਣਯੋਗ ਸਪੀਕਰ**: ਇੱਕ ਮਿੰਟ ਬੈਠੋ।

> "Article 164 second Section in the Constitution of India "The Council of Ministers is collectively responsible to the State Legislative Assembly."

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਵਿਧਾਨ ਸਭਾ ਨੂੰ quote ਨਹੀਂ ਹੈ।

**ਮਾਣਯੋਗ ਸਪੀਕਰ**: ਵਿਧਾਨ ਸਭਾ ਨੂੰ? "The Council of Ministers is collectively responsible to the State Legislative Assembly."

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

**ਮਾਣਯੋਗ ਸਪੀਕਰ :** ਤੁਸੀਂ ਕੰਸਟੀਚਿਊਸ਼ਨ ਨਹੀਂ ਮੰਨੋਗੇ? (ਵਿਘਨ) ਫੇਰ ਬੈਠੋ। ਤੁਸੀਂ ਕੰਸਟੀਚਿਊਸ਼ਨ ਨਹੀਂ ਮੰਨੋਗੇ?

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਬਿਨਾਂ ਮਾਈਕ ਤੋਂ)**: ਪਹਿਲਾਂ ਮੈਨੂੰ ਇਹ ਦੱਸੋ ਕਿ ਕੀ ਮਨਿਸਟਰ ਸਾਹਿਬ ਹਾਊਸ ਵਿੱਚ ਹਾਜ਼ਰ ਨਹੀਂ ਹਨ?

**Mr. Speaker :** I am allowing him. He'll speak, ਮੈਂ ਅਲਾਓ ਕਰ ਰਿਹਾ ਹਾਂ। ਅਰੋੜਾ ਜੀ, ਤੁਸੀਂ ਬੋਲੋ ਅਤੇ ਚੇਅਰ ਨੂੰ ਐਡਰੈਸ ਕਰੋ।

**ਨਵ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੂੰ ਸਮਝਾ ਦਿਓ। (ਸ਼ੋਰ) ਅਸੀਂ ਬੜੇ ਸਤਿਕਾਰ ਨਾਲ ਹੱਥ ਜੋੜ ਕੇ ਗੱਲ ਕਰਦੇ ਹਾਂ। This is no way and I am not going to tolerate this ** (interruptions) ਮੇਰੀ ਗੱਲ ਸੁਣ ਲਓ ਜੀ। ਇਨ੍ਹਾਂ ਨੇ 16 ਮੈਡੀਕਲ ਕਾਲਜਾਂ ਦੀ ਗੱਲ ਕੀਤੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ, ਸ੍ਰੀ ਅਮਨ ਅਰੋੜਾ ਦੇ ਬੋਲਣ ਤੇ ਇਤਰਾਜ਼ ਜ਼ਾਹਿਰ ਕਰ ਰਹੇ ਸੀ, ਜਿਸ ਕਾਰਨ ਸਦਨ ਵਿੱਚ ਕਾਫ਼ੀ ਸ਼ੋਰ ਸੀ। )

**ਮਾਣਯੋਗ ਸਪੀਕਰ :** ** ਸ਼ਬਦ ਐਕਸਪੰਜ ਕੀਤਾ ਜਾਂਦਾ ਹੈ। (ਵਿਘਨ)

**ਨਵ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਇਨ੍ਹਾਂ ਨੂੰ 16 ਮੈਡੀਕਲ ਕਾਲਜ ਯਾਦ ਆਉਂਦੇ ਹਨ ਅਤੇ ਇਨ੍ਹਾਂ ਦਾ ਸਾਲ 2016 ਦਾ ਮੈਨੀਫੈਸਟੋ ਦੇਖ ਲਓ, ਇਨ੍ਹਾਂ ਨੇ ਪੇਜ ਨੰ: 60 ਤੇ ਪੁਆਇੰਟ ਨੰ: 7 ਉੱਤੇ ਕਿਹਾ ਸੀ ਕਿ ਅਸੀਂ ਪੰਜ ਮੈਡੀਕਲ ਕਾਲਜ ਖੋਲ੍ਹਾਂਗੇ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ :** ਹੋ ਗਿਆ ਜੀ। ਕੁਐਸਚਨ ਆਵਰ ਨੂੰ ਚੱਲਣ ਦਿਓ।(ਵਿਘਨ, ਸ਼ੋਰ)

**ਨਵ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ :** ਸਪੀਕਰ ਸਾਹਿਬ, ਉਨ੍ਹਾਂ ਪੰਜ ਸਾਲਾਂ ਵਿੱਚ ਇਨ੍ਹਾਂ ਕੋਲ 1 ਲੱਖ ਕਰੋੜ ਰੁਪਏ ਜੀ.ਐਸ.ਟੀ. ਕੰਪਨਸੇਸ਼ਨ ਦਾ ਆਇਆ ਸੀ, ਇਨ੍ਹਾਂ ਨੇ ਉਦੋਂ ਕਿਉਂ ਨਹੀਂ ਖੋਲ੍ਹੇ? ਹੁਣ ਸਾਨੂੰ ਸਵਾਲ ਕਰਦੇ ਹਨ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ** : ਠੀਕ ਹੈ ਜੀ, ਬੈਠੋ।(ਵਿਘਨ, ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਲਗਾਤਾਰ ਬੋਲ ਰਹੇ ਸਨ।)

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ) :** ਸਪੀਕਰ ਸਾਹਿਬ ਇਹ ਗਾਲ੍ਹ ਕੱਢ ਰਹੇ ਹਨ ਜੀ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ** : ਨਹੀਂ ਜੀ, ਕੋਈ ਗਾਲ੍ਹ ਨਹੀਂ ਕੱਢੀ। (ਵਿਘਨ, ਸ਼ੋਰ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਤੋਂ ਕਈ ਮੰਤਰੀ ਸਾਹਿਬਾਨ ਅਤੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਨਾਲ ਬਹਿਸਣ ਲੱਗ ਪਏ, ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਣਯੋਗ ਸਪੀਕਰ (ਗੇਵਲ ਮਾਰਦੇ ਹੋਏ) :** ਬੈਠੋ, ਬੈਠੋ। (ਵਿਘਨ) ਸ੍ਰੀ ਅਮਨ ਅਰੋੜਾ ਜੀ, ਤੁਸੀਂ ਬੈਠੋ। ਆਪਾਂ ਕੁਐਸਚਨ ਆਵਰ ਅੱਗੇ ਚਲਾਈਏ।

**ਵਿੱਤ ਮੰਤਰੀ** : ਸਪੀਕਰ ਸਾਹਿਬ, ਇੱਕ 70 ਸਾਲ ਦਾ ਵਿਅਕਤੀ, ਜਿਹੜਾ ਲੀਡਰ ਆਫ ਆਪੋਜ਼ੀਸ਼ਨ ਹੈ, ਉਹ ਗਾਲ੍ਹਾਂ ਕੱਢ ਰਿਹਾ ਹੈ।

**ਮਾਣਯੋਗ ਸਪੀਕਰ** : ਬੈਠੋ ਜੀ, ਬੈਠੋ। ਮੈਂ ਸਾਰੇ ਮਾਣਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਆਪਣੀ ਆਪਣੀ ਜਗ੍ਹਾ ਤੇ ਚਲੇ ਜਾਓ। (ਵਿਘਨ, ਸ਼ੋਰ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਤੋਂ ਕਈ ਮੰਤਰੀ ਸਾਹਿਬਾਨ ਅਤੇ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਰਿਪੋਰਟਰਜ਼ ਟੇਬਲ ਕੋਲ ਆ ਕੇ ਖੜ੍ਹੇ ਹੋ ਗਏ ਅਤੇ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਸਮੇਤ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਨਾਲ ਉੱਚੀ ਉੱਚੀ ਬਹਿਸ ਕਰ ਰਹੇ ਸਨ।)

---

** Expunged as ordered by the Chair.

**ਵਿੱਤ ਮੰਤਰੀ**: ** ਇਨ੍ਹਾਂ ਤੋਂ ਪੰਜਾਬ ਦੀਆਂ ਤਰੱਕੀਆਂ ਜਰੀਆਂ ਨਹੀਂ ਜਾ ਰਹੀਆਂ। ਸਪੀਕਰ ਸਾਹਿਬ, ਇਹ ਮੁਆਫੀ ਮੰਗਣ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ :** ਆਪਾਂ ਕੁਐਸਚਨ ਆਵਰ ਲੈਣਾ ਹੈ। (ਵਿਘਨ, ਸ਼ੋਰ) ਪੰਜਾਬ ਦੇ ਲੋਕਾਂ ਦੇ ਮੁੱਦੇ ਹਨ। (ਵਿਘਨ, ਸ਼ੋਰ) ਬੈਠੋ ਜੀ, ਬੈਠੋ।

**ਵਿੱਤ ਮੰਤਰੀ : **** (ਵਿਘਨ, ਸ਼ੋਰ)

**ਮਾਣਯੋਗ ਸਪੀਕਰ (ਗੇਵਲ ਮਾਰਦੇ ਹੋਏ)** : ਸ਼੍ਰੀ ਅਮਨ ਅਰੋੜਾ ਜੀ, ਕੁਐਸਚਨ ਆਵਰ ਚੱਲਣ ਦਿਓ। (ਵਿਘਨ, ਸ਼ੋਰ) ਆਪਾਂ ਕੁਐਸਚਨ ਆਵਰ ਤੋਂ ਬਾਅਦ ਵਿੱਚ ਗੱਲ ਕਰ ਲਵਾਂਗੇ। (ਵਿਘਨ, ਸ਼ੋਰ) ਕੁਐਸਚਨ ਆਵਰ ਚੱਲਣ ਦਿਓ।

**ਵਿੱਤ ਮੰਤਰੀ** : ਇਨ੍ਹਾਂ ਨੇ ਹਾਊਸ ਦੇ ਅੰਦਰ ਗਾਲ੍ਹਾਂ ਕੱਢੀਆਂ ਹਨ। (ਵਿਘਨ, ਸ਼ੋਰ) ਇਹ ਹਾਊਸ ਦੇ ਅੰਦਰ ਮੁਆਫੀ ਮੰਗਣ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਤੋਂ ਕਈ ਮੰਤਰੀ ਅਤੇ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੋਂ ਉੱਠ ਕੇ ਵੈੱਲ ਆਫ ਦਿ ਹਾਊਸ ਵਿੱਚ ਆ ਕੇ ਰਿਪੋਰਟਰਜ਼ ਟੇਬਲ ਕੋਲ ਖੜ੍ਹੇ ਹੋ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਨਾਲ ਉੱਚੀ ਉੱਚੀ ਬਹਿਸ ਕਰ ਰਹੇ ਸਨ।)

**ਮਾਣਯੋਗ ਸਪੀਕਰ** : ਠੀਕ ਹੈ। ਬੈਠੋ ਜੀ। ਕੁਐਸਚਨ ਆਵਰ ਚੱਲਣ ਦਿਓ ਜੀ। ਸਾਰੇ ਆਪਣੀ ਆਪਣੀ ਜਗ੍ਹਾ ਤੇ ਚੱਲੋ। (ਵਿਘਨ, ਸ਼ੋਰ) ਮੈਂ ਸਾਰੇ ਮਾਣਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਉਹ ਆਪਣੀ ਆਪਣੀ ਜਗ੍ਹਾ ਉੱਤੇ ਜਾਣ। (ਵਿਘਨ, ਸ਼ੋਰ) ਮਾਈਕ ਬੰਦ ਕਰੋ ਜੀ। (ਵਿਘਨ, ਸ਼ੋਰ) ਬੈਠੋ ਜੀ। ਮੈਂ ਗੱਲ ਕਰਦਾ ਹਾਂ। ਮੈਂ ਟਰੇਜ਼ਰੀ ਬੈਂਚਿਜ਼ ਦੇ ਮੈਂਬਰ ਸਾਹਿਬਾਨ ਨੂੰ ਅਤੇ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਆਪਣੀ ਆਪਣੀ ਜਗ੍ਹਾ ਤੇ ਬੈਠਣ। (ਵਿਘਨ, ਸ਼ੋਰ) ਬੈਠੋ ਜੀ। ਆਪਾਂ ਕੁਐਸਚਨ ਆਵਰ ਅੱਗੇ ਚਲਾਉਣਾ ਹੈ। ਪੰਜਾਬ ਦੇ ਲੋਕਾਂ ਦੇ ਬਹੁਤ ਸਾਰੇ ਮੁੱਦੇ ਹਨ, ਜਿਹੜੇ ਇਨ੍ਹਾਂ ਕੁਐਸਚਨਾਂ ਰਾਹੀਂ ਆਪਾਂ ਹੱਲ ਕਰਨੇ ਹਨ। (ਵਿਘਨ, ਸ਼ੋਰ) ਕਿਰਪਾ ਕਰਕੇ ਬੈਠੋ। ਅਮਨ ਜੀ, ਬੈਠੋ। (ਵਿਘਨ, ਸ਼ੋਰ) ਵਿੱਤ ਮੰਤਰੀ ਜੀ, ਬੈਠੋ। ਮੈਂ ਸਾਰੇ ਮਾਣਯੋਗ ਮੈਂਬਰ ਸਾਹਿਬਾਨ ਨੂੰ ਕਹਿੰਦਾ ਹਾਂ ਕਿ ਆਪਣੀ ਆਪਣੀ ਜਗ੍ਹਾ ਤੇ ਬੈਠਣ। (ਵਿਘਨ, ਸ਼ੋਰ)

(ਇਸ ਸਮੇਂ ਮਾਣਯੋਗ ਸਪੀਕਰ ਸਾਹਿਬ ਆਪਣੀ ਸੀਟ ਤੋਂ ਖੜ੍ਹੇ ਹੋ ਕੇ ਵਿੱਤ ਮੰਤਰੀ ਅਤੇ ਰਿਪੋਰਟਰਜ਼ ਟੇਬਲ ਕੋਲ ਖੜ੍ਹੇ ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਜੀ ਨੂੰ ਸੰਬੋਧਨ ਕਰ ਰਹੇ ਸਨ। ਟਰੇਜ਼ਰੀ ਬੈਂਚਿਜ਼ ਤੋਂ ਹੋਰ ਵੀ ਕਈ ਮੈਂਬਰ ਇਨ੍ਹਾਂ ਨਾਲ ਖੜ੍ਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਣਯੋਗ ਸਪੀਕਰ** : ਹੋ ਗਿਆ ਜੀ, ਬੈਠੋ। (ਵਿਘਨ, ਸ਼ੋਰ) ਆਪਾਂ ਅਗਲਾ ਸਵਾਲ ਲੈਂਦੇ ਹਾਂ, ਬੈਠੋ ਜੀ। (ਗੇਵਲ ਮਾਰਦੇ ਹੋਏ) ਅਮਨ ਜੀ, ਬੈਠੋ। (ਵਿਘਨ, ਸ਼ੋਰ) ਕੋਈ ** ਨਹੀਂ, ਤੁਸੀਂ ਬੈਠੋ। ਮੈਂ ਗੱਲ ਕਰਦਾ ਹਾਂ। ਕਿਸੇ ਦੀ ਬਦਮਾਸ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਤੁਸੀਂ ਬੈਠੋ, ਪਲੀਜ਼।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਕਈ ਮੰਤਰੀ ਅਤੇ ਮੈਂਬਰ ਸਾਹਿਬਾਨ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਜ਼ ਨਾਲ ਤਿੱਖੀ ਬਹਿਸਬਾਜ਼ੀ ਕਰ ਰਹੇ ਸਨ, ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ ਅਤੇ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ। ਮਾਣਯੋਗ ਸਪੀਕਰ ਸਾਹਿਬ ਆਪਣੀ ਸੀਟ ਤੇ ਖੜ੍ਹੇ ਹੋ ਕੇ ਗੇਵਲ ਮਾਰਦੇ ਹੋਏ

** Expunged as ordered by the Hon'ble Speaker.

ਦੋਵੇਂ ਬੈਂਚਿਜ਼ ਦੇ ਮੈਂਬਰਜ਼ ਨੂੰ ਆਪਣੀਆਂ ਆਪਣੀਆਂ ਸੀਟਾਂ ਉੱਤੇ ਬੈਠ ਕੇ ਕੁਐਸਚਨ ਆਵਰ ਚੱਲਣ ਦੇਣ ਦੀ ਹਦਾਇਤ ਕਰ ਰਹੇ ਸੀ।)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਅਵਤਾਰ ਸਿੰਘ ਜੂਨੀਅਰ ਫਲੋਰ ਆਫ ਦਿ ਹਾਊਸ ਕਰਾਸ ਕਰਕੇ ਰਿਪੋਰਟਰਜ਼ ਟੇਬਲ ਕੋਲ ਖੜ੍ਹੇ ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਨੂੰ ਕੁਝ ਕਹਿ ਰਹੇ ਸਨ ਜੋ ਕਿ ਜ਼ਿਆਦਾ ਸ਼ੋਰ ਕਾਰਨ ਸੁਣਾਈ ਨਹੀਂ ਦਿੱਤਾ।)

**ਮਾਣਯੋਗ ਸਪੀਕਰ :** ਆਪਾਂ ਅਗਲਾ ਕੁਐਸਚਨ ਲੈਂਦੇ ਹਾਂ ਜੀ। ਸਾਰੇ ਬੈਠੋ ਜੀ। ਬੈਠੋ, ਬੈਠੋ। ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਉਹ ਆਪਣੀਆਂ ਸੀਟਾਂ ਉੱਤੇ ਬੈਠਣ। (ਵਿਘਨ) (ਸ਼ੋਰ) ਚੇਅਰ ਦੀ ਇਜਾਜ਼ਤ ਤੋਂ ਬਿਨਾਂ ਜੋ ਵੀ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਬੈਠੋ ਜੀ। ਆਪਾਂ ਅੱਗੇ ਚੱਲਦੇ ਹਾਂ ਜੀ। ਹਾਂ ਜੀ, ਰਾਣਾ ਗੁਰਜੀਤ ਸਿੰਘ ਜੀ।

---

## ਵੱਡੇ ਸ਼ਹਿਰਾਂ ਵਿੱਚੋਂ ਕੂੜੇ ਦਾ ਨਿਪਟਾਰਾ ਕਰਨਾ

***1749. ਰਾਣਾ ਗੁਰਜੀਤ ਸਿੰਘ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਬਠਿੰਡਾ ਸ਼ਹਿਰਾਂ ਵਿੱਚ ਰੋਜ਼ਾਨਾ ਵੱਖ-ਵੱਖ ਤੌਰ 'ਤੇ ਕਿੰਨੀ ਮਾਤਰਾ ਵਿੱਚ ਕੂੜਾ ਇਕੱਠਾ ਕੀਤਾ ਜਾਂਦਾ ਹੈ;

(ਅ) ਉਪਰੋਕਤ ਸ਼ਹਿਰਾਂ ਵਿੱਚ ਕੂੜੇ ਦੇ ਨਿਪਟਾਰੇ ਲਈ ਕਿਹੜੀ ਪ੍ਰਕਿਰਿਆ ਵਰਤੋਂ ਵਿੱਚ ਲਿਆਈ ਜਾਂਦੀ ਹੈ;

(ੲ) ਕੀ ਉਕਤ ਕੂੜੇ ਦੀ ਬਿਜਲੀ ਉਤਪਾਦਨ ਲਈ ਜਾਂ ਕਿਸੇ ਹੋਰ ਤਰੀਕੇ ਨਾਲ ਲਾਭਕਾਰੀ ਵਰਤੋਂ ਕਰਨ ਲਈ ਕੋਈ ਅਧਿਐਨ ਕੀਤਾ ਗਿਆ ਹੈ?

**ਸ੍ਰੀ ਸੰਜੀਵ ਅਰੋੜਾ :** ਸ੍ਰੀਮਾਨ ਜੀ, ਸ੍ਰੀ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਬਠਿੰਡਾ ਵਿੱਚ ਠੋਸ ਕੂੜਾ-ਕਰਕਟ ਦੀ ਰੋਜ਼ਾਨਾ ਪੈਦਾਵਾਰ ਅਤੇ ਸੰਗ੍ਰਹਿ ਕ੍ਰਮਵਾਰ 660 ਟਨ, 500 ਟਨ, 1031 ਟਨ ਅਤੇ 110 ਟਨ ਹੈ।

(1) ਗਿੱਲੇ ਕੂੜੇ ਨੂੰ ਪਸ਼ੂਆਂ ਦੇ ਚਾਰੇ ਤੋਂ ਇਲਾਵਾ ਖਾਦ ਬਣਾਉਣ ਅਤੇ ਘਰੇਲੂ ਖਾਦ ਬਣਾਉਣ ਰਾਹੀਂ ਪ੍ਰੋਸੈਸ ਕੀਤਾ ਜਾਂਦਾ ਹੈ। ਰੀਸਾਈਕਲ ਕੀਤੇ ਜਾਣ ਵਾਲੇ ਸੁੱਕੇ ਕੂੜੇ ਨੂੰ ਪ੍ਰੋਸੈਸਰਾਂ ਦੁਆਰਾ ਕਬਾੜ ਡੀਲਰਾਂ ਦੁਆਰਾ ਰੀਸਾਈਕਲ ਕੀਤਾ ਜਾਂਦਾ ਹੈ, ਜਦੋਂ ਕਿ ਕੂੜੇ ਤੋਂ ਪ੍ਰਾਪਤ ਬਾਲਣ (RDF) ਅਤੇ ਮਲਟੀ-ਲੇਅਰਡ ਪਲਾਸਟਿਕ (MLP) ਕੂੜੇ ਨੂੰ ਵਿਕਲਪਕ ਬਾਲਣ ਵਜੋਂ ਜਾਂ ਵੱਖ-ਵੱਖ ਕਿਸਮਾਂ ਦੇ ਉਦਯੋਗਾਂ ਵਿੱਚ ਸਹਿ-ਪ੍ਰੋਸੈਸਿੰਗ ਲਈ ਵਰਤਿਆ ਜਾਂਦਾ ਹੈ।

(2) 10 ਯੂ.ਐਲ.ਬੀਜ਼ (ਨਗਰ ਨਿਗਮ ਹੁਸ਼ਿਆਰਪੁਰ, ਅਬੋਹਰ, ਬਠਿੰਡਾ, ਪਠਾਨਕੋਟ, ਕਪੂਰਥਲਾ, ਬਟਾਲਾ ਅਤੇ ਨਗਰ ਕੌਂਸਲਾਂ ਖਰੜ, ਧੂਰੀ, ਮਾਨਸਾ ਅਤੇ ਮੁਕਤਸਰ) ਵਿੱਚ ਠੋਸ ਕੂੜਾ-ਕਰਕਟ ਪ੍ਰਬੰਧਨ 'ਤੇ ਇੱਕ ਅਧਿਐਨ ਹੈਦਰਾਬਾਦ ਦੇ ਪ੍ਰਸ਼ਾਸਕੀ ਸਟਾਫ਼ ਕਾਲਜ ਆਫ਼ ਇੰਡੀਆ ਦੁਆਰਾ ਕੀਤਾ ਜਾ ਰਿਹਾ ਹੈ ਅਤੇ ਅਧਿਐਨ ਜੁਲਾਈ, 2026 ਤੱਕ ਪੂਰਾ ਹੋਣ ਦੀ ਸੰਭਾਵਨਾ ਹੈ।

**ਰਾਣਾ ਗੁਰਜੀਤ ਸਿੰਘ:** ਸਪੀਕਰ ਸਾਹਿਬ, ਮੈਂ ਖੜ੍ਹਾ ਹਾਂ।

**ਮਾਣਯੋਗ ਸਪੀਕਰ:** ਰਾਣਾ ਜੀ, ਪਾਣੀ ਭੇਜਾਂ?

**ਰਾਣਾ ਗੁਰਜੀਤ ਸਿੰਘ:** ਕੋਈ ਚੀਜ਼ ਭੇਜਣ ਵਾਲੀ ਭੇਜੋ।

**ਮਾਣਯੋਗ ਸਪੀਕਰ:** (ਹੱਸਦੇ ਹੋਏ) ਤੁਹਾਡਾ ਭਲਾ ਹੋ ਜਾਵੇ। ਉਹ ਤਾਂ ਤੁਸੀਂ ਬਣਾਉਂਦੇ ਹੋ। ਹਾਂ ਜੀ, ਮੰਤਰੀ ਜੀ।

**ਮੰਤਰੀ:** ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬ ਨੂੰ ਜਵਾਬ ਦੇ ਦਿੱਤਾ ਗਿਆ ਹੈ।

**ਮਾਣਯੋਗ ਸਪੀਕਰ:** ਰਾਣਾ ਜੀ, ਕੋਈ ਸਪਲੀਮੈਂਟਰੀ ਹੈ ਜੀ?

**ਰਾਣਾ ਗੁਰਜੀਤ ਸਿੰਘ:** ਹਾਂ ਜੀ। ਸਪਲੀਮੈਂਟਰੀ ਕਰਨੀ ਹੈ ਜੀ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਮੰਤਰੀ ਜੀ ਕੋਲ ਲੋਕਲ ਗੌਰਮਿੰਟ ਡਿਪਾਰਟਮੈਂਟ ਹੈ। ਸ਼ਹਿਰਾਂ ਦਾ ਹਾਲ ਬਹੁਤ ਮਾੜਾ ਹੈ, ਆਪਾਂ ਸਾਰੇ ਹੀ ਜਾਣਦੇ ਹਾਂ ਕਿਉਂਕਿ ਕੂੜਾ ਚੁੱਕਿਆ ਨਹੀਂ ਜਾ ਰਿਹਾ। ਕੂੜਾ ਬਦਬੋ ਮਾਰਦਾ ਹੈ, ਕਈ ਕਈ ਦਿਨ ਤੱਕ ਕੂੜਾ ਨਹੀਂ ਚੁੱਕਿਆ ਜਾਂਦਾ। ਉਹ ਇੱਕ ਸੈਪਰੇਟ ਮਸਲਾ ਹੈ। ਲੇਕਿਨ ਜੇ ਦੇਖਿਆ ਜਾਵੇ, ਜੇ ਹੁਣ ਕੂੜਾ ਚੁੱਕਿਆ ਵੀ ਜਾਵੇ ਤਾਂ ਜਿਹੜੀਆਂ ਪਿਛਲੇ 15-15 ਸਾਲਾਂ ਦੀਆਂ ਕੂੜੇ ਦੀਆਂ ਪਾਈਲਜ਼ ਹਨ, ਇਹ ਕੋਈ ਅੱਜ ਨਵੀਆਂ ਨਹੀਂ ਲੱਗੀਆਂ, ਉਨ੍ਹਾਂ ਦੇ ਹੱਲ ਵਾਸਤੇ ਤੁਸੀਂ ਕੀ ਸੋਚਿਆ ਹੈ?

ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਸਥਾਨਕ ਸਰਕਾਰ ਮੰਤਰੀ ਵੀ ਹੋ, ਪਾਵਰ ਵੀ ਤੁਹਾਡੇ ਕੋਲ ਹੈ, ਮੇਰੇ ਕਹਿਣ ਤੋਂ ਭਾਵ ਹੈ ਕਿ ਪਾਵਰ ਮਨਿਸਟਰੀ, not power. ਪਾਵਰ ਤਾਂ ਇੱਧਰ ਵਾਲਿਆਂ (ਟਰੇਜ਼ਰੀ ਬੈਂਚਿਜ ਵੱਲ ਇਸ਼ਾਰਾ) ਸਾਰਿਆਂ ਕੋਲ ਹੀ ਹੈ। ਜੋ ਮਰਜ਼ੀ ਕਹਿ ਲਵੋ। ਮੈਨੂੰ ਇਹ ਦੱਸੋ ਕਿ ਕੀ ਕੋਈ ਤੁਹਾਡੀ ਇਹੋ ਜਿਹੀ ਤਜਵੀਜ਼ ਹੈ ਕਿ ਇਸ ਕੂੜੇ ਤੋਂ ਬਿਜਲੀ ਬਣਾ ਦਿੱਤੀ ਜਾਵੇ? ਮੰਤਰੀ ਜੀ, ਦੋਵੇਂ ਮਹਿਕਮੇ ਤੁਹਾਡੇ ਕੋਲ ਹਨ। ਇਸ ਸਬੰਧੀ ਕੋਈ ਤਜਵੀਜ਼ ਹੋਵੇ, ਇਸ ਦਾ ਜਵਾਬ ਦੇ ਦਿੱਤਾ ਜਾਵੇ।

**ਮੰਤਰੀ :** ਮਾਣਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ, ਮੈਂ ਪਹਿਲਾਂ ਤਾਂ ਸ੍ਰੀ ਅੰਮ੍ਰਿਤਸਰ ਸਾਹਿਬ ਦਾ ਇੱਕ ਐਗਜ਼ਾਂਪਲ ਦਿੰਦਾ ਹਾਂ ਕਿ ਉਥੇ ਸਾਢੇ 11 ਲੱਖ ਟਨ ਲੀਗੇਸੀ ਵੇਸਟ ਪੁਰਾਣੀ ਇਕੱਠੀ ਹੋਈ ਪਈ ਸੀ। ਉਸ ਦੇ ਵਿੱਚੋਂ ਅਸੀਂ 40 ਪਰਸੈਂਟ ਰੀਮੈਡੀਲੇਟਿਡ ਕਰ ਦਿੱਤੀ ਹੈ, ਮਤਲਬ ਕਿ ਉਸ ਨੂੰ ਖਤਮ ਕਰਕੇ ਉਹ ਚੁਕਵਾ ਦਿੱਤੀ ਹੈ ਅਤੇ ਸਟੇਟ ਤੋਂ ਬਾਹਰ, ਜਿਸ ਜਿਸ ਨੂੰ ਚਾਹੀਦੀ ਸੀ, ਜਿਹੜੀ ਵਿਕਣ ਵਾਲੀ ਸੀ, ਉਹ ਵੇਚ ਦਿੱਤੀ। ਜਿਹੜੇ ਆਪੇ ਲੈ ਗਏ, ਉਹ ਵੀ ਉਸ ਨੂੰ ਲੈ ਗਏ।

ਅੱਗੇ ਜਲੰਧਰ ਬਾਰੇ ਦੱਸਦਾ ਹਾਂ। ਜਲੰਧਰ ਵਿੱਚ ਇਹ ਵੇਸਟ 8 ਲੱਖ ਟਨ ਸੀ, ਉਸ ਵਿੱਚੋਂ 81000 ਰੀਮੈਡੀਲੇਟ ਕਰ ਦਿੱਤੀ ਗਈ ਹੈ। ਇਸ ਦਾ ਅਪ੍ਰੈਲ, 2027 ਤੱਕ ਸਾਰਾ ਠੇਕਾ ਦੇ ਦਿੱਤਾ ਗਿਆ ਹੈ, ਇਹ ਖਤਮ ਹੋ ਜਾਵੇਗੀ।

ਜਿਹੜੀ ਸ੍ਰੀ ਅੰਮ੍ਰਿਤਸਰ ਦੀ ਹੈ, ਉਹ ਨਵੰਬਰ, 2026 ਤੱਕ ਹੋਵੇਗੀ, ਜਿਹੜਾ ਕਿ ਮੈਂ ਪਹਿਲਾਂ ਤੁਹਾਨੂੰ ਦੱਸਿਆ ਹੈ।

ਇਸ ਤੋਂ ਬਾਅਦ ਲੁਧਿਆਣਾ ਦੀ ਗੱਲ ਹੈ, ਲੁਧਿਆਣੇ 30 ਲੱਖ ਟਨ ਲੀਗੇਸੀ ਵੇਸਟ ਸੀ, ਉਸ ਦੇ ਵਿੱਚੋਂ 6 ਲੱਖ ਟਨ ਚੁੱਕੀ ਜਾ ਚੁੱਕੀ ਹੈ ਅਤੇ ਮਾਰਚ, 2027 ਤੱਕ ਖਤਮ ਹੋ ਜਾਵੇਗੀ।

ਹੁਣ ਮੈਂ ਬਠਿੰਡੇ ਬਾਰੇ ਦੱਸਦਾ ਹਾਂ। ਬਠਿੰਡੇ ਵਿੱਚ ਲੀਗੇਸੀ ਵੇਸਟ 3 ਲੱਖ 53 ਹਜ਼ਾਰ ਟਨ ਸੀ, ਇਹ ਸਾਰੀ ਖਤਮ ਹੋ ਚੁੱਕੀ ਹੈ। ਬਾਕੀ ਸ਼ਹਿਰਾਂ ਵਿੱਚ ਵੀ ਅਸੀਂ ਕੋਸ਼ਿਸ਼ ਕਰ ਰਹੇ ਹਾਂ, ਅਸੀਂ ਸੋਲਿਡ ਵੇਸਟ ਦਾ ਕੰਸੋਲੀਡੇਟਿਡ ਕੰਟਰੈਕਟ ਦੇ ਰਹੇ ਹਾਂ। ਜਿਹੜਾ ਕੰਸੋਲੀਡੇਟਿਡ ਕੰਟਰੈਕਟ ਅੱਗੇ ਦੇਣ ਦੀ ਕੋਸ਼ਿਸ਼ ਕਰ ਰਹੇ ਹਾਂ, ਉਸ ਦੇ ਵਿੱਚ ਡੋਰ-ਟੂ-ਡੋਰ ਕੁਲੈਕਸ਼ਨ ਵੀ ਹੋਵੇਗੀ। ਉਸ ਤੋਂ ਬਾਅਦ ਸੈਗਰੀਗੇਸ਼ਨ ਵੀ ਹੋਵੇਗੀ, ਫਿਰ ਸੈਗਰੀਗੇਸ਼ਨ ਤੋਂ ਬਾਅਦ ਜਿਹੜੀ ਵੇਸਟ ਹੈ, ਉਸ ਦੀ ਨਿਕਾਸੀ ਵੀ ਹੋਵੇਗੀ। ਉਹ ਵੇਸਟ ਕਿਤੇ ਵੀ ਅਸੀਂ ਇਕੱਠੀ ਨਹੀਂ ਕਰਨ ਦੇਵਾਂਗੇ।

ਬਾਕੀ ਜਿੱਥੇ ਤੱਕ ਤੁਸੀਂ ਐਨਰਜੀ ਦੀ ਗੱਲ ਕੀਤੀ, ਕਿਉਂਕਿ ਇੰਨੇ ਸਾਲ ਪੰਜਾਬ ਵਿੱਚ ਵੇਸਟ ਟੂ ਐਨਰਜੀ ਪ੍ਰੋਜੈਕਟਾਂ ਉੱਤੇ ਕੰਮ ਨਹੀਂ ਹੋਇਆ, ਉਸ ਬਾਰੇ ਅਸੀਂ ਜਿਨ੍ਹਾਂ ਨੂੰ ਵੀ ਕੰਟਰੈਕਟ ਦੇ ਰਹੇ ਹਾਂ, ਉਨ੍ਹਾਂ ਨੂੰ ਕਹਿ ਰਹੇ ਹਾਂ। ਪਰ ਉਹ ਪਾਵਰ ਪਲਾਂਟ ਲੱਗਣ ਉੱਤੇ ਘੱਟੋ-ਘੱਟ ਤਿੰਨ ਸਾਲ ਦਾ ਸਮਾਂ ਲੱਗ ਜਾਂਦਾ ਹੈ, ਜਿਹੜਾ ਵੇਸਟ ਟੂ ਐਨਰਜੀ ਪ੍ਰੋਗਰਾਮ ਅਧੀਨ ਹੈ। ਉਹ ਬਿਜਲੀ ਬੜੀ ਮਹਿੰਗੀ ਦਿੰਦੇ ਹਨ ਪਰ ਫਿਰ ਵੀ ਅਸੀਂ ਬਿਜਲੀ ਬੋਰਡ ਨੂੰ ਕਿਹਾ ਸੀ ਕਿ

ਸ਼ਹਿਰ ਸਾਰੇ ਸਾਫ਼ ਕਰਨੇ ਹਨ, ਅਸੀਂ ਉਹ ਬਿਜਲੀ ਖਰੀਦਾਂਗੇ। ਵੈਸੇ ਸਾਨੂੰ 5 ਰੁਪਏ ਯੂਨਿਟ ਬਿਜਲੀ ਪੈਂਦੀ ਹੈ ਤੇ ਉਹ 8 ਰੁਪਏ ਪਵੇਗੀ ਪਰ ਅਸੀਂ ਫਿਰ ਵੀ ਉਹ ਖਰੀਦਣ ਲਈ ਤਿਆਰ ਹਾਂ। ਕੁਝ ਬਿਜਲੀ ਬੋਰਡ ਖਰੀਦੇਗਾ ਅਤੇ ਕੁਝ ਪੈਸੇ ਕਾਰਪੋਰੇਸ਼ਨ ਪਾਵੇਗੀ। ਜਿਵੇਂ ਤੁਸੀਂ ਕਿਹਾ ਹੈ ਅਸੀਂ ਵੇਸਟ ਟੂ ਐਨਰਜੀ ਪ੍ਰੋਜੈਕਟਾਂ ਵੱਲ ਲੱਗੇ ਹੋਏ ਹਾਂ।

**ਰਾਣਾ ਗੁਰਜੀਤ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਅਤੇ ਇਹ ਮੇਰਾ ਸੁਝਾਅ ਵੀ ਹੈ ਕਿ ਸਾਡੀ ਸਟੇਟ ਦੇ ਵਿੱਚ ਕਿੰਨੇ ਕੋ-ਜੈਨਰੇਸ਼ਨ ਪਲਾਂਟ ਹਨ, ਉਨ੍ਹਾਂ ਵਿੱਚੋਂ ਕਿੰਨੇ ਇਸ ਮੈਟੀਰੀਅਲ ਨੂੰ ਆਪਣੇ ਬੁਆਇਲਰ ਵਿੱਚ ਜਲਾ ਸਕਦੇ ਹਨ, ਉਸ ਪਾਸੇ ਵੱਲ ਧਿਆਨ ਦੇਣਾ ਚਾਹੀਦਾ ਹੈ। ਇਹ ਪਾਲਿਸੀ ਤਾਂ ਓਪਨ ਕਰ ਦੇਣੀ ਚਾਹੀਦੀ ਹੈ। ਕਿਸੇ ਇਕ ਬੰਦੇ ਨੂੰ ਕਿਉਂ ਕਹੀਏ? ਸਭ ਨੂੰ ਕਹੋ ਕਿ ਜਿਸ ਨੇ ਲਗਾਉਣਾ ਹੈ ਪਲਾਂਟ ਲਗਾਓ, ਅਸੀਂ 8 ਰੁਪਏ ਪ੍ਰਤੀ ਯੂਨਿਟ ਬਿਜਲੀ ਖਰੀਦਾਂਗੇ। ਇਸ ਸਬੰਧੀ ਓਪਨ ਪਾਲਿਸੀ ਬਣਾ ਦਿਓ। ਪਾਵਰ ਮਹਿਕਮਾ ਵੀ ਤੁਹਾਡੇ ਕੋਲ ਹੈ ਅਤੇ ਸਥਾਨਕ ਸਰਕਾਰ ਵਿਭਾਗ ਵੀ ਤੁਹਾਡੇ ਕੋਲ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਨਾਲ ਇੱਕ ਗੱਲ ਸ਼ੇਅਰ ਕਰਨਾ ਚਾਹੁੰਦਾ ਹਾਂ ਕਿ ਇਹ ਜਿਹੜਾ ਹੁਣ ਮਾਲ ਚੁੱਕਿਆ ਗਿਆ ਹੈ, ਇਹ ਸਾਰੇ ਦਾ ਸਾਰਾ ਕਿਸੇ ਬੁਆਇਲਰ ਵਿੱਚ ਨਹੀਂ ਗਿਆ ਸਗੋਂ ਜਿੱਥੇ ਹਾਈਵੇਅ ਬਣ ਰਹੇ ਹਨ, ਉੱਥੇ ਗਿਆ ਹੈ। ਹਾਈਵੇਅ ਤਾਂ ਕੰਪਲੀਟ ਹੋ ਜਾਣੇ ਹਨ, ਉਸ ਤੋਂ ਬਾਅਦ ਸਾਨੂੰ ਇਸ ਦਾ ਕੋਈ ਸਥਾਈ ਹੱਲ ਦੇਣ ਦੀ ਜ਼ਰੂਰਤ ਪਵੇਗੀ। ਮੈਨੂੰ ਆਸ ਹੈ ਕਿ ਸਾਡੇ ਮੰਤਰੀ ਜੀ ਕੰਪੀਟੈਂਟ ਹਨ। ਇਹ ਕੁਝ ਨਾ ਕੁਝ ਜ਼ਰੂਰ ਕਰਨਗੇ। ਮੈਨੂੰ ਇਹ ਆਸ ਹੈ।

**ਮਾਣਯੋਗ ਸਪੀਕਰ:** ਧੰਨਵਾਦ ਜੀ।

**ਮੰਤਰੀ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਰਾਣਾ ਜੀ ਦਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਇਨ੍ਹਾਂ ਨੇ ਮੈਨੂੰ ਕੰਪੀਟੈਂਟ ਸਮਝਿਆ।

---

## ਲਿੰਕ ਸੜਕ ਦਾ ਨਾਮ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਨਾਮ ਤੇ ਰੱਖਣਾ

***1790. ਸ੍ਰੀ ਗੁਰਲਾਲ ਘਨੌਰ :** ਕੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜਪੁਰਾ ਤੋਂ ਸੇਹਰਾ ਅਤੇ ਸੇਹਰਾ ਤੋਂ ਆਕੜ ਲਿੰਕ ਸੜਕ ਦਾ ਨਾਮ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਨਾਮ ਤੇ ਰੱਖਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਗੁਰਮੀਤ ਸਿੰਘ ਖੁੱਡੀਆਂ :** ਸਪੀਕਰ ਸਾਹਿਬ, ਵਿਧਾਨ ਸਭਾ ਹਲਕਾ ਘਨੌਰ ਅਧੀਨ ਪੈਂਦੀ ਲਿੰਕ ਸੜਕ ਰਾਜਪੁਰਾ ਤੋਂ ਸੇਹਰਾ ਅਤੇ ਸੇਹਰਾ ਤੋਂ ਆਕੜ ਦੀ ਲੰਬਾਈ 13.15 ਕਿਲੋਮੀਟਰ ਹੈ। ਇਸ ਲਿੰਕ ਸੜਕ ਦਾ ਨਾਮ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਨਾਮ ਤੇ ਰੱਖਣ ਸਬੰਧੀ ਸਬੰਧਤ ਗਰਾਮ ਪੰਚਾਇਤਾਂ ਤੋਂ ਮਤੇ ਅਤੇ ਡਿਪਟੀ ਕਮਿਸ਼ਨਰ, ਪਟਿਆਲਾ ਦੀ ਸਿਫਾਰਸ਼ ਪ੍ਰਾਪਤ ਨਹੀਂ ਹੋਈ। ਗਰਾਮ ਪੰਚਾਇਤਾਂ ਤੋਂ ਮਤੇ ਅਤੇ ਡਿਪਟੀ ਕਮਿਸ਼ਨਰ, ਪਟਿਆਲਾ ਤੋਂ ਸਿਫਾਰਸ਼ ਪ੍ਰਾਪਤ ਹੋਣ ਤੇ ਇਸ ਸੜਕ ਦਾ ਨਾਮ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਨਾਮ ਤੇ ਰੱਖ ਦਿੱਤਾ ਜਾਵੇਗਾ।

**ਸ੍ਰੀ ਗੁਰਲਾਲ ਘਨੌਰ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਗੁਰੂ ਸਾਹਿਬ ਦੀ ਚਰਨ ਛੋਹ ਧਰਤੀ ਨੂੰ 50-50 ਲੱਖ ਰੁਪਿਆ ਦਿੱਤਾ ਸੀ। ਆਕੜ ਪਿੰਡ ਵਿਖੇ ਇੱਕ ਇਤਿਹਾਸਕ ਗੁਰਦੁਆਰਾ ਸਾਹਿਬ ਹੈ। ਸੋ, ਮੰਤਰੀ ਜੀ ਦਾ ਬਹੁਤ ਧੰਨਵਾਦ।

**ਸਰਦਾਰ ਚੇਤਨ ਸਿੰਘ ਜੋੜਾਮਾਜਰਾ:** ਸਪੀਕਰ ਸਾਹਿਬ, ਮੈਂ ਪਿਛਲੇ ਸੈਸ਼ਨ ਵਿਚ ਵੀ ਬੇਨਤੀ ਕੀਤੀ ਸੀ। ਸਾਡੇ ਹਲਕੇ ਵਿਚ ਨੌਵੇਂ ਪਾਤਸ਼ਹ ਜੀ ਦੇ ਦੋ ਬੜੇ ਇਤਿਹਾਸਕ ਗੁਰੂ ਘਰ ਪੈਂਦੇ ਹਨ। ਉਨ੍ਹਾਂ ਮਾਰਗਾਂ ਦੇ ਨਾਂ ਵੀ ਗੁਰੂ ਸਾਹਿਬਾਨ ਦੇ ਨਾਂ

ਉੱਤੇ ਕਰਨ ਲਈ ਮੈਂ ਪਿਛਲੀ ਵਾਰ ਵੀ ਬੇਨਤੀ ਕੀਤੀ ਸੀ ਪਰ ਹਾਲੇ ਤੱਕ ਹੋਏ ਨਹੀਂ। ਸੋ, ਇਸ ਬਾਰੇ ਵੀ ਜ਼ਰੂਰ ਵਿਚਾਰ ਕਰਨਾ ਚਾਹੀਦਾ ਹੈ ਕਿਉਂਕਿ ਜਦੋਂ ਅਸੀਂ ਸ਼ਹੀਦੀ ਦਿਹਾੜੇ ਮਨਾ ਰਹੇ ਹਾਂ ਤਾਂ ਸਾਡਾ ਫਰਜ਼ ਬਣਦਾ ਹੈ ਕਿ ਉਨ੍ਹਾਂ ਮਾਰਗਾਂ ਦੇ ਨਾਂ ਵੀ ਗੁਰੂ ਸਾਹਿਬ ਦੇ ਨਾਂ ਉੱਤੇ ਕੀਤੇ ਜਾਣ। ਧੰਨਵਾਦ।

**ਮਾਣਯੋਗ ਸਪੀਕਰ:** ਇਹ ਵੱਖਰਾ ਸਵਾਲ ਬਣਦਾ ਹੈ, ਤੁਸੀਂ ਮੰਤਰੀ ਜੀ ਨਾਲ ਮਿਲ ਕੇ ਕਰਵਾ ਲੈਣਾ।

---

## ਲਾਲੜੂ ਸ਼ਹਿਰ ਵਿਖੇ ਸਬ-ਤਹਿਸੀਲ ਬਣਾਉਣਾ

***1779. ਸਰਦਾਰ ਕੁਲਜੀਤ ਸਿੰਘ ਰੰਧਾਵਾ :** ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਡੇਰਾਬੱਸੀ ਵਿੱਚ ਪੈਂਦੇ ਲਾਲੜੂ ਸ਼ਹਿਰ ਵਿੱਚ ਸਬ-ਤਹਿਸੀਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਲਾਲੜੂ ਸ਼ਹਿਰ ਵਿਖੇ ਕਦੋਂ ਤੱਕ ਸਬ-ਤਹਿਸੀਲ ਬਣਾ ਦਿੱਤੀ ਜਾਵੇਗੀ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਦੀਪ ਸਿੰਘ ਮੁੰਡੀਆਂ :** ਸ਼੍ਰੀਮਾਨ ਜੀ, "ਨਹੀਂ ਜੀ"। ਲਾਲੜੂ ਸ਼ਹਿਰ ਵਿੱਚ ਸਬ-ਤਹਿਸੀਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਕੁਲਜੀਤ ਸਿੰਘ ਰੰਧਾਵਾ :** ਸਪੀਕਰ ਸਾਹਿਬ, ਮੇਰਾ ਹਲਕਾ 15 ਲੱਖ ਅਬਾਦੀ ਵਾਲਾ ਹਲਕਾ ਹੈ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ 117 ਵਿਧਾਨ ਸਭਾ ਹਲਕਿਆਂ ਵਿੱਚ ਸਭ ਤੋਂ ਵੱਡਾ ਹਲਕਾ ਮੇਰਾ ਹੈ। ਮੈਂ ਜਿਹੜੀ ਸਬ-ਤਹਿਸੀਲ ਬਣਾਉਣ ਵਾਸਤੇ ਬੇਨਤੀ ਕੀਤੀ ਹੈ, ਉਸ ਵਿੱਚ 40 ਪਿੰਡ, ਦੋ ਸ਼ਹਿਰ ਲਗਭੱਗ ਇੱਕ ਲੱਖ ਦੀ ਅਬਾਦੀ ਉਸ ਸਬ-ਡਵੀਜ਼ਨ ਵਿੱਚ ਹੋ ਚੁੱਕੀ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਅਤੇ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਜੇਕਰ ਘੜੂੰਆਂ ਤਹਿਸੀਲ ਬਣ ਸਕਦੀ ਹੈ, ਜਿੱਥੇ 30 ਹਜ਼ਾਰ ਦੇ ਲਗਭਗ ਅਬਾਦੀ ਹੈ ਤਾਂ ਲਾਲੜੂ ਨੂੰ ਵੀ ਬਣਾ ਦਿੱਤਾ ਜਾਵੇ।

**ਮਾਣਯੋਗ ਸਪੀਕਰ:** ਰੰਧਾਵਾ ਸਾਹਿਬ, ਮੇਰੀ ਗੱਲ ਸੁਣੋ। ਤੁਸੀਂ ਆਪਣੀ ਗੱਲ ਜ਼ੀਰੋ ਆਵਰ ਵਿੱਚ ਕਹਿ ਲੈਣਾ। ਹੁਣ ਕਿਸੇ ਹੋਰ ਮੈਂਬਰ ਦਾ ਸਵਾਲ ਲੱਗ ਲੈਣ ਦਿਓ। ਜੇਕਰ ਕੋਈ ਸਵਾਲ ਪੁੱਛਣਾ ਹੈ ਤਾਂ ਪੁੱਛ ਲਓ।

**ਸਰਦਾਰ ਕੁਲਜੀਤ ਸਿੰਘ ਰੰਧਾਵਾ :** ਠੀਕ ਹੈ ਜੀ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤੱਕ ਸਬ-ਤਹਿਸੀਲ ਬਣ ਜਾਵੇਗੀ?

**ਮਾਣਯੋਗ ਸਪੀਕਰ :** ਮੰਤਰੀ ਜੀ, ਕਦੋਂ ਤੱਕ ਬਣ ਜਾਵੇਗੀ?

**ਮੰਤਰੀ :** ਡਿਪਟੀ ਕਮਿਸ਼ਨਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਰਿਪੋਰਟ ਅਨੁਸਾਰ ਲਾਲੜੂ ਸ਼ਹਿਰ ਨੂੰ ਸਬ-ਤਹਿਸੀਲ ਬਣਾਉਣ ਦੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ। ਪੰਜਾਬ ਸਰਕਾਰ ਵੱਲੋਂ ਸਥਾਪਿਤ ਪੁਨਰਗਠਨ ਕਮੇਟੀ ਦੀ ਰਿਪੋਰਟ ਦੇ ਅਧਿਆਏ ਪੰਜ, ਜਿਸ ਵਿੱਚ ਸਬ-ਤਹਿਸੀਲ, ਤਹਿਸੀਲ ਅਤੇ ਜ਼ਿਲ੍ਹਿਆਂ ਦੇ ਪੁਨਰਗਠਨ ਸਬੰਧੀ ਮਾਪਦੰਡ ਦਿੱਤੇ ਗਏ ਹਨ, ਅਨੁਸਾਰ ਸਬ-ਤਹਿਸੀਲ ਬਣਾਉਣ ਲਈ ਦੋ ਜਾਂ ਤਿੰਨ ਕਾਨੂੰਗੋ ਸਰਕਲ ਹੋਣੇ ਚਾਹੀਦੇ ਹਨ। ਇਸ ਸਮੇਂ ਲਾਲੜੂ ਵਿਖੇ ਇੱਕ ਕਾਨੂੰਗੋ ਸਰਕਲ ਹੈ ਅਤੇ 12 ਪਟਵਾਰ ਸਰਕਲ ਹਨ। ਮਰਦਮਸ਼ੁਮਾਰੀ 2027 ਵਿੱਚ ਹੋਣ ਕਾਰਨ ਮਿਤੀ 01.01.2026 ਤੋਂ 31.03.2027 ਤੱਕ ਰਾਜ ਵਿੱਚ ਪ੍ਰਸ਼ਾਸਕੀ ਬਾਊਂਡਰੀਆਂ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾ ਸਕਦੀ।

---

## ਸੜਕਾਂ ਦੇ ਨਾਲ ਬਰਮਾਂ ਰੱਖਣ ਦੇ ਵੇਰਵੇ

***1766. ਸਰਦਾਰ ਚੇਤਨ ਸਿੰਘ ਜੋੜਾਮਾਜਰਾ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸਟੇਟ ਹਾਈਵੇਜ਼ ਅਤੇ ਨੈਸ਼ਨਲ ਹਾਈਵੇਜ਼ ਸੜਕਾਂ ਦੇ ਨਾਲ ਕਿੰਨੇ ਫੁੱਟ ਚੌੜੀਆਂ ਬਰਮਾਂ ਰੱਖਣ ਦਾ ਪ੍ਰਾਵਧਾਨ ਹੈ;

(ਅ) ਕੀ ਉਕਤ (ੳ) ਵਿੱਚ ਦਰਸਾਏ ਅਨੁਸਾਰ ਇਹ ਬਰਮਾਂ ਸਾਰੀਆਂ ਸੜਕਾਂ ਉੱਤੇ ਉਪਲੱਬਧ ਹਨ;

(ੲ) ਜੇਕਰ ਅਜਿਹਾ ਨਾ ਹੋਵੇ ਤਾਂ ਕੀ ਸਰਕਾਰ ਬਰਮਾਂ ਉਪਲੱਬਧ ਕਰਵਾਉਣ ਦਾ ਪ੍ਰਬੰਧ ਕਰੇਗੀ ਤਾਂ ਕਿ ਬਰਮਾਂ ਦੀ ਅਣਹੋਂਦ ਵਿੱਚ ਵਾਪਰ ਰਹੇ ਭਿਆਨਕ ਐਕਸੀਡੈਂਟਾਂ ਨੂੰ ਰੋਕਿਆ ਜਾ ਸਕੇ;

(ਸ) ਕੀ ਸਰਕਾਰ ਸੜਕਾਂ ਤੇ ਪ੍ਰੀਮਿਕਸ ਪਾਉਣ ਉਪਰੰਤ ਬਰਮਾਂ ਦੇ ਨੀਵੇਂ ਰਹਿਣ ਕਾਰਨ ਬਰਮਾਂ ਤੇ ਮਿੱਟੀ ਪਾ ਕੇ ਉਨ੍ਹਾਂ ਨੂੰ ਉੱਚਾ ਚੁੱਕਣ ਦੀ ਵਿਵਸਥਾ ਕਰੇਗੀ?

**ਸਰਦਾਰ ਹਰਭਜਨ ਸਿੰਘ :** ਸ੍ਰੀਮਾਨ ਜੀ,

(ੳ) ਸਟੇਟ ਹਾਈਵੇਜ਼ ਅਤੇ ਨੈਸ਼ਨਲ ਹਾਈਵੇਜ਼ ਸੜਕਾਂ ਦੇ ਦੋਹਾਂ ਪਾਸਿਆਂ ਉੱਤੇ 1 ਮੀਟਰ ਦਾ ਬਰਮ ਰੱਖਣ ਦਾ ਪ੍ਰਾਵਧਾਨ ਹੁੰਦਾ ਹੈ। ਬਰਮਾਂ ਦੀ ਪ੍ਰੋਵੀਜ਼ਨ ਸੜਕ ਦੇ ਸਥਾਨ ਅਤੇ ਸਥਾਨਕ ਸਥਿਤੀ ਦੇ ਸਨਮੁੱਖ ਬਦਲੀ ਵੀ ਜਾ ਸਕਦੀ ਹੈ।

(ਅ) ਸਟੇਟ ਹਾਈਵੇਜ਼ ਅਤੇ ਨੈਸ਼ਨਲ ਹਾਈਵੇਜ਼ ਉੱਤੇ ਮਿਆਰਾਂ ਅਨੁਸਾਰ ਬਰਮ ਉਪਲਬਧ ਹਨ।

(ੲ) ਜਿੱਥੇ ਵੀ ਬਰਮਾਂ ਦੀ ਘਾਟ ਜਾਂ ਸਮੱਸਿਆ ਨਜ਼ਰ ਆਉਂਦੀ ਹੈ, ਉੱਥੇ ਸਬੰਧਿਤ ਅਧਿਕਾਰੀਆਂ ਵੱਲੋਂ ਜਾਂਚ ਕਰਕੇ ਲੋੜ ਅਨੁਸਾਰ ਪਹਿਲ ਦੇ ਆਧਾਰ ਤੇ ਸੁਧਾਰਾਤਮਕ ਕਦਮ ਚੁੱਕੇ ਜਾਂਦੇ ਹਨ ਤਾਂ ਜੋ ਸੜਕ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ।

(ਸ) ਸੜਕਾਂ ਤੇ ਲੁੱਕ ਦੇ ਕੰਮ ਤੋਂ ਬਾਅਦ ਜਿੱਥੇ ਬਰਮਾਂ ਨੀਵੀਆਂ ਰਹਿ ਜਾਂਦੀਆਂ ਹਨ, ਉੱਥੇ ਮਿੱਟੀ ਪਾ ਕੇ ਜਾਂ ਹੋਰ ਉਚਿਤ ਢੰਗ ਨਾਲ ਉਨ੍ਹਾਂ ਨੂੰ ਸੜਕ ਦੇ ਉੱਤਲੇ ਲੈਵਲ ਦੇ ਬਰਾਬਰ ਕਰਨ ਲਈ ਕਾਰਵਾਈ ਕੀਤੀ ਜਾਂਦੀ ਹੈ।

**ਸਰਦਾਰ ਚੇਤਨ ਸਿੰਘ ਜੋੜਾਮਾਜਰਾ :** ਮਾਣਯੋਗ ਸਪੀਕਰ ਸਾਹਿਬ, ਦਰਅਸਲ ਅਸੀਂ ਸਾਰੇ ਜਿੰਨੇ ਵੀ ਐਮ.ਐਲ.ਏ ਸਾਹਿਬਾਨ ਅੱਜ ਇੱਥੇ ਬੈਠੇ ਹਾਂ, ਅਸੀਂ ਸਾਰੇ ਹੀ ਪੀੜਤ ਹਾਂ ਕਿਉਂਕਿ ਜਿਹੜੀਆਂ ਪਿੰਡਾਂ ਦੀਆਂ ਮੰਡੀ ਬੋਰਡ ਦੀਆਂ ਸੜਕਾਂ ਹਨ, ਉਨ੍ਹਾਂ ਦੀਆਂ ਬਰਮਾਂ ਵੱਢ-ਵੱਢ ਕੇ ਸਾਰਿਆਂ ਨੇ ਖੇਤਾਂ ਵਿੱਚ ਰਲਾਈਆਂ ਹੋਈਆਂ ਹਨ। ਚਾਹੇ ਜਿੱਥੇ ਕਿਤੇ ਸੜਕ ਨੂੰ ਮੇਰਾ ਬੰਨਾ ਲੱਗਦਾ ਹੈ, ਮੈਂ ਵੀ ਵੱਢ ਲਈ, ਜੇ ਹੋਰ ਕਿਸੇ ਦਾ ਬੰਨਾ ਲੱਗਦਾ, ਉਸ ਨੇ ਵੀ ਵੱਢ ਲਈ। ਜਦੋਂ ਕੋਈ ਐਕਸੀਡੈਂਟ ਹੁੰਦਾ ਹੈ, ਜਦੋਂ ਕਿਸੇ ਪਰਿਵਾਰ ਦਾ ਜੀਅ ਚਲਾ ਜਾਂਦਾ ਹੈ ਤਾਂ ਫਿਰ ਸਾਨੂੰ ਲੱਗਦਾ ਹੈ ਕਿ ਇਸ ਨੂੰ ਠੀਕ ਕਰਨਾ ਚਾਹੀਦਾ ਹੈ। ਇਨ੍ਹਾਂ ਦੇ ਸਹੀ ਪ੍ਰਬੰਧ ਲਈ, ਸਾਡੇ ਇੱਥੇ ਪੰਚਾਇਤ ਮੰਤਰੀ ਜੀ ਬੈਠੇ ਹਨ, ਉਨ੍ਹਾਂ ਦਾ ਵੀ ਰੋਲ ਹੈ, ਸਾਡੇ ਮੰਡੀ ਬੋਰਡ ਦੇ ਮੰਤਰੀ ਖੁੱਡੀਆਂ ਸਾਹਿਬ ਵੀ ਬੈਠੇ ਹਨ, ਉਨ੍ਹਾਂ ਦਾ ਵੀ ਵਿੱਚ ਰੋਲ ਹੈ, ਈ.ਟੀ.ਓ ਸਾਹਿਬ ਬੈਠੇ ਹਨ, ਉਨ੍ਹਾਂ ਦਾ ਵੀ ਵਿੱਚ ਰੋਲ ਹੈ। ਸੜਕਾਂ ਦੀ ਜਿੰਨੀਆਂ ਵੀ ਬਰਮਾਂ ਵੱਢੀਆਂ ਹੋਈਆਂ ਹਨ, ਉਨ੍ਹਾਂ ਦੇ ਖੇਤ ਵਿੱਚੋਂ ਮਿੱਟੀ ਪੁੱਟ ਕੇ ਲਗਾਉਣ ਦਾ ਪ੍ਰਬੰਧ ਕੀਤਾ ਜਾਵੇ। ਸੜਕਾਂ ਦੀਆਂ ਸਾਰੀਆਂ ਬਰਮਾਂ ਪੂਰੀਆਂ ਕੀਤੀਆਂ ਜਾਣ। ਮੇਰਾ ਸਵਾਲ ਤਾਂ ਇਹੀ ਹੈ ਕਿ ਕੀ ਬਰਮਾਂ ਪੂਰੀਆਂ ਕੀਤੀਆਂ ਜਾਣਗੀਆਂ?

**ਮਾਣਯੋਗ ਸਪੀਕਰ :** ਜੋੜਾਮਾਜਰਾ ਜੀ, ਤੁਸੀਂ ਇਹ ਸਵਾਲ ਪੁੱਛੋ ਕਿ ਕੀ ਤੁਸੀਂ ਬਰਮਾਂ ਪੂਰੀਆਂ ਕਰਵਾਉਣ ਦਾ ਕੋਈ ਢੰਗ ਤਰੀਕਾ ਅਪਣਾਉਗੇ?

**ਮੰਤਰੀ :** ਮਾਣਯੋਗ ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬ ਦੀ ਗੱਲ ਬਿਲਕੁਲ ਠੀਕ ਹੈ ਕਿ ਕਈ ਥਾਵਾਂ ਦੇ ਉੱਤੇ ਸੜਕਾਂ ਦੇ ਨਾਲ ਲੱਗਦੇ ਬਰਮਾਂ ਨੂੰ ਵੱਢ-ਵੱਢ ਕੇ ਖੇਤਾਂ ਦੇ ਵਿੱਚ ਰਲਾ ਲਿਆ ਗਿਆ ਹੈ। ਸਾਡੀ ਹਮੇਸ਼ਾ ਹੀ ਇਹ ਕੋਸ਼ਿਸ਼ ਰਹਿੰਦੀ ਹੈ ਕਿ ਜਿੱਥੇ ਵੀ ਸਾਡੇ ਧਿਆਨ ਦੇ ਵਿੱਚ ਆਇਆ ਹੈ ਅਸੀਂ ਆਪਣੇ ਅਧਿਕਾਰੀਆਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਹਨ। ਇੱਥੋਂ ਤੱਕ ਜਿਹੜੀ ਵੀ ਸੜਕ ਉੱਚੀ ਹੁੰਦੀ ਹੈ, ਉਸ ਦੇ ਬਰਮ ਉੱਚੇ ਕਰਨ ਦੀ ਜਿਹੜੀ ਪ੍ਰੋਵੀਜ਼ਨ ਹੈ ਜਾਂ ਉਸ ਦੇ ਜਿਹੜੇ ਪੈਸੇ ਹਨ, ਅਸੀਂ ਉਹ ਵੀ ਨਾਲ ਸ਼ਾਮਲ ਕਰਦੇ ਹਾਂ ਤਾਂ ਕਿ ਕੋਈ ਬਰਮ ਨੀਵੀਂ ਨਾ ਰਹੇ। ਸੋ, ਮੈਂ ਤੁਹਾਡੇ ਮਾਧਿਅਮ ਰਾਹੀਂ ਮੈਂਬਰ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਦੁਬਾਰਾ ਤੋਂ ਸਾਰੀਆਂ ਜਿੰਨੀਆਂ ਵੀ ਸੜਕਾਂ ਹਨ, ਉਨ੍ਹਾਂ ਨੂੰ ਦੁਬਾਰਾ ਐਗਜ਼ਾਮਿਨ ਕਰਵਾ ਕੇ ਜਿੱਥੇ ਵੀ ਘਾਟ ਮਹਿਸੂਸ ਹੋਈ, ਉਸ ਨੂੰ ਜ਼ਰੂਰ ਪੂਰਾ ਕੀਤਾ ਜਾਵੇਗਾ ਕਿਉਂਕਿ ਇਹ ਲੋਕਾਂ ਦੀ ਸੁਰੱਖਿਆ ਦੇ ਨਾਲ ਸਬੰਧਤ ਮਾਮਲਾ ਹੈ।

**ਸਰਦਾਰ ਚੇਤਨ ਸਿੰਘ ਜੋੜਾਮਾਜਰਾ :** ਮੇਰੀ ਮਾਣਯੋਗ ਮੰਤਰੀ ਸਾਹਿਬਾਨ ਨੂੰ ਬੇਨਤੀ ਹੈ ਕਿ ਸਾਰੇ ਪੰਜਾਬ ਦੇ ਡੀ.ਸੀ. ਸਾਹਿਬਾਨ ਨੂੰ ਆਦੇਸ਼ ਕੀਤੇ ਜਾਣ ਕਿਉਂਕਿ ਇਹ ਸਾਰੇ ਹਲਕਿਆਂ ਦੀ ਸਮੱਸਿਆ ਹੈ, ਇਕੱਲੇ ਜੋੜੇਮਾਜਰੇ ਦੀ ਸਮੱਸਿਆ ਨਹੀਂ ਹੈ। ਧੰਨਵਾਦ ਜੀ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1822****

**ਮਾਣਯੋਗ ਸਪੀਕਰ** : ਇਹ ਸਵਾਲ ਮਿਤੀ 16 ਮਾਰਚ, 2026 ਲਈ ਮੁਲਤਵੀ ਕੀਤਾ ਜਾਂਦਾ ਹੈ।

---

**ਨਵੇਂ ਨੀਲੇ ਕਾਰਡ ਬਣਾਉਣਾ ਅਤੇ ਰਹਿ ਗਏ ਨਾਮ ਕਾਰਡ ਵਿੱਚ ਸ਼ਾਮਲ ਕਰਨਾ**

***1737. 1. ਪ੍ਰਿੰਸੀਪਲ ਬੁੱਧ ਰਾਮ :**

**2. ਡਾਕਟਰ ਸੁਖਵਿੰਦਰ ਕੁਮਾਰ ਸੁੱਖੀ :** ਕੀ ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ ਕਿਰਪਾ ਕਰਕੇ ਇਹ ਦੱਸਣਗੇ ਕਿ -

(ੳ) ਕੀ ਇਹ ਠੀਕ ਹੈ ਕਿ ਰਾਜ ਦੇ ਜਿਹੜੇ ਗਰੀਬ ਲਾਭਪਾਤਰੀ ਆਟਾ ਦਾਲ ਸਕੀਮ ਦੇ ਨੀਲੇ ਕਾਰਡ ਬਣਾਉਣ ਤੋਂ ਕਿਸੇ ਕਾਰਨ ਵਾਂਝੇ ਰਹਿ ਗਏ ਹਨ, ਜਿਨ੍ਹਾਂ ਦੇ ਕਾਰਡ ਕੱਟੇ ਗਏ ਹਨ, ਉਨ੍ਹਾਂ ਦੇ ਬੱਚਿਆਂ ਦੇ ਨਾਮ ਅਜੇ ਤੱਕ ਕਾਰਡ ਵਿੱਚ ਸ਼ਾਮਲ ਨਹੀਂ ਹੋਏ ਹਨ;

(ਅ) ਕੀ ਇਹ ਵੀ ਠੀਕ ਹੈ ਕਿ ਹਲਕਾ ਬੁਢਲਾਡਾ ਦੇ ਜ਼ਿਆਦਾਤਰ ਪਿੰਡਾਂ ਅਤੇ ਵਾਰਡਾਂ ਵਿੱਚ ਪਿਛਲੀ ਸਰਕਾਰ ਵੇਲੇ ਗਰੀਬ ਲੋਕਾਂ ਦੇ ਆਟਾ-ਦਾਲ ਸਕੀਮ ਅਧੀਨ ਬਣੇ ਕਾਰਡ ਕੱਟੇ ਗਏ ਸਨ ਜੋ ਅੱਜ ਤੱਕ ਮੁੜ ਨਹੀਂ ਬਣਾਏ ਗਏ, ਇਸ ਤੋਂ ਇਲਾਵਾ ਚਾਰ ਸਾਲਾਂ ਵਿੱਚ ਨਵ-ਵਿਆਹੀਆਂ ਲੜਕੀਆਂ ਅਤੇ ਉਨ੍ਹਾਂ ਦੇ ਪੈਦਾ ਹੋਏ ਬੱਚਿਆਂ ਦੇ ਨਾਮ ਵੀ ਆਟਾ-ਦਾਲ ਕਾਰਡ ਵਿੱਚ ਸ਼ਾਮਲ ਨਹੀਂ ਕੀਤੇ ਗਏ;

---

** For Starred Question No. 1822 and reply thereto, please see Debate dated 16 March, 2026.

(ੲ) ਜੇ ਉਪਰੋਕਤ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਸਰਕਾਰ ਆਟਾ-ਦਾਲ ਤੋਂ ਵਾਂਝੇ ਰਹਿੰਦੇ ਪਰਿਵਾਰਾਂ ਦੇ ਨਵੇਂ ਕਾਰਡ ਬਣਾਏਗੀ ਅਤੇ ਉਨ੍ਹਾਂ ਕਾਰਡਾਂ ਵਿੱਚ ਨਵ-ਵਿਆਹੀਆਂ ਲੜਕੀਆਂ ਅਤੇ ਉਨ੍ਹਾਂ ਦੇ ਪੈਦਾ ਹੋਏ ਬੱਚਿਆਂ ਦੇ ਨਾਮ ਵੀ ਸ਼ਾਮਲ ਕਰੇਗੀ; ਜੇਕਰ ਹਾਂ ਤਾਂ ਕਦੋਂ ਤੱਕ; ਵੇਰਵੇ ਸਹਿਤ ਦੱਸਿਆ ਜਾਵੇ?

**ਸ਼੍ਰੀ ਲਾਲ ਚੰਦ :** ਸ਼੍ਰੀਮਾਨ ਜੀ,

(ੳ) ਜੀ ਹਾਂ। ਭਾਰਤ ਸਰਕਾਰ ਵੱਲੋਂ ਜਾਰੀ Targeted Public Distribution System Control Order-2015 ਦੇ ਉਪਬੰਧਾਂ ਅਨੁਸਾਰ, ਪੰਜਾਬ ਰਾਜ ਲਈ ਸਾਲ 2011 ਦੀ ਮਰਦਮਸ਼ੁਮਾਰੀ ਦੇ ਅਧਾਰ ਤੇ 51% ਲਾਭਪਤਾਰੀਆਂ ਭਾਵ 141.45 ਲੱਖ ਜੀਆਂ ਨੂੰ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, 2013 ਅਧੀਨ ਕਵਰ ਕਰਨ ਦੀ ਕੈਪਿੰਗ ਤੈਅ ਕੀਤੀ ਹੋਈ ਹੈ। ਕਿਉਂਜੋ ਇਸ ਸਮੇਂ ਰਾਜ ਵਿੱਚ ਭਾਰਤ ਸਰਕਾਰ ਦੀ ਕੈਪਿੰਗ ਤੋਂ ਤਕਰੀਬਨ 11 ਲੱਖ ਤੋਂ ਵੱਧ ਲਾਭਪਾਤਰੀ ਪਹਿਲਾਂ ਹੀ ਦਰਜ ਹਨ, ਇਸ ਲਈ ਪਿਛਲੇ ਕੁਝ ਸਮੇਂ ਤੋਂ ਨਵਾਂ ਰਾਸ਼ਨ ਕਾਰਡ ਬਣਾਉਣ/ਨਵਾਂ ਮੈਂਬਰ ਜੋੜਨ/ਨਵ ਜੰਮੇ ਬੱਚਿਆਂ ਦਾ ਨਾਮ ਸ਼ਾਮਲ ਕਰਨ ਲਈ ਪ੍ਰਾਪਤ ਹੋ ਰਹੀਆਂ ਅਰਜ਼ੀਆਂ ਤੇ ਕਾਰਵਾਈ ਨਹੀਂ ਕੀਤੀ ਜਾ ਸਕੀ ਹੈ।

(ਅ) ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਜਨਵਰੀ, 2024 ਵਿੱਚ ਮਾਣਯੋਗ ਕੈਬਨਿਟ ਵੱਲੋਂ ਲਏ ਗਏ ਫੈਸਲੇ ਅਨੁਸਾਰ, ਬੁਢਲਾਡਾ ਹਲਕੇ ਵਿੱਚ ਸਾਲ 2022-23 ਵਿੱਚ ਕਰਵਾਈ ਗਈ ਵੈਰੀਫਿਕੇਸ਼ਨ ਪ੍ਰਕਿਰਿਆ ਤੋਂ ਬਾਅਦ ਕੱਟੇ 1,231 ਰਾਸ਼ਨ ਕਾਰਡਾਂ ਵਿੱਚੋਂ 1,047 ਰਾਸ਼ਨ ਕਾਰਡ ਮੁੜ ਬਹਾਲ ਕਰ ਦਿੱਤੇ ਗਏ ਹਨ ਅਤੇ ਫਰਵਰੀ, 2024 ਤੋਂ ਉਨ੍ਹਾਂ ਨੂੰ ਕਣਕ ਦੀ ਵੰਡ ਸ਼ੁਰੂ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ**,** ਸਮਾਰਟ ਰਾਸ਼ਨ ਕਾਰਡ ਸਕੀਮ ਦੇ ਤਹਿਤ ਦਰਜ ਪਰਿਵਾਰਾਂ ਦੀਆਂ ਵਿਆਹੀਆ ਕੁੜੀਆਂ ਆਪਣੇ ਮਾਪਿਆਂ ਦੇ ਰਾਸ਼ਨ ਕਾਰਡ ਤੋਂ ਨਾਮ ਕਟਵਾਉਣ ਉਪਰੰਤ ਸਹੁਰੇ ਪਰਿਵਾਰ ਦੇ ਰਾਸ਼ਨ ਕਾਰਡ ਵਿੱਚ ਦਰਜ ਕਰਵਾ ਸਕਦੀਆਂ ਹਨ, ਬਸ਼ਰਤੇ ਕਿ ਸਹੁਰਾ ਪਰਿਵਾਰ ਦਾ ਵੀ ਸਮਾਰਟ ਰਾਸ਼ਨ ਕਾਰਡ ਸਕੀਮ ਤਹਿਤ ਰਾਜ ਵਿੱਚ ਰਾਸ਼ਨ ਕਾਰਡ ਬਣਿਆ ਹੋਵੇ। ਹਾਲਾਂਕਿ, ਨਵੇਂ ਜਨਮੇ ਬੱਚਿਆਂ ਨੂੰ ਇਸ ਸਕੀਮ ਹੇਠ ਸ਼ਾਮਲ ਨਹੀਂ ਕੀਤਾ ਜਾ ਰਿਹਾ।

(ੲ) ਇਹ ਦੱਸਿਆ ਜਾਂਦਾ ਹੈ ਕਿ ਭਾਰਤ ਸਰਕਾਰ ਵੱਲੋਂ ਜਾਰੀ Targeted Public Distribution System Control Order-2015, ਦੇ ਉਪਬੰਧਾਂ ਅਨੁਸਾਰ, ਪੰਜਾਬ ਰਾਜ ਲਈ ਸਾਲ 2011 ਦੀ ਮਰਦਮਸ਼ੁਮਾਰੀ ਦੇ ਅਧਾਰ ਤੇ 51% ਲਾਭਪਾਤਰੀਆਂ ਭਾਵ 141.45 ਲੱਖ ਜੀਆਂ ਨੂੰ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ,2013 ਅਧੀਨ ਕਵਰ ਕਰਨ ਦੀ ਕੈਪਿੰਗ ਤੈਅ ਕੀਤੀ ਹੋਈ ਹੈ। ਕਿਉਂਜੋ ਇਸ ਸਮੇਂ ਰਾਜ ਵਿੱਚ ਭਾਰਤ ਸਰਕਾਰ ਦੀ ਕੈਪਿੰਗ ਤੋਂ ਤਕਰੀਬਨ 11 ਲੱਖ ਤੋਂ ਵੱਧ ਲਾਭਪਾਤਰੀ ਪਹਿਲਾਂ ਹੀ ਦਰਜ ਹਨ, ਜਿਸ ਕਰਕੇ ਪਿਛਲੇ ਕੁਝ ਸਮੇਂ ਤੋਂ ਨਵਾਂ ਰਾਸ਼ਨ ਕਾਰਡ ਬਣਾਉਣ/ਨਵਾਂ ਮੈਂਬਰ ਜੋੜਨ/ਨਵ ਜੰਮੇ ਬੱਚਿਆਂ ਦਾ ਨਾਮ ਸ਼ਾਮਲ ਕਰਨ ਲਈ ਪ੍ਰਾਪਤ ਹੋ ਰਹੀਆਂ ਅਰਜ਼ੀਆਂ ਤੇ ਕਾਰਵਾਈ ਨਹੀਂ ਕੀਤੀ ਜਾ ਸਕੀ ਹੈ।

ਰਾਜ ਵਿੱਚ ਲਾਭਪਾਤਰੀਆਂ ਦੀ ਗਿਣਤੀ ਵਧਾਉਣ ਸਬੰਧੀ ਮਾਮਲਾ ਲਗਾਤਾਰ ਭਾਰਤ ਸਰਕਾਰ ਨਾਲ ਟੇਕ-ਅੱਪ ਕੀਤਾ ਗਿਆ ਹੈ ਅਤੇ ਹਾਲ ਵਿੱਚ ਮਾਣਯੋਗ ਮੁੱਖ ਮੰਤਰੀ, ਪੰਜਾਬ ਜੀ ਦੇ ਪੱਧਰ ਤੇ ਕੇਂਦਰੀ ਖੁਰਾਕ ਮੰਤਰੀ ਜੀ ਨੂੰ ਲਾਭਪਾਤਰੀਆਂ ਦੀ ਕੈਪਿੰਗ ਵਧਾਉਣ ਲਈ ਲਿਖਿਆ ਗਿਆ ਸੀ, ਪ੍ਰੰਤੂ ਉਨ੍ਹਾਂ ਵੱਲੋਂ ਸੂਚਿਤ ਕੀਤਾ ਗਿਆ ਹੈ ਕਿ ਲਾਭਪਾਤਰੀਆਂ ਦੀ ਕੈਪਿੰਗ ਵਧਾਉਣ ਸਬੰਧੀ ਫੈਸਲਾ ਅਗਲੀ ਮਰਦਮਸ਼ੁਮਾਰੀ ਤੋਂ ਬਾਅਦ ਹੀ ਲਿਆ ਜਾ ਸਕਦਾ ਹੈ। ਇਹ ਵੀ ਦੱਸਣਯੋਗ ਹੈ ਕਿ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਾਜ ਵਿੱਚ NFSA ਅਧੀਨ ਰਜਿਸਟਰਡ ਸਾਰੇ ਲਾਭਪਾਤਰੀਆਂ ਦਾ eKYC ਕੀਤਾ ਜਾ ਰਿਹਾ ਹੈ। ਹੁਣ ਤੱਕ 87.5% ਲਾਭਪਾਤਰੀਆਂ ਵੱਲੋਂ eKYC ਕਰਵਾਈ

ਜਾ ਚੁੱਕੀ ਹੈ। eKYC ਦੀ ਪ੍ਰਕਿਰਿਆ ਮੁਕੰਮਲ ਹੋਣ ਉਪਰੰਤ, ਨਵੇਂ ਮੈਂਬਰ ਸ਼ਾਮਿਲ ਕਰਨ ਲਈ ਯੋਗ ਫੈਸਲਾ ਲਿਆ ਜਾਵੇਗਾ।

**ਮਾਣਯੋਗ ਸਪੀਕਰ** : ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ। ਹੁਣ ਅਸੀਂ ਏਜੰਡੇ ਦੀ ਅਗਲੇ ਆਈਟਮ ਲਵਾਂਗੇ।

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਦੁਨੇਰਾ ਵਿਖੇ ਬੱਸਾਂ ਦੇ ਰੁਕਣ ਦਾ ਪ੍ਰਬੰਧ ਕਰਨਾ

***1751. ਸ੍ਰੀ ਨਰੇਸ਼ ਪੁਰੀ :** ਕੀ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਦੁਨੇਰਾ ਜੋ ਕਿ ਪਠਾਨਕੋਟ ਪੰਜਾਬ ਦਾ ਆਖਰੀ ਬੱਸ ਸਟੈਂਡ ਹੈ, ਉੱਥੇ ਬੱਸ ਦੇ ਰੁਕਣ ਲਈ ਕੋਈ ਵੀ ਬੱਸ ਸਟਾਪ ਨਹੀਂ ਹੈ, ਜਿਸ ਕਾਰਨ ਟ੍ਰੈਫਿਕ ਜਾਮ ਦੀ ਸਮੱਸਿਆ ਬਣੀ ਰਹਿੰਦੀ ਹੈ; ਜੇਕਰ ਅਜਿਹਾ ਹੈ ਤਾਂ ਕੀ ਇੱਥੇ ਬੱਸ ਸਟਾਪ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸਰਦਾਰ ਤਰੁਨਪ੍ਰੀਤ ਸਿੰਘ ਸੌਂਦ :** ਸ਼੍ਰੀਮਾਨ ਜੀ, ਜੀ ਨਹੀਂ, ਬੱਸ ਸਟਾਪ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

---

### ਦਸੂਹਾ ਅਤੇ ਤਲਵਾੜਾ ਸ਼ਹਿਰਾਂ ਵਿੱਚ ਸੀਵਰੇਜ ਦਾ ਪ੍ਰਬੰਧ ਕਰਨਾ

***1661. ਸਰਦਾਰ ਕਰਮਬੀਰ ਸਿੰਘ :** ਕੀ ਸਥਾਨਕ ਸਰਕਾਰ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ**-**

(ੳ) ਕੀ ਇਹ ਠੀਕ ਹੈ ਕਿ ਦਸੂਹਾ ਸ਼ਹਿਰ ਨਗਰ ਕੌਂਸਲ ਦਫ਼ਤਰ ਦੇ ਨੇੜੇ ਵੇਰਕਾ ਮਿਲਕ ਪਲਾਂਟ ਅਤੇ ਕਹਿਰਵਾਲੀ ਅਤੇ ਤਲਵਾੜਾ ਸ਼ਹਿਰ ਵਿੱਚ ਸੀਵਰੇਜ ਦਾ ਪ੍ਰਬੰਧ ਨਾ ਹੋਣ ਕਾਰਨ ਸਾਰੇ ਸ਼ਹਿਰ ਵਿੱਚ ਗੰਦੇ ਪਾਣੀ ਦੀ ਸਮੱਸਿਆ ਹੈ; ਜੇਕਰ ਅਜਿਹਾ ਹੈ ਤਾਂ ਇਨ੍ਹਾਂ ਦੋਨੋਂ ਸ਼ਹਿਰਾਂ ਵਿੱਚ ਨਵੇਂ ਸੀਵਰੇਜ ਦਾ ਪ੍ਰਬੰਧ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਸ੍ਰੀ ਸੰਜੀਵ ਅਰੋੜਾ :** ਸ਼੍ਰੀਮਾਨ ਜੀ,

(ੳ) ਹਾਂ ਜੀ, ਦਸੂਹਾ ਸ਼ਹਿਰ ਵਿੱਚ ਨਗਰ ਕੌਂਸਲ ਦੇ ਦਫ਼ਤਰ ਨੇੜੇ ਵੇਰਕਾ ਮਿਲਕ ਪਲਾਂਟ ਅਤੇ ਕਹਿਰਵਾਲੀ ਇਲਾਕਿਆਂ ਵਿੱਚ ਅਤੇ ਤਲਵਾੜਾ ਸ਼ਹਿਰ ਵਿੱਚ ਬ੍ਰਾਂਚ ਸੀਵਰ ਦੀ ਉਪਲਬਧਤਾ ਨਾ ਹੋਣ ਕਾਰਨ ਸੀਵਰੇਜ ਸਹੂਲਤਾਂ ਦੀ ਘਾਟ ਕਾਰਨ ਗੰਦੇ ਪਾਣੀ ਦੀ ਸਮੱਸਿਆ ਹੈ। ਇਸ ਸਮੱਸਿਆ ਦੇ ਨਿਵਾਰਣ ਲਈ ਨਵੀਂ ਸੀਵਰੇਜ ਪ੍ਰਣਾਲੀ ਦੇ ਪ੍ਰਬੰਧਾਂ ਦੇ ਪ੍ਰਸਤਾਵ ਹੇਠ ਲਿਖੇ ਅਨੁਸਾਰ ਹਨ:

**ਦਸੂਹਾ** - ਦਸੂਹਾ ਸ਼ਹਿਰ ਨਗਰ ਕੌਂਸਲ ਦੇ ਨੇੜੇ ਵੇਰਕਾ ਚਿਲਿੰਗ ਸੈਂਟਰ ਅਤੇ ਕਹਿਰਵਾਲੀ ਏਰੀਆ ਵਿੱਚ ਸੀਵਰੇਜ ਦੀ ਸਮੱਸਿਆ ਨੂੰ ਦੂਰ ਕਰਨ ਲਈ ਤਖਮੀਨੇ ਤਿਆਰ ਕੀਤੇ ਗਏ ਹਨ, ਇਨ੍ਹਾਂ ਅਨੁਮਾਨਾਂ ਅਧੀਨ ਕੁੱਲ 3.4 ਕਿਲੋਮੀਟਰ ਸੀਵਰ ਲਾਈਨ ਵਿਛਾਈ ਜਾਣੀ ਹੈ। ਟੈਂਡਰ ਅਪ੍ਰੈਲ ਦੇ ਪਹਿਲੇ ਹਫ਼ਤੇ ਵਿੱਚ ਜਾਰੀ ਕੀਤੇ ਜਾਣਗੇ ਅਤੇ ਕੰਮ ਨੂੰ 12-15 ਹਫ਼ਤਿਆਂ ਵਿੱਚ ਮੁਕੰਮਲ ਕਰ ਦਿੱਤਾ ਜਾਵੇਗਾ।

**ਤਲਵਾੜਾ** - ਸਵੱਛ ਭਾਰਤ ਮਿਸ਼ਨ 2.0 ਯੋਜਨਾ ਅਧੀਨ ਤਲਵਾੜਾ ਸ਼ਹਿਰ ਵਿਖੇ ਸੀਵਰੇਜ ਦਾ ਕੰਮ ਪ੍ਰਗਤੀ ਅਧੀਨ ਹੈ। ਇਸ ਕੰਮ ਅਧੀਨ 2.20 ਕਿਲੋਮੀਟਰ ਮੇਨ ਸੀਵਰ ਲਾਈਨ ਅਤੇ 1 ਨੰਬਰ ਸੀਵੇਜ ਟ੍ਰੀਟਮੈਂਟ ਪਲਾਂਟ (5.0 ਐਮ.ਐਲ.ਡੀ.) ਦਾ ਨਿਰਮਾਣ ਕੀਤਾ ਜਾਣਾ ਹੈ। ਹੁਣ ਤੱਕ 0.65 ਕਿਲੋਮੀਟਰ ਸੀਵਰ ਲਾਈਨ ਵਿਛਾਈ ਜਾ ਚੁੱਕੀ ਹੈ ਅਤੇ ਸੀਵੇਜ ਟ੍ਰੀਟਮੈਂਟ ਪਲਾਂਟ ਦਾ ਨਿਰਮਾਣ ਪੂਰਾ ਹੋ ਚੁੱਕਾ ਹੈ। ਬਾਕੀ ਸੀਵਰ ਲਾਈਨ ਦਾ ਕੰਮ ਮਿਤੀ 30.04.2026 ਤੱਕ ਪੂਰਾ ਕਰ ਦਿੱਤਾ ਜਾਵੇਗਾ।

---

### ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1659**

**ਮਾਣਯੋਗ ਸਪੀਕਰ**: ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ, ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

---

### ਸਰਕਾਰ ਦੁਆਰਾ ਸ਼ੁਰੂ ਕੀਤੀ ਗਈ ਸਿਹਤ ਬੀਮਾ ਸਕੀਮ ਦੇ ਵੇਰਵੇ

***1670. ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਸਰਕਾਰ ਦੁਆਰਾ ਹਾਲ ਹੀ ਵਿੱਚ ਸ਼ੁਰੂ ਕੀਤੀ ਗਈ ਸਿਹਤ ਬੀਮਾ ਸਕੀਮ ਦੇ ਮਾਪਦੰਡ ਅਤੇ ਮੁੱਖ ਵਿਸ਼ੇਸ਼ਤਾਵਾਂ ਕੀ ਹਨ;

(ਅ) ਸਰਕਾਰ ਦੁਆਰਾ ਇਸ ਸਕੀਮ ਅਧੀਨ ਰਾਜ ਵਿੱਚ ਜ਼ਿਲ੍ਹਾ-ਵਾਰ ਹੁਣ ਤੱਕ ਬਣਾਏ ਗਏ ਸਿਹਤ ਕਾਰਡਾਂ ਦੀ ਕੁੱਲ ਗਿਣਤੀ ਕਿੰਨੀ ਹੈ;

(ੲ) ਵਿੱਤੀ ਸਾਲ 2025-26 ਦੇ ਬਾਕੀ ਰਹਿੰਦੇ ਸਮੇਂ ਲਈ ਸਰਕਾਰ ਦੁਆਰਾ ਇਸ ਸਕੀਮ ਲਈ ਕੁੱਲ ਕਿੰਨੀ ਰਕਮ/ਫੰਡ ਨਿਰਧਾਰਤ ਕੀਤੇ ਗਏ ਹਨ?

**ਡਾਕਟਰ ਬਲਬੀਰ ਸਿੰਘ :** ਸ਼੍ਰੀਮਾਨ ਜੀ,

(ੳ) ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸਿਹਤ ਯੋਜਨਾ (MMSY) ਦੀ ਸ਼ੁਰੂਆਤ ਕੀਤੀ ਗਈ ਹੈ, ਜੋ ਕਿ ਰਾਜ ਦੇ ਹਰ ਨਿਵਾਸੀ ਲਈ ਸਰਵ ਵਿਆਪਕ ਸਿਹਤ ਕਵਰੇਜ ਯਕੀਨੀ ਬਣਾਉਣ ਵਾਸਤੇ ਇੱਕ ਇਤਿਹਾਸਕ ਪਹਿਲ ਹੈ, ਇਸ ਯੋਜਨਾ ਅਧੀਨ ਹਰ ਪਰਿਵਾਰ ਨੂੰ ਪ੍ਰਤੀ ਵਰ੍ਹਾ 10 ਲੱਖ ਰੁਪਏ ਤੱਕ ਦਾ ਮੁਫ਼ਤ ਅਤੇ ਕੈਸ਼ਲੈੱਸ ਇਲਾਜ ਪ੍ਰਦਾਨ ਕੀਤਾ ਜਾਂਦਾ ਹੈ, ਜਿਸ ਨਾਲ ਪੰਜਾਬ ਦੀ 100% ਆਬਾਦੀ ਨੂੰ ਕਵਰ ਕੀਤਾ ਗਿਆ ਹੈ। ਇਹ ਇਤਿਹਾਸਕ ਕਦਮ ਪਹਿਲਾਂ ਦੀ ਪੰਜ ਲੱਖ ਰੁਪਏ ਦੀ ਸੀਮਾ ਤੋਂ ਅੱਗੇ ਦਾ ਵਿਸਥਾਰ ਹੈ, ਜੋ ਸਿਰਫ਼ ਪਹਿਲਾਂ ਚੁਣਿੰਦਾ ਵਰਗਾਂ ਲਈ ਸੀਮਿਤ ਸੀ ਅਤੇ ਹੁਣ ਬਿਨਾਂ ਕਿਸੇ ਆਮਦਨੀ ਸੀਮਾ ਜਾਂ ਕੋਈ ਹੋਰ ਬਾਹਰ ਰੱਖਣ ਦੀ ਨੀਤੀ ਤੋਂ ਪੰਜਾਬ ਦੇ ਲਗਭਗ 65 ਲੱਖ ਪਰਿਵਾਰਾਂ (ਕਰੀਬ 3 ਕਰੋੜ ਨਾਗਰਿਕਾਂ) ਨੂੰ ਕਵਰ ਕਰਦਾ ਹੈ।

ਮੁੱਖ ਮੰਤਰੀ ਸਿਹਤ ਯੋਜਨਾ ਦੇ ₹10 ਲੱਖ ਕਵਰੇਜ ਅਧੀਨ ਨਵੀਨਤਮ ਹੈਲਥ ਬੈਨੀਫਿਟ ਪੈਕੇਜ (HBP 2.2) ਅਨੁਸਾਰ ਲਗਭਗ 2356 ਇਲਾਜ ਪੈਕੇਜ ਸ਼ਾਮਲ ਹਨ ਜਿਸ ਨਾਲ ਵਿਸਤ੍ਰਿਤ, ਆਧੁਨਿਕ ਅਤੇ ਉੱਚ ਇਲਾਜ ਦਰਾਂ ਵਾਲੀ ਚਿਕਿਤਸਾ ਸੇਵਾ ਯਕੀਨੀ ਬਣਾਈ ਜਾਂਦੀ ਹੈ।

---

** For Starred Question No. 1659 and reply thereto, please see............

ਮੁੱਖ ਮੰਤਰੀ ਸਿਹਤ ਯੋਜਨਾ (MMSY) ਹਾਈਬ੍ਰਿਡ ਮੋਡ ਅਧੀਨ ਲਾਗੂ ਕੀਤੀ ਗਈ ਹੈ, ਜਿਸ ਵਿੱਚ 1 ਲੱਖ ਰੁਪਏ ਤੱਕ ਦੀ ਕਵਰੇਜ ਇੰਸ਼ੋਰੈਂਸ ਕੰਪਨੀ ਵੱਲੋਂ ਅਤੇ ਬਾਕੀ 9 ਲੱਖ ਰੁਪਏ ਦੀ ਕਵਰੇਜ ਸਟੇਟ ਹੈਲਥ ਏਜੰਸੀ, ਪੰਜਾਬ ਵੱਲੋਂ ਪ੍ਰਦਾਨ ਕੀਤੀ ਜਾਂਦੀ ਹੈ। ਪੰਜਾਬ ਸਰਕਾਰ ਨੇ ਇਸ ਯੋਜਨਾ ਦੇ ਲਾਗੂ ਕਰਨ ਲਈ ਯੂਨਾਈਟਿਡ ਇੰਡੀਆ ਇੰਸ਼ੋਰੈਂਸ ਕੰਪਨੀ ਲਿਮਿਟਿਡ ਨੂੰ ਨਿਯੁਕਤ ਕੀਤਾ ਹੈ।

(ਅ) 05 ਮਾਰਚ, 2026 ਤੱਕ, ਮੁੱਖ ਮੰਤਰੀ ਸਿਹਤ ਯੋਜਨਾ (MMSY) ਦੇ ਅਧੀਨ ਕੁੱਲ 8,31,265 ਪਰਿਵਾਰ ਸ਼ਾਮਲ ਕੀਤੇ ਗਏ ਹਨ ਅਤੇ ਲਾਭਪਾਤਰੀਆਂ ਨੂੰ 17,33,912 ਸਿਹਤ ਕਾਰਡ ਜਾਰੀ ਕੀਤੇ ਗਏ ਹਨ। MMSY ਯੋਜਨਾ ਹੇਠ ਜ਼ਿਲ੍ਹਾ-ਵਾਰ ਜਾਰੀ ਕੀਤੇ ਗਏ ਸਿਹਤ ਕਾਰਡਾਂ ਦੀ ਕੁੱਲ ਗਿਣਤੀ ਹੇਠ ਲਿਖੇ ਅਨੁਸਾਰ ਹੈ:-

| **ਲੜੀ ਨੰ:** | **ਜ਼ਿਲ੍ਹਾ** | **ਜਾਰੀ ਕੀਤੇ ਕਾਰਡਾਂ ਦੀ ਗਿਣਤੀ** |
|---|---|---|
| 1 | ਸ੍ਰੀ ਅੰਮ੍ਰਿਤਸਰ ਸਾਹਿਬ | 88,970 |
| 2 | ਬਰਨਾਲਾ | 40,613 |
| 3 | ਬਠਿੰਡਾ | 96,620 |
| 4 | ਫਰੀਦਕੋਟ | 49,042 |
| 5 | ਫਤਿਹਗੜ੍ਹ ਸਾਹਿਬ | 47,336 |
| 6 | ਫਾਜ਼ਿਲਕਾ | 69,102 |
| 7 | ਫਿਰੋਜ਼ਪੁਰ | 63,616 |
| 8 | ਗੁਰਦਾਸਪੁਰ | 1,03,642 |
| 9 | ਹੁਸ਼ਿਆਰਪੁਰ | 1,05,258 |
| 10 | ਜਲੰਧਰ | 1,06,193 |
| 11 | ਕਪੂਰਥਲਾ | 40,697 |
| 12 | ਲੁਧਿਆਣਾ | 1,76,637 |
| 13 | ਮਲੇਰਕੋਟਲਾ | 30,467 |
| 14 | ਮਾਨਸਾ | 57,778 |
| 15 | ਮੋਗਾ | 67,272 |
| 16 | ਪਠਾਨਕੋਟ | 54,769 |
| 17 | ਪਟਿਆਲਾ | 1,75,706 |
| 18 | ਰੂਪਨਗਰ | 61,844 |
| 19 | ਸੰਗਰੂਰ | 94,665 |
| 20 | ਐਸ.ਏ.ਐਸ. ਨਗਰ (ਮੋਹਾਲੀ) | 55,117 |
| 21 | ਸ਼ਹੀਦ ਭਗਤ ਸਿੰਘ ਨਗਰ (ਐਸ.ਬੀ.ਐਸ. ਨਗਰ) | 45,369 |
| 22 | ਸ੍ਰੀ ਮੁਕਤਸਰ ਸਾਹਿਬ | 64,791 |

| ਲੜੀ ਨੰ: | ਜ਼ਿਲ੍ਹਾ | ਜਾਰੀ ਕੀਤੇ ਕਾਰਡਾਂ ਦੀ ਗਿਣਤੀ |
|---|---|---|
| 23 | ਤਰਨ ਤਾਰਨ | 38,408 |
| | **ਕੁੱਲ** | **17,33,912** |

(ਏ) ਵਿੱਤੀ ਸਾਲ 2025-26 ਦੌਰਾਨ ਇਸ ਯੋਜਨਾ ਲਈ ਪੰਜਾਬ ਸਰਕਾਰ ਵੱਲੋਂ ਕੁੱਲ 640 ਕਰੋੜ ਰੁਪਏ ਦੀ ਰਕਮ ਨਿਰਧਾਰਤ ਕੀਤੀ ਗਈ ਹੈ।

---

## MATTERS RAISED DURING ZERO HOUR AND STATEMENTS MADE BY THE MINISTERS THEREON

**ਸਰਦਾਰ ਚੇਤਨ ਸਿੰਘ ਜੌੜਾਮਾਜਰਾ (ਸਮਾਣਾ)** : ਮਾਣਯੋਗ ਸਪੀਕਰ ਸਾਹਿਬ, ਸਾਡੇ ਪੰਜਾਬ ਦਾ ਇੱਕ ਬੜਾ ਅਹਿਮ ਮਸਲਾ ਹੈ। ਜਿਹੜੇ ਸਾਡੇ ਕਿਸਾਨ ਆਲੂ ਉਗਾਉਂਦੇ ਹਨ, ਉਨ੍ਹਾਂ ਨੂੰ ਪੰਜਾਬ ਵਿੱਚ ਇੱਕ ਬਹੁਤ ਵੱਡੀ ਸਮੱਸਿਆ ਆ ਰਹੀ ਹੈ। ਜਿਹੜੀਆਂ ਵੱਡੀਆਂ ਇੰਡਸਟਰੀਆਂ ਹਨ, ਉਹ ਉਨ੍ਹਾਂ ਤੋਂ ਕੰਟਰੈਕਟ ਫਾਰਮਿੰਗ ਕਰਵਾਉਂਦੀਆਂ ਹਨ। ਇੰਡਸਟਰੀ ਵਾਲੇ ਕਿਸਾਨਾਂ ਤੋਂ ਕੰਟਰੈਕਟ ਤੇ ਆਲੂ ਬਿਜਵਾਉਂਦੇ ਹਨ ਅਤੇ ਖਰੀਦਦੇ ਹਨ। ਜਦੋਂ ਬਾਜ਼ਾਰ ਵਿੱਚ ਕੀਮਤ ਵੱਧ ਜਾਂਦੀ ਹੈ, ਉਸ ਟਾਈਮ ਤਾਂ ਉਨ੍ਹਾਂ ਨੂੰ ਪ੍ਰੈਸ਼ਰਾਈਜ਼ ਕਰਕੇ ਉਨ੍ਹਾਂ ਤੋਂ ਆਲੂ ਖਰੀਦ ਲੈਂਦੇ ਹਨ ਪਰੰਤੂ ਜਦੋਂ ਹੁਣ ਮੰਦੀ ਚੱਲ ਰਹੀ ਹੈ ਤਾਂ ਜਿਨ੍ਹਾਂ ਇੰਡਸਟਰੀਆਂ ਨੇ ਉਨ੍ਹਾਂ ਨਾਲ ਕੰਟਰੈਕਟ ਕੀਤੇ ਹੋਏ ਹਨ, ਉਹ ਤੋੜੇ ਜਾ ਰਹੇ ਹਨ ਅਤੇ ਉਨ੍ਹਾਂ ਤੋਂ ਕੰਟਰੈਕਟ ਮੁਤਾਬਕ ਆਲੂ ਨਹੀਂ ਖਰੀਦੇ ਜਾ ਰਹੇ। ਬਹੁਤ ਸਾਰੇ ਕਿਸਾਨ ਇਸ ਖੱਜਲ ਖੁਆਰੀ ਦਾ ਸਾਹਮਣਾ ਕਰ ਰਹੇ ਹਨ। ਸਪੀਕਰ ਸਾਹਿਬ, ਮੇਰੀ ਤੁਹਾਡੇ ਜ਼ਰੀਏ ਸਰਕਾਰ ਨੂੰ ਅਪੀਲ ਹੈ ਕਿ ਜਿਹੜਾ ਕੰਟਰੈਕਟ ਹੁੰਦਾ ਹੈ, ਉਸ ਵਿੱਚ ਕਿਸਾਨਾਂ ਦੇ ਨਾਲ ਨਾਲ ਇੰਡਸਟਰੀ ਵੀ ਪਾਬੰਦ ਹੋਣੀ ਚਾਹੀਦੀ ਹੈ। ਇਹ ਨਹੀਂ ਹੋਣਾ ਚਾਹੀਦਾ ਕਿ ਜੇਕਰ ਕੀਮਤ ਵੱਧ ਗਈ ਤਾਂ ਕੰਟਰੈਕਟ ਮੁਤਾਬਕ ਖਰੀਦੋ ਤੇ ਜੇਕਰ ਕੀਮਤ ਘੱਟ ਗਈ ਤਾਂ ਨਾ ਖਰੀਦੋ, ਇਸ ਵਿੱਚ ਦੋਨੋਂ ਪਾਰਟੀਆਂ ਪਾਬੰਦ ਹੋਣੀਆਂ ਚਾਹੀਦੀਆਂ ਹਨ। ਜੇਕਰ ਕੰਟਰੈਕਟ ਫਾਰਮਿੰਗ ਤਹਿਤ ਕੰਟਰੈਕਟ ਕੀਤਾ ਹੈ ਤਾਂ ਚਾਹੇ ਕੋਈ ਵੀ ਫਸਲ ਹੋਵੇ, ਉਹ ਚੁੱਕਣੀ ਬਣਦੀ ਹੈ। ਧੰਨਵਾਦ ਜੀ।

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ)** : ਸਪੀਕਰ ਸਾਹਿਬ, ਕੱਲ੍ਹ ਪੰਜਾਬ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਤੇ ਪੁਲਿਸ ਨੇ ਲਾਠੀਚਾਰਜ ਕੀਤਾ ਹੈ। ਉਸ ਦਾ ਕਾਰਨ ਇਹ ਸੀ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਂ ਤੇ ਸੈਮੀਨਾਰ ਕਰਵਾਇਆ ਜਾ ਰਿਹਾ ਸੀ ਲੇਕਿਨ ਸੈਮੀਨਾਰ ਕਰਨ ਵਾਲੇ ਉਸ ਵਿਸ਼ੇ ਦੇ ਮਾਹਿਰ ਨਹੀਂ ਸਨ। ਕੱਲ੍ਹ ਵੀ ਮੈਂ ਇੱਥੇ ਵਿਧਾਨ ਸਭਾ ਵਿੱਚ ਗੱਲ ਕਹੀ ਸੀ ਕਿ ਆਪਾਂ ਇਨ੍ਹਾਂ ਦੀ ਐਜੂਕੇਸ਼ਨ ਪਾਲਿਸੀ ਨੂੰ ਕੈਂਸਲ ਕਿਉਂ ਨਹੀਂ ਕਰਦੇ? ਆਪਣੀ ਕੀ ਮਜਬੂਰੀ ਹੈ? ਜੇ ਸਾਊਥ ਦੀਆਂ 6-7 ਸਟੇਟਾਂ ਇਸ ਨੂੰ ਕੈਂਸਲ ਕਰ ਸਕਦੀਆਂ ਹਨ ਤਾਂ ਆਪਾਂ ਕਿਉਂ ਨਹੀਂ ਕਰ ਸਕਦੇ? ਮੈਂ ਤੁਹਾਨੂੰ ਜਸਟਿਸ ਕੁਰੀਅਨ ਦੀ ਰਿਪੋਰਟ ਦਾ ਜ਼ਿਕਰ ਕੀਤਾ ਸੀ, ਆਪਾਂ ਉਸ ਰਿਪੋਰਟ ਤੋਂ go through ਹੋ ਜਾਈਏ। ਜੇ ਸਟੇਟਾਂ ਨੂੰ ਤਕੜਾ ਕਰਨਾ ਹੈ, ਜੇ ਭਗਵਾਂਕਰਨ ਰੋਕਣਾ ਹੈ ਤਾਂ ਆਪਾਂ ਉਸ ਪਾਲਿਸੀ ਨੂੰ ਕੈਂਸਲ ਕਿਉਂ ਨਹੀਂ ਕਰਦੇ? ਮੈਂ ਉਸ ਦੀ ਨਿੰਦਾ ਕਰਦਾ ਹਾਂ। ਮੈਨੂੰ ਯੂਥ ਤੇ ਇਸ ਗੱਲ ਦਾ ਵਿਸ਼ਵਾਸ ਹੈ ਕਿ ਉਨ੍ਹਾਂ ਨੂੰ ਇਨ੍ਹਾਂ ਗੱਲਾਂ ਦੀ ਅਵੇਅਰਨੈੱਸ ਹੈ ਲੇਕਿਨ ਸਾਨੂੰ ਇਸ ਵਿਧਾਨ ਸਭਾ ਵਿੱਚ ਇੰਨੀ ਅਵੇਅਰਨੈੱਸ ਨਹੀਂ ਹੈ। ਅਸੀਂ ਇਸ ਪਾਲਿਸੀ ਨੂੰ ਕੈਂਸਲ ਕਿਉਂ ਨਹੀਂ ਕਰਦੇ?

ਦੂਜੀ ਬੇਨਤੀ ਮੈਂ ਚੀਮਾ ਸਾਹਿਬ ਨੂੰ ਕਰਨੀ ਚਾਹੁੰਦਾ ਹਾਂ ਕਿ ਚੀਮਾ ਸਾਹਿਬ, ਤੁਸੀਂ ਪਿਛਲੀ ਵਾਰੀ ਵੀ ਪੰਜ ਕਰੋੜ ਰੁਪਏ ਦਾ ਉਪਬੰਧ ਕੀਤਾ ਸੀ। ਸੀ.ਐਮ. ਸਾਹਿਬ ਨੇ ਕਿਹਾ ਸੀ ਕਿ ਤੁਹਾਡੇ ਮੈਂਬਰ ਤਾਂ ਥੋੜ੍ਹੇ ਰਹਿ ਗਏ ਹਨ, ਸਾਡੇ ਤੇ ਵਾਹਵਾ ਤੰਜ਼ ਵੀ ਕੱਸਿਆ ਸੀ ਕਿ ਸਾਡੇ ਤਾਂ ਬਹੁਤ ਮੈਂਬਰ ਹਨ। ਮੈਂ ਡੀ.ਸੀ. ਕੋਲ ਗਿਆ, ਕਿਉਂਕਿ ਡੀ.ਸੀ. ਕੋਲ ਹੀ ਜਾਣਾ ਸੀ। ਹੁਣ ਵੀ ਤੁਸੀਂ ਕਹਿੰਦੇ ਹੋ ਕਿ ਅਸੀਂ ਇਹ ਰਾਸ਼ੀ ਡਬਲ ਕਰ ਦਿੱਤੀ ਹੈ ਪਰ ਜਾਂ ਤਾਂ ਇਸ ਨੂੰ ਅਨਾਊਂਸ ਨਾ ਕਰੋ ਅਤੇ ਜੇ ਅਨਾਊਂਸ ਕਰਨਾ ਹੀ ਹੈ ਤਾਂ ਫਿਰ ਕੀ ਹੋਇਆ ਜੇ ਅਸੀਂ ਥੋੜ੍ਹੇ ਹਾਂ, ਤੁਸੀਂ ਇੰਨਾ ਕੁ ਤਾਂ ਪੁਗਾ ਲਉ। ਸਮੇਂ ਸਮੇਂ ਤੇ ਇਹ ਬਦਲਾਅ ਤਾਂ ਆਉਣਾ ਹੀ ਹੈ। ਜੇਕਰ ਪਿਛਲਿਆਂ ਨੇ ਨਹੀਂ ਕੀਤਾ ਤਾਂ ਅਸੀਂ ਪਿਛਲੀ ਵਾਰੀ ਤੁਹਾਡੇ ਤੇ ਵਿਸ਼ਵਾਸ ਕੀਤਾ ਹੈ। ਤੁਹਾਡਾ ਧੰਨਵਾਦ ਵੀ ਕੀਤਾ ਹੈ ਕਿ ਇਹ ਠੀਕ ਕੰਮ ਹੈ, ਐਮ.ਪੀ. ਲੈਡ ਫੰਡ ਵਾਂਗ ਐਮ.ਐਲ.ਏ. ਲੈਡ ਫੰਡ ਵੀ ਹੋਵੇ। ਪਰੰਤੂ unfortunately ਮੈਸੇਜ ਬੜਾ ਕਲੀਅਰ ਹੈ।

**ਮਾਣਯੋਗ ਸਪੀਕਰ** : ਠੀਕ ਹੈ ਜੀ, ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਪਰਗਟ ਸਿੰਘ ਪੋਆਰ** : ਮੈਂ ਕਹਿਣਾ ਚਾਹੁੰਦਾ ਹਾਂ ਕਿ ਜਾਂ ਤਾਂ ਇਸ ਨੂੰ ਵਿਦਡਰਾਅ ਕਰ ਲਉ ਤੇ ਕਹੋ ਕਿ ਅਸੀਂ ਨਹੀਂ ਦੇਣਾ ਹੈ।

**ਮਾਣਯੋਗ ਸਪੀਕਰ** : ਵਿੱਤ ਮੰਤਰੀ ਜੀ, ਕੀ ਤੁਸੀਂ ਜਵਾਬ ਦੇਣਾ ਚਾਹੁੰਦੇ ਹੋ?

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਹਾਂ ਜੀ। ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਇਹ ਵੀ ਅੱਜ ਜ਼ੀਰੋ ਆਵਰ ਦਾ ਹੀ ਮਸਲਾ ਬਣ ਗਿਆ ਹੈ। ਹੁਣੇ ਹੁਣੇ ਮੈਨੂੰ ਕਿਸੇ ਸੱਜਣ ਨੇ ਇੱਕ ਪੋਸਟ ਭੇਜੀ ਹੈ। ਆਪੋਜ਼ੀਸ਼ਨ ਦੇ ਬਹੁਤ ਹੀ ਸਤਿਕਾਰਤ ਸੱਜਣ ਸਰਦਾਰ ਪਰਗਟ ਸਿੰਘ ਜੀ ਨਾਲ ਹੀ ਬੈਠੇ ਹੁੰਦੇ ਹਨ, ਸੁਖਪਾਲ ਸਿੰਘ ਖਹਿਰਾ, ਉਨ੍ਹਾਂ ਨੇ ਕੀ ਲਿਖਿਆ ਹੈ-

"1000 ਪਿੱਛੇ ਗਿੱਧਾ ਪਾਉਣ ਵਾਲੀਆਂ ਬੀਬੀਆਂ ਕਿੱਥੋਂ ਜੰਮ ਲੈਣਗੀਆਂ ਸੂਰਮੇ"

(ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਦੋ ਘੰਟੇ ਪਹਿਲਾਂ ਉਨ੍ਹਾਂ ਨੇ ਆਪਣੇ ਫੇਸਬੁੱਕ ਪੇਜ ਤੇ ਇਹ ਪੋਸਟ ਸ਼ੇਅਰ ਕੀਤੀ ਹੈ। (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ) ਕੀ ਤੁਸੀਂ ਇਸ ਸਬੰਧੀ ਮੁਆਫੀ ਮੰਗੋਗੇ? ਤੁਸੀਂ ਮਾੜੀ ਮੋਟੀ ਕੋਈ ਸ਼ਰਮ ਰੱਖ ਲਉ। ਤੁਸੀਂ ਸਾਡੀਆਂ ਦਲਿਤ ਔਰਤਾਂ ਦਾ ਇਸ ਤਰ੍ਹਾਂ ਦੇ ਸ਼ਬਦਾਂ ਨਾਲ ਅਪਮਾਨ ਕਰਦੇ ਹੋ। ਮੈਂ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਵੀ ਚੈੱਕ ਕਰੋ। ਉਹ ਚੈੱਕ ਕਰਕੇ ਇਸ ਗੱਲ ਦਾ ਜਵਾਬ ਦੇਣ। (ਵਿਘਨ) (ਸ਼ੋਰ) ਹੱਦ ਹੀ ਹੋ ਗਈ ਹੈ, ਤੁਸੀਂ ਸਾਡੀਆਂ ਔਰਤਾਂ ਦਾ ਅਪਮਾਨ ਕਰਦੇ ਹੋ। ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ-

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

ਇਹ ਕਹਿੰਦੇ ਹਨ ਕਿ 1000 ਰੁਪਿਆ ਲੈ ਕੇ ਕੀ ਔਰਤਾਂ ਸੂਰਮੇ ਜੰਮਣਗੀਆਂ? (ਵਿਘਨ) (ਸ਼ੋਰ) ਹੱਦ ਹੋ ਗਈ ਹੈ। ਸਪੀਕਰ ਸਾਹਿਬ, ਅੱਜ ਹੱਦ ਹੋ ਗਈ ਹੈ। ਅਸੀਂ ਔਰਤਾਂ ਦਾ ਸਨਮਾਨ ਕਰਦੇ ਹਾਂ, ਦਲਿਤ ਔਰਤਾਂ ਦਾ ਸਨਮਾਨ ਕਰਦੇ ਹਾਂ, ਮਜ਼ਦੂਰ ਭੈਣਾਂ ਦਾ ਸਨਮਾਨ ਕਰਦੇ ਹਾਂ ਤਾਂ ਇਸ ਦਾ ਮਤਲਬ ਇਹ ਥੋੜ੍ਹੀ ਹੋ ਗਿਆ ਕਿ ਤੁਸੀਂ ਸਾਡੀਆਂ ਔਰਤਾਂ ਦਾ ਅਪਮਾਨ ਕਰੋਗੇ। ਜੇ ਤੁਸੀਂ ਰਾਜਿਆਂ ਦੇ ਘਰ ਜੰਮ ਪਏ, ਜੇ ਰਜਵਾੜਿਆਂ ਦੇ ਜੰਮ ਪਏ, ਜੇ ਤੁਸੀਂ ਸਿਲਵਰ ਸਪੂਨ ਲੈ ਕੇ ਜੰਮ ਪਏ, ਜੇ ਤੁਸੀਂ ਸੋਨੇ ਦਾ ਚਮਚਾ ਲੈ ਕੇ ਜੰਮ ਪਏ ਤਾਂ ਤੁਹਾਨੂੰ ਇਹ ਹੱਕ ਕਿਸ ਨੇ ਦੇ ਦਿੱਤਾ ਹੈ?

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਵਿੱਤ ਮੰਤਰੀ**: ਇੱਕ ਮਿੰਟ, ਪਲੀਜ਼ ਮੈਨੂੰ ਕੰਪਲੀਟ ਕਰ ਲੈਣ ਦਿਓ। ਤੁਸੀਂ ਬੋਲ ਲੈਣਾ, ਬਾਜਵਾ ਸਾਹਿਬ, ਤੁਹਾਨੂੰ ਟਾਈਮ ਮਿਲ ਜਾਵੇਗਾ।

**Mr. Speaker**: Let him complete, Bajwa ji.

**ਵਿੱਤ ਮੰਤਰੀ**: ਮੈਨੂੰ ਦੱਸ ਦਿਓ, ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਨੇ ਸੰਵਿਧਾਨ ਬਣਾਇਆ। ਤੁਸੀਂ ਇੱਥੇ ਖੜ੍ਹ ਕੇ, ਸਾਹਮਣੇ ਸਹੁੰ ਖਾ ਕੇ ਆਏ ਹੋ। ਹੁਣ ਸਾਡੀਆਂ ਔਰਤਾਂ ਦਾ ਅਪਮਾਨ ਕੀਤਾ ਜਾ ਰਿਹਾ ਹੈ। ਅਸੀਂ ਔਰਤ ਦਿਵਸ ਤੇ ਇੰਨਾ ਵੱਡਾ ਐਲਾਨ ਕੀਤਾ ਕਿ ਜਿਹੜੀ ਔਰਤ ਆਖਰੀ ਲਾਈਨ ਵਿੱਚ ਖੜ੍ਹੀ ਹੈ, ਜਿਹੜੀ ਔਰਤ ਆਪਣੀ ਬੇਟੀ ਦੀ ਫੀਸ ਨਹੀਂ ਭਰ ਸਕਦੀ, ਆਪਣੀ ਬੇਟੀ ਨੂੰ ਕੱਪੜੇ ਨਹੀਂ ਲੈ ਕੇ ਦੇ ਸਕਦੀ, ਆਪਣੀ ਬੱਚੀ ਨੂੰ ਖਿਡੌਣੇ ਨਹੀਂ ਲੈ ਕੇ ਦੇ ਸਕਦੀ, ਅਸੀਂ ਉਸ ਔਰਤ ਦਾ ਸਨਮਾਨ ਕਰਕੇ ਉਸ ਨੂੰ 1500/- ਰੁਪਏ ਦਿੱਤੇ ਹਨ ਤੇ ਇਹ ਲੋਕ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਕਹਿ ਰਹੇ ਹਨ ਕਿ "ਕੀ ਜੰਮਣਗੀਆਂ ਸੂਰਮੇ"। ਪਲੀਜ਼, ਤੁਸੀਂ ਮਾੜਾ ਮੋਟਾ ਤਾਂ ਖਿਆਲ ਰੱਖੋ। ਰਾਣਾ ਜੀ, ਬੇਨਤੀ ਹੈ ਕਿ ਇਸ ਤਰ੍ਹਾਂ ਦੇ ਬੰਦਿਆਂ ਦਾ ਕਿਤਿਓਂ ਇਲਾਜ ਕਰਵਾਓ, ਇਹੋ ਜਿਹੇ ਤੁਹਾਡੇ ਕਈ ਬੰਦੇ ਪੈਦਾ ਹੋ ਗਏ ਹਨ। ਪਹਿਲਾਂ ਇੱਕ ਬੰਦੇ ਨੇ ਕੀ ਕਿਹਾ ਸੀ ਕਿ "ਕਾਲੇ ਰੰਗ ਦੇ ਨੂੰ ਹੋਮ ਮਨਿਸਟਰ ਬਣਾ ਦਿੱਤਾ"। ਉਦੋਂ ਵੀ ਦਲਿਤਾਂ ਦਾ ਅਪਮਾਨ ਕੀਤਾ ਗਿਆ। (ਵਿਘਨ, ਸ਼ੋਰ)

**Mr. Speaker** : Let him complete.

**ਵਿੱਤ ਮੰਤਰੀ** : ਉਹ ਵਿਅਕਤੀ ਜੋ ਤੁਹਾਡਾ ਪ੍ਰਧਾਨ ਬਣ ਗਿਆ ਹੈ, ਉਸ ਸਮੇਂ ਉਸ ਦੇ ਪਿਤਾ ਜੀ ਵੀ ਗ੍ਰੈਜੂਏਟ ਨਹੀਂ ਹੋਣਗੇ ਜਦੋਂ ਸਰਦਾਰ ਬੂਟਾ ਸਿੰਘ ਜੀ ਨੇ ਗ੍ਰੈਜੂਏਸ਼ਨ ਕੀਤੀ ਸੀ। (ਥੰਪਿੰਗ) ਕਮਾਲ ਹੈ, ਯਾਰ? ਇੰਨੀ ਕੁ ਤਾਂ ਮਾੜੀ ਮੋਟੀ ਸ਼ਰਮ ਤੇ ਇੱਜ਼ਤ ਹੋਣੀ ਚਾਹੀਦੀ ਹੈ, ਤੁਸੀਂ ਦੋ-ਦੋ, ਤਿੰਨ-ਤਿੰਨ, ਚਾਰ-ਚਾਰ ਵਾਰ ਜਿੱਤ ਕੇ ਆਏ ਹੋ, ਦੋ-ਦੋ ਵਾਰ, ਤਿੰਨ - ਤਿੰਨ ਵਾਰ ਮੰਤਰੀ ਬਣੇ ਹੋ। ਪਲੀਜ਼, ਥੋੜ੍ਹਾ ਖਿਆਲ ਰੱਖੋ। ਤੁਹਾਡਾ ਇੱਕ ਮੈਂਬਰ ਕਹਿ ਰਿਹਾ ਹੈ ਕਿ ਮੈਟੀਰੀਅਲ ਆ ਗਿਆ, ਦੂਜਾ ਕਹਿ ਰਿਹਾ ਹੈ ਕਿ ਬੈਂਡ ਬਾਜੇ ਵਾਲੇ ਆ ਗਏ। ਇਹ (ਲੋਕ ਨਿਰਮਾਣ ਮੰਤਰੀ, ਸਰਦਾਰ ਹਰਭਜਨ ਸਿੰਘ, ਵੱਲ ਇਸ਼ਾਰਾ) ਬੈਠਾ ਹੈ। ਠੀਕ ਹੈ ਕਿ ਇਸ ਵਿਅਕਤੀ ਨੇ ਬੈਂਡ ਬਾਜਾ ਵਜਾ ਕੇ ਆਪਣੀ ਮਿਹਨਤ ਕਰਕੇ, ਆਪਣੀ ਕਮਾਈ ਕਰਕੇ ਗ੍ਰੈਜੂਏਸ਼ਨ ਕੀਤੀ ਸੀ। ਪੀ.ਪੀ.ਐਸ.ਸੀ. ਇਨ੍ਹਾਂ ਦੀ ਨਹੀਂ ਸੀ, ਇਹ ਤਾਂ ਅਪ੍ਰੋਚ ਵਾਲੇ ਵੀ ਨਹੀਂ ਸੀ ਕਿ ਕਿਸੇ ਨੂੰ ਅਪ੍ਰੋਚ ਕਰਕੇ ਈ.ਟੀ.ਓ. ਲੱਗ ਜਾਂਦਾ, ਇਹ ਵਿਅਕਤੀ ਈ.ਟੀ.ਓ. ਬਣਿਆ, ਫਿਰ ਆਪਣੀਆਂ ਸੇਵਾਵਾਂ ਛੱਡ ਕੇ ਲੋਕਾਂ ਦੀ ਸੇਵਾ ਕਰਨ ਦਾ ਰਾਹ ਚੁਣਿਆ ਤੇ ਤੁਸੀਂ ਹਰ ਗੱਲ ਤੇ ਦਲਿਤਾਂ ਦਾ ਅਪਮਾਨ ਕਰਦੇ ਹੋ। ਅੱਜ ਤਾਂ ਹੱਦ ਹੀ ਹੋ ਗਈ ਹੈ, ਅੱਜ ਤੁਸੀਂ ਔਰਤਾਂ ਦਾ ਅਪਮਾਨ ਕੀਤਾ ਹੈ। ਯਾਰ, ਪਲੀਜ਼, ਥੋੜ੍ਹੀ ਬਹੁਤੀ ਸ਼ਰਮ ਕਰ ਲਓ ਜਾਂ ਡੈਕੋਰਮ ਕਰ ਲਓ ਜਾਂ ਸੰਵਿਧਾਨ ਨੂੰ ਮੰਨ ਲਓ।

**ਮਾਣਯੋਗ ਸਪੀਕਰ**: ਠੀਕ ਹੈ ਜੀ।

**ਵਿੱਤ ਮੰਤਰੀ**: ਜਾਂ ਫਿਰ ਜਿਸ ਤਰ੍ਹਾਂ ਮਾਨ ਸਾਹਿਬ ਕਹਿੰਦੇ ਹਨ ਕਿ ਆਪਣਾ ਥੋੜ੍ਹਾ ਬਹੁਤ ਇਲਾਜ ਕਰਵਾਓ, ਹਰ ਹਾਲਤ ਵਿੱਚ ਆਪਣਾ ਇਲਾਜ ਕਰਵਾਓ । ਸਰਦਾਰ ਪਰਗਟ ਸਿੰਘ ਜੀ, ਤੁਸੀਂ ਸਪੋਰਟਸ ਦੇ ਖਿਡਾਰੀ ਰਹੇ ਹੋ, ਅੱਛੇ ਹਸਪਤਾਲ ਸੁਜੈਸਟ ਕਰ ਦਿਓ ਤੇ ਇਨ੍ਹਾਂ ਦੋ-ਚਾਰ ਬੰਦਿਆਂ ਨੂੰ ਜ਼ਰੂਰ ਭੇਜ ਦਿਓ, ਇਨ੍ਹਾਂ ਨੂੰ ਬਚਾ ਲਵਾਂਗੇ। ਨਹੀਂ ਤਾਂ ਇਸ ਤਰ੍ਹਾਂ ਲੱਗਦਾ ਹੈ ਸਾਡੇ ਸਮਾਜ ਵਿੱਚ ਪਾਲੀਟੀਸ਼ਨਾਂ ਨੂੰ, ਜਿਵੇਂ ਇਹ ਕਹਿੰਦੇ ਹਨ ਕਿ ਸਾਨੂੰ ਕੁੱਟਣਗੇ, ਤੁਹਾਨੂੰ ਮਾੜੀ ਮੋਟੀ ਸ਼ਰਮ ਕਰਨੀ ਚਾਹੀਦੀ ਹੈ।

**ਮਾਣਯੋਗ ਸਪੀਕਰ**: ਠੀਕ ਹੈ, ਥੈਂਕ ਯੂ । (ਵਿਘਨ, ਸ਼ੋਰ)

**ਰਾਣਾ ਗੁਰਜੀਤ ਸਿੰਘ (ਬੈਠੇ ਬੈਠੇ):** ਇਹ ਪੋਸਟ ਪਰਗਟ ਸਿੰਘ ਜੀ ਨੇ ਨਹੀਂ ਪਾਈ ਹੈ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)**: ਸਪੀਕਰ ਸਾਹਿਬ, ਚੀਮਾ ਸਾਹਿਬ ਨੇ ਕੁਝ ਬੰਦਿਆਂ ਦਾ ਨਾਂ ਲਿਆ ਹੈ, ਸਾਡੇ ਪਾਰਟੀ ਪ੍ਰੈਜ਼ੀਡੈਂਟ ਦਾ ਨਾਂ ਲਿਆ ਹੈ, ਜਿਹੜਾ ਇਸ ਹਾਊਸ ਦਾ ਮੈਂਬਰ ਨਹੀਂ ਹੈ। ਉਸ ਨੇ ਸਾਰੀ ਕਲੈਰੀਫਿਕੇਸ਼ਨ ਪਹਿਲਾਂ ਵੀ ਦਿੱਤੀ ਹੈ, under no circumstances it will happen, ਕਿਸੇ ਦਲਿਤ ਭਰਾ, ਕਿਸੇ ਦਲਿਤ ਲੀਡਰ, ਜਿਨ੍ਹਾਂ ਨੂੰ ਪਾਰਟੀ ਨੇ ਹੋਮ ਮਨਿਸਟਰ ਬਣਾਇਆ ਹੈ, ਕੀ ਅਸੀਂ ਕਦੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਕਿਸੇ ਹੋਰ ਰੂਪ ਵਿੱਚ ਦੇਖ ਸਕਦੇ ਹਾਂ? ਜੇ ਸਾਡੇ ਕਿਸੇ ਸਾਥੀ ਨੇ ਪੋਸਟ ਪਾਈ ਹੈ, ਜਿਹੜੀ ਮੈਂ ਨਹੀਂ ਦੇਖੀ ਹੈ, ਮੈਂ ਆਪਣੇ ਵੱਲੋਂ ਤੇ ਪਾਰਟੀ ਵੱਲੋਂ ਉਸ ਪੋਸਟ ਨੂੰ condemn ਕਰਦਾ ਹਾਂ। ਜੇ ਇਸ ਕਿਸਮ ਦੀ ਪੋਸਟ ਪਾਈ ਹੈ, we don't agree with that post, ਤਾਂ ਇਸ ਗੱਲ ਨੂੰ ਜ਼ਿਆਦਾ ਅਪਮਾਨ ਵਿੱਚ ਨਾ ਲਿਆ ਜਾਵੇ। (ਵਿਘਨ, ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ ਅਤੇ ਸ਼੍ਰੀਮਤੀ ਇੰਦਰਜੀਤ ਕੌਰ ਮਾਨ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ। )

**ਸ਼੍ਰੀਮਤੀ ਇੰਦਰਜੀਤ ਕੌਰ ਮਾਨ :** ਸਰ, ਔਰਤਾਂ ਖਿਲਾਫ ਅਪਮਾਨ ਸਹਿਣ ਨਹੀਂ ਕੀਤਾ ਜਾਵੇਗਾ। (ਵਿਘਨ)

**ਮਾਣਯੋਗ ਸਪੀਕਰ** : ਉਨ੍ਹਾਂ ਨੇ condemn ਕਰ ਦਿੱਤੀ ਹੈ। (ਵਿਘਨ) ਨਹੀਂ, ਨਹੀਂ, ਦੇਖੋ, ਹਾਂ ਜੀ, ਸ਼੍ਰੀਮਤੀ ਇੰਦਰਜੀਤ ਕੌਰ ਮਾਨ ਜੀ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ (ਨਕੋਦਰ)**: ਇਸ ਗੱਲ ਨੂੰ ਪੰਜਾਬ ਲੈਵਲ ਤੇ ਲੈ ਕੇ ਜਾਇਆ ਜਾਵੇਗਾ। ਇਹ ਗੱਲ ਇੱਥੇ ਨਹੀਂ ਮੁਕਣੀ ਹੈ। ਇਹ ਅਪਮਾਨ ਅਸੀਂ ਸਹਿਣ ਨਹੀਂ ਕਰਾਂਗੇ। ਅਸੀਂ ਸਾਡੀਆਂ ਧੀਆਂ, ਭੈਣਾਂ, ਬੀਬੀਆਂ ਦਾ ਅਪਮਾਨ ਸਹਿਣ ਨਹੀਂ ਕਰਾਂਗੇ। ਹੁਣ ਇਹ ਗੱਲ ਇੱਥੇ ਨਹੀਂ ਮੁੱਕੇਗੀ, ਇਹ ਪਾਰਟੀ ਮੁਆਫੀ ਮੰਗੇ, ਜਿਹੜਾ ਮਰਜ਼ੀ ਮੁਆਫੀ ਮੰਗੇ। ਇਸ ਤੇ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ, ਨਹੀਂ ਤਾਂ ਅਸੀਂ ਪੰਜਾਬ ਲੈਵਲ ਤੇ ਸੰਘਰਸ਼ ਕਰਾਂਗੇ, ਸਾਰੀਆਂ ਔਰਤਾਂ ਇਕਜੁੱਟ ਹੋਣਗੀਆਂ। ਸਾਨੂੰ ਇਹ ਦੱਸਣਗੇ ਕਿ ਸੂਰਮੇ ਕਿਵੇਂ ਜੰਮਦੇ ਹਨ? ਕੀ ਸਾਨੂੰ ਇਹ ਦੱਸਣਗੇ ਕਿ ਸਮਾਜ ਵਿੱਚ ਕਿਸ ਤਰ੍ਹਾਂ ਵਿਚਰਨਾ ਹੈ? ਕੀ ਇਹ ਸਾਨੂੰ ਦੱਸਣਗੇ ਕਿ 1500/- ਰੁਪਏ ਅਤੇ 1000/- ਰੁਪਏ ਦਾ ਕੀ ਕਰਾਂਗੇ? ਇਹ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

(ਇਸ ਸਮੇਂ ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ, ਸ਼੍ਰੀ ਲਾਲ ਚੰਦ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀਮਤੀ ਇੰਦਰਜੀਤ ਕੌਰ ਮਾਨ, ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ ਅਤੇ ਡਾਕਟਰ ਅਮਨਦੀਪ ਕੌਰ ਅਰੋੜਾ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਉੱਚੀ-ਉੱਚੀ ਬੋਲ ਰਹੇ ਸਨ।)

**ਮਾਣਯੋਗ ਸਪੀਕਰ:** ਸ਼੍ਰੀ ਲਾਲ ਚੰਦ ਜੀ।

**ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ (ਸ਼੍ਰੀ ਲਾਲ ਚੰਦ):** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਉਨ੍ਹਾਂ ਗਰੀਬ ਲੋਕਾਂ ਦੀਆਂ ਵੋਟਾਂ ਲੈ ਕੇ ਸਦਨ ਅੰਦਰ ਪਹੁੰਚੇ ਹਨ, ਜਿਨ੍ਹਾਂ ਦਾ ਅਪਮਾਨ ਕੀਤਾ ਜਾ ਰਿਹਾ ਹੈ। ਉਹ ਵਿਅਕਤੀ ਖੁਦ ਆ ਕੇ ਇੱਥੇ ਸਦਨ ਅੰਦਰ ਮੁਆਫੀ ਮੰਗਣ। ਇਹ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਦਾ ਮਤਲਬ ਇਹ ਨਹੀਂ ਹੈ ਕਿ ਸੂਰਮੇ ਗਰੀਬ ਘਰਾਂ ਵਿੱਚ ਜੰਮ ਨਹੀਂ ਸਕਦੇ। ਇਹ ਬਹੁਤ ਵੱਡਾ ਅਪਮਾਨ ਹੈ।

---

## SHORT ADJOURNMENT OF THE HOUSE

**ਮਾਣਯੋਗ ਸਪੀਕਰ :** ਸਦਨ ਅੱਧੇ ਘੰਟੇ ਲਈ ਸਥੱਗਿਤ ਕੀਤਾ ਜਾਂਦਾ ਹੈ।

*11.10 ਵਜੇ ਪੂਰਵ ਦੁਪਹਿਰ ।) (ਇਸ *ਸਮੇਂ ਸਦਨ 11.40 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੋ ਗਿਆ।)

---

*****11.40 ਵਜੇ ਪੂਰਵ ਦੁਪਹਿਰ।) (ਇਸ *ਸਮੇਂ ਸਦਨ ਮੁੜ ਇਕੱਤਰ ਹੋਇਆ।)

---

## MATTERS RAISED DURING ZERO HOUR AND STATEMENTS MADE BY THE MINISTERS THEREON *(Resumption)*

**ਮਾਣਯੋਗ ਸਪੀਕਰ:** ਹਾਂ ਜੀ, ਚੀਮਾ ਜੀ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਸਪੀਕਰ ਸਾਹਿਬ, ਦੇਖੋ, ਅੱਜ ਜੋ ਵੀ ਅਪਸ਼ਬਦਾਂ ਦਾ ਪ੍ਰਯੋਗ ਸਾਡੇ ਹਾਊਸ ਦੇ ਮੈਂਬਰ ਸਾਹਿਬਾਨ ਵੱਲੋਂ ਕੀਤਾ ਗਿਆ ਹੈ, ਉਸ ਦੀ ਜਿੰਨੀ ਨਿੰਦਾ ਕੀਤੀ ਜਾਵੇ, ਉਨੀ ਥੋੜ੍ਹੀ ਹੈ ਕਿਉਂਕਿ ਉਸ ਵਿਅਕਤੀ ਨੂੰ ਵੀ ਜਨਮ ਦੇਣ ਵਾਲੀ ਉਸ ਦੀ ਮਾਂ ਸੀ, ਉਹ ਵੀ ਔਰਤ ਸੀ। ਉਸ ਦੇ ਵੀ ਬੇਟੀਆਂ ਹਨ ਲੇਕਿਨ ਅੱਜ ਉਸ ਵਿਅਕਤੀ ਨੇ ਅਪਮਾਨ ਕਰਕੇ ਇਹ ਸਿੱਧ ਕੀਤਾ ਹੈ ਕਿ ਜਿਹੜੀ ਕਾਂਗਰਸ ਪਾਰਟੀ ਹੈ, ਉਹ ਔਰਤਾਂ ਦਾ ਅਪਮਾਨ ਕਰਦੀ ਹੈ। ਮੈਂ ਪਿਛਲੇ ਚਾਰ-ਪੰਜ ਦਿਨਾਂ ਤੋਂ ਦੇਖ ਰਿਹਾ ਹਾਂ ਕਿ ਇਨ੍ਹਾਂ ਤੋਂ ਬਿਲਕੁਲ ਸਹਿਣ ਨਹੀਂ ਹੋ ਰਿਹਾ ਹੈ। ਇਨ੍ਹਾਂ ਤੋਂ ਬਿਲਕੁਲ ਬਰਦਾਸ਼ਤ ਨਹੀਂ ਹੋ ਰਿਹਾ ਹੈ ਕਿ ਕਿਸ ਤਰ੍ਹਾਂ ਆਮ ਆਦਮੀ ਪਾਰਟੀ ਨੇ ਪੰਜ ਗਾਰੰਟੀਆਂ ਚਾਰ ਸਾਲ ਵਿੱਚ ਹੀ ਪੂਰੀਆਂ ਕਰ ਦਿੱਤੀਆਂ ਹਨ। ਕੱਲ੍ਹ ਮੈਂ ਦੇਖ ਰਿਹਾ ਸੀ ਕਿ ਸਾਡੀ ਭੈਣ ਡਾਕਟਰ ਬਲਜੀਤ ਕੌਰ ਭਾਵੁਕ ਸ਼ਬਦਾਂ ਨਾਲ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰ ਰਹੀ ਸੀ। ਉਨ੍ਹਾਂ ਨੇ ਧੰਨਵਾਦ ਕਰਦਿਆਂ ਕਿਹਾ ਕਿ ਤੁਸੀਂ ਇੱਕ ਅਬਲਾ ਔਰਤ ਦੀ ਗੱਲ ਸੁਣੀ ਹੈ, ਜਿਹੜੀ ਕਿਤੇ ਨਾ ਕਿਤੇ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਹੋ ਜਾਂਦੀ ਸੀ। ਉਹ ਅਬਲਾ ਔਰਤ ਕਦੇ ਸਮਾਜਿਕ ਤੌਰ ਤੇ ਅਤੇ ਕਦੇ ਆਰਥਿਕ ਤੌਰ ਤੇ ਸ਼ਿਕਾਰ ਹੋ ਜਾਂਦੀ ਸੀ। ਉਸ ਨੂੰ ਕਦੇ ਆਪਣੇ ਪਿਤਾ ਵੱਲ ਅਤੇ ਕਦੇ ਆਪਣੇ ਭਰਾ ਵੱਲ ਹੱਥ ਕਰਨਾ ਪੈਂਦਾ ਸੀ। ਜੇਕਰ ਅੱਜ ਉਸ ਅਬਲਾ ਔਰਤ ਦਾ ਕੋਈ ਭਰਾ ਬਣ ਕੇ ਖੜ੍ਹਾ ਹੋਇਆ ਹੈ ਤਾਂ ਉਹ ਸਰਦਾਰ ਭਗਵੰਤ ਸਿੰਘ ਮਾਨ ਹੈ। ਸੋ, ਇਹ ਜੋ ਵੀ ਕੁਝ ਬੋਲਿਆ ਗਿਆ ਹੈ, ਮੈਂ ਸਮਝਦਾ ਹਾਂ ਕਿ ਇਸ ਦੀ ਜਿੰਨੀ ਨਿੰਦਾ ਕੀਤੀ ਜਾਵੇ, ਉਨੀ ਥੋੜ੍ਹੀ ਹੈ। ਲਗਾਤਾਰ ਅਪਮਾਨਿਤ ਸ਼ਬਦਾਂ ਦਾ ਪ੍ਰਯੋਗ ਕਰਨਾ ਕਾਂਗਰਸ ਪਾਰਟੀ ਦਾ ਕਲਚਰ ਬਣ ਗਿਆ ਹੈ ਕਿਉਂਕਿ ਸੱਤਾ ਤੋਂ ਬਾਹਰ ਰਹਿਣਾ ਇਨ੍ਹਾਂ ਦੇ ਹਜ਼ਮ ਨਹੀਂ ਹੋ ਰਿਹਾ ਹੈ। ਇਸ ਕਰਕੇ ਕਦੇ ਕਿਸੇ ਲਈ ਅਤੇ ਕਦੇ ਕਿਸੇ ਲਈ ਅਪਮਾਨਿਤ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਅੱਜ ਤਾਂ ਹੱਦ ਹੀ ਹੋ ਗਈ ਹੈ। ਸਪੀਕਰ ਸਾਹਿਬ, ਅੱਜ ਤੋਂ ਦੋ ਦਿਨ ਪਹਿਲਾਂ ਅੰਤਰਰਾਸ਼ਟਰੀ ਮਹਿਲਾ ਦਿਵਸ ਪੂਰੀ ਦੁਨੀਆ ਵਿੱਚ ਮਨਾਇਆ ਗਿਆ ਹੈ। ਇਸ ਦਿਨ ਕਾਲਜਾਂ, ਸਕੂਲਾਂ ਆਦਿ ਪੂਰੀ ਦੁਨੀਆ ਵਿੱਚ ਧੀਆਂ, ਭੈਣਾਂ ਅਤੇ ਮਾਵਾਂ ਵੱਲੋਂ ਜਸ਼ਨ ਮਨਾਇਆ ਗਿਆ ਹੈ। ਜਿਸ ਦਿਨ ਮਹਿਲਾਵਾਂ ਨੂੰ ਸਮਰਪਿਤ ਬਜਟ ਪੇਸ਼ ਕੀਤਾ ਗਿਆ, ਇਹ ਵਿਧਾਨ ਸਭਾ ਮਹਿਲਾਵਾਂ ਨੂੰ ਸਮਰਪਿਤ ਹੋਈ ਔਰ ਉਸੇ ਦਿਨ ਅਜਿਹੀਆਂ ਪੋਸਟਾਂ ਪਾਈਆਂ ਗਈਆਂ । ਸੋ, ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਸ ਨੂੰ ਜਿੰਨਾ ਕੰਡੈਮ ਕੀਤਾ ਜਾਵੇ, ਉੱਨਾ ਥੋੜ੍ਹਾ ਹੈ। ਬਹੁਤ-ਬਹੁਤ ਧੰਨਵਾਦ ਜੀ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ ਅਤੇ ਲੀਡਰ ਆਫ ਦਿ ਆਪੋਜ਼ੀਸ਼ਨ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਮੰਗ ਰਹੇ ਸਨ।)

**ਮਾਣਯੋਗ ਸਪੀਕਰ:** ਲੀਡਰ ਆਫ ਦਿ ਆਪੋਜ਼ੀਸ਼ਨ ਖੜ੍ਹੇ ਹਨ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ:** ਸਰ, ਮੈਂ ਪਹਿਲਾਂ ਬੋਲਣਾ ਹੈ। ਮੈਂ ਮਤਾ ਪੇਸ਼ ਕਰਨਾ ਹੈ। ਇਹ ਬਾਅਦ ਵਿੱਚ ਬੋਲ ਲੈਣਗੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਮੈਡਮ, ਮੇਰੀ ਬੇਨਤੀ ਹੈ। ਪਲੀਜ਼, ਇੱਕ ਮਿੰਟ ਜੀ। ਸਪੀਕਰ ਸਾਹਿਬ ਨੇ ਮੈਨੂੰ ਟਾਈਮ ਦੇ ਦਿੱਤਾ ਹੈ।

**ਮਾਣਯੋਗ ਸਪੀਕਰ:** ਮਾਣੂੰਕੇ ਜੀ, ਤੁਸੀਂ ਬੈਠੋ। ਤੁਸੀਂ ਬਾਅਦ ਵਿੱਚ ਬੋਲ ਲੈਣਾ। ਹਾਂ ਜੀ, ਬਾਜਵਾ ਸਾਹਿਬ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ):** ਸਪੀਕਰ ਸਾਹਿਬ, ਪਹਿਲਾਂ ਤਾਂ ਮੈਂਬਰ ਸਾਹਿਬ ਦੇ ਇੱਥੇ ਨਾ ਹੋਣ ਦੇ ਬਾਵਜੂਦ, ਨਾ ਟਵੀਟ ਪੜ੍ਹਨ ਦੇ ਬਾਵਜੂਦ ਅਸੀਂ ਆਪਣੀ ਪਾਰਟੀ ਵੱਲੋਂ ਖੇਦ ਪ੍ਰਗਟ ਕੀਤਾ ਹੈ we have already said sorry. We don't agree with this. ਮੇਰੀ ਹੁਣ ਸੀ.ਐਲ.ਪੀ. ਆਫਿਸ ਤੋਂ ਜਾ ਕੇ ਸਰਦਾਰ ਸੁਖਪਾਲ ਸਿੰਘ ਖਹਿਰਾ ਜੀ ਨਾਲ ਗੱਲ ਹੋਈ ਹੈ, He is out of town. ਉਹ ਸਮਾਣਾ ਵਿਖੇ ਕਿਸੇ ਫੰਕਸ਼ਨ ਤੇ ਜਾ ਰਹੇ ਹਨ। ਉਨ੍ਹਾਂ ਨੇ ਬਕਾਇਦਾ ਇਹ ਗੱਲ ਕਹੀ ਹੈ ਕਿ ਸਪੀਕਰ ਸਾਹਿਬ ਨੂੰ ਮੇਰੇ ਵੱਲੋਂ ਯਕੀਨ ਦਿਵਾਓ। ਮੈਂ ਕੱਲ੍ਹ ਆਵਾਗਾਂ। ਉਨ੍ਹਾਂ ਨੇ ਕਿਹਾ ਹੈ ਕਿ ਮੈਂ ਇਸ ਤਰ੍ਹਾਂ ਦੀ ਕੋਈ ਸ਼ਬਦਾਵਲੀ ਯੂਜ਼ ਨਹੀਂ ਕੀਤੀ ਹੈ। ਇੱਕ You Tuber ਨੇ ਇਹ ਗੱਲ ਕੀਤੀ ਸੀ, ਜਿਸ ਨੂੰ ਮੈਂ ਕੋਟ ਕੀਤਾ ਹੈ ਪਰ ਕੱਲ੍ਹ ਉਹ ਤੁਹਾਡੇ ਕੋਲ ਖੁਦ ਪੇਸ਼ ਹੋਣਗੇ। ਉਹ ਆਪਣੀ ਕਲੈਰੀਫਿਕੇਸ਼ਨ ਦੇਣਗੇ, ਉਸ ਤੋਂ ਬਾਅਦ ਜੋ ਤੁਸੀਂ ਠੀਕ ਸਮਝੋ।

**ਮਾਣਯੋਗ ਸਪੀਕਰ:** ਠੀਕ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਤੁਸੀਂ ਆਪਣਾ ਫੈਸਲਾ ਸੁਣਾ ਸਕਦੇ ਹੋ। ਮੈਂ ਇੱਕ ਗੱਲ ਹੋਰ ਕਹਿਣੀ ਚਾਹਾਂਗਾ ਕਿ ਅਸੀਂ ਵੀ YouTuber ਦੀ ਗੱਲ ਸੁਣੀ ਹੈ। ਸਰ, YouTuber ਅਤੇ ਖਹਿਰਾ ਸਾਹਿਬ ਨੇ ਕਿਸੇ ਬਰਾਦਰੀ ਦਾ ਜ਼ਿਕਰ ਨਹੀਂ ਕੀਤਾ ਹੈ। ਸੋ, ਇਸ ਗੱਲ ਕਰਕੇ ਮੈਂ ਵਿੱਤ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਤਾਂ ਗੁਰੂਆਂ-ਪੀਰਾਂ ਅਤੇ ਫਕੀਰਾਂ ਦੀ ਧਰਤੀ ਹੈ। ਸਾਨੂੰ ਮਹਾਰਾਜ ਸਾਹਿਬ ਵੀ ਕਹਿ ਕੇ ਗਏ ਹਨ:

ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ॥

Punjabis don't believe in this kind of system. Kindly ਇਸ ਨੂੰ ਆਪਾਂ ਤੋੜ-ਮਰੋੜ ਕੇ ਪੇਸ਼ ਨਾ ਕਰੀਏ। ਇਸ ਨੂੰ ਤੂਲ ਨਾ ਦੇਈਏ। ਸੋ, ਕੱਲ੍ਹ ਨੂੰ ਉਹ ਖੁਦ ਆਉਣਗੇ, ਉਹ ਖੁਦ ਆਪਣਾ ਕਲੈਰੀਫਿਕੇਸ਼ਨ ਦੇਣਗੇ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਤੋਂ ਕਈ ਮੈਂਬਰ ਉੱਚੀ ਉੱਚੀ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ:** ਚੀਮਾ ਜੀ, ਕੁਝ ਕਹਿਣਾ ਚਾਹੁੰਦੇ ਹਨ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਵੱਲੋਂ ਮਹਿਲਾਵਾਂ ਵਿਰੁੱਧ ਵਰਤੀ ਗਈ ਸ਼ਬਦਾਵਲੀ ਦੇ ਰੋਸ ਵਜੋਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀਮਤੀ ਇੰਦਰਜੀਤ ਕੌਰ ਮਾਨ, ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਸ਼੍ਰੀਮਤੀ ਜੀਵਨਜੋਤ ਕੌਰ ਅਤੇ ਡਾਕਟਰ ਅਮਨਦੀਪ ਕੌਰ ਅਰੋੜਾ ਆਪਣੀਆਂ ਸੀਟਾਂ ਤੋਂ ਉਠ ਕੇ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਵਿੱਤ ਮੰਤਰੀ:** ਮੈਂ ਬਾਜਵਾ ਸਾਹਿਬ, ਤੁਹਾਨੂੰ ਉਸ ਸਮੇਂ ਵੀ ਕਿਹਾ ਸੀ ਕਿ ਸਰਦਾਰ ਸੁਖਪਾਲ ਸਿੰਘ ਖਹਿਰਾ ਦਾ ਜਿਹੜਾ ਟਵਿਟਰ ਅਕਾਊਂਟ ਹੈ, ਤੁਸੀਂ ਉਹ ਖੋਲ੍ਹ ਕੇ ਦੇਖ ਲਓ। (ਵਿਘਨ, ਸ਼ੋਰ) ਮੈਂ ਤੁਹਾਨੂੰ ਦੁਬਾਰਾ ਪੜ੍ਹ ਦਿੰਦਾ ਹਾਂ। ਇਹ ਤਾਂ YouTuber ਦੇ ਵਰਡ ਨਹੀਂ ਹਨ। ਇਹ ਤਾਂ ਉਨ੍ਹਾਂ ਨੇ ਆਪ ਲਿਖੇ ਹੋਣਗੇ। ਉਨ੍ਹਾਂ ਨੇ ਲਿਖਿਆ ਹੈ ਕਿ "ਇੱਕ ਹਜ਼ਾਰ ਰੁਪਏ ਪਿੱਛੇ ਗਿੱਧਾ ਪਾਉਣ ਵਾਲੀਆਂ ਬੀਬੀਆਂ ਕਿੱਥੋਂ ਜੰਮ ਲੈਣਗੀਆਂ ਸੂਰਮੇ"। (ਵਿਘਨ, ਸ਼ੋਰ) ਇਹ ਗੱਲ ਤਾਂ ਉਨ੍ਹਾਂ ਨੇ ਆਪ ਲਿਖੀ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਇਹ ਤਾਂ ਮੈਂ ਨਹੀਂ ਲਿਖਿਆ। ਇਹ ਤਾਂ ਕਿਸੇ ਯੂ ਟਿਊਬਰ ਨੇ ਨਹੀਂ ਲਿਖਿਆ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀਮਤੀ ਇੰਦਰਜੀਤ ਕੌਰ ਮਾਨ, ਸ਼੍ਰੀਮਤੀ ਜੀਵਨਜੋਤ ਕੌਰ, ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ ਅਤੇ ਡਾਕਟਰ ਅਮਨਦੀਪ ਕੌਰ ਅਰੋੜਾ, ਸਰਦਾਰ ਸੁਖਪਾਲ ਸਿੰਘ ਖਹਿਰਾ ਵੱਲੋਂ ਔਰਤਾਂ ਦੇ ਅਪਮਾਨ ਸਬੰਧੀ ਕੀਤੇ ਗਏ ਟਵੀਟ ਦੀ ਨਿਖੇਧੀ ਕਰਦਿਆਂ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ਨਾਅਰੇ ਲਗਾਉਣ ਲੱਗ ਪਈਆਂ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

---

## CENSURE MOTION

**ਮਾਣਯੋਗ ਸਪੀਕਰ** : ਬੈਠੋ ਹੁਣ। ਆਪਾਂ ਹੁਣ ਇਸ ਤੋਂ ਅੱਗੇ ਚੱਲੀਏ। ਤੁਸੀਂ ਮਤਾ ਲੈ ਕੇ ਆਓ। ਮੈਂ ਅਲਾਓ ਕਰ ਰਿਹਾ ਹਾਂ। ਆਪਾਂ ਹੁਣ ਕਾਰਵਾਈ ਵੀ ਚਲਾਉਣੀ ਹੈ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ ਮਤਾ ਪੇਸ਼ ਕਰਨ ਲਈ ਆਪਣੀ ਸੀਟ ਤੇ ਚਲੇ ਗਏ।)

**ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦੀ ਹਾਂ -

ਕਿ ਮੌਜੂਦਾ ਵਿਧਾਨ ਸਭਾ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਵੱਲੋਂ ਸੋਸ਼ਲ ਮੀਡੀਆ ਤੇ ਪੋਸਟ ਪਾਈ ਗਈ ਹੈ ਕਿ ਇੱਕ ਹਜ਼ਾਰ ਰੁਪਏ ਪਿੱਛੇ ਗਿੱਧਾ ਪਾਉਣ ਵਾਲੀਆਂ ਬੀਬੀਆਂ ਕਿੱਥੋਂ ਜੰਮ ਲੈਣਗੀਆਂ ਸੂਰਮੇ? ਇਹ ਪੋਸਟ ਸਿੱਧੇ ਤੌਰ ਤੇ ਔਰਤਾਂ ਅਤੇ ਖਾਸ ਕਰਕੇ ਦਲਿਤ ਔਰਤਾਂ ਦਾ ਅਪਮਾਨ ਹੈ। ਇਸ ਤੋਂ ਇਲਾਵਾ ਇਹ ਫੈਸਲਾ ਇਸ ਪਵਿੱਤਰ ਸਦਨ ਵੱਲੋਂ ਲਿਆ ਗਿਆ ਹੈ ਕਿ ਇਹ ਇਸ ਪਵਿੱਤਰ ਸਦਨ ਦਾ ਵੀ ਅਪਮਾਨ ਹੈ।

ਇਸ ਕਰਕੇ ਇਹ ਸਦਨ ਸਰਦਾਰ ਸੁਖਪਾਲ ਸਿੰਘ ਖਹਿਰਾ ਵੱਲੋਂ ਔਰਤਾਂ ਅਤੇ ਖਾਸ ਕਰਕੇ ਦਲਿਤ ਔਰਤਾਂ ਅਤੇ ਇਸ ਪਵਿੱਤਰ ਸਦਨ ਦੇ ਕੀਤੇ ਗਏ ਅਪਮਾਨ ਦੀ ਘੋਰ ਨਿੰਦਾ ਕਰਦਾ ਹੈ।

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਮੌਜੂਦਾ ਵਿਧਾਨ ਸਭਾ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਵੱਲੋਂ ਸੋਸ਼ਲ ਮੀਡੀਆ ਤੇ ਪੋਸਟ ਪਾਈ ਗਈ ਹੈ ਕਿ ਇੱਕ ਹਜਾਰ ਰੁਪਏ ਪਿੱਛੇ ਗਿੱਧਾ ਪਾਉਣ ਵਾਲੀਆਂ ਬੀਬੀਆਂ ਕਿੱਥੋਂ ਜੰਮ ਲੈਣਗੀਆਂ ਸੂਰਮੇ? ਇਹ ਪੋਸਟ ਸਿੱਧੇ ਤੌਰ ਤੇ ਔਰਤਾਂ ਅਤੇ ਖਾਸ ਕਰਕੇ ਦਲਿਤ ਔਰਤਾਂ ਦਾ ਅਪਮਾਨ ਹੈ। ਇਸ ਤੋਂ ਇਲਾਵਾ ਇਹ ਫੈਸਲਾ ਇਸ ਪਵਿੱਤਰ ਸਦਨ ਵੱਲੋਂ ਲਿਆ ਗਿਆ ਹੈ ਕਿ ਇਹ ਇਸ ਪਵਿੱਤਰ ਸਦਨ ਦਾ ਵੀ ਅਪਮਾਨ ਹੈ।

ਇਸ ਕਰਕੇ ਇਹ ਸਦਨ ਸਰਦਾਰ ਸੁਖਪਾਲ ਸਿੰਘ ਖਹਿਰਾ ਵੱਲੋਂ ਔਰਤਾਂ ਅਤੇ ਖਾਸ ਕਰਕੇ ਦਲਿਤ ਔਰਤਾਂ ਅਤੇ ਇਸ ਪਵਿੱਤਰ ਸਦਨ ਦੇ ਕੀਤੇ ਗਏ ਅਪਮਾਨ ਦੀ ਘੋਰ ਨਿੰਦਾ ਕਰਦਾ ਹੈ।

ਹਾਂ ਜੀ, ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ ਜੀ।

**ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਜਗਰਾਉਂ, ਐਸ.ਸੀ.) :** ਸਪੀਕਰ ਸਾਹਿਬ, ਅੱਜ ਪਹਿਲੀ ਵਾਰ ਪਤਾ ਲੱਗਾ ਹੈ ਕਿ ਇਹ ਤਾਂ ਕਿਸੇ ਧਰਮ ਦੇ ਹੀ ਨਹੀਂ ਹਨ। ਗੁਰੂ ਸਾਹਿਬ ਨੇ ਸਾਨੂੰ ਕਿਹਾ ਹੈ:-

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

ਇਨ੍ਹਾਂ ਨੇ ਤਾਂ ਅੱਜ ਗੁਰੂ ਸਾਹਿਬ ਨੂੰ ਵੀ ਝੁਠਲਾ ਦਿੱਤਾ ਹੈ। ਦੂਸਰੀ ਗੱਲ, ਪੰਜਾਬ ਦੀ ਧਰਤੀ ਨੇ ਹਮੇਸ਼ਾ ਮਹਾਨ ਸੂਰਮੇ ਅਤੇ ਸ਼ਹੀਦਾਂ ਨੂੰ ਜਨਮ ਦਿੱਤਾ ਹੈ। ਉਨ੍ਹਾਂ ਦੇ ਪਿੱਛੇ ਮਾਵਾਂ ਦੀ ਹਿੰਮਤ, ਤਿਆਗ ਅਤੇ ਸੰਸਕਾਰ ਹੁੰਦੇ ਹਨ ਨਾ ਕਿ ਪੈਸਿਆਂ ਨਾਲ ਕਿਸੇ ਦੀ ਕੁਖ ਦੀ ਮਹਾਨਤਾ ਮਾਪੀ ਜਾ ਸਕਦੀ ਹੈ। ਇਹ ਸਦਨ ਇਸ ਤਰ੍ਹਾਂ ਦੇ ਅਪਮਾਨਜਨਕ ਬਿਆਨਾਂ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਾ ਹੈ ਅਤੇ ਮੰਗ ਕਰਦਾ ਹੈ ਕਿ ਜਿੱਥੇ ਸੁਖਪਾਲ ਸਿੰਘ ਖਹਿਰਾ ਜਨਤਕ ਤੌਰ ਤੇ ਮੁਆਫੀ ਮੰਗੇ, ਉੱਥੇ ਸਦਨ ਦੇ ਵਿੱਚ ਆ ਕੇ ਵੀ ਮਾਫੀ ਮੰਗੇ। ਇਹ ਸਦਨ ਦੁਬਾਰਾ ਦ੍ਰਿੜ੍ਹਤਾ ਨਾਲ ਕਹਿੰਦਾ ਹੈ ਕਿ ਪੰਜਾਬ ਦੀ ਹਰ ਮਾਂ ਸਤਿਕਾਰ ਦੇ ਯੋਗ ਹੈ। ਕਿਸੇ ਵੀ ਮਰਿਆਦਾ ਨੂੰ ਠੇਸ ਪਹੁੰਚਾਉਣ ਦਾ ਕਿਸੇ ਨੂੰ ਵੀ ਹੱਕ ਨਹੀਂ ਹੈ। ਇਹ ਸਦਨ ਸੁਖਪਾਲ ਸਿੰਘ ਖਹਿਰਾ ਵੱਲੋਂ ਔਰਤਾਂ ਖਾਸ ਕਰਕੇ ਦਲਿਤ ਔਰਤਾਂ, ਸਾਡੀਆਂ ਮਾਵਾਂ, ਧੀਆਂ, ਭੈਣਾਂ ਲਈ ਬੋਲੇ ਅਪਮਾਨਜਨਕ ਸ਼ਬਦਾਂ ਦੀ ਨਿੰਦਾ ਕਰਦਾ ਹੈ ਅਤੇ ਪਵਿੱਤਰ ਸਦਨ ਦੇ ਕੀਤੇ ਗਏ ਅਪਮਾਨ ਦੀ ਘੋਰ ਨਿੰਦਾ ਕਰਦਾ ਹੈ। ਇਥੇ ਉਹ ਜਨਤਕ ਤੌਰ ਤੇ ਮੁਆਫੀ ਮੰਗਣਗੇ, ਉਨ੍ਹਾਂ ਨੂੰ ਉਦੋਂ ਤੱਕ ਸਦਨ ਵਿੱਚ ਬੈਠਣ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ ਜਦੋਂ ਤੱਕ ਉਹ ਇੱਥੇ ਸਦਨ ਵਿੱਚ ਮੁਆਫੀ ਨਹੀਂ ਮੰਗਦੇ ਕਿ ਮੇਰੇ ਤੋਂ ਇਹ ਗਲਤ ਹੋ ਗਿਆ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਮਾਣਯੋਗ ਸਪੀਕਰ ਸਾਹਿਬ, ਜਿੱਥੇ ਮੈਂ ਸਾਡੇ ਬਹੁਤ ਹੀ ਸਤਿਕਾਰਯੋਗ ਮੈਂਬਰ, ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ ਜੀ ਵੱਲੋਂ ਲਿਆਂਦੇ ਗਏ ਨਿੰਦਾ ਪ੍ਰਸਤਾਵ ਦੀ ਪ੍ਰੋੜ੍ਹਤਾ ਕਰਦਾ ਹਾਂ, ਉੱਥੇ ਹੀ ਇਹ ਬੇਨਤੀ ਕਰਦਾ ਹਾਂ ਕਿ ਚੁਣੇ ਹੋਏ ਨੁਮਾਇੰਦਿਆਂ ਨੂੰ ਆਪਣੀ ਭਾਸ਼ਾ ਦਾ ਪ੍ਰਯੋਗ ਸਹੀ ਸ਼ਬਦਾਂ ਵਿੱਚ ਕਰਨਾ ਚਾਹੀਦਾ ਹੈ। ਆਪਣੇ ਉੱਤੇ ਕੁਝ ਪਾਬੰਦੀਆਂ ਹਨ ਕਿਉਂਕਿ ਆਪਾਂ ਜਨਤਕ ਲਾਈਫ ਵਿੱਚ ਰਹਿੰਦੇ ਹਾਂ, ਲੋਕਾਂ ਵਿੱਚ ਰਹਿੰਦੇ ਹਾਂ। ਸਾਨੂੰ ਸ਼ਬਦਾਂ ਦਾ ਸਹੀ ਪ੍ਰਯੋਗ ਕਰਨਾ ਚਾਹੀਦਾ ਹੈ। ਸਾਨੂੰ ਦੇਸ਼ ਦੇ ਲੱਖਾਂ ਹੀ ਬੱਚੇ ਅਤੇ ਲੱਖਾਂ ਹੀ ਲੋਕ ਫਾਲੋ ਕਰਦੇ ਹਨ, ਉਹ ਲੋਕ ਸਾਨੂੰ ਆਪਣੀ ਮੱਤ ਦਾ ਪ੍ਰਯੋਗ ਕਰਕੇ ਇਸ ਵਿਧਾਨ ਸਭਾ ਵਿੱਚ ਭੇਜਦੇ ਹਨ। ਇਸ ਕਾਨੂੰਨ-ਘਾੜਨੀ ਵਿੱਚ ਭੇਜਦੇ ਹਨ ਕਿ ਤੁਸੀਂ ਜਾ ਕੇ ਸਾਡੇ ਬੱਚਿਆਂ ਲਈ ਅੱਛੇ ਕਾਨੂੰਨ ਬਣਾਓ, ਉਨ੍ਹਾਂ ਦੇ ਲਈ ਅੱਛੀ ਵਿੱਦਿਆ ਦਾ ਪ੍ਰਬੰਧ ਕਰੋ, ਅੱਛੀਆਂ ਸਿਹਤ ਸਹੂਲਤਾਂ ਲੈ ਕੇ ਆਓ ਅਤੇ ਰੋਜ਼ਗਾਰ ਦੇ ਪ੍ਰਬੰਧ ਕਰੋ। ਹਰੇਕ ਵੋਟਰ ਜਦੋਂ ਵੋਟ ਪਾਉਂਦਾ ਹੈ ਤਾਂ ਉਹ ਇਸ ਤਰ੍ਹਾਂ ਦੀ ਤਮੰਨਾ ਰੱਖਦਾ ਹੈ। ਉਸ ਦੇ ਮਨ ਵਿੱਚ ਹੁੰਦਾ ਹੈ ਕਿ ਮੈਂ ਜਿਹੜਾ ਵਿਧਾਇਕ ਜਿਤਾ ਰਿਹਾ ਹਾਂ ਜਾਂ ਮੈਂ ਜਿਸ ਪਾਰਟੀ ਨੂੰ ਜਿਤਾ ਰਿਹਾ ਹਾਂ, ਉਹ ਪਾਰਟੀ ਵਧੀਆ ਕੰਮ ਕਰੇਗੀ ਪਰ ਅਫਸੋਸ ਜੇਕਰ ਅਸੀਂ ਚਾਰ ਸਾਲਾਂ ਵਿੱਚ ਪੰਜ ਗਾਰੰਟੀਆਂ ਪੂਰੀਆਂ ਕਰ ਦਿੱਤੀਆਂ ਤਾਂ ਉਹ ਅੱਜ ਆਪੋਜ਼ੀਸ਼ਨ ਦੀ ਬਰਦਾਸ਼ਤ ਤੋਂ ਬਾਹਰ ਹੋ ਗਈਆਂ ਹਨ। ਇਹ ਸ਼ਬਦਾਂ ਦਾ ਪ੍ਰਯੋਗ ਤਾਂ ਸਹੀ ਕਰ ਲੈਣ। ਠੀਕ ਹੈ ਕਿ ਲੋਕਾਂ ਨੇ ਸਾਲ 2027 ਵਿੱਚ ਫੈਸਲਾ ਕਰਨਾ ਹੈ। ਫੈਸਲਾ ਅੱਜ ਜਾਂ ਕੱਲ੍ਹ ਵਿੱਚ ਨਹੀਂ ਹੋਣਾ। ਸਾਲ 2027 ਵਿੱਚ ਫੈਸਲਾ ਹੋਣਾ ਹੈ। ਤੁਸੀਂ ਆਪਣੀ ਗੱਲ ਰੱਖੋਗੇ ਅਤੇ ਅਸੀਂ ਆਪਣੀ ਗੱਲ ਰੱਖਾਂਗੇ। ਲੇਕਿਨ ਮੈਂ ਕਹਿੰਦਾ ਹਾਂ ਕਿ ਤੁਹਾਨੂੰ ਆਪਣੇ ਸ਼ਬਦਾਂ ਦਾ ਸਹੀ ਪ੍ਰਯੋਗ ਕਰਨਾ ਚਾਹੀਦਾ ਹੈ। ਮੈਂ ਇਨ੍ਹਾਂ ਨੂੰ ਨਿਮਰਤਾ ਸਹਿਤ ਬੇਨਤੀ ਕਰਦਾ ਹਾਂ ਕਿ ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਕੁਝ ਬੰਦਿਆਂ ਵਿੱਚ ਦਿਮਾਗੀ ਖਰਾਬੀ ਹੈ ਤਾਂ ਉਸ ਨੂੰ ਜ਼ਰੂਰ ਇਲਾਜ ਲਈ ਭੇਜ ਦਿਓ। ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦਾ

ਖਰਚਾ ਚੁੱਕਿਆ ਜਾਵੇਗਾ। ਉਨ੍ਹਾਂ ਨੂੰ ਆਪਣਾ ਇਲਾਜ ਕਰਵਾਉਣਾ ਚਾਹੀਦਾ ਹੈ। (ਥੰਪਿੰਗ) ਮੈਂ ਦੇਖਦਾ ਹਾਂ ਕਿ ਚੌਥੇ-ਪੰਜਵੇਂ ਦਿਨ ਤੁਹਾਡਾ ਕੋਈ ਨਾ ਕੋਈ ਲੀਡਰ ਅਜਿਹਾ ਬਿਆਨ ਦੇ ਜਾਂਦਾ ਹੈ। ਇਸੇ ਗੱਲ ਕਰਕੇ ਮੋਗਾ ਦੀ ਰੈਲੀ ਵਿੱਚ ਜਿੱਥੇ ਤੁਹਾਡੇ ਰਾਸ਼ਟਰੀ ਪ੍ਰਧਾਨ ਮਲਿਕਾਰਜੁਨ ਖੜਗੇ ਜੀ ਆਏ ਸੀ, ਸ੍ਰੀ ਰਾਹੁਲ ਗਾਂਧੀ ਜੀ ਨੇ ਕਿਹਾ ਸੀ ਕਿ ਜਾਂ ਤਾਂ ਤੁਸੀਂ ਬੰਦੇ ਬਣ ਜਾਓ, ਨਹੀਂ ਤਾਂ ਮੈਂ ਤੁਹਾਨੂੰ ਰਿਜ਼ਰਵ ਵਿੱਚ ਬਿਠਾ ਦੇਵਾਂਗਾ, ਉਨ੍ਹਾਂ ਨੇ ਇਹ ਵੱਡੀ ਗੱਲ ਕਹੀ ਸੀ। ਉਨ੍ਹਾਂ ਦਾ ਮਤਲਬ ਸੀ ਕਿ ਤੁਸੀਂ ਆਪਣਾ discipline ਕਾਇਮ ਕਰ ਲਵੋ।

ਇਹ ਗੱਲ ਇੰਨੇ ਵੱਡੇ ਬੈਂਚਾਂ ਤੋਂ ਕਹੀ ਗਈ ਹੈ। ਤੁਸੀਂ ਤਾਂ ਇੰਨੇ ਵੱਡੇ ਪਵਿੱਤਰ ਸਦਨ ਦੇ ਮੈਂਬਰ ਹੋ। ਚਲੋ, ਉਨ੍ਹਾਂ ਨੇ ਤਾਂ ਹੋਰ ਮੈਂਬਰਾਂ ਨੂੰ ਵੀ ਕਹੀ ਹੋਵੇਗੀ, ਜਿਹੜੇ ਇਸ ਪਵਿੱਤਰ ਸਦਨ ਦੇ ਮੈਂਬਰ ਨਹੀਂ ਹਨ ਜਾਂ ਬਾਹਰ ਕਿਸੇ ਹੋਰ ਸਦਨ ਦੇ ਮੈਂਬਰ ਹਨ, ਜਿਹੜੇ ਕਿ ਮੁੱਖ ਮੰਤਰੀ ਦੀ ਦੌੜ ਵਿੱਚ ਬੜੀ ਤੇਜ਼ੀ ਨਾਲ ਭੱਜੇ ਫਿਰਦੇ ਹਨ ਲੇਕਿਨ ਮੇਰੀ ਤੁਹਾਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਘੱਟੋ-ਘੱਟ ਮਰਿਆਦਾ ਦਾ ਖਿਆਲ ਰੱਖੋ। ਆਪਾਂ ਗੁਰੂਆਂ ਪੀਰਾਂ ਦੀ ਧਰਤੀ ਤੋਂ ਆਉਂਦੇ ਹਾਂ। ਇਸ ਧਰਤੀ ਨੇ ਲੱਖਾਂ ਹੀ ਸ਼ਹੀਦ ਪੈਦਾ ਕੀਤੇ ਹਨ, ਲੱਖਾਂ ਹੀ ਸੂਰਮੇ ਪੈਦਾ ਕੀਤੇ ਹਨ, ਉਹ ਵੀ ਸਾਡੀਆਂ ਮਾਵਾਂ-ਭੈਣਾਂ ਨੇ ਪੈਦਾ ਕੀਤੇ ਹਨ। ਸ਼ਹੀਦ-ਏ-ਆਜ਼ਮ, ਸਰਦਾਰ ਭਗਤ ਸਿੰਘ ਵੀ ਇੱਥੇ ਹੀ ਪੈਦਾ ਹੋਏ ਹਨ, ਸ਼ਹੀਦ ਊਧਮ ਸਿੰਘ ਸੁਨਾਮ ਨੇ ਆਪਣੇ ਸੀਨੇ ਵਿੱਚ 22 ਸਾਲ ਅੱਗ ਬਾਲ ਕੇ ਰੱਖੀ, ਉਹ ਸੂਰਮਾ ਵੀ ਇੱਕ ਮਾਂ ਨੇ ਹੀ ਪੈਦਾ ਕੀਤਾ ਸੀ। ਸੋ, ਮੇਰੀ ਤੁਹਾਨੂੰ ਗੁਜ਼ਾਰਿਸ਼ ਹੈ ਕਿ ਕਿਰਪਾ ਕਰਕੇ ਆਪਣੇ ਸ਼ਬਦਾਂ ਦਾ ਪ੍ਰਯੋਗ ਠੀਕ ਢੰਗ ਨਾਲ ਕਰਿਆ ਕਰੋ। ਇਸ ਤਰ੍ਹਾਂ ਸਦਨ ਦਾ ਕਿੰਨਾ ਸਮਾਂ ਅਜਾਈਂ ਚਲਾ ਗਿਆ ਹੈ, ਮੈਂ ਸਮਝਦਾ ਹਾਂ ਕਿ ਇਹ ਕਾਂਗਰਸ ਪਾਰਟੀ ਕਰਕੇ ਚਲਿਆ ਗਿਆ ਹੈ। ਨਹੀਂ ਤਾਂ ਇਹੀ ਸਮਾਂ ਕਿਸੇ ਅੱਛੇ ਕੰਮ ਵਿੱਚ ਲਗਾਉਂਦੇ। ਤੁਹਾਡੇ ਕੋਈ ਸਵਾਲ ਹੁੰਦੇ, ਅਸੀਂ ਉਨ੍ਹਾਂ ਦਾ ਕੋਈ ਜਵਾਬ ਦਿੰਦੇ। ਤੁਹਾਡੇ ਕੋਈ ਅੱਛੇ ਸੁਝਾਅ ਲੈਂਦੇ ਅਤੇ ਉਨ੍ਹਾਂ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰਦੇ। ਸੋ, ਮੈਂ ਸਮਝਦਾ ਹਾਂ ਕਿ ਇਹ ਨਿੰਦਾ ਪ੍ਰਸਤਾਵ ਪਾਸ ਹੋਣਾ ਚਾਹੀਦਾ ਹੈ। ਧੰਨਵਾਦ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਅਤੇ ਸਰਦਾਰ ਪਰਗਟ ਸਿੰਘ ਪੋਆਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ :** ਹਾਂ ਜੀ, ਸਰਦਾਰ ਪਰਗਟ ਸਿੰਘ ਜੀ। ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਸਾਹਿਬ ਪਹਿਲਾਂ ਬੋਲਣਗੇ।

**ਵਿੱਤ ਮੰਤਰੀ:** ਸਰ, ਇੱਕ ਮਿੰਟ ਮੈਨੂੰ ਦੇ ਦਿਓ।

**ਮਾਣਯੋਗ ਸਪੀਕਰ :** ਹਾਂ ਜੀ, ਮੰਤਰੀ ਜੀ।

**ਵਿੱਤ ਮੰਤਰੀ :** ਜਿੰਨੇ ਵੀ ਬੁਲਾਰੇ ਇਸ ਮਤੇ ਤੇ ਬੋਲਣਾ ਚਾਹੁੰਦੇ ਹਨ, ਬੋਲਣ ਤੋਂ ਪਹਿਲਾਂ ਇਹ ਗੱਲ ਕਹਿਣ ਕਿ ਵਾਕਿਆ ਹੀ ਜੇਕਰ ਉਨ੍ਹਾਂ ਦੀ (ਸਰਦਾਰ ਸੁਖਪਾਲ ਸਿੰਘ ਖਹਿਰਾ) ਪੋਸਟ ਸਹੀ ਹੋਈ ਤਾਂ ਤੁਸੀਂ ਵੀ ਬਾਅਦ ਵਿੱਚ ਮੁਆਫੀ ਮੰਗੋਗੇ ਜਾਂ ਨਹੀਂ? ਜਿਵੇਂ ਇਹ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਸੁਣੇ ਤੋਂ ਬਿਨਾਂ ਹੀ ਇਵੇਂ ਕਹਿ ਰਹੇ ਹਨ। (ਵਿਘਨ, ਸ਼ੋਰ) ਵੇਖੋ, ਇਹ ਸਾਰੇ ਉਸੇ ਤਰ੍ਹਾਂ ਖੜ੍ਹੇ ਹੋ ਰਹੇ ਹਨ ਕਿ ਜੋ ਕੁਝ ਸੁਖਪਾਲ ਖਹਿਰਾ ਬੋਲਿਆ ਹੈ, ਠੀਕ ਬੋਲਿਆ ਹੈ। ਜੇਕਰ ਗਲਤੀ ਹੋ ਗਈ ਤਾਂ ਇਨ੍ਹਾਂ ਨੂੰ ਬਿਨਾਂ ਸ਼ਰਤ ਮੁਆਫੀ ਮੰਗਣ ਤੋਂ ਕੀ ਝਿਜਕ ਹੈ? ਜੇਕਰ ਸਾਡੇ ਤੋਂ ਗਲਤੀ ਹੋ ਜਾਵੇ ਤਾਂ ਅਸੀਂ ਮੁਆਫੀ ਮੰਗ ਲੈਂਦੇ ਹਾਂ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ (ਫਤਿਹਗੜ੍ਹ ਚੂੜੀਆਂ) :** ਮੁਆਫੀ ਪਹਿਲਾਂ ਹੀ ਮੰਗ ਲੈਂਦੇ ਹਾਂ, ਪਹਿਲਾਂ ਗੱਲ ਤਾਂ ਕਰ ਲੈਣ ਦਿਓ। ਸਪੀਕਰ ਸਾਹਿਬ, ਜਿਸ ਤੇ ਇਲਜ਼ਾਮ ਲੱਗ ਰਹੇ ਹਨ, ਜਿਸ ਖਿਲਾਫ ਨਿੰਦਾ ਪ੍ਰਸਤਾਵ ਆ

ਰਿਹਾ ਹੈ, ਉਸ ਨੂੰ ਆਪਣੀ ਗੱਲ ਦੱਸਣ ਦਾ ਮੌਕਾ ਦੇਣਾ ਚਾਹੀਦਾ ਹੈ। ਉਸ ਦੀ ਗੱਲ ਸੁਣ ਕੇ ਜੋ ਮਰਜ਼ੀ ਪਾਸ ਕਰੋ। ਦੂਜਾ ਪੱਖ ਵੀ ਸੁਣਨਾ ਚਾਹੀਦਾ ਹੈ, ਹਾਈ ਕੋਰਟ ਸੁਣਦਾ ਹੈ, ਸੁਪਰੀਮ ਕੋਰਟ ਸੁਣਦਾ ਹੈ, ਸੈਸ਼ਨ ਜੱਜ ਸੁਣਦਾ ਹੈ। ਉਹ ਕੱਲ੍ਹ ਨੂੰ ਸੈਸ਼ਨ ਵਿੱਚ ਆ ਰਹੇ ਹਨ, ਤੁਸੀਂ ਉਸ ਦਾ ਪੱਖ ਸੁਣੋ, ਫਿਰ ਜੋ ਮਰਜ਼ੀ ਕਰੋ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ੍ਰੀਮਤੀ ਇੰਦਰਜੀਤ ਕੌਰ ਮਾਨ, ਡਾਕਟਰ ਅਮਨਦੀਪ ਕੌਰ ਅਰੋੜਾ, ਸ੍ਰੀਮਤੀ ਜੀਵਨਜੋਤ ਕੌਰ ਅਤੇ ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

**ਮਾਣਯੋਗ ਸਪੀਕਰ :** ਠੀਕ ਹੈ ਜੀ, ਤੁਹਾਡੀ ਗੱਲ ਆ ਗਈ। ਹਾਂ ਜੀ, ਬੀਬੀ ਇੰਦਰਜੀਤ ਕੌਰ ਮਾਨ।

**ਸ੍ਰੀਮਤੀ ਇੰਦਰਜੀਤ ਕੌਰ ਮਾਨ (ਨਕੋਦਰ) :** ਸਪੀਕਰ ਸਾਹਿਬ, ਜਿਹੜੀ ਅੱਜ ਦੀ ਇਹ ਘਿਨੌਣੀ ਕਾਰਵਾਈ ਹੋਈ ਹੈ, ਜਿਵੇਂ ਸੋਚ-ਸਮਝ ਕੇ ਫੇਸਬੁੱਕ ਦੇ ਉੱਪਰ ਲਾਈਨਾਂ ਲਿਖੀਆਂ ਗਈਆਂ ਹਨ ਕਿ 'ਹਜ਼ਾਰ ਰੁਪਏ ਪ੍ਰਾਪਤ ਕਰਕੇ ਨੱਚਣ ਵਾਲੀਆਂ, ਗਿੱਧਾ ਪਾਉਣ ਵਾਲੀਆਂ ਔਰਤਾਂ ਸੂਰਮੇ ਕਿੱਥੋਂ ਜੰਮਣਗੀਆਂ' ਕੀ ਇਸ ਤੋਂ ਬਾਅਦ ਸਫਾਈ ਦੀ ਕੋਈ ਗੁੰਜਾਇਸ਼ ਬਚਦੀ ਹੈ? ਕੀ ਅਸੀਂ ਉਸ ਨੂੰ ਮੌਕਾ ਦੇਈਏ ਕਿ ਉਹ ਆਪਣੀ ਗੱਲ ਨੂੰ ਤਰੋੜ-ਮਰੋੜ ਕੇ ਇੱਥੇ ਰੱਖੇ। ਅਜੇ ਪੰਜ ਮਿੰਟ ਪਹਿਲਾਂ ਬਾਜਵਾ ਸਾਹਿਬ ਆਪਣੇ ਪ੍ਰਧਾਨ ਦੀ ਪਿੱਠ ਠੋਕ ਕੇ ਹਟੇ ਹਨ ਕਿ ਉਸ ਨੇ ਮਰਹੂਮ ਸਰਦਾਰ ਬੂਟਾ ਸਿੰਘ ਦੇ ਖਿਲਾਫ ਆਹ ਨਹੀਂ ਸੀ ਬੋਲਿਆ, ਇਵੇਂ ਬੋਲਿਆ ਸੀ। ਇਹ ਹਾਲੇ ਵੀ ਉਸ ਦੀ ਪਿੱਠ ਦੇ ਪਿੱਛੇ ਖੜ੍ਹੇ ਹਨ। (ਵਿਘਨ, ਸ਼ੋਰ) ਉਹ ਕੀ ਸਫਾਈ ਦੇਣਾ ਚਾਹੇਗਾ ਤੇ ਕੀ ਸਫਾਈ ਦੇਵੇਗਾ? ਸਾਨੂੰ ਉਸ ਦੀ ਸਫਾਈ ਦੀ ਜ਼ਰੂਰਤ ਨਹੀਂ ਹੈ, ਉਸ ਦੀ ਜਿਹੜੀ ਸਟੇਟਮੈਂਟ ਹੈ, ਉਹ ਬਿਲਕੁਲ ਕਲੀਅਰ ਕੱਟ ਹੈ। ਉਸ ਦੀ ਕੋਈ ਸਫਾਈ ਨਹੀਂ ਹੋਵੇਗੀ। (ਵਿਘਨ, ਸ਼ੋਰ) ਆਨ ਰਿਕਾਰਡ ਚੀਜ਼ ਦੀ ਸਾਨੂੰ ਸਫਾਈ ਕਾਹਦੇ ਲਈ ਚਾਹੀਦੀ ਹੈ, ਮੈਨੂੰ ਦੱਸੋ ਕਿ ਕਿਉਂ ਸਫਾਈ ਚਾਹੀਦੀ ਹੈ? ਕੀ ਉਹ ਸ਼ਬਦ ਕਿਸੇ ਹੋਰ ਨੇ ਲਿਖੇ ਹਨ? ਸਪੀਕਰ ਸਾਹਿਬ, ਇਹ ਸਾਡੀ ਕੁੱਖ ਦੇ ਉੱਤੇ ਵਾਰ ਹੈ।

**ਮਾਣਯੋਗ ਸਪੀਕਰ :** ਠੀਕ ਹੈ, ਤੁਹਾਡੀ ਗੱਲ ਆ ਗਈ ਹੈ। ਬੈਠੋ, ਬੈਠੋ, ਸ੍ਰੀਮਤੀ ਇੰਦਰਜੀਤ ਕੌਰ ਜੀ, ਬੈਠੋ, ਬੈਠੋ ਭੈਣ ਜੀ। ਹਾਂ ਜੀ, ਡਾਕਟਰ ਅਮਨਦੀਪ ਕੌਰ ਅਰੋੜਾ ਜੀ।

**ਡਾਕਟਰ ਅਮਨਦੀਪ ਕੌਰ ਅਰੋੜਾ (ਮੋਗਾ) :** ਸਪੀਕਰ ਸਾਹਿਬ, ਕਾਂਗਰਸ ਪਾਰਟੀ ਦੇ ਵਿਧਾਇਕ, ਸਰਦਾਰ ਸੁਖਪਾਲ ਸਿੰਘ ਖਹਿਰਾ ਨੇ ਪੰਜਾਬ ਦੀਆਂ ਮਾਵਾਂ, ਪੰਜਾਬ ਦੀਆਂ ਧੀਆਂ ਲਈ ਅੱਜ ਇਹੋ ਜਿਹੀ ਭੱਦੀ ਸ਼ਬਦਾਵਲੀ ਵਰਤੀ ਹੈ ਔਰ ਉਨ੍ਹਾਂ ਨੇ ਲਾਈਵ ਇੰਟਰਵਿਊ ਦੇ ਵਿੱਚ ਇਹ ਸ਼ਬਦਾਵਲੀ ਵਰਤੀ ਹੈ। ਹਾਲੇ ਵੀ ਜੇਕਰ ਕਾਂਗਰਸ ਪਾਰਟੀ ਦੇ ਸੀਨੀਅਰ ਲੀਡਰ ਜਿਹੜੇ ਕਿ ਇੱਥੇ ਚਾਰ ਚਾਰ, ਪੰਜ ਪੰਜ ਵਾਰ ਵਿਧਾਇਕ ਬਣ ਕੇ ਆਏ ਹਨ, ਉਹ ਉਨ੍ਹਾਂ ਨੂੰ defend ਕਰ ਰਹੇ ਹਨ ਤਾਂ ਇਹ ਬੜੀ ਹੀ ਸ਼ਰਮ ਦੀ ਗੱਲ ਹੈ।

**ਮਾਣਯੋਗ ਸਪੀਕਰ :** ਧੰਨਵਾਦ ਜੀ । ਬੀਬਾ ਗਨੀਵ ਕੌਰ ਮਜੀਠੀਆ ਜੀ।

**ਸ੍ਰੀਮਤੀ ਗਨੀਵ ਕੌਰ ਮਜੀਠੀਆ (ਮਜੀਠਾ) :** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਮੈਂ ਆਸ਼ਾ ਕਰਦੀ ਹਾਂ ਕਿ ਜਿਹੜੀਆਂ ਭੈਣਾਂ ਉੱਧਰਲੇ ਪਾਸੇ ਬੈਠੀਆਂ ਹਨ, (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਜਿਵੇਂ ਉਨ੍ਹਾਂ ਨੇ ਪੰਜਾਬ ਦੀਆਂ ਬੀਬੀਆਂ ਲਈ ਆਪਣੀ ਸਾਈਡ ਰੱਖੀ ਹੈ, ਮੇਰੇ ਲਈ ਵੀ ਰੱਖਣਗੇ ਤੇ ਮੇਰੀ ਗੱਲ ਜ਼ਰੂਰ ਸੁਣਨਗੇ। ਮੈਨੂੰ ਆਪ ਜੀ ਨੇ ਕਿਹਾ ਕਿ ਬੀਬਾ ਗਨੀਵ ਕੌਰ ਤਾਂ ਇਹ ਸਾਰੇ ਹੱਸ ਪਏ। (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਕੀ ਇਹ ਸਤਿਕਾਰ ਹੈ? (ਵਿਘਨ, ਸ਼ੋਰ) ਇੱਕ ਮਿੰਟ ਜੀ, ਕੀ ਇਹ ਬੀਬੀਆਂ ਦਾ ਸਤਿਕਾਰ ਕਰਦੇ ਹਨ? ਕੀ ਬੀਬੀਆਂ ਪ੍ਰਤੀ ਇਨ੍ਹਾਂ ਦਾ ਇਹ ਸਤਿਕਾਰ ਹੈ? ਜਿਹੜਾ ਇੱਥੇ ਬੀਬੀਆਂ ਦਾ ਮਖੌਲ ਬਣਾਇਆ ਜਾਂਦਾ ਹੈ, ਜਿਹੜਾ ਇਨ੍ਹਾਂ ਦੇ ਸੀ.ਐਮ. ਸਾਹਿਬ ਬਾਹਰ

ਜਾ ਕੇ ਬੀਬੀਆਂ ਤੇ ਟਿੱਪਣੀਆਂ ਕਰਦੇ ਹਨ, (ਆਮ ਆਦਮੀ ਪਾਰਟੀ ਦੇ ਮੈਂਬਰ, ਸ੍ਰੀਮਤੀ ਇੰਦਰਜੀਤ ਕੌਰ ਮਾਨ ਵੱਲੋਂ ਵਿਘਨ) ਤੁਸੀਂ ਮੇਰੇ ਭੈਣ ਜੀ ਹੋ, ਮੈਨੂੰ ਬੋਲਣ ਦਿਓ। (ਵਿਘਨ) ਮੈਨੂੰ ਬੋਲਣ ਦਿਓ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ੍ਰੀਮਤੀ ਇੰਦਰਜੀਤ ਕੌਰ ਮਾਨ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾ ਆਗਿਆ ਤੋਂ ਬੋਲ ਰਹੇ ਸਨ।)

**ਮਾਣਯੋਗ ਸਪੀਕਰ :** ਬੀਬਾ ਇੰਦਰਜੀਤ ਕੌਰ ਜੀ, ਉਨ੍ਹਾਂ ਨੂੰ ਆਪਣੀ ਗੱਲ ਕਰ ਲੈਣ ਦਿਓ।

**ਸ੍ਰੀਮਤੀ ਗਨੀਵ ਕੌਰ ਮਜੀਠੀਆ :** ਜਿਵੇਂ ਸੀ.ਐਮ. ਸਾਹਿਬ ਬਾਹਰ ਜਾ ਕੇ ਟਿੱਪਣੀਆਂ ਕਰਦੇ ਹਨ, ਕੀ ਇਹ ਇਨ੍ਹਾਂ ਨੂੰ ਸ਼ੋਭਾ ਦਿੰਦਾ ਹੈ? ਕੀ ਕਿਸੇ ਵੀ ਮਾਂ-ਭੈਣ ਨੂੰ ਤੁਸੀਂ ਭਾਬੀ-ਭਾਬੀ ਕਹਿ ਕੇ ਬੋਲਦੇ ਹੋ, ਕੀ ਉਨ੍ਹਾਂ ਨੂੰ ਇਹ ਸ਼ੋਭਾ ਦਿੰਦਾ ਹੈ? (ਵਿਘਨ) (ਸ਼ੋਰ)

**ਮਾਣਯੋਗ ਸਪੀਕਰ :** ਬੀਬਾ ਜੀ, ਤੁਸੀਂ ਇਸ ਮਤੇ ਤੇ ਕੁਝ ਕਹਿਣਾ ਹੈ? (ਸ਼ੋਰ)

**ਸ੍ਰੀਮਤੀ ਗਨੀਵ ਕੌਰ ਮਜੀਠੀਆ :** ਇੱਕ ਮਿੰਟ ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਲਈ ਕਿਹਾ ਹੈ, ਹੁਣ ਮੇਰੀ ਗੱਲ ਸੁਣੋ। ਸਪੀਕਰ ਸਾਹਿਬ, ਅੱਜ ਜਿਹੜੇ ਬੰਦਿਆਂ ਨੂੰ ਮਾਰਿਆ ਜਾ ਰਿਹਾ ਹੈ, ਜਿਨ੍ਹਾਂ ਦਾ ਐਨਕਾਊਂਟਰ ਹੋ ਰਿਹਾ ਹੈ, ਉਹ ਵੀ ਤਾਂ ਕਿਸੇ ਮਾਂ ਦੇ ਪੁੱਤਰ ਹਨ।

**ਸ੍ਰੀਮਤੀ ਇੰਦਰਜੀਤ ਕੌਰ ਮਾਨ :** ਸਪੀਕਰ ਸਾਹਿਬ, ਇਹ ਵਿਸ਼ੇ ਤੋਂ ਭਟਕਣ ਦੀ ਗੱਲ ਹੈ ਜੀ। (ਸ਼ੋਰ)

**ਮਾਣਯੋਗ ਸਪੀਕਰ:** ਤੁਸੀਂ ਬੈਠੋ ਜੀ। (ਵਿਘਨ) (ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ੍ਰੀਮਤੀ ਇੰਦਰਜੀਤ ਕੌਰ ਮਾਨ, ਸ੍ਰੀਮਤੀ ਜੀਵਨਜੋਤ ਕੌਰ, ਸ੍ਰੀਮਤੀ ਨਰਿੰਦਰ ਕੌਰ ਭਰਾਜ ਅਤੇ ਡਾਕਟਰ ਅਮਨਦੀਪ ਕੌਰ ਅਰੋੜਾ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਉੱਚੀ ਉੱਚੀ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ:** ਤੁਸੀਂ ਬੈਠੋ, ਇਨ੍ਹਾਂ ਨੂੰ ਗੱਲ ਕਰ ਲੈਣ ਦਿਉ। (ਸ਼ੋਰ) ਬੀਬੀ ਜੀ, ਤੁਸੀਂ ਬੈਠੋ, ਇਨ੍ਹਾਂ ਨੂੰ ਗੱਲ ਕਰ ਲੈਣ ਦਿਉ।

**ਸ੍ਰੀਮਤੀ ਗਨੀਵ ਕੌਰ ਮਜੀਠੀਆ:** ਕੀ ਤੁਸੀਂ ਉਨ੍ਹਾਂ ਨੂੰ ਇਨਸਾਫ ਦੇ ਰਹੇ ਹੋ? ਪਹਿਲਾਂ ਇਨ੍ਹਾਂ ਨੂੰ ਇਹ ਪੁੱਛੀਏ ਕਿ ਜੋ ਆਂਗਣਵਾੜੀ ਵਰਕਰਜ਼ ਨੂੰ ਮਾਰਿਆ ਗਿਆ, ਕੀ ਉਨ੍ਹਾਂ ਨੂੰ ਇਨਸਾਫ ਮਿਲਿਆ ਹੈ?

**ਮਾਣਯੋਗ ਸਪੀਕਰ:** ਬੀਬਾ ਗਨੀਵ ਜੀ, ਕੀ ਤੁਸੀਂ ਇਸ ਮਤੇ ਬਾਰੇ ਕੁਝ ਕਹਿਣਾ ਚਾਹੁੰਦੇ ਹੋ?

**ਸ੍ਰੀਮਤੀ ਗਨੀਵ ਕੌਰ ਮਜੀਠੀਆ:** ਮੈਂ ਇਹ ਹੀ ਤਾਂ ਕਹਿ ਰਹੀ ਹਾਂ। ਇਹ ਇਨਸਾਫ ਦੀ ਗੱਲ ਕਰ ਰਹੇ ਹਨ, ਇਹ ਕਹਿ ਰਹੇ ਹਨ ਕਿ ਇਨ੍ਹਾਂ ਨੂੰ ਬੀਬੀਆਂ ਪ੍ਰਤੀ ਇੱਜ਼ਤ ਹੈ। ਪਹਿਲਾਂ ਤੁਸੀਂ ਇੱਜ਼ਤ ਦਿਖਾਓ ਤਾਂ ਸਹੀ। (ਵਿਘਨ) (ਸ਼ੋਰ) ਇਨ੍ਹਾਂ ਨੇ ਕਿਸ ਨੂੰ ਇੱਜ਼ਤ ਦਿੱਤੀ ਹੈ? ਕਿਹੜੀ ਬੀਬੀ ਨੂੰ ਇਨ੍ਹਾਂ ਨੇ ਇੱਜ਼ਤ ਦਿੱਤੀ ਹੈ? (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਥੰਪਿੰਗ)

**ਮਾਣਯੋਗ ਸਪੀਕਰ:** ਠੀਕ ਹੈ ਜੀ। ਧੰਨਵਾਦ। ਤੁਹਾਡੀ ਗੱਲ ਆ ਗਈ ਹੈ। ਹਾਂ ਜੀ, ਸਰਦਾਰ ਹਰਪਾਲ ਸਿੰਘ ਚੀਮਾ ਜੀ।

**ਵਿੱਤ ਮੰਤਰੀ:** ਮੈਂ ਲੀਡਰ ਆਫ ਦਿ ਆਪੋਜ਼ੀਸ਼ਨ ਅਤੇ ਕਾਂਗਰਸ ਪਾਰਟੀ ਦੇ ਦੂਜੇ ਮੈਂਬਰਾਂ ਨੂੰ ਬੇਨਤੀ ਕਰਾਂਗਾ ਕਿ ਹੁਣੇ ਹੀ ਜਿਹੜਾ ਟਵੀਟ ਮਿਸਟਰ ਸੁਖਪਾਲ ਜੀ ਨੇ ਕੀਤਾ ਹੈ, ਉਹ ਵੀ ਪੜ੍ਹ ਕੇ ਰਿਪਲਾਈ ਕਰੋ। ਜੋ ਮਿਸਟਰ ਸੁਖਪਾਲ ਸਿੰਘ ਖਹਿਰਾ ਨੇ ਟਵੀਟ ਕੀਤਾ ਹੈ, ਉਹ ਦੁਬਾਰਾ ਜ਼ਰੂਰ ਪੜ੍ਹ ਲਿਆ ਜਾਵੇ। ਉਹ ਮੈਂ ਨਹੀਂ ਪੜ੍ਹਾਂਗਾ, ਹੁਣ ਤੁਸੀਂ ਪੜ੍ਹ ਦਿਓ। ਜੋ ਉਨ੍ਹਾਂ ਨੇ ਕਿਹਾ ਹੈ ਕਿ I stand with my words.

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ੍ਰੀਮਤੀ ਇੰਦਰਜੀਤ ਕੌਰ ਮਾਨ, ਸ੍ਰੀਮਤੀ ਜੀਵਨਜੋਤ ਕੌਰ, ਸ੍ਰੀਮਤੀ ਨਰਿੰਦਰ ਕੌਰ ਭਰਾਜ ਅਤੇ ਡਾਕਟਰ ਅਮਨਦੀਪ ਕੌਰ ਅਰੋੜਾ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਉੱਚੀ ਉੱਚੀ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ :** ਬੈਠੋ, ਬੀਬਾ ਜੀ, ਬੈਠੋ। (ਵਿਘਨ) (ਸ਼ੋਰ) ਲੀਡਰ ਆਫ ਆਪੋਜ਼ੀਸ਼ਨ ਖੜ੍ਹੇ ਹਨ, ਬਾਜਵਾ ਸਾਹਿਬ ਖੜ੍ਹੇ ਹਨ। ਹਾਂ ਜੀ, ਬਾਜਵਾ ਸਾਹਿਬ।

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਮੈਂ ਤਾਂ ਵੈਸੇ ਹੀ ਲੇਡੀਜ਼ ਨੂੰ ਹੱਥ ਜੋੜ ਰਿਹਾ ਹਾਂ ਜੀ। (ਹੱਥ ਜੋੜਦੇ ਹੋਏ।) ਇੰਨੀਆਂ ਦੇ ਵਿੱਚ ਤੁਹਾਨੂੰ ਪਤਾ ਹੈ, ਮੈਂ ਮੁਦਾਖ਼ਲਤ ਤਾਂ ਕਰਨਾ ਨਹੀਂ ਚਾਹੁੰਦਾ, ਜੇ ਇਜਾਜ਼ਤ ਦੇ ਦੇਵੋ ਤਾਂ ਪੰਜ ਕੁ ਮਿੰਟ ਅਸੀਂ ਵੀ ਲਗਾ ਲਈਏ।

**ਮਾਣਯੋਗ ਸਪੀਕਰ :** ਜੀ, ਪਲੀਜ਼।

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਮੇਰੀ ਬੇਨਤੀ ਹੈ ਕਿ ਕੱਲ੍ਹ ਸਰਦਾਰ ਸੁਖਪਾਲ ਸਿੰਘ ਖਹਿਰਾ ਇੱਥੇ ਖੁਦ ਹਾਜ਼ਰ ਹੋਣਗੇ। ਚੀਮਾ ਸਾਹਿਬ ਨੇ ਜਿਹੜੀ ਗੱਲ ਕਹੀ ਹੈ, ਉਸ ਟਾਈਮ ਉਹ ਖੁਦ ਆਪਣਾ ਟਵੀਟ ਪੜ੍ਹਨਗੇ ਅਤੇ ਸੁਣਾਉਣਗੇ। ਉਨ੍ਹਾਂ ਨੇ ਕੋਈ ਯੂ-ਟਿਊਬਰ ਕੋਟ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਯੂ-ਟਿਊਬਰ ਦੇ ਸ਼ਬਦ ਹਨ (ਵਿਘਨ) (ਸ਼ੋਰ) ਇਸ ਕਰਕੇ ਉਨ੍ਹਾਂ ਨੂੰ ਆ ਲੈਣ ਦੇਵੋ। (ਵਿਘਨ) (ਸ਼ੋਰ) ਉਨ੍ਹਾਂ ਨੂੰ ਇੱਥੇ ਆ ਲੈਣ ਦੇਵੋ। (ਵਿਘਨ) (ਸ਼ੋਰ) ਉਨ੍ਹਾਂ ਨੂੰ ਆ ਲੈਣ ਦੇਵੋ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਸ੍ਰੀਮਤੀ ਇੰਦਰਜੀਤ ਕੌਰ ਮਾਨ, ਸ੍ਰੀਮਤੀ ਜੀਵਨਜੋਤ ਕੌਰ, ਸ੍ਰੀਮਤੀ ਨਰਿੰਦਰ ਕੌਰ ਭਰਾਜ ਅਤੇ ਡਾਕਟਰ ਅਮਨਦੀਪ ਕੌਰ ਅਰੋੜਾ ਤੋਂ ਇਲਾਵਾ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰ ਵੀ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ। ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ :** ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਬੋਲਿਆ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਬੈਠੋ ਜੀ, ਬੈਠੋ। ਬੀਬੀ ਅਨਮੋਲ ਗਗਨ ਮਾਨ ਜੀ।

**ਸ੍ਰੀਮਤੀ ਅਨਮੋਲ ਗਗਨ ਮਾਨ (ਖਰੜ) :** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਹੈ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਅੱਜ ਜਿਹੜਾ ਇੱਕ ਬਿਆਨ ਆਇਆ ਹੈ, ਜਿਹੜਾ ਕਿ ਹਰ ਜਗ੍ਹਾ ਉੱਤੇ ਕਲੀਅਰ ਕੱਟ ਦਿਖਾਇਆ ਜਾ ਰਿਹਾ ਹੈ। ਦੇਖੋ, ਤੁਸੀਂ ਸਰਕਾਰ ਦੀ ਕਿਸੇ ਵੀ ਪਾਲਿਸੀ ਦੀ ਨਿੰਦਾ ਕਰ ਸਕਦੇ ਹੋ ਕਿ ਆਹ ਹੋਣਾ ਚਾਹੀਦਾ ਹੈ, ਆਹ ਨਹੀਂ ਹੋਣਾ ਚਾਹੀਦਾ। ਪਰ ਇਸ ਤਰੀਕੇ ਨਾਲ ਕਹਿਣਾ ਕਿ ਹੁਣ ਇਹ ਹਜ਼ਾਰ ਰੁਪਏ ਲੈ ਕੇ ਗਿੱਧਾ ਪਾ ਕੇ ਸੂਰਮੇ ਜੰਮਣਗੀਆਂ? (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਕੀ ਇਸ ਤਰੀਕੇ ਨਾਲ ਕਹਿਣਾ ਠੀਕ ਹੈ? ਮੈਨੂੰ ਇੱਕ ਗੱਲ ਦੱਸੋ, ਜਿਹੜਾ 50-60 ਸਾਲਾਂ ਵਿੱਚ ਪਿਛਲੀਆਂ ਦੋਵਾਂ ਪਾਰਟੀਆਂ ਨੇ ਪੰਜਾਬ ਵਿੱਚ ਨਸ਼ਿਆਂ ਦਾ ਹੜ੍ਹ ਲਿਆਂਦਾ ਹੈ, ਕੀ ਉਸ ਨਾਲ ਪੰਜਾਬ ਵਿੱਚ ਬਹੁਤ ਸੂਰਮੇ ਪੈਦਾ ਹੋਏ ਹਨ? ਜਿਹੜੇ ਇਨ੍ਹਾਂ ਦੋਹਾਂ ਪਾਰਟੀਆਂ ਨੇ ਇੰਨੇ ਨਸ਼ੇ ਵੇਚੇ ਹਨ, ਉਸ ਉੱਤੇ ਇਨ੍ਹਾਂ ਦੇ ਕਿਸੇ ਲੀਡਰ ਨੇ ਕਿਹਾ ਹੈ ਕਿ ਉਦੋਂ ਕੈਪਟਨ ਅਮਰਿੰਦਰ ਸਿੰਘ ਜ਼ਿੰਮੇਵਾਰ ਸਨ ਜਾਂ ਉਦੋਂ ਫਲਾਣਾ ਮੁੱਖ ਮੰਤਰੀ ਜ਼ਿੰਮੇਵਾਰ ਸੀ? ਫਿਰ ਇਹ ਦੱਸਣ ਕਿ ਕਾਂਗਰਸ ਪਾਰਟੀ ਨੇ ਜਿਹੜਾ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਅਟੈਕ ਕਰਵਾ ਕੇ ਸੂਰਮੇ ਸ਼ਹੀਦ ਕੀਤੇ ਸੀ, ਉਸ ਉੱਤੇ ਸੁਖਪਾਲ ਖਹਿਰਾ ਨੇ ਕਦੇ ਇੰਦਰਾ ਗਾਂਧੀ ਜਾਂ ਰਾਹੁਲ ਗਾਂਧੀ ਬਾਰੇ ਟਿੱਪਣੀ ਕੀਤੀ ਹੈ? ਪੰਜਾਬ ਵਿੱਚੋਂ ਸੂਰਮੇ ਕਿਸ ਕਰਕੇ ਗਏ ਹਨ? ਸਿੱਖ ਕੌਮ ਨੂੰ ਧੱਕਾ ਕਿਨ੍ਹਾਂ ਕਰਕੇ ਲੱਗਿਆ ਹੈ? ਅੱਜ ਪੰਜਾਬ ਦੇ ਹਰ ਘਰ ਵਿੱਚ ਔਰਤ ਗਿੱਧਾ ਪਾਉਂਦੀ ਹੈ, ਕਿੱਡੀ ਕੁ ਗੱਲ ਹੋ ਗਈ? ਜੇ ਮੁੱਖ ਮੰਤਰੀ ਸਾਹਿਬ ਨੇ ਇੱਕ

ਸਕੀਮ ਦਿੱਤੀ ਹੈ ਜੀ ਕਿ ਘਰਾਂ ਵਿੱਚ ਇਹੋ ਜਿਹੀਆਂ ਵੀ ਔਰਤਾਂ ਹਨ ਜਿਨ੍ਹਾਂ ਦੀ ਜੇਬ ਵਿੱਚ ਅਠਿਆਨੀ ਨਹੀਂ ਹੁੰਦੀ। ਉਨ੍ਹਾਂ ਨੂੰ ਘਰ ਦੇ ਬੰਦਿਆਂ ਅੱਗੇ ਹਰ ਛੋਟੀ ਚੀਜ਼ ਲਈ ਹੱਥ ਅੱਡਣੇ ਪੈਂਦੇ ਹਨ, ਜੇ ਸਨਮਾਨ ਦੇ ਤੌਰ ਤੇ 1000 ਰੁਪਿਆ, 1500 ਰੁਪਿਆ ਦੇ ਦਿੱਤਾ ਤਾਂ ਕੀ ਹੋ ਗਿਆ? ਕਿੱਡੀ ਕੁ ਗੱਲ ਹੋ ਗਈ ਹੈ? ਇਨ੍ਹਾਂ ਦੇ 2 ਦਿਨਾਂ ਤੋਂ ਮੂੰਹ ਉਤਰੇ ਪਏ ਹਨ ਕਿ ਆਮ ਆਦਮੀ ਪਾਰਟੀ ਨੇ ਬੀਬੀਆਂ ਨੂੰ 1000-1500 ਰੁਪਿਆ ਦੇ ਦਿੱਤਾ ਹੈ ਅਤੇ ਔਰਤਾਂ ਵਿੱਚ ਸਾਡੇ ਲਈ ਸਤਿਕਾਰ ਵੱਧ ਗਿਆ ਹੈ। ਇੰਨਾ ਕਾਹਦਾ ਦੁੱਖ ਲੱਗਿਆ ਹੈ ਕਿ ਇਹ ਕਹਿ ਦਿੱਤਾ ਕਿ ਇਹ ਸੂਰਮੇ ਨਹੀਂ ਜੰਮ ਸਕਦੀਆਂ? ਸੂਰਮੇ ਤਾਂ ਤੁਹਾਡੇ ਕਰਕੇ ਬਾਹਰਲੇ ਦੇਸ਼ਾਂ ਵਿੱਚ ਚਲੇ ਗਏ ਹਨ, ਉਸ ਕਰਕੇ ਤਾਂ ਅਸੀਂ ਆਮ ਨੌਜਵਾਨ ਇਨ੍ਹਾਂ ਉਮਰਾਂ ਵਿੱਚ ਸਿਆਸਤ ਵਿੱਚ ਆਏ ਹਾਂ। ਤੁਸੀਂ ਆਪਣੀਆਂ ਉਮਰਾਂ ਦੇਖੋ ਜੀ ਅਤੇ ਨਾਲ ਹੀ ਸਾਡੀਆਂ ਉਮਰਾਂ ਦੇਖੋ। ਸਾਡੀਆਂ ਉਮਰਾਂ ਹੱਸਣ ਖੇਡਣ ਦੀਆਂ ਸੀ। ਅਸੀਂ ਸਿਸਟਮ ਨਾਲ ਮੱਥਾ ਮਾਰ ਰਹੇ ਹਾਂ। ਜੇ ਤੁਸੀਂ ਸਹੀ ਕੰਮ ਕਰ ਲੈਂਦੇ ਤਾਂ ਸੱਚੀਂ ਕਹਿੰਦੀ ਹਾਂ ਕਿ ਅਸੀਂ ਕਦੇ ਸਿਆਸਤ ਵਿੱਚ ਨਾ ਆਉਂਦੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਮਾਣਯੋਗ ਸਪੀਕਰ**: ਠੀਕ ਹੈ ਜੀ।

**ਸ੍ਰੀਮਤੀ ਅਨਮੋਲ ਗਗਨ ਮਾਨ** : ਸਪੀਕਰ ਸਾਹਿਬ, ਇਹੋ ਜਿਹੇ ਬਿਆਨ ਕਿਉਂ ਦਿੰਦੇ ਹਨ? ਮੇਰੀ ਹੱਥ ਕੇ ਬੰਨ੍ਹ ਕੇ ਬੇਨਤੀ ਹੈ ਕਿ we are very responsible people. ਅਸੀਂ ਇਸ ਤਰ੍ਹਾਂ ਦੇ ਬਿਆਨ ਨਾ ਦੇਈਏ। ਅਸੀਂ ਔਰਤਾਂ ਨੂੰ ਠੇਸ ਪਹੁੰਚਾਉਣ ਵਾਲੇ ਬਿਆਨ ਨਾ ਦੇਈਏ। We should accept gracefully. (ਵਿਘਨ...ਸ਼ੋਰ)

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਉੱਤੇ ਖੜ੍ਹੇ ਹੋ ਕੇ ਮਾਣਯੋਗ ਸਪੀਕਰ ਸਾਹਿਬ ਤੋਂ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਣਯੋਗ ਸਪੀਕਰ**: ਦੇਖੋ, ਕੋਈ ਵੀ ਸਨਮਾਨਯੋਗ ਮੈਂਬਰ ਚੇਅਰ ਨੂੰ ਡਿਕਟੇਟ ਨਹੀਂ ਕਰੇਗਾ, ਤੁਸੀਂ ਬੈਠੋ। ਜੋ ਪ੍ਰਾਸੈੱਸ ਹਨ, ਮੈਂ ਉਹ ਅਡਾਪਟ ਕਰਨੇ ਹਨ। ਹਾਂ ਜੀ, ਮੰਤਰੀ ਜੀ, ਸੌਂਦ ਸਾਹਿਬ ਜੀ ਕੀ ਕਹਿਣਾ ਚਾਹੁੰਦੇ ਹੋ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ)** : ਸਰ, ਮੈਂ ਇਸ ਪਵਿੱਤਰ ਸਦਨ ਵਿੱਚ ਤੁਹਾਡੇ ਜ਼ਰੀਏ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਮਾਣਯੋਗ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਇਹ ਗੱਲ ਕਹੀ ਹੈ ਕਿ ਜੋ ਸੁਖਪਾਲ ਸਿੰਘ ਖਹਿਰਾ ਜੀ ਦੇ official twitter account ਉੱਤੇ ਟਵੀਟ ਹੋਇਆ ਹੈ, ਉਹ ਕਿਸੇ ਸੋਸ਼ਲ ਮੀਡੀਆ ਵਾਲੇ ਨੇ ਮਿਸਹੈਂਡਲ ਕਰ ਦਿੱਤਾ ਹੈ। ਸਰ, ਆਹ (ਮੋਬਾਇਲ ਫ਼ੋਨ ਦੀ ਸਕਰੀਨ ਦਿਖਾਉਂਦੇ ਹੋਏ) ਦੇਖੋ। ਇਸ ਪਿੱਛੇ blue tick ਲੱਗੀ ਹੋਈ ਹੈ, ਇਹ ਉਨ੍ਹਾਂ ਦਾ ਵੈਰੀਫਾਈਡ ਅਕਾਊਂਟ ਹੈ, ਜਿਹੜਾ ਕਿ ਉਹ ਖੁਦ ਹੈਂਡਲ ਕਰਦੇ ਹਨ। Blue Tick ਵਾਲੇ ਅਕਾਊਂਟ ਤੋਂ ਉਨ੍ਹਾਂ ਨੇ ਸ਼ਰ੍ਹੇਆਮ ਇਹ language use ਕੀਤੀ ਹੈ। ਇਹ ਕਿਸੇ ਦਾ operated account ਨਹੀਂ ਹੈ। ਮੈਂ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਉਨ੍ਹਾਂ ਨੇ ਆਪ ਓਪਰੇਟ ਕਰਕੇ ਲਿਖਿਆ ਹੈ ਕਿ 'ਰੁਪਏ 1000 ਪਿੱਛੇ ਗਿੱਧਾ ਪਾਉਣ ਵਾਲੀਆਂ ਬੀਬੀਆਂ ਕਿੱਥੋਂ ਜੰਮ ਲੈਣਗੀਆਂ ਸੂਰਮੇ?' ਅੱਗੇ ਕੀ ਲਿਖਦੇ ਹਨ? 'ਸੁਖਪਾਲ ਖਹਿਰਾ ਦਾ ਧਮਾਕੇਦਾਰ ਇੰਟਰਵਿਊ।' ਜੇ ਇਹੀ ਧਮਾਕੇ ਕਰਨੇ ਹਨ ਤਾਂ ਫਿਰ ਪੰਜਾਬ ਦਾ ਭਲਾ ਨਹੀਂ ਹੋ ਸਕਦਾ। ਤੁਸੀਂ ਡਿਫੈਂਡ ਨਾ ਕਰੋ। ਅਸੀਂ ਤੁਹਾਨੂੰ ਇੱਕ ਸਲਾਹ ਦੇ ਸਕਦੇ ਹਾਂ। ਤੁਸੀਂ ਵੱਡੇ ਹੋ। ਤੁਸੀਂ ਡਿਫੈਂਡ ਨਾ ਕਰੋ। ਤੁਸੀਂ ਉਨ੍ਹਾਂ ਨੂੰ ਕੰਡੈਮ ਕਰੋ ਔਰ ਜਿਹੜਾ ਇਹ ਮਤਾ ਆ ਰਿਹਾ ਹੈ, ਰਲ-ਮਿਲ ਕੇ ਸਾਂਝੇ ਤੌਰ ਤੇ ਇਸ ਨੂੰ ਪਾਸ ਕਰੋ ਤਾਂ ਜੋ ਇਹ ਗਲਤੀ ਫਿਰ ਦੁਬਾਰਾ ਜ਼ਿੰਦਗੀ ਵਿੱਚ ਰਿਪੀਟ ਨਾ ਹੋਵੇ।

**ਉਚੇਰੀ ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ)**: ਸਰ, ਇਹ ਨਿੰਦਾ ਪ੍ਰਸਤਾਵ ਦੇ ਉੱਤੇ ਬਹਿਸ ਚੱਲ ਰਹੀ ਹੈ ਅਤੇ ਮੈਂ ਇਸ ਦੇ ਹੱਕ ਵਿੱਚ ਖੜ੍ਹਾ ਹੋਇਆ ਹਾਂ। (ਵਿਘਨ...ਸ਼ੋਰ।)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਰਾਣਾ ਗੁਰਜੀਤ ਸਿੰਘ ਆਪਣੀ ਸੀਟ ਤੋਂ ਖੜ੍ਹੇ ਹੋ ਕੇ ਬੋਲਣ ਲਈ ਇਜਾਜ਼ਤ ਮੰਗ ਰਹੇ ਸਨ।)

**ਮਾਣਯੋਗ ਸਪੀਕਰ**: ਜੇ ਰਾਣਾ ਜੀ ਕਹਿੰਦੇ ਹਨ ਤਾਂ ਅਸੀਂ ਪਾਸ ਕਰ ਦਿੰਦੇ ਹਾਂ। (ਹਾਸਾ) ਰਾਣਾ ਜੀ ਬੋਲਣਗੇ। ਇੱਕ ਮਿੰਟ ਜੀ, ਮੰਤਰੀ ਸਾਹਿਬ ਬੋਲ ਰਹੇ ਹਨ। ਰਾਣਾ ਜੀ, ਤੁਸੀਂ ਬੈਠੋ। ਹਾਂ ਜੀ, ਬੈਂਸ ਸਾਹਿਬ ਜੀ।

**ਉਚੇਰੀ ਸਿੱਖਿਆ ਮੰਤਰੀ** : ਮੈਂ ਤੁਹਾਡੀ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੱਲ ਦੇ ਮੈਂਬਰ, ਰਾਣਾ ਗੁਰਜੀਤ ਸਿੰਘ ਵੱਲ ਦੇਖਦੇ ਹੋਏ) ਭਾਵਨਾ ਦੀ ਇੱਜ਼ਤ ਕਰਦਾ ਹਾਂ। ਮਾਣਯੋਗ ਸਪੀਕਰ ਸਾਹਿਬ, ਇਹ ਬੜਾ ਗੰਭੀਰ ਮਸਲਾ ਹੈ। ਇਹ ਇੱਕ feudal mindset ਦਿਖਾਉਂਦਾ ਹੈ। ਸਾਹਮਣੇ ਵਾਲੇ ਪਾਸੇ ਜਿਹੜੇ ਸ਼ਖ਼ਸ ਬੈਠੇ ਹਨ, ਉਹ ਪੀੜ੍ਹੀ ਦਰ ਪੀੜ੍ਹੀ ਲੁੱਟ ਕੇ ਇੰਨੇ ਅਮੀਰ ਹੋ ਚੁੱਕੇ ਹਨ ਕਿ ਉਨ੍ਹਾਂ ਨੂੰ ਹਰ ਬੰਦੇ ਵਿੱਚ ਕੋਈ ਨਾ ਕੋਈ ਨੁਕਸ ਦਿਸਦਾ ਹੈ। ਕਿਸੇ ਦੇ ਰੰਗ, ਕਿਸੇ ਦੇ ਰੂਪ, ਕਿਸੇ ਦੀ ਜਾਤੀ ਅਤੇ ਕਦੇ ਕਿਸੇ ਨੂੰ ਕੁਝ ਵੀ ਕਹਿ ਦਿਉ, ਇਹ ਠੀਕ ਨਹੀਂ। ਸਾਡੇ colleague ਪੜ੍ਹ ਲਿਖ ਕੇ ਇੱਕ Excise and Taxation Officer ਬਣੇ, ਉਹ ਨੌਕਰੀ ਨੂੰ ਛੱਡ ਕੇ ਸਿਆਸਤ ਵਿੱਚ ਆਏ, ਇਨ੍ਹਾਂ ਨੇ ਉਨ੍ਹਾਂ ਨੂੰ ਬੈਂਡ ਵਾਜੇ ਵਾਲਾ ਕਹਿ ਦਿੱਤਾ। ਅਗਰ ਉਨ੍ਹਾਂ ਦੇ ਪਿਤਾ ਜੀ ਇਹ ਕੰਮ ਕਰਦੇ ਸੀ ਤਾਂ ਇਸ ਦਾ ਮਤਲਬ ਕੋਈ ਗੁਨਾਹ ਹੋ ਗਿਆ? ਇਹ ਇੱਕ ਫਿਊਡਲ ਮਾਈਂਡਸੈੱਟ ਹੈ। ਅਰਮਾਨੀ ਦੀਆਂ ਸ਼ਰਟਾਂ ਪਾਉਣੀਆਂ, ਕੁੜਤੇ ਪਜਾਮੇ ਉਪਰ ਕੋਈ ਵੱਟ ਨਾ ਆ ਜਾਵੇ, ਇਹ ਇਨ੍ਹਾਂ ਦਾ ਮਾਈਂਡਸੈੱਟ ਹੈ। ਮੈਂ, ਐਲ.ਓ.ਪੀ. ਸਾਹਿਬ ਨੂੰ for his kind information ਦੱਸ ਦੇਵਾਂ ਕਿ 10 minutes back, Mr. Sukhpal Singh Khaira has again tweeted that I stand by my words, what I said. This is for your kind information. ਸਾਨੂੰ ਵੀ ਅੰਗਰੇਜ਼ੀ ਬੋਲਣੀ ਆਉਂਦੀ ਹੈ। ਸਾਨੂੰ ਪੰਜਾਬੀ, ਹਿੰਦੀ ਵੀ ਆਉਂਦੀ ਹੈ। ਕੀ ਹੋ ਗਿਆ ਜੇਕਰ ਅਸੀਂ 4 ਕਨਾਲਾਂ ਵਾਲੇ ਹਾਂ? ਅੱਜ ਸਰਦਾਰ ਹਰਪਾਲ ਸਿੰਘ ਚੀਮਾ ਜੀ ਨੇ 5ਵੀਂ ਵਾਰੀ ਬਜਟ ਪੇਸ਼ ਕੀਤਾ ਹੈ, ਇਹ ਇੱਕ ਪੜ੍ਹੇ ਲਿਖੇ ਦਲਿਤ ਪਰਿਵਾਰ ਤੋਂ ਉੱਠੇ ਹਨ, ਇਹ ਐਡਵੋਕੇਟ ਹਨ, ਇਨ੍ਹਾਂ ਨੂੰ (ਆਪੋਜੀਸ਼ਨ ਬੈਂਚਿਜ ਵੱਲ ਇਸ਼ਾਰਾ) ਤਕਲੀਫ਼ ਇਹ ਹੈ। This is feudal mindset. ਇਨ੍ਹਾਂ ਨੂੰ ਪਿਛਲੇ ਦੋ ਦਿਨਾਂ ਤੋਂ ਲੱਗ ਰਿਹਾ ਹੈ, ਜਿਵੇਂ ਸਾਡੀ ਭੈਣ ਅਨਮੋਲ ਗਗਨ ਮਾਨ ਜੀ ਨੇ ਕਿਹਾ ਹੈ, ਇਨ੍ਹਾਂ ਨੂੰ ਲੱਗਿਆ ਕਿ ਸਾਡੀ ਸਰਕਾਰ ਨੇ ਤਾਂ ਸਾਰਾ ਕੁਝ ਹੀ ਕਰ ਦਿੱਤਾ। ਇਹ ਕਿਵੇਂ ਹੋ ਸਕਦਾ ਹੈ? ਹੁਣ ਇਨ੍ਹਾਂ ਨੂੰ ਆਪਣਾ ਭਵਿੱਖ ਦਿੱਸ ਰਿਹਾ ਹੈ। This is all out of frustration. ਇਹ ਬੜਾ ਹੀ ਸ਼ੇਮਫੁਲ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀਮਤੀ ਅਰੁਨਾ ਚੌਧਰੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ** : ਬੈਠੋ, let him complete.

**ਉਚੇਰੀ ਸਿੱਖਿਆ ਮੰਤਰੀ** : ਇਹ ਬੜਾ ਹੀ ਮੰਦਭਾਗਾ ਹੈ। ਮੈਂ ਕੱਲ੍ਹ ਆਪਣੇ ਪਿੰਡ ਗਿਆ, ਸਾਡੇ ਪਿੰਡੋਂ ਇੱਕ ਸ਼ਡਿਊਲਡ ਕਾਸਟ ਫੈਮਿਲੀ ਮੈਨੂੰ ਕਹਿੰਦੀ ਕਿ ਪੁੱਤ, ਮੈਂ ਸੁਣਿਆ ਸੀ ਕਿ ਕੋਈ ਰਾਮ ਰਾਜ ਹੁੰਦਾ ਹੈ ਪਰ ਅੱਜ ਤੁਸੀਂ ਦਿਖਾ ਦਿੱਤਾ ਹੈ। ਘਰ ਦੀ ਬਿਜਲੀ ਮੁਫਤ ਹੈ, ਸਕੂਲ ਵਧੀਆ ਹੋ ਗਏ ਹਨ, 10 ਲੱਖ ਰੁਪਏ ਦੀ ਸਿਹਤ ਗਾਰੰਟੀ ਮਿਲਣ ਲੱਗ ਗਈ ਹੈ। ਬੀਬੀ ਨੂੰ 1500 ਰੁਪਏ ਪੈਨਸ਼ਨ ਆਉਂਦੀ ਸੀ, ਹੁਣ ਕਹਿੰਦੀ ਕਿ 1500 ਮੈਨੂੰ ਹੋਰ ਮਿਲੇਗਾ, 1500 ਮੇਰੀ ਨੂੰਹ ਨੂੰ ਅਤੇ 1500 ਕੁੜੀ ਨੂੰ ਮਿਲੇਗਾ। ਉਸਨੇ ਅੱਗੇ ਦੱਸਿਆ ਕਿ ਉਹ ਜਿਹੜੀ ਬੱਚੀ ਪੜ੍ਹਦੀ ਹੈ, ਉਸ ਨੂੰ ਸਕਾਲਰਸ਼ਿਪ ਮਿਲਦੀ ਸੀ, ਜਿਸਨੂੰ ਇਹ ਖਾ ਜਾਂਦੇ ਸੀ ਉਸ ਦੀ ਕਾਲਜ ਦੀ ਫੀਸ ਵੀ ਇਕੱਠੀ ਹੋ ਗਈ, ਛੇ ਹਜ਼ਾਰ ਰੁਪਏ ਘਰੇ ਆ ਗਿਆ, ਬਿਜਲੀ ਫ੍ਰੀ ਹੈ, ਇਲਾਜ ਅਤੇ ਦਵਾਈਆਂ ਮੁਫਤ ਹੈ, ਇਹ ਰਾਮ ਰਾਜ ਹੀ ਹੈ ਜੀ। ਇਨ੍ਹਾਂ ਨੂੰ ਇਹ ਤਕਲੀਫ਼ ਹੈ। ਇਹ ਅਜੇ ਵੀ ਹੱਸਦੇ ਹਨ।

ਮੈਨੂੰ ਕਿਸੇ ਪੱਤਰਕਾਰ ਨੇ ਪੁੱਛਿਆ ਕਿ ਪਰਗਟ ਸਿੰਘ ਜੀ ਪੁੱਛਦੇ ਹਨ ਕਿ ਗਰਾਊਂਡ ਕਿੱਥੇ ਬਣ ਰਹੇ ਹਨ, ਜਿਹੜੇ ਸਰਕਾਰ ਕਹਿ ਰਹੀ ਹੈ। ਮੈਂ ਕਿਹਾ ਜੀ, 15 ਸਾਲ ਉਹ ਐਮ.ਐਲ.ਏ ਰਹਿ ਲਏ, ਖੇਡ ਮੰਤਰੀ ਹੁੰਦੇ ਹੋਏ ਆਪਣੇ ਹਲਕੇ ਵਿੱਚ ਵੀ ਗਰਾਊਂਡ ਨਹੀਂ ਬਣਾ ਸਕੇ, ਹੁਣ ਸਾਡੇ ਤੋਂ ਪੁੱਛਦੇ ਹਨ। ਮੈਂ ਕੀ ਦੱਸਾਂ? ਇਹ ਹਾਲੇ ਵੀ ਹੱਸ ਰਹੇ ਹਨ। They are still laughing.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਪਰਗਟ ਸਿੰਘ ਪੋਆਰ ਆਪਣੀ ਸੀਟ ਤੇ ਬੈਠੇ ਬੈਠੇ ਸਿੱਖਿਆ ਮੰਤਰੀ ਨਾਲ ਬਹਿਸ ਰਹੇ ਸਨ।)

**ਉਚੇਰੀ ਸਿੱਖਿਆ ਮੰਤਰੀ :** ਤੁਸੀਂ ਆਪਣੇ ਹਾਲ ਤਾਂ ਦੇਖੋ, ਹਾਲੇ ਵੀ ਹੱਸ ਰਹੇ ਹਨ। ਇਹ ਕਿੰਨੇ ਸੀਰੀਅਸ ਹਨ।

**ਮਾਣਯੋਗ ਸਪੀਕਰ :** ਹੋ ਗਿਆ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਪਰਗਟ ਸਿੰਘ ਪੋਆਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ :** ਲੇਡੀਜ਼ ਦੇ ਸਬੰਧ ਵਿੱਚ ਗੱਲ ਹੋਈ ਹੈ, ਸ਼੍ਰੀਮਤੀ ਅਰੁਨਾ ਚੌਧਰੀ ਜੀ ਨੂੰ ਬੋਲ ਲੈਣ ਦਿਓ।

**ਸ਼੍ਰੀਮਤੀ ਅਰੁਨਾ ਚੌਧਰੀ (ਦੀਨਾਨਗਰ, ਐਸ.ਸੀ.):** ਸਪੀਕਰ ਸਾਹਿਬ, ਸਾਡੇ ਪੰਜਾਬ ਵਿੱਚ ਐਸਾ ਕੋਈ ਵਿਤਕਰਾ ਨਹੀਂ ਹੈ। ਇਹ ਗੁਰੂਆਂ-ਪੀਰਾਂ ਦੀ ਧਰਤੀ ਹੈ। ਅਸੀਂ ਹਰ ਔਰਤ ਦਾ ਸਨਮਾਨ ਕਰਦੇ ਹਾਂ। ਬਾਕੀ ਸਾਡੇ ਐਲ.ਓ.ਪੀ. ਸਾਹਿਬ ਨੇ ਪਹਿਲਾਂ ਹੀ ਕਹਿ ਦਿੱਤਾ ਹੈ ਕਿ ਕੱਲ੍ਹ ਉਹ (ਸਰਦਾਰ ਸੁਖਪਾਲ ਸਿੰਘ ਖਹਿਰਾ) ਆਉਣਗੇ। ਜੋ ਉਨ੍ਹਾਂ ਨੇ ਗੱਲ ਕਹਿਣੀ ਹੈ, ਉਹ ਰੱਖਣਗੇ। ਉਸ ਤੋਂ ਬਾਅਦ ਤੁਸੀਂ ਜੋ ਮਰਜ਼ੀ ਫੈਸਲਾ ਲੈ ਲੈਣਾ। ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਇੱਥੇ ਔਰਤਾਂ ਦੇ ਸਨਮਾਨ ਦੀ ਗੱਲ ਹੋਈ ਹੈ, ਬੜੀ ਚੰਗੀ ਗੱਲ ਹੈ ਕਿ ਤੁਸੀਂ ਹਜ਼ਾਰ ਰੁਪਿਆ ਦਿੱਤਾ ਹੈ। ਦੇਰ ਆਏ, ਦਰੁਸਤ ਆਏ। ਠੀਕ ਹੈ ਪਰ ਜਦੋਂ ਟੀਚਰਜ਼ ਨੂੰ ਧਰਨੇ ਵਿੱਚ ਵਾਲਾਂ ਤੋਂ ਘੜੀਸ ਕੇ ਲਿਜਾਇਆ ਜਾਂਦਾ ਹੈ, ਪਾਣੀ ਦੀਆਂ ਬੁਛਾੜਾਂ ਮਾਰੀਆਂ ਜਾਂਦੀਆਂ ਹਨ, ਉਦੋਂ ਤੁਸੀਂ ਔਰਤਾਂ ਦੀ ਕਿੰਨੀ ਕੁ ਇੱਜ਼ਤ ਕਰਦੇ ਹੋ? ਤੁਸੀਂ ਵਾਲਾਂ ਤੋਂ ਘੜੀਸ ਕੇ ਉਨ੍ਹਾਂ ਦੀਆਂ ਚੁੰਨੀਆਂ ਲਾਹੁੰਦੇ ਹੋ। (ਵਿਘਨ, ਸ਼ੋਰ) ਕੀ ਉਦੋਂ ਤੁਸੀਂ ਔਰਤਾਂ ਦਾ ਸਨਮਾਨ ਕਰਦੇ ਹੋ? ਉਹ ਕੀ ਹੁੰਦਾ ਹੈ? (ਵਿਘਨ)(ਸ਼ੋਰ)

**ਮਾਣਯੋਗ ਸਪੀਕਰ** : ਹਾਂ ਜੀ, ਚੀਮਾ ਸਾਹਿਬ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਮਾਣਯੋਗ ਸਪੀਕਰ ਸਾਹਿਬ, ਮੈਂ ਇੱਕੋ ਗੱਲ ਕਹਾਂਗਾ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ** : ਬਾਕੀ ਸਾਰੇ ਬੈਠੋ ਜੀ । ਹਾਂ ਜੀ, ਚੀਮਾ ਸਾਹਿਬ।

**ਵਿੱਤ ਮੰਤਰੀ**: ਸਪੀਕਰ ਸਾਹਿਬ, ਮੈਂ ਤਾਂ ਇੱਕੋ ਗੱਲ ਕਹਾਂਗਾ ਕਿ ਕਾਂਗਰਸ ਪਾਰਟੀ ਦੇ ਸਾਰੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨਾਲ 'ਹਾਂ' ਵਿੱਚ ਹਨ ਜਾਂ 'ਨਾਂਹ' ਵਿੱਚ ਹਨ, ਇਸ ਇੱਕੋ ਗੱਲ ਦਾ ਜਵਾਬ ਦੇ ਦੇਣ। (ਵਿਘਨ, ਸ਼ੋਰ) ਜੇ 'ਹਾਂ' ਵਿੱਚ ਹੋ ਤਾਂ ਖੜ੍ਹੇ ਹੋ ਕੇ ਦੱਸੋ। ਜਿਹੜੇ ਖਿਲਾਫ ਹਨ, ਉਹ ਬੋਲੋ। (ਵਿਘਨ, ਸ਼ੋਰ) ਤੁਸੀਂ 'ਹਾਂ' ਜਾਂ 'ਨਾਂਹ' ਵਿੱਚ ਜਵਾਬ ਦਿਓ। Yes or No ਵਿੱਚ ਜਵਾਬ ਦਿਓ ਜੀ।

**ਮਾਣਯੋਗ ਸਪੀਕਰ** : ਠੀਕ ਹੈ ਜੀ। (ਵਿਘਨ, ਸ਼ੋਰ)

**ਵਿੱਤ ਮੰਤਰੀ**: ਇਹ Yes or No ਵਿੱਚ ਜਵਾਬ ਦੇਣ ਕਿ ਐਡਮਿਟ ਕਰਦੇ ਹਨ ਜਾਂ ਡਿਨਾਈ ਕਰਦੇ ਹਨ?

**ਮਾਣਯੋਗ ਸਪੀਕਰ** : ਰਾਣਾ ਗੁਰਜੀਤ ਜੀ, ਤੁਸੀਂ ਬੋਲੋ। ਇੱਕ ਗੱਲ ਦੱਸ ਦਿਓ ਕਿ ਜਿਹੜੇ ਸੂਰਮੇ ਹਨ, ਕੀ ਇਹ ਇਕੱਲੇ ਮਹਿਲਾਂ ਵਿੱਚ ਹੀ ਜੰਮਦੇ ਹਨ? ਬਸ, ਸਿਰਫ ਇੰਨੀ ਗੱਲ ਦੱਸ ਦਿਓ, ਬਾਕੀ ਗੱਲ ਖਤਮ ਕਰਕੇ ਆਪਾਂ ਮਤਾ ਪਾਸ ਕਰ ਦਿੰਦੇ ਹਾਂ।

**ਰਾਣਾ ਗੁਰਜੀਤ ਸਿੰਘ** : ਇੱਥੇ ਗੱਲ ਤਾਂ ਤੁਸੀਂ ਹੀ ਖਤਮ ਨਹੀਂ ਕਰਨ ਦਿੰਦੇ।

**ਮਾਣਯੋਗ ਸਪੀਕਰ** : ਪਲੀਜ਼ ਕਰੋ।

**ਰਾਣਾ ਗੁਰਜੀਤ ਸਿੰਘ (ਕਪੂਰਥਲਾ)**: ਸਪੀਕਰ ਸਾਹਿਬ, ਐਲ.ਓ.ਪੀ. ਸਾਹਿਬ ਨੇ ਕਿਹਾ ਕਿ ਮੈਂ ਮੁਆਫੀ ਮੰਗਦਾ ਹਾਂ ਅਤੇ ਸੁਖਪਾਲ ਸਿੰਘ ਖਹਿਰਾ ਕੱਲ੍ਹ ਆ ਕੇ ਆਪਣਾ ਸਪੱਸ਼ਟੀਕਰਨ ਦੇ ਦੇਵੇਗਾ। (ਵਿਘਨ) ਹੁਣ ਮੈਨੂੰ ਇੱਕ ਮਿੰਟ ਦੇ ਦਿਓ। (ਵਿਘਨ, ਸ਼ੋਰ) ਕਿਸੇ ਨੂੰ ਗੱਲ ਤਾਂ ਕਰਨ ਦਿਓ। (ਵਿਘਨ, ਸ਼ੋਰ)

**Mr. Speaker :** Let him complete. ਰਾਣਾ ਜੀ ਨੂੰ ਆਪਣੀ ਗੱਲ ਕਰਨ ਦਿਓ।

**ਰਾਣਾ ਗੁਰਜੀਤ ਸਿੰਘ** : ਸਪੀਕਰ ਸਾਹਿਬ, 2012 ਤੋਂ 2017 ਵਿੱਚ ਇੱਥੇ ਬਿਕਰਮ ਮਜੀਠੀਆ ਅਤੇ ਰਾਣਾ ਗੁਰਜੀਤ ਸਿੰਘ ਦੀ ਤੂੰ-ਤੂੰ, ਮੈਂ-ਮੈਂ ਹੋ ਗਈ। (ਵਿਘਨ..) ਮੇਰੀ ਗੱਲ ਸੁਣਿਓ। ਸਪੀਕਰ ਸਾਹਿਬ, ਇਨ੍ਹਾਂ ਨੂੰ ਚੁੱਪ ਕਰਾਇਓ, ਮੈਂ ਬੜੀ ਮਜ਼ੇਦਾਰ ਗੱਲ ਸੁਣਾਉਣ ਲੱਗਿਆ ਹਾਂ। (ਆਮ ਆਦਮੀ ਪਾਰਟੀ ਦੇ ਮੈਂਬਰ, ਸ੍ਰੀਮਤੀ ਇੰਦਰਜੀਤ ਕੌਰ ਮਾਨ ਵੱਲੋਂ ਵਿਘਨ) ਬੀਬੀ, ਸਾਡੇ ਉਥੇ ਦੀ ਹੋ ਕੇ ਸਾਡੇ ਨਾਲ ਹੀ..(ਹਾਸਾ) ਸਪੀਕਰ ਸਾਹਿਬ, ਮੇਰੀ ਤੇ ਬਿਕਰਮ ਮਜੀਠੀਏ ਦੀ ਤੂੰ-ਤੂੰ, ਮੈਂ-ਮੈਂ ਹੋ ਗਈ। ਹਾਊਸ ਚੱਲਣ ਨਹੀਂ ਦਿੱਤਾ। ਇੱਥੋਂ ਵਗਾਹ ਵਗਾਹ ਕੇ ਸਪੀਕਰ ਤੇ ਕਾਗਜ਼ ਮਾਰੇ। ਸਾਡੇ ਇੱਕ ਐਮ.ਐਲ.ਏ. ਸਨ, ਜੋ ਹੁਣ ਹਾਊਸ ਵਿੱਚ ਨਹੀਂ ਹਨ। (ਵਿਘਨ...) ਆਪਾਂ ਪੁਰਾਣੀਆਂ ਗੱਲਾਂ ਕਿਉਂ ਕਰਨੀਆਂ ਹਨ? ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡਾ ਉਹ ਬੰਦਾ ਅੱਜ ਹਾਊਸ ਵਿੱਚ ਨਹੀਂ ਹੈ, ਉਹ ਮੈਂਬਰ ਪਾਰਲੀਮੈਂਟ ਬਣ ਗਿਆ ਹੈ। ਉਸ ਨੇ ਸੋਚਿਆ ਕਿ ਮੈਂ ਆਪਣੀ ਲੀਡਰੀ ਚਮਕਾ ਲਵਾਂ। ਉਹ ਕਹਿਣ ਲੱਗਾ, ਸੈਕਟਰ 17 ਚੱਲੋ, ਕੈਂਡਲ ਮਾਰਚ ਹੋਵੇਗਾ। ਜਦੋਂ ਕੈਂਡਲ ਮਾਰਚ ਹੋਇਆ, ਟੀ.ਵੀ. ਵਾਲੇ ਆ ਗਏ, ਉਥੇ ਕਹਿਣ ਲੱਗੇ ਕਿ ਬਿਕਰਮ ਮਜੀਠੀਏ ਨੇ ਰਾਣੇ ਨੂੰ ਗਾਲ੍ਹ ਕੱਢੀ, ਇੱਕ ਵਾਰ, ਦੋ ਵਾਰ, ਪੰਜ ਵਾਰ, ਇਹੀ ਗੱਲ ਕਹੀ ਜਾਣ, ਮੈਂ ਕਿਹਾ ਬੰਦ ਕਰੋ ਇਹ ਬਕਵਾਸ। ਸੋ, ਈ.ਟੀ.ਓ. ਸਾਹਿਬ, ਬਾਜਵਾ ਸਾਹਿਬ ਦੀ ਮੰਨ ਲਓ। (ਵਿਘਨ) ਤੁਸੀਂ ਕਿਉਂ ਵਾਰ ਵਾਰ ਇਨ੍ਹਾਂ ਨੂੰ ਜਤਾਉਂਦੇ ਹੋ? (ਵਿਘਨ) ਇਨ੍ਹਾਂ ਨੂੰ ਵਾਰ ਵਾਰ ਕਿਉਂ ਜਤਾਉਂਦੇ ਹੋ ਕਿ ਤੁਹਾਨੂੰ ਇਹ ਕਿਹਾ ਹੈ। ਆਪਣੇ ਬੰਦੇ ਨੂੰ ਸ਼ਰਮਿੰਦਾ ਨਹੀਂ ਕਰਦੇ ਹੁੰਦੇ। ਜਿੱਥੇ ਤੱਕ ਸੁਖਪਾਲ ਸਿੰਘ ਖਹਿਰਾ ਦੀ ਗੱਲ ਹੈ, ਸਾਡੇ ਲੀਡਰ ਨੇ ਕਿਹਾ ਹੈ ਕਿ ਉਹ ਕੱਲ੍ਹ ਨੂੰ ਆਏਗਾ, ਜੋ ਮਰਜ਼ੀ ਕਰ ਲੈਣਾ ਤੇ ਇਸ ਵਿੱਚ ਕਿਸ ਗੱਲ ਦਾ ਰੌਲਾ ਹੈ?

**ਮਾਣਯੋਗ ਸਪੀਕਰ** : ਠੀਕ ਹੈ ਜੀ। (ਵਿਘਨ, ਸ਼ੋਰ)

**ਰਾਣਾ ਗੁਰਜੀਤ ਸਿੰਘ** : ਉਸ ਨੂੰ ਬੁਲਾਓ, ਜੋ ਮਰਜ਼ੀ ਉਸ ਨਾਲ ਕਰੋ। ਉਹ ਸਪੱਸ਼ਟੀਕਰਨ ਦੇਵੇਗਾ, ਜੇ ਨਹੀਂ ਦਿੰਦਾ ਤਾਂ ਤੁਸੀਂ ਕੱਢ ਦਿਓ।

**ਮਾਣਯੋਗ ਸਪੀਕਰ** : ਮੰਤਰੀ ਜੀ, ਕੀ ਤੁਸੀਂ ਕੁਝ ਕਹਿਣਾ ਚਾਹੁੰਦੇ ਹੋ?

**ਲੋਕ ਨਿਰਮਾਣ ਮੰਤਰੀ (ਸਰਦਾਰ ਹਰਭਜਨ ਸਿੰਘ) :** ਸਪੀਕਰ ਸਾਹਿਬ, ਜਿਹੜੀ ਜੰਡਿਆਲਾ ਗੁਰੂ ਵਿੱਚ 6 ਫਰਵਰੀ ਨੂੰ ਕਾਂਗਰਸ ਪਾਰਟੀ ਦੀ ਰੈਲੀ ਹੋਈ ਸੀ, ਉਸ ਰੈਲੀ ਵਿੱਚ ਤੁਸੀਂ ਸਾਰਿਆਂ ਨੇ ਸੁਣਿਆ ਹੋਣਾ, ਇੱਕ ਬਹੁਤ ਸੀਜ਼ਨਡ, ਬਹੁਤ ਲਰਨਡ, ਸਾਬਕਾ ਐਮ.ਪੀ., ਰਾਜ ਸਭਾ, ਪੰਜਾਬ ਦੇ ਸਾਬਕਾ ਲੋਕ ਸੰਪਰਕ ਮੰਤਰੀ ਅਤੇ ਮੌਜੂਦਾ ਐਲ.ਓ.ਪੀ. ਨੇ ਜੋ ਵਰਡਿੰਗ ਉਥੇ ਯੂਜ਼ ਕੀਤੀ ਸੀ, ਮੈਂ ਇਸ ਸਦਨ ਵਿੱਚ ਇਹ ਕਹਿੰਦਾ ਹਾਂ ਕਿ ਉਹ ਕਾਂਗਰਸ ਦੇ ਕਫ਼ਨ ਦੇ ਵਿੱਚ ਆਖਰੀ ਕਿੱਲ ਸਾਬਤ ਹੋਵੇਗੀ। (ਥੰਪਿੰਗ)

ਸਰ, ਕਿਸੇ ਦੇ ਪਿਤਾ ਪੁਰਖੀ ਧੰਦੇ ਦੇ ਉੱਤੇ ਤੁਸੀਂ ਉਸਦੇ ਹਲਕੇ ਵਿੱਚ ਜਾ ਕੇ ਨਾਲ ਐਕਟਿੰਗ ਕਰ-ਕਰ ਕੇ ਇਹ ਗੱਲਾਂ ਦੱਸ ਰਹੇ ਹੋ। ਇਸ ਤਰ੍ਹਾਂ ਤਾਂ ਸਾਡੇ ਬਹੁਤ ਜ਼ਿਆਦਾ ਭਰਾ ਹਨ ਜਿਹੜੇ ਪਸ਼ੂਆਂ ਦੀਆਂ ਖੱਲਾਂ ਲਾਹੁੰਦੇ ਹਨ। ਜੇ ਉਨ੍ਹਾਂ ਵਿੱਚੋਂ ਕਿਸੇ ਦਾ ਬੱਚਾ ਐਮ.ਐਲ.ਏ. ਜਾਂ ਮੰਤਰੀ ਬਣ ਜਾਂਦਾ ਹੈ, ਫੇਰ ਤਾਂ ਐਲ.ਓ.ਪੀ. ਸਾਹਿਬ ਇਹ ਕਹਿਣਗੇ ਕਿ ਤੁਹਾਡਾ ਬਾਪ ਪਸ਼ੂਆਂ ਦੀਆਂ ਖੱਲਾਂ ਲਾਹੁੰਦਾ ਰਿਹਾ ਹੈ, ਅਸੀਂ ਤੁਹਾਡੀ ਖੱਲ ਲਾਹਵਾਂਗੇ। ਫੇਰ ਤਾਂ ਇਹ ਕਹਿਣਗੇ ਕਿ ਤੁਹਾਡਾ ਬਾਪ ਜੁੱਤੀਆਂ ਗੰਢਦਾ ਰਿਹਾ ਹੈ, ਅਸੀਂ ਤੁਹਾਨੂੰ ਜੁੱਤੀ ਫੇਰਾਂਗੇ। ਦੱਸੋ ਕਿ ਕੀ ਇੱਕ ਚੰਗੇ ਸੀਜ਼ਨਡ, ਪੜ੍ਹੇ ਲਿਖੇ, ਐਲ.ਓ.ਪੀ. ਨੂੰ ਕਿਸੇ ਪਬਲਿਕ ਰੈਲੀ ਵਿੱਚ ਅਜਿਹੀਆਂ ਗੱਲਾਂ ਕਰਨੀਆਂ ਬਣਦੀਆਂ ਹਨ? ਮੇਰੇ ਪਿਤਾ ਸਰਦਾਰ ਦਰਸ਼ਨ ਸਿੰਘ ਜੀ ਨੇ ਮੈਨੂੰ ਪੜ੍ਹਾਇਆ, ਲਿਖਾਇਆ, ਮੇਰੇ ਤੋਂ ਉਨ੍ਹਾਂ ਨੇ ਆਸ ਰੱਖੀ ਕਿ ਤੂੰ ਕਿਸੇ ਨਾ ਕਿਸੇ ਮੁਕਾਮ ਤੇ ਪਹੁੰਚ ਜਾਵੇਂ। ਸਰ, ਮੈਨੂੰ ਪਤਾ ਹੈ ਕਿ ਜਦੋਂ ਉਹ ਬੈਂਡ ਵਾਜਾ ਵਜਾਉਣ ਜਾਂਦੇ ਸੀ ਤਾਂ ਕਿੱਦਾਂ ਉਨ੍ਹਾਂ ਦੇ ਮਨ ਵਿੱਚ ਬੋਝ ਹੁੰਦਾ ਸੀ ਕਿ ਬੱਚੇ ਦੀ ਫੀਸ ਵੀ ਦੇਣੀ ਹੈ, ਘਰ ਰੋਟੀ ਵੀ ਲਿਆਉਣੀ ਹੈ, ਰੋਟੀ ਵੀ ਖਾਣੀ ਹੈ। ਸਰ, ਅਸੀਂ 7 ਭੈਣ ਭਰਾ ਹਾਂ। ਇੱਕ ਬੈਂਡ ਵਾਜਾ ਵਜਾ ਕੇ ਮੇਰੇ ਬਾਪ ਨੇ ਅਤੇ ਮੇਰੀ ਮਾਂ ਨੇ ਸਾਨੂੰ ਸੱਤਾਂ ਭੈਣ ਭਰਾਵਾਂ ਨੂੰ ਪਾਲਿਆ, ਉਨ੍ਹਾਂ ਨੇ ਸਾਨੂੰ ਦਸਾਂ ਨਹੁੰਆਂ ਦੀ ਕਿਰਤ ਕਰਕੇ ਪੜ੍ਹਾਇਆ। (ਥੰਪਿੰਗ) ਜਿਸ ਤਰ੍ਹਾਂ ਬਾਜਵਾ ਸਾਹਿਬ ਦੱਸ ਰਹੇ ਸੀ, ਮੇਰੇ ਫਾਦਰ ਸਾਹਿਬ ਕਲਾਕ ਵਜਾਉਂਦੇ ਸੀ। ਕਲਾਕ ਵਜਾਉਂਦਿਆਂ 10 ਦੀਆਂ 10 ਉਂਗਲਾਂ ਹੀ ਲੱਗਦੀਆਂ ਹਨ। ਸਾਡੇ ਮੂੰਹ ਵਿੱਚ ਕੋਈ ਸੋਨੇ ਦਾ ਬਿਸਕੁਟ ਨਹੀਂ ਪਿਆ, ਸਾਡੇ ਮੂੰਹ ਵਿੱਚ ਉਹ ਦਸਾਂ ਨਹੁੰਆਂ ਦੀ ਕਮਾਈ ਪਈ ਹੈ। (ਥੰਪਿੰਗ) ਜੇ ਇੱਥੇ ਕੋਈ ਅੰਮੀਂ ਜਾਇਆ ਹੈ ਤਾਂ ਅਸੀਂ ਵੀ ਮਾਂ ਜਾਏ ਹਾਂ। ਅੱਜ ਕੋਈ ਇਹ ਕਹੇ ਕਿ ਪਹਿਲਾਂ ਮੈਂ ਪੀ.ਡਬਲਿਊ.ਡੀ. ਮੰਤਰੀ ਹੁੰਦਾ ਸੀ ਤੇ ਅੱਜ ਉਥੇ ਦਲਿਤ ਪਰਿਵਾਰ ਦਾ ਪੁੱਤ ਖੜ੍ਹ ਕੇ ਪੀ.ਡਬਲਿਊ.ਡੀ. ਮੰਤਰੀ ਬਣ ਗਿਆ ਅਤੇ ਅਧਿਕਾਰ ਤਾਂ ਇੱਥੇ ਮੇਰਾ ਸੀ। ਸਰ, ਇਹ ਲੋਕਾਂ ਨੇ ਡਿਸਾਈਡ ਕਰਨਾ ਹੈ। ਇਹ ਲੋਕ ਦੇਖਣਗੇ ਕਿ ਅਸੀਂ ਕਿਸ ਨੂੰ ਮੰਤਰੀ ਬਣਾਉਣਾ ਹੈ, ਕਿਸ ਨੂੰ ਅਸੀਂ ਐਮ.ਐਲ.ਏ. ਬਣਾਉਣਾ ਹੈ। ਸਰ, ਸਾਡੇ ਘਰ ਦੇ ਹਾਲਾਤ ਸਾਡੇ ਘਰ ਜਾ ਕੇ ਦੇਖ ਲਵੋ। ਇਹ ਕਹਿੰਦੇ ਹਨ ਕਿ ਮੈਂ ਆਹ ਕਰ ਦੇਵਾਂਗਾ, ਅਸੀਂ ਸਾਲ 2027 ਵਿੱਚ ਜਿੱਤ ਕੇ ਆ ਜਾਵਾਂਗੇ। ਸਰ, ਇਹ ਗੱਲ ਤਾਂ ਭੁੱਲ ਜਾਣ, ਸਤਾਈ (2027) ਨੇ ਹੀ ਇਨ੍ਹਾਂ ਨੂੰ ਸਤਾਇਆ ਹੋਇਆ ਹੈ। ਇਹ ਗੱਲਾਂ ਐਵੇਂ ਹੀ ਨਹੀਂ ਮੂੰਹ ਵਿੱਚੋਂ ਨਿਕਲਦੀਆਂ ਹੁੰਦੀਆਂ। ਇਹ ਇੰਨੇ ਸਤਾਏ ਗਏ ਹਨ ਕਿ ਇਨ੍ਹਾਂ ਵਿੱਚੋਂ ਇਕੱਲਾ ਇਕੱਲਾ ਬੰਦਾ ਮੁੱਖ ਮੰਤਰੀ ਬਣਨਾ ਚਾਹੁੰਦਾ ਹੈ। ਸਰ, ਇਹ ਜਿੱਥੇ ਜੰਡਿਆਲਾ ਗੁਰੂ ਵਿੱਚ ਰੈਲੀ ਕਰ ਰਹੇ ਸੀ, ਉਥੋਂ ਦਾ ਸਾਬਕਾ ਵਿਧਾਇਕ ਇਸ ਸਾਰੀ ਚੀਜ਼ ਦਾ ਗਵਾਹ ਬਣਿਆ। ਉਹ ਵੀ ਮੁੰਗੇਰੀ ਲਾਲ ਦੇ ਹੁਸੀਨ ਸੁਪਨੇ ਲਈ ਜਾਂਦਾ ਹੈ ਕਿ ਮੈਂ ਵੀ ਆਉਣ ਵਾਲੇ ਸਮੇਂ ਵਿੱਚ ਮੁੱਖ ਮੰਤਰੀ ਬਣਾਂਗਾ। ਸਰ, ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਜਦੋਂ ਕਿਤੇ ਤੁਸੀਂ ਬੋਲਣਾ ਹੈ, ਤੁਸੀਂ ਮੇਰੇ ਵਿਰੁੱਧ ਬੋਲੋ, ਜਿੰਨਾ ਮਰਜ਼ੀ ਬੋਲੋ, ਖੁਲ੍ਹ ਕੇ ਬੋਲੋ। ਮੇਰੇ ਉੱਤੇ ਇਲਜ਼ਾਮ ਲਗਾਉ ਪਰ ਮੇਰੇ ਪਿਤਾ ਪੁਰਖੀ ਧੰਦੇ ਦੇ ਉੱਤੇ ਅਤੇ ਮੇਰੀ ਮਾਂ ਦੀ ਮਿਹਨਤ ਦੇ ਉੱਤੇ ਨਹੀਂ। ਸਰ, ਮੈਨੂੰ ਯਾਦ ਹੈ, ਬੈਂਡ ਦਾ ਕੰਮ ਸੀਜ਼ਨਲ ਹੁੰਦਾ ਹੈ। ਹਮੇਸ਼ਾ ਪੂਰਾ ਸਾਲ ਕੰਮ ਨਹੀਂ ਚੱਲਦਾ। ਇਸ ਤੋਂ ਬਾਅਦ ਸਾਨੂੰ ਹੋਰ ਵੀ ਮਿਹਨਤ ਮਜ਼ਦੂਰੀ ਕਰਨੀ ਪੈਂਦੀ ਹੈ। ਸਰ, ਜਦੋਂ ਮੈਂ ਛੋਟਾ ਹੁੰਦਾ ਸੀ ਤਾਂ ਅਸੀਂ ਕਣਕਾਂ ਵੱਢਣ ਜਾਂਦੇ ਸੀ, ਜਦੋਂ ਅਸੀਂ ਵਾਢੀ ਕਰਨੀ ਤਾਂ ਮੇਰੀ ਮਾਤਾ ਪਿੱਛੇ ਰੋਟੀ ਲੈ ਕੇ ਜਾਂਦੀ ਹੁੰਦੀ ਸੀ, ਉਸਨੇ ਪਰਾਤ ਵਿੱਚ ਦਾਤਰੀ ਧਰੀ ਹੁੰਦੀ ਸੀ। ਮੈਂ ਛੋਟਾ ਹੁੰਦਾ ਸੀ, ਮੇਰੇ ਕੋਲੋਂ ਦੂਜਿਆਂ ਦੇ ਬਰਾਬਰ ਵਾਢੀ ਵਿੱਚ ਨਹੀਂ ਚੱਲਿਆ ਜਾਂਦਾ ਸੀ, ਜਿਸ ਕਰਕੇ ਮੇਰੀ ਮਾਂ ਇੱਕ ਘੰਟਾ ਪਹਿਲਾਂ ਰੋਟੀ ਲੈ ਕੇ ਜਾਂਦੀ ਹੁੰਦੀ ਸੀ ਤੇ ਦਾਤਰੀ ਵੀ ਨਾਲ ਲੈ ਕੇ ਜਾਂਦੀ ਹੁੰਦੀ ਸੀ ਕਿ ਅਸੀਂ ਹਿੱਸਾ ਲੈਣਾ ਹੈ, ਮੈਂ ਤੇਰੇ ਨਾਲ ਕੰਮ ਕਰਵਾ ਕੇ ਜਾਵਾਂਗੀ। (ਥੰਪਿੰਗ) ਸਰ, ਇਹੋ ਜਿਹੇ ਪਰਿਵਾਰ ਦੇ ਉੱਤੇ ਟਿੱਪਣੀਆਂ ਕਰਨੀਆਂ? ਸਰ, ਉਥੇ ਫੇਰ ਕਾਂਗਰਸ ਦੇ ਪ੍ਰਧਾਨ ਨੇ ਕਿਹਾ ਕਿ ਤਿੰਨ ਮਿੰਟ ਦੇ ਵਿੱਚ ਧੌਣ ਮਰੋੜ ਦਿਉ। ਈ.ਟੀ.ਓ. ਦੀ ਤਿੰਨ ਮਿੰਟ ਦੇ ਵਿੱਚ ਧੌਣ ਮਰੋੜ ਦਿਉ। ਸਰ, ਮੈਂ ਤੁਹਾਨੂੰ ਦਾਅਵੇ ਨਾਲ ਕਹਿੰਦਾ ਹਾਂ ਕਿ ਜੇ ਇਹ ਤਿੰਨ ਹਜ਼ਾਰ ਸਾਲ ਜਨਮ ਵੀ ਹੋਰ ਲੈ ਲਵੇ ਤਾਂ ਇਹ ਈ.ਟੀ.ਓ. ਦੀ ਧੌਣ

ਨਹੀਂ ਮਰੋੜ ਸਕਦਾ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਸ ਧੌਣ ਨੇ ਆਪਣੇ ਸਿਰਾਂ ਉੱਤੇ ਭਰੀਆਂ ਚੁੱਕੀਆਂ ਹੋਈਆਂ ਹਨ। ਇਸ ਧੌਣ ਨੇ ਪੱਠੇ ਆਪਣੇ ਸਿਰਾਂ ਉੱਤੇ ਚੁੱਕੇ ਹੋਏ ਹਨ, ਇਨ੍ਹਾਂ ਸਿਰਾਂ ਦੇ ਉੱਤੇ ਪੰਡਾਂ ਚੁੱਕੀਆਂ ਹੋਈਆਂ ਹਨ। ਇਹ ਸਾਡੀ ਧੌਣ ਕਿਵੇਂ ਮਰੋੜ ਦੇਣਗੇ? ਸਰ, ਤੁਸੀਂ ਦੇਖੋ, ਸਾਡੀਆਂ ਮਾਵਾਂ, ਭੈਣਾਂ, ਧੀਆਂ ਦੀਆਂ ਕੁੱਖਾਂ ਤੱਕ ਇਹ ਪਹੁੰਚ ਗਏ ਹਨ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਅੱਜ ਇਨ੍ਹਾਂ ਨੇ ਕੁੱਖਾਂ ਨੂੰ ਵੀ ਨਹੀਂ ਛੱਡਿਆ। ਤੁਸੀਂ ਇਨ੍ਹਾਂ ਨੂੰ ਕਿਹੜੀ ਗੱਲ ਕਹੋਗੇ? ਸਾਡੀਆਂ ਧੀਆਂ ਭੈਣਾਂ ਇੱਥੇ ਵੀ ਬੈਠੀਆਂ ਹਨ, ਚਾਹੇ ਇੱਧਰ, ਚਾਹੇ ਉੱਧਰ ਅਤੇ ਚਾਹੇ ਗੈਲਰੀਆਂ ਵਿੱਚ ਬੈਠੀਆਂ ਹਨ। ਹੈ ਤਾਂ ਇਹ ਸਾਡੀਆਂ ਹੀ ਧੀਆਂ ਭੈਣਾਂ ਹਨ। ਸਪੀਕਰ ਸਾਹਿਬ, ਧੀਆਂ ਭੈਣਾਂ ਦੀਆਂ ਕੁੱਖਾਂ ਤੱਕ ਪਹੁੰਚਣਾ ਕਿਸੇ ਸਮਝਦਾਰ ਬੰਦੇ ਨੂੰ ਸ਼ੋਭਾ ਨਹੀਂ ਦਿੰਦਾ। ਮੈਂ ਹਾਊਸ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਿਸੇ ਨੂੰ ਇਹ ਸ਼ੋਭਾ ਦਿੰਦਾ ਹੈ?

**ਸ੍ਰੀਮਤੀ ਗਨੀਵ ਕੌਰ ਮਜੀਠੀਆ:** ** **

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਸ਼੍ਰੋਮਣੀ ਅਕਾਲੀ ਦਲ ਦੀ ਮੈਂਬਰ ਸ੍ਰੀਮਤੀ ਗਨੀਵ ਕੌਰ ਮਜੀਠੀਆ ਨਾਲ ਬਹਿਸਣ ਲੱਗ ਪਏ, ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ।)

**ਲੋਕ ਨਿਰਮਾਣ ਮੰਤਰੀ:** ਕਿਨ੍ਹਾਂ ਦੇ ਬੱਚੇ ਅਸੀਂ ਰੋਲੇ ਹਨ?

**ਮਾਣਯੋਗ ਸਪੀਕਰ:** ਚੇਅਰ ਨੂੰ ਐਡਰੈਸ ਕੀਤਾ ਜਾਵੇ।

**ਲੋਕ ਨਿਰਮਾਣ ਮੰਤਰੀ:** ਸਪੀਕਰ ਸਾਹਿਬ, ਆਮ ਆਦਮੀ ਪਾਰਟੀ ਦੀ ਸਰਕਾਰ ਬਣੇ ਨੂੰ ਚਾਰ ਸਾਲ ਹੋਏ ਹਨ।

**ਸ੍ਰੀਮਤੀ ਗਨੀਵ ਕੌਰ ਮਜੀਠੀਆ:** ** **

**ਲੋਕ ਨਿਰਮਾਣ ਮੰਤਰੀ:** ਗੈਂਗਸਟਰ ਆਮ ਆਦਮੀ ਪਾਰਟੀ ਨੇ ਪੈਦਾ ਨਹੀਂ ਕੀਤੇ, ਨਸ਼ੇ ਆਮ ਆਦਮੀ ਪਾਰਟੀ ਨੇ ਪੈਦਾ ਨਹੀਂ ਕੀਤੇ।

**ਮਾਣਯੋਗ ਸਪੀਕਰ:** ਜੋ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾ ਕਿਹਾ ਗਿਆ ਹੈ, ਰਿਕਾਰਡ ਨਾ ਕੀਤਾ ਜਾਵੇ।

**ਲੋਕ ਨਿਰਮਾਣ ਮੰਤਰੀ:** ਕੀ ਨਸ਼ੇ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਲਿਆਂਦੇ ਹਨ?

(ਇਸ ਸਮੇਂ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਸ਼੍ਰੋਮਣੀ ਅਕਾਲੀ ਦਲ ਦੀ ਮੈਂਬਰ, ਸ੍ਰੀਮਤੀ ਗਨੀਵ ਕੌਰ ਮਜੀਠੀਆ ਨਾਲ ਬਹਿਸ ਕਰ ਰਹੇ ਸਨ, ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਣਯੋਗ ਸਪੀਕਰ :** ਬੈਠੋ ਬੈਠੋ, ਮੰਤਰੀ ਜੀ, ਹੋ ਗਿਆ। ਈ.ਟੀ.ਓ. ਸਾਹਿਬ, ਹੁਣ ਨਿਬੇੜੀਏ। ਆਪਾਂ ਅੱਗੇ ਚੱਲੀਏ। ਤੁਸੀਂ ਬੈਠੋ। ਹਾਂ ਜੀ, ਸਰਦਾਰ ਮਨਜੀਤ ਸਿੰਘ ਬਿਲਾਸਪੁਰ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ, ਐਸ.ਸੀ.):** ਸਪੀਕਰ ਸਾਹਿਬ, ਬੀਬੀ ਗਨੀਵ ਕੌਰ ਜੀ ਟਿੱਪਣੀ ਕਰ ਰਹੇ ਹਨ। ਮੈਂ ਇਨ੍ਹਾਂ ਨੂੰ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਸ੍ਰੀ ਅੰਮ੍ਰਿਤਸਰ ਵਿੱਚ ਇਨ੍ਹਾਂ ਦੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਇੱਕ ਏ.ਐਸ.ਆਈ. ਆਪਣੀ ਧੀ ਦੀ ਹਿਫ਼ਾਜ਼ਤ ਕਰ ਰਿਹਾ ਸੀ, ਜਿਸ ਦੇ ਮਗਰ ਗੁੰਡੇ ਪਏ ਹੋਏ ਸੀ, ਜੋ ਉਸ ਨੂੰ ਚੁੱਕ ਕੇ ਲਿਜਾਣ ਦੀ ਕੋਸ਼ਿਸ਼ ਕਰ ਰਹੇ ਸੀ। ਉਸ ਨੂੰ ਬੇਇੱਜ਼ਤ ਕਰ ਰਹੇ ਸੀ। ਉਸ ਏ.ਐਸ.ਆਈ. ਦਾ ਕਤਲ ਕਰਕੇ, ਉਸ ਦੀ ਲਾਸ਼ ਤੇ ਪੈਰ ਧਰ ਕੇ ਲੀਡਰਾਂ ਦੇ ਨਾਅਰੇ ਲਗਾਏ ਗਏ, ਖਾਸ ਕਰਕੇ ਇਨ੍ਹਾਂ ਦੇ ਪਰਿਵਾਰ ਦੇ ਨਾਅਰੇ ਲਗਾਏ ਗਏ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ)

---

** ** Not recorded as ordered by the Chair.

**ਮਾਣਯੋਗ ਸਪੀਕਰ :** ਹੁਣ ਆਪਾਂ ਅੱਗੇ ਚੱਲੀਏ, ਇਹ ਤਾਂ ਅਨਐਂਡਿੰਗ ਹੋ ਗਿਆ ਜੀ। ਬੀਬੀ ਗਨੀਵ ਕੌਰ ਮਜੀਠੀਆ ਜੀ।

**ਸ਼੍ਰੀਮਤੀ ਗਨੀਵ ਕੌਰ ਮਜੀਠੀਆ:** ਸਪੀਕਰ ਸਾਹਿਬ, I would like to respond to him.

**ਮਾਣਯੋਗ ਸਪੀਕਰ:** ਜੀ।

**ਸ਼੍ਰੀਮਤੀ ਗਨੀਵ ਕੌਰ ਮਜੀਠੀਆ:** ਸਪੀਕਰ ਸਾਹਿਬ, ਪਹਿਲਾਂ ਤਾਂ ਸਾਡੀ ਸਰਕਾਰ ਗਿਆਂ ਨੂੰ ਤਾਂ ਕਿੰਨਾ ਚਿਰ ਹੋ ਗਿਆ। ਤੁਸੀਂ ਸਾਡੀ ਗੱਲ ਕਰ ਰਹੇ ਹੋ, ਪਹਿਲਾਂ ਆਪਣੀ ਗੱਲ ਤਾਂ ਕਰੋ। ਜਿਹੜੀਆਂ ਮਾਵਾਂ ਭੈਣਾਂ ਦੇ ਬੱਚੇ ਰੋਲ ਰਹੇ ਹੋ, ਉਨ੍ਹਾਂ ਨੂੰ ਇਨਸਾਫ਼ ਦਿਵਾਓ, ਤੁਸੀਂ ਆਪਣੀ ਗੱਲ ਕਰੋ।

(ਇਸ ਸਮੇਂ ਵੀ ਆਮ ਆਦਮੀ ਪਾਰਟੀ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਉੱਤੇ ਖੜ੍ਹੇ ਹੋ ਕੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੀਮਤੀ ਗਨੀਵ ਕੌਰ ਮਜੀਠੀਆ ਨਾਲ ਬਹਿਸ ਰਹੇ ਸਨ, ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਣਯੋਗ ਸਪੀਕਰ:** ਠੀਕ ਹੈ ਜੀ, ਤੁਹਾਡੀ ਗੱਲ ਆ ਗਈ ਹੈ ਜੀ। (ਵਿਘਨ...ਸ਼ੋਰ) ਸਾਰੇ ਬੈਠੋ, ਹੁਣ ਆਪਾਂ ਅੱਗੇ ਚੱਲੀਏ। ਹਾਂ ਜੀ, ਸ਼੍ਰੀ ਅਮਨ ਅਰੋੜਾ ਜੀ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ (ਸ਼੍ਰੀ ਅਮਨ ਅਰੋੜਾ) :** ਸਪੀਕਰ ਸਾਹਿਬ, ਇੱਕ ਬਹੁਤ ਹੀ ਸ਼ਰਮਨਾਕ, ਘਟੀਆ, ਬਹੁਤ ਹਲਕੇ ਦਰਜੇ ਦੀ ਮਾਨਸਿਕਤਾ ਵਾਲੀ ਗੱਲ ਅੱਜ ਸੁਖਪਾਲ ਸਿੰਘ ਖਹਿਰਾ ਨੇ ਉਠਾਈ ਹੈ। ਆਪਾਂ ਹਮੇਸ਼ਾ ਕਹਿੰਦੇ ਹਾਂ ਕਿ ਸਾਡੀਆਂ ਧੀਆਂ ਭੈਣਾਂ ਅਤੇ ਬੱਚੇ ਸਾਰਿਆਂ ਦੇ ਸਾਂਝੇ ਹੁੰਦੇ ਹਨ ਪਰ ਹੁਣ ਪੰਜਾਬ ਦੇ ਕਿਹੜੇ ਧਰਮ, ਮਜ਼ਹਬ, ਫਿਰਕੇ ਦੀ ਕਿਹੜੀ ਸਾਡੀ ਮਾਂ, ਸਾਡੀ ਭੈਣ ਆਪਣੀ ਕੁੱਖੋਂ ਕਿਸ ਨੂੰ ਜਨਮ ਦੇਵੇਗੀ, ਇਹ ਡਿਸਾਈਡ ਕਰਨਗੇ? ਸਪੀਕਰ ਸਾਹਿਬ, ਕਾਂਗਰਸ ਪਾਰਟੀ ਦੀ ਮਾਨਸਿਕਤਾ ਨੂੰ ਮੈਂ ਵੀ ਅਤੇ ਤੁਸੀਂ ਵੀ ਚੰਗੀ ਤਰ੍ਹਾਂ ਸਮਝਦੇ ਹਾਂ। ਕਾਂਗਰਸ ਪਾਰਟੀ ਦਾ ਇਤਿਹਾਸਕ ਇੰਸਟਾਂਸ ਰਿਹਾ ਹੈ ਕਿ ਜੇਕਰ ਸ਼੍ਰੀ ਦਿਗਵਿਜੈ ਸਿੰਘ, ਸ਼੍ਰੀ ਸ਼ਸ਼ੀ ਥਰੂਰ ਜਾਂ ਸ਼੍ਰੀ ਮਨੀਸ਼ ਤਿਵਾੜੀ ਕੁਝ ਬੋਲਦੇ ਹਨ ਤਾਂ ਕਾਂਗਰਸ ਪਾਰਟੀ ਆਪਣੇ ਆਪ ਨੂੰ ਬੜੇ ਸਮਾਰਟਲੀ ਉਸ ਤੋਂ ਵੱਖ ਕਰ ਲੈਂਦੀ ਹੈ ਕਿ ਇਹ ਸਾਡਾ ਬਿਆਨ ਨਹੀਂ, ਇਹ ਤਾਂ ਉਨ੍ਹਾਂ ਦੇ ਨਿੱਜੀ ਵਿਚਾਰ ਹਨ। ਹੁਣ ਸੁਖਪਾਲ ਸਿੰਘ ਖਹਿਰਾ ਨੇ ਜੋ ਕਿਹਾ, ਲੀਡਰ ਆਫ ਆਪੋਜ਼ੀਸ਼ਨ ਨੇ ਕਹਿ ਦਿੱਤਾ ਕਿ ਅਸੀਂ ਉਸ ਨਾਲ ਸਹਿਮਤ ਨਹੀਂ ਹਾਂ, ਅਸੀਂ ਉਸ ਨੂੰ ਕੰਡੈਮ ਕਰਦੇ ਹਾਂ। ਸਪੀਕਰ ਸਾਹਿਬ, ਮੇਰੀ ਤੁਹਾਨੂੰ ਬੇਨਤੀ ਹੈ ਕਿ ਇੰਨੀ ਵੱਡੀ ਗੁਨਾਹਗਾਰ ਗੱਲ ਕਹਿ ਕੇ ਕਾਂਗਰਸ ਪਾਰਟੀ ਨੂੰ ਆਪਣਾ ਸਟੈਂਡ ਸਪੱਸ਼ਟ ਕਰਨਾ ਚਾਹੀਦਾ ਹੈ। ਹੁਣ ਨਹੀਂ ਕਰਨਾ ਤਾਂ ਘੰਟੇ ਨੂੰ ਕਰ ਲੈਣ, ਦੋ ਘੰਟੇ ਨੂੰ ਕਰ ਲੈਣ, ਕੱਲ੍ਹ ਨੂੰ ਕਰ ਲੈਣ ਕਿ ਕਾਂਗਰਸ ਪਾਰਟੀ ਸੁਖਪਾਲ ਸਿੰਘ ਖਹਿਰਾ ਦੀ ਗੱਲ ਨਾਲ ਸਹਿਮਤ ਹੈ ਜਾਂ ਪ੍ਰਤਾਪ ਸਿੰਘ ਬਾਜਵਾ ਦੀ ਗੱਲ ਨਾਲ ਸਹਿਮਤ ਹੈ। ਜੇਕਰ ਇਨ੍ਹਾਂ ਦੀ ਗੱਲ ਨਾਲ ਉਹ ਸਹਿਮਤ ਹਨ ਤਾਂ ਉਹ ਇੱਥੇ ਆ ਕੇ ਪੰਜਾਬ ਦੀਆਂ ਡੇਢ ਕਰੋੜ ਮਾਵਾਂ ਭੈਣਾਂ ਤੋਂ ਕੰਨ ਫੜ੍ਹ ਕੇ ਮੁਆਫ਼ੀ ਮੰਗਣ ਤੇ ਜੇਕਰ ਕਾਂਗਰਸ ਪਾਰਟੀ ਉਨ੍ਹਾਂ ਦੀ ਗੱਲ ਨਾਲ ਸਹਿਮਤ ਹੈ ਤਾਂ ਇਨ੍ਹਾਂ ਨੂੰ ਪੰਜਾਬ ਦੀਆਂ ਮਾਵਾਂ ਭੈਣਾਂ ਨੂੰ ਫੇਸ ਕਰਨਾ ਪਵੇਗਾ। ਇਸ ਤਰ੍ਹਾਂ ਇਹ ਚਲਾਕੀ ਨਾਲ ਬਚ ਕੇ ਨਹੀਂ ਨਿਕਲ ਸਕਦੇ।(ਥੰਪਿੰਗ)

**ਮਾਣਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਮੌਜੂਦਾ ਵਿਧਾਨ ਸਭਾ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਵੱਲੋਂ ਸੋਸ਼ਲ ਮੀਡੀਆ ਤੇ ਪੋਸਟ ਪਾਈ ਗਈ ਹੈ ਕਿ ਇੱਕ ਹਜਾਰ ਰੁਪਏ ਪਿੱਛੇ ਗਿੱਧਾ ਪਾਉਣ ਵਾਲੀਆਂ ਬੀਬੀਆਂ ਕਿੱਥੋਂ ਜੰਮ ਲੈਣਗੀਆਂ ਸੂਰਮੇ? ਇਹ ਪੋਸਟ ਸਿੱਧੇ ਤੌਰ ਤੇ ਔਰਤਾਂ ਅਤੇ ਖਾਸ ਕਰਕੇ ਦਲਿਤ ਔਰਤਾਂ ਦਾ ਅਪਮਾਨ ਹੈ। ਇਸ ਤੋਂ

ਇਲਾਵਾ ਇਹ ਫੈਸਲਾ ਇਸ ਪਵਿੱਤਰ ਸਦਨ ਵੱਲੋਂ ਲਿਆ ਗਿਆ ਹੈ ਕਿ ਇਹ ਇਸ ਪਵਿੱਤਰ ਸਦਨ ਦਾ ਵੀ ਅਪਮਾਨ ਹੈ।

ਇਸ ਕਰਕੇ ਇਹ ਸਦਨ ਸਰਦਾਰ ਸੁਖਪਾਲ ਸਿੰਘ ਖਹਿਰਾ ਵੱਲੋਂ ਔਰਤਾਂ ਅਤੇ ਖਾਸ ਕਰਕੇ ਦਲਿਤ ਔਰਤਾਂ ਅਤੇ ਇਸ ਪਵਿੱਤਰ ਸਦਨ ਦੇ ਕੀਤੇ ਗਏ ਅਪਮਾਨ ਦੀ ਘੋਰ ਨਿੰਦਾ ਕਰਦਾ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਰ, ਖਹਿਰਾ ਸਾਹਿਬ ਵੱਲੋਂ ਕੀਤੀ ਪੋਸਟ ਵਿੱਚ ਦਲਿਤ ਬਾਰੇ ਤਾਂ ਜ਼ਿਕਰ ਹੀ ਨਹੀਂ ਹੈ ਜੀ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ :** ਸਰ, ਇਹ ਸਹੀ ਕਹਿ ਰਹੇ ਹਨ, ਸਾਰੀਆਂ ਔਰਤਾਂ ਕਿਹਾ ਹੈ। ਮਾਣਯੋਗ ਸਪੀਕਰ ਸਾਹਿਬ, ਬਾਜਵਾ ਸਾਹਿਬ ਨੇ ਬਿਲਕੁਲ ਤੁਹਾਨੂੰ ਕੁਰੈਕਟ ਕਰ ਦਿੱਤਾ ਹੈ, ਇਕੱਲੇ ਦਲਿਤ ਮਾਵਾਂ ਭੈਣਾਂ ਦਾ ਨਹੀਂ, ਉਨ੍ਹਾਂ ਨੇ ਸਾਰੀਆਂ ਔਰਤਾਂ ਦਾ ਅਪਮਾਨ ਕੀਤਾ ਹੈ।

**ਮਾਣਯੋਗ ਸਪੀਕਰ:** ਚਲੋ, ਮੈਂ ਦੁਬਾਰਾ ਤੋਂ ਪੜ੍ਹਦਾ ਹਾਂ। ਮੈਂ ਸੋਧਿਆ ਹੋਇਆ ਮਤਾ ਪੜ੍ਹਦਾ ਹਾਂ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਸਪੀਕਰ ਸਾਹਿਬ, ਇਹ ਹਾਲੇ ਵੀ ਹੱਸ ਕੇ ਜਵਾਬ ਦੇ ਰਹੇ ਹਨ। ਬਾਜਵਾ ਸਾਹਿਬ, ਹਾਲੇ ਵੀ ਹੱਸ ਕੇ ਜਵਾਬ ਦੇ ਰਹੇ ਹਨ।

**ਰਾਣਾ ਗੁਰਜੀਤ ਸਿੰਘ:** ਸਪੀਕਰ ਸਾਹਿਬ, ਮੈਂ ਗੱਲ ਕਰਨੀ ਚਾਹੁੰਦਾ ਹਾਂ। ਮੈਂ ਗੱਲ ਕੋਈ ਚੰਗੀ ਹੀ ਕਰਾਂਗਾ। ਮੈਂ ਮਾੜੀ ਨਹੀਂ ਕਰਦਾ ਹਾਂ। ਇੱਕ ਮਿੰਟ ਦੇ ਦੇਣਾ ਜੀ।

**ਮਾਣਯੋਗ ਸਪੀਕਰ:** ਰਾਣਾ ਜੀ, ਗੱਲ ਅੱਗੇ ਤੋਰੀਏ, ਇਸ ਗੱਲ ਨੂੰ ਜ਼ਿਆਦਾ ਰਿੜਕਣ ਦਾ ਕੋਈ ਫਾਇਦਾ ਨਹੀਂ ਹੈ। ਗੱਲ ਤਾਂ ਤੁਸੀਂ ਹਮੇਸ਼ਾ ਹੀ ਚੰਗੀ ਕਰਦੇ ਹੋ। ਸੋਧਿਆ ਹੋਇਆ ਮਤਾ ਇਸ ਤਰ੍ਹਾਂ ਹੈ। ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ ਮਤੇ ਵਿੱਚ ਸੋਧਨਾ ਪੇਸ਼ ਕਰਨਗੇ।

**ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ**: ਸ੍ਰੀਮਾਨ ਜੀ, ਮੈਂ ਪ੍ਰਸਤਾਵ ਕਰਦੀ ਹਾਂ-

ਕਿ ਮੇਰੇ ਦੁਆਰਾ ਪ੍ਰਸਤਾਵ ਕੀਤੇ ਮਤੇ ਵਿੱਚੋਂ ਹੇਠ ਲਿਖੇ ਸ਼ਬਦ ਕੱਟ ਦਿੱਤੇ ਜਾਣ-

"ਅਤੇ ਖਾਸ ਕਰਕੇ ਦਲਿਤ ਔਰਤਾਂ"

**ਮਾਣਯੋਗ ਸਪੀਕਰ**: ਪ੍ਰਸਤਾਵ ਕੀਤਾ-

ਕਿ ਪ੍ਰਸਤਾਵ ਕੀਤੇ ਮਤੇ ਵਿੱਚੋਂ ਹੇਠ ਲਿਖੇ ਸ਼ਬਦ ਕੱਟ ਦਿੱਤੇ ਜਾਣ-

"ਅਤੇ ਖਾਸ ਕਰਕੇ ਦਲਿਤ ਔਰਤਾਂ"

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਪ੍ਰਸਤਾਵ ਕੀਤੇ ਮਤੇ ਵਿੱਚੋਂ ਹੇਠ ਲਿਖੇ ਸ਼ਬਦ ਕੱਟ ਦਿੱਤੇ ਜਾਣ-

"ਅਤੇ ਖਾਸ ਕਰਕੇ ਦਲਿਤ ਔਰਤਾਂ"

(ਇਸ ਸਮੇਂ ਜਦੋਂ ਮਾਣਯੋਗ ਸਪੀਕਰ ਸਾਹਿਬ ਵੱਲੋਂ ਮਤਾ ਪਾਸ ਕਰਨ ਲਈ 'ਹਾਂ' ਪੱਖ ਬਾਰੇ ਪੁੱਛਿਆ ਗਿਆ ਤਾਂ ਟਰੇਜ਼ਰੀ ਬੈਂਚਿਜ਼ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰਾਂ ਵੱਲੋਂ ਹੱਥ ਖੜ੍ਹੇ ਕਰਕੇ ਮਤਾ ਪਾਸ ਕਰਨ ਲਈ 'ਹਾਂ ਜੀ' ਵਿੱਚ ਜਵਾਬ ਦਿੱਤਾ ਗਿਆ ਅਤੇ ਜਦੋਂ ਮਾਣਯੋਗ ਸਪੀਕਰ ਸਾਹਿਬ ਵੱਲੋਂ ਮਤੇ ਦੇ ਵਿਰੋਧ ਵਿੱਚ 'ਨਾਂਹ' ਪੱਖ ਬਾਰੇ ਪੁੱਛਿਆ ਗਿਆ ਤਾਂ ਸਦਨ ਵਿੱਚ ਹਾਜ਼ਰ ਕਿਸੇ ਵੀ ਮੈਂਬਰ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ।)

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ :** ਸਰ, ਇਨ੍ਹਾਂ ਦਾ ਡਬਲ ਸਟੈਂਡਰਡ ਤਾਂ ਇੱਥੋਂ ਹੀ ਪਤਾ ਚੱਲਦਾ ਹੈ, ਇਹ ਨਾ 'ਹਾਂ' ਕਹਿੰਦੇ ਹਨ ਤੇ ਨਾ 'ਨਾਂਹ' ਕਹਿੰਦੇ ਹਨ। ਕੁਝ ਤਾਂ ਬੋਲਣ। ਇਹ ਡਬਲ ਸਟੈਂਡਰਡ ਅਪਣਾ ਰਹੇ

ਹਨ। ਇਹ ਤਾਂ ਦੱਸਣ ਕਿ ਕੀ ਇਹ 'ਹਾਂ' ਕਹਿੰਦੇ ਹਨ ਜਾਂ 'ਨਾਂਹ' ਕਹਿ ਰਹੇ ਹਨ। ਸਰ, ਇਨ੍ਹਾਂ ਦੀ 'ਹਾਂ' ਹੈ ਕਿ 'ਨਾਂਹ' ਹੈ। ਇਕੱਲੇ ਇਕੱਲੇ ਨੂੰ ਪੁੱਛਿਆ ਜਾਵੇ। 'ਹਾਂ' ਹੈ ਕਿ 'ਨਾਂਹ' ਹੈ।

**ਮਾਣਯੋਗ ਸਪੀਕਰ :** ਮੈਂ ਦੁਬਾਰਾ ਪੁੱਛਦਾ ਹਾਂ, ਜਿਹੜੇ ਮਾਣਯੋਗ ਮੈਂਬਰ ਪ੍ਰਸਤਾਵ ਦੇ ਹੱਕ ਵਿੱਚ ਹਨ, ਉਹ 'ਹਾਂ' ਕਹਿਣ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰਾਂ ਵੱਲੋਂ ਹੱਥ ਖੜ੍ਹੇ ਕਰਕੇ 'ਹਾਂ ਜੀ' ਵਿੱਚ ਜਵਾਬ ਦਿੱਤਾ ਗਿਆ। )

ਜਿਹੜੇ ਮਾਣਯੋਗ ਮੈਂਬਰ ਪ੍ਰਸਤਾਵ ਦੇ ਵਿਰੁੱਧ ਹਨ, ਉਹ 'ਨਾਂਹ' ਕਹਿਣ।

(ਇਸ ਸਮੇਂ ਸਦਨ ਵਿੱਚ ਹਾਜ਼ਰ ਸਮੂਹ ਮੈਂਬਰਾਂ ਵੱਲੋਂ ਕੋਈ ਜਵਾਬ ਨਹੀਂ ਆਇਆ।)

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ :** ਸਰ, ਮੈਨੂੰ ਇੱਕ ਗੱਲ ਕਰ ਲੈਣ ਦੇਣਾ ਜੀ। ਮੈਨੂੰ ਅੱਧਾ ਮਿੰਟ ਬੋਲ ਲੈਣ ਦਿਉ ਜੀ।

**ਮਾਣਯੋਗ ਸਪੀਕਰ:** ਸ਼੍ਰੀ ਅਮਨ ਅਰੋੜਾ ਜੀ, ਪਹਿਲਾਂ ਸੋਧਿਆ ਮਤਾ ਪਾਸ ਹੋ ਲੈਣ ਦਿਉ ਜੀ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ :** ਮਾਣਯੋਗ ਸਪੀਕਰ ਸਾਹਿਬ, ਜਿਹੜੀ ਗੱਲ ਮੈਂ ਤੁਹਾਨੂੰ ਪਹਿਲਾਂ ਕਹੀ ਸੀ ਕਿ ਇਨ੍ਹਾਂ ਦੀ ਆਦਤ ਹੈ ਕਿ ਇੱਕ ਜਣਾ ਆਪਣੀ ਗੱਲ ਕਹਿ ਦਿੰਦਾ ਹੈ, ਦੂਜੇ ਸਾਰੇ ਚੁੱਪ ਕਰਕੇ ਨਾਲ ਦੀ ਗਲੀ ਵਿੱਚੋਂ ਨਿਕਲ ਜਾਂਦੇ ਹਨ। ਮੈਂ 25 ਸਾਲ ਇਨ੍ਹਾਂ ਦੇ ਵਿੱਚ ਹੀ ਰਿਹਾ ਹਾਂ, ਮੈਨੂੰ ਇਨ੍ਹਾਂ ਦੀ ਇਕੱਲੀ ਇਕੱਲੀ ਰਗ ਦਾ ਪਤਾ ਹੈ। ਹੁਣ ਮੈਂ ਤੁਹਾਨੂੰ ਇਹੀ ਕਹਾਂਗਾ ਕਿ ਜਾਂ ਤਾਂ ਇਹ 'ਹਾਂ' ਕਹਿਣ ਅਤੇ ਜਾਂ 'ਨਾਂਹ' ਕਹਿਣ। ਇਸ ਤਰ੍ਹਾਂ ਚੁੱਪ ਕਰਕੇ ਮਤੇ ਤੇ ਤੁਹਾਨੂੰ ਨਹੀਂ ਛੱਡਣਾ ਹੈ।

**ਮਾਣਯੋਗ ਸਪੀਕਰ** : ਹੋ ਗਿਆ ਹੈ ਜੀ। ਆਪਾਂ ਅੱਗੇ ਚੱਲੀਏ। ਡਾਕਟਰ ਸਾਹਿਬ ਤੁਸੀਂ ਕੁਝ ਕਹਿਣਾ ਚਾਹੁੰਦੇ ਹੋ?

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਡਾਕਟਰ ਬਲਬੀਰ ਸਿੰਘ)**: ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਦੀ ਚੁੱਪ ਹੈ, ਉਸ ਨੂੰ 'ਨਾਂਹ' ਮੰਨਿਆ ਜਾਵੇ ਜੀ।

**ਮਾਣਯੋਗ ਸਪੀਕਰ** : ਪਹਿਲਾਂ ਸੋਧਿਆ ਮਤਾ ਤਾਂ ਪਾਸ ਹੋ ਲੈਣ ਦਿਉ ਜੀ। ਮੈਂ ਦੁਬਾਰਾ ਫਿਰ ਪੁੱਛਦਾ ਹਾਂ, ਜਿਹੜੇ ਮਾਣਯੋਗ ਮੈਂਬਰ ਪ੍ਰਸਤਾਵ ਦੇ ਹੱਕ ਵਿੱਚ ਹਨ, ਉਹ 'ਹਾਂ' ਕਹਿਣ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰਾਂ ਵੱਲੋਂ ਹੱਥ ਖੜ੍ਹੇ ਕਰਕੇ 'ਹਾਂ ਜੀ' ਵਿੱਚ ਜਵਾਬ ਦਿੱਤਾ ਗਿਆ।)

ਜਿਹੜੇ ਮਾਣਯੋਗ ਮੈਂਬਰ ਪ੍ਰਸਤਾਵ ਦੇ ਵਿਰੁੱਧ ਹਨ, ਉਹ 'ਨਾਂਹ' ਕਹਿਣ

(ਇਸ ਸਮੇਂ ਸਦਨ ਵਿੱਚ ਹਾਜ਼ਰ ਸਮੂਹ ਮੈਂਬਰਾਂ ਵੱਲੋਂ ਕੋਈ ਜਵਾਬ ਨਹੀਂ ਆਇਆ।)

ਚੁੱਪ ਨੂੰ ਵੀ 'ਨਾਂਹ' ਹੀ ਮੰਨਿਆ ਜਾਵੇਗਾ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ** : ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਹੁਣ ਇਹ ਮਤਾ (ਸਮੇਤ ਸੋਧਾਂ) ਸਦਨ ਦੀ ਵੋਟਿੰਗ ਲਈ ਰੱਖ ਦਿੱਤਾ ਜਾਵੇ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

ਪ੍ਰਸ਼ਨ ਹੈ-

"ਕਿ ਮੌਜੂਦਾ ਵਿਧਾਨ ਸਭਾ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਵੱਲੋਂ ਸੋਸ਼ਲ ਮੀਡੀਆ ਤੇ ਪੋਸਟ ਪਾਈ ਗਈ ਹੈ ਕਿ ਇੱਕ ਹਜ਼ਾਰ ਰੁਪਏ ਪਿੱਛੇ ਗਿੱਧਾ ਪਾਉਣ ਵਾਲੀਆਂ ਬੀਬੀਆਂ ਕਿੱਥੋਂ ਜੰਮ ਲੈਣਗੀਆਂ ਸੂਰਮੇ? ਇਹ ਪੋਸਟ ਸਿੱਧੇ ਤੌਰ ਤੇ ਔਰਤਾਂ ਦਾ ਅਪਮਾਨ ਹੈ। ਇਸ ਤੋਂ ਇਲਾਵਾ ਇਹ ਫੈਸਲਾ ਇਸ ਪਵਿੱਤਰ ਸਦਨ ਵੱਲੋਂ ਲਿਆ ਗਿਆ ਹੈ ਕਿ ਇਹ ਇਸ ਪਵਿੱਤਰ ਸਦਨ ਦਾ ਵੀ ਅਪਮਾਨ ਹੈ।

ਇਸ ਕਰਕੇ ਇਹ ਸਦਨ ਸਰਦਾਰ ਸੁਖਪਾਲ ਸਿੰਘ ਖਹਿਰਾ ਵੱਲੋਂ ਔਰਤਾਂ ਅਤੇ ਇਸ ਪਵਿੱਤਰ ਸਦਨ ਦੇ ਕੀਤੇ ਅਪਮਾਨ ਦੀ ਘੋਰ ਨਿੰਦਾ ਕਰਦਾ ਹੈ।"

***ਪ੍ਰਸਤਾਵ (ਸੋਧੇ ਅਨੁਸਾਰ) ਪ੍ਰਵਾਨ ਹੋਇਆ।***

---

## CALLING ATTENTION NOTICE UNDER RULE 66
## (ਕ੍ਰਮ ਨੰ: 21)

**ਮਾਣਯੋਗ ਸਪੀਕਰ** : ਧਿਆਨ ਦਿਵਾਊ ਨੋਟਿਸ। ਡਾਕਟਰ ਨਛੱਤਰ ਪਾਲ ਜੀ।

**ਡਾਕਟਰ ਨਛੱਤਰ ਪਾਲ** : ਸ੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਸੂਬੇ ਦੇ ਸ਼ਹਿਰਾਂ ਵਿੱਚ ਅਵਾਰਾ ਅਤੇ ਖੂੰਖਾਰ ਕੁੱਤਿਆਂ ਦੁਆਰਾ ਬਜ਼ੁਰਗਾਂ, ਔਰਤਾਂ ਅਤੇ ਖਾਸ ਕਰਕੇ ਮਾਸੂਮ ਬੱਚਿਆਂ ਨੂੰ ਵੱਢਣ ਦੇ ਮਾਮਲੇ ਨਿੱਤ ਦਿਨ ਵਧਦੇ ਜਾ ਰਹੇ ਹਨ। ਅੱਜ ਹਾਲਾਤ ਇਹ ਹਨ ਕਿ ਅਵਾਰਾ ਕੁੱਤਿਆਂ ਦੀ ਦਹਿਸ਼ਤ ਕਾਰਨ ਲੋਕਾਂ ਦਾ ਘਰਾਂ ਵਿੱਚੋਂ ਬਾਹਰ ਨਿਕਲਣਾ ਮੁਸ਼ਕਲ ਹੋ ਗਿਆ ਹੈ।

5 ਮਾਰਚ, 2026 ਨੂੰ ਧਾਲੀਵਾਲ (ਜ਼ਿਲ੍ਹਾ ਗੁਰਦਾਸਪੁਰ) ਵਿਖੇ ਵਾਪਰੀ ਅਤਿ ਦੁਖਦਾਈ ਘਟਨਾ ਨੇ ਪੂਰੇ ਪੰਜਾਬ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇੱਕ ਬਹੁਤ ਹੀ ਗਰੀਬ ਪਰਿਵਾਰ ਦੇ ਢਾਈ ਸਾਲਾ ਮਾਸੂਮ ਬੱਚੇ, ਇਸਮਾਇਲ, ਨੂੰ ਅਵਾਰਾ ਕੁੱਤਿਆਂ ਦੇ ਝੁੰਡ ਨੇ ਉਸ ਵੇਲੇ ਬੁਰੀ ਤਰ੍ਹਾਂ ਨੋਚ-ਨੋਚ ਕੇ ਮਾਰ ਦਿੱਤਾ ਜਦੋਂ ਉਹ ਆਪਣੇ ਘਰ ਦੇ ਬਾਹਰ ਖੇਡ ਰਿਹਾ ਸੀ।

ਇਸ ਦਿਲ ਕੰਬਾਊ ਘਟਨਾ ਨੇ ਮੌਜੂਦਾ "ਸਰਕਾਰ ਦੇ ਪ੍ਰਸ਼ਾਸਨਿਕ ਪ੍ਰਬੰਧਾਂ" ਅਤੇ ਅਵਾਰਾ ਕੁੱਤਿਆਂ ਦੀ ਗਿਣਤੀ ਨੂੰ ਨਿਯੰਤਰਿਤ ਕਰਨ ਦੇ ਦਾਅਵਿਆਂ ਦੀ ਫੂਕ ਕੱਢ ਦਿੱਤੀ ਹੈ। ਸੂਬੇ ਵਿੱਚ ਅਵਾਰਾ ਕੁੱਤਿਆਂ ਦੇ ਕੱਟਣ ਦੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਪਰ ਸਰਕਾਰ ਕੁੰਭਕਰਨੀ ਨੀਂਦ ਸੁੱਤੀ ਹੋਈ ਹੈ।

ਸਰਕਾਰ ਦੀ ਇਸ ਪ੍ਰਸ਼ਾਸਨਿਕ ਲਾਪਰਵਾਹੀ ਕਾਰਨ ਜਨਤਾ ਵਿੱਚ ਭਾਰੀ ਰੋਸ ਅਤੇ ਦਹਿਸ਼ਤ ਦਾ ਮਾਹੌਲ ਹੈ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਅਵਾਰਾ ਕੁੱਤਿਆਂ ਨੂੰ ਨੱਥ ਪਾਉਣ ਲਈ ਤੁਰੰਤ ਅਸਰਦਾਰ ਉਪਰਾਲੇ ਕੀਤੇ ਜਾਣ ਅਤੇ ਪੀੜ੍ਹਤ ਪਰਿਵਾਰ ਨੂੰ, ਜਿਸ ਨੇ ਆਪਣਾ ਮਾਸੂਮ ਬੱਚਾ ਗੁਆਇਆ ਹੈ, ਤੁਰੰਤ ਯੋਗ ਵਿੱਤੀ ਮੁਆਵਜ਼ਾ ਦਿੱਤਾ ਜਾਵੇ।

ਮਾਮਲੇ ਦੀ ਅਤਿਅੰਤ ਮਹੱਤਤਾ ਅਤੇ ਗੰਭੀਰਤਾ ਦੇ ਮੱਦੇਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਸਥਾਨਕ ਸਰਕਾਰ ਮੰਤਰੀ (ਸ੍ਰੀ ਸੰਜੀਵ ਅਰੋੜਾ)** : ਮਾਣਯੋਗ ਸਪੀਕਰ ਸਾਹਿਬ, ਸਾਡੇ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਅਸੀਂ ਕੁੰਭਕਰਨ ਦੀ ਨੀਂਦ ਸੁੱਤੇ ਹੋਏ ਹਾਂ। ਸਪੀਕਰ ਸਾਹਿਬ, ਇਹ ਜਾਂ ਤਾਂ ਅਖਬਾਰਾਂ ਨਹੀਂ ਪੜ੍ਹਦੇ ਜਾਂ ਇਨ੍ਹਾਂ ਨੂੰ ਪਤਾ ਨਹੀਂ ਕਿ ਅਸੀਂ ਇਸ ਮਾਮਲੇ ਵਿੱਚ ਕੀ ਕਰ ਰਹੇ ਹਾਂ। ਇਸ ਸਬੰਧ ਵਿੱਚ ਜਿੰਨੇ ਉਪਰਾਲੇ ਅਸੀਂ ਕੀਤੇ ਹਨ, ਅੱਜ ਤੱਕ ਕਿਸੇ ਨੇ ਨਹੀਂ ਕੀਤੇ। ਲੁਧਿਆਣਾ ਵਿੱਚ ਅਸੀਂ ਪਹਿਲੀ ਡੌਗ ਸੈਂਚੂਰੀ ਬਣਾ ਚੁੱਕੇ ਹਾਂ ਅਤੇ ਉਹ ਚਾਲੂ ਹੋ ਚੁੱਕੀ ਹੈ।

ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਦੇ ਹਿਸਾਬ ਨਾਲ ਜਿਹੜੇ ਕੁੱਤੇ ਇਸ ਡੌਗ ਸੈਂਚੂਰੀ ਵਿੱਚ ਸ਼ਿਫਟ ਹੋ ਸਕਦੇ ਹਨ, ਅਸੀਂ ਕਰ ਰਹੇ ਹਾਂ। ਸਾਰੀਆਂ ਕਾਰਪੋਰੇਸ਼ਨਾਂ ਦੇ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਹੋਰ ਸਾਰਿਆਂ ਨੂੰ ਹਦਾਇਤਾਂ ਦੇ ਦਿੱਤੀਆਂ ਗਈਆਂ ਹਨ ਕਿ ਹਰ ਵੱਡੇ ਸ਼ਹਿਰ ਵਿੱਚ ਡੌਗ ਸੈਂਚੂਰੀ ਬਣੇਗੀ, ਜਿੱਥੇ ਛੋਟੇ ਸ਼ਹਿਰਾਂ ਵਾਲੇ ਕੁੱਤੇ ਵੀ ਆ ਜਾਣਗੇ। ਜੋ ਵੀ ਨਿਯਮਾਂ ਅਨੁਸਾਰ ਲੋੜੀਂਦਾ ਹੈ, ਉਸ ਅਨੁਸਾਰ ਅਸੀਂ ਉਥੇ ਕੁੱਤਿਆਂ ਨੂੰ ਲੈ ਕੇ ਜਾਵਾਂਗੇ। ਜਿਹੜੀ ਲੁਧਿਆਣਾ ਦੀ ਡੌਗ ਸੈਂਚੂਰੀ ਹੈ, ਉਸ ਵਿੱਚ 150 ਸਟਰੇਅ ਡੌਗਜ਼ ਲਿਜਾ ਸਕਦੇ ਹਾਂ ਅਤੇ ਲੈ ਵੀ ਗਏ ਹਾਂ। ਉਨ੍ਹਾਂ ਦਾ ਇੰਨਾ ਕੁ ਧਿਆਨ ਕੀਤਾ ਜਾ ਰਿਹਾ ਹੈ ਕਿ ਜਿਹੜੇ ਡੌਗ ਲਵਰ ਹਨ, ਉਨ੍ਹਾਂ ਮੁਤਾਬਕ ਕੁੱਤਿਆਂ ਦਾ ਪੂਰਾ ਧਿਆਨ ਰੱਖਿਆ ਜਾ ਰਿਹਾ ਹੈ। ਹੁਣ ਜਿਹੜੇ ਸੁਪਰੀਮ ਕੋਰਟ ਨੇ ਅਲਾਓ ਵੀ ਨਹੀਂ ਕੀਤੇ, ਉਹ ਵੀ ਕਹਿੰਦੇ ਹਨ ਕਿ ਡੌਗ ਸੈਂਚੂਰੀ ਵਿੱਚ ਲੈ ਜਾਉ। ਅਸੀਂ ਉਨ੍ਹਾਂ ਦਾ ਧਿਆਨ ਕਰ ਰਹੇ ਹਾਂ ਅਤੇ ਉਨ੍ਹਾਂ ਨੂੰ ਵਧੀਆ ਖਾਣ-ਪੀਣ ਨੂੰ ਦੇ ਰਹੇ ਹਾਂ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਸਾਰੇ ਹਾਊਸ ਨੂੰ, ਸਾਰੇ ਪੰਜਾਬ ਸੂਬੇ ਨੂੰ ਯਕੀਨ ਦਿਵਾਉਂਦਾ ਹਾਂ ਕਿ ਸਟਰੇਅ ਡੌਗਜ਼ ਕਾਰਨ ਜਿਹੜੀਆਂ ਮੌਤਾਂ ਹੋ ਰਹੀਆਂ ਹਨ, ਇਹ ਬੜੀਆਂ ਦੁੱਖਦਾਈ ਮੌਤਾਂ ਹੋ ਰਹੀਆਂ ਹਨ। ਮੈਂ ਮੈਂਬਰ ਸਾਹਿਬ ਦੀ ਇਸ ਗੱਲ ਤੇ ਬਿਲਕੁਲ ਇਤਫਾਕ ਕਰਦਾ ਹਾਂ। ਅਸੀਂ ਲੋੜੀਂਦੇ ਸਟੈੱਪਸ ਲਵਾਂਗੇ ਅਤੇ ਜਲਦੀ ਹੀ ਹਰ ਸ਼ਹਿਰ ਵਿੱਚ ਡੌਗ ਸੈਂਚੂਰੀ ਬਣਾਵਾਂਗੇ।

**ਡਾਕਟਰ ਨਛੱਤਰ ਪਾਲ** : ਧੰਨਵਾਦ, ਮਾਣਯੋਗ ਸਪੀਕਰ ਸਾਹਿਬ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਦੇ ਧਿਆਨ ਵਿਚ ਅਦਬ ਅਤੇ ਸਤਿਕਾਰ ਨਾਲ ਲਿਆਉਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ 3,34,736 ਲੋਕਾਂ ਨੂੰ ਅਤੇ ਪਿਛਲੇ ਪੰਜ ਸਾਲਾਂ ਵਿੱਚ 11,53,000 ਲੋਕਾਂ ਨੂੰ ਕੁੱਤਿਆਂ ਵੱਲੋਂ ਕੱਟਿਆ ਗਿਆ ਹੈ। ਪਟਿਆਲਾ ਵਿੱਚ 32 ਸਾਲਾ ਵਿਅਕਤੀ, ਪਠਾਨਕੋਟ ਵਿੱਚ ਇੱਕ ਮਾਂ ਤੇ ਧੀ, ਸੁਲਤਾਨਪੁਰੀ ਲੋਧੀ ਵਿੱਚ ਛੇ ਸਾਲਾ ਬੱਚੇ ਦੀ ਕੁੱਤਿਆਂ ਦੇ ਕੱਟਣ ਨਾਲ ਮੌਤ ਹੋਈ ਹੈ। ਪਿੰਡਾਂ ਅਤੇ ਸ਼ਹਿਰਾਂ ਵਿੱਚ ਲੋਕ ਰੋਜ਼ਾਨਾ ਕੁੱਤਿਆਂ ਦੇ ਕੱਟਣ ਦੇ ਸ਼ਿਕਾਰ ਹੋ ਰਹੇ ਹਨ। ਸਰਕਾਰ ਕੋਲ ਟਰੇਂਡ ਸਟਾਫ ਅਤੇ ਸਾਧਨਾਂ ਦੀ ਕਮੀ ਹੈ, ਅਜਿਹੇ ਲੋਕਾਂ ਨੂੰ ਮੁਆਵਜ਼ਾ ਰਾਸ਼ੀ ਦੇਣ ਦਾ ਤਰੀਕਾ ਬੜਾ ਲੰਬਾ ਅਤੇ ਪੇਚੀਦਾ ਹੈ। ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਟਰੇਂਡ ਸਟਾਫ ਅਤੇ ਸਾਧਨਾਂ ਦਾ ਪ੍ਰਬੰਧ ਕੀਤਾ ਜਾਵੇਗਾ?

**ਮਾਣਯੋਗ ਸਪੀਕਰ** : ਤੁਸੀਂ ਸਪਲੀਮੈਂਟਰੀ ਕਰੋ ਅਤੇ ਸਵਾਲ ਪੁੱਛੋ। ਤੁਸੀਂ ਤਾਂ ਭਾਸ਼ਣ ਕਰਨ ਲੱਗੇ ਹੋ।

**ਡਾਕਟਰ ਨਛੱਤਰ ਪਾਲ** : ਸਰ, ਮੈਂ ਸਵਾਲ ਹੀ ਪੁੱਛ ਰਿਹਾ ਹਾਂ। ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਕੀ ਸਰਕਾਰ ਵੱਲੋਂ ਟਰੇਂਡ ਸਟਾਫ ਅਤੇ ਸਾਧਨਾਂ ਦੀ ਕਮੀ ਨੂੰ ਪੂਰਾ ਕੀਤਾ ਜਾਵੇਗਾ? ਕੀ ਮੁਆਵਜ਼ਾ ਰਾਸ਼ੀ ਦੇਣ ਦਾ ਤਰੀਕਾ ਸਰਲ ਕੀਤਾ ਜਾਵੇਗਾ? ਕੀ ਮੁਆਵਜ਼ਾ ਰਾਸ਼ੀ ਵਧਾਉਣ ਦੀ ਕੋਈ ਤਜਵੀਜ਼ ਹੈ?

**ਸਿਹਤ ਤੇ ਪਰਿਵਾਰ ਭਲਾਈ ਮੰਤਰੀ (ਡਾਕਟਰ ਬਲਬੀਰ ਸਿੰਘ) :** ਸਰ, ਇਸ ਵਿੱਚ ਇੱਕ ਪਬਲਿਕ ਇੰਟਰਸਟ ਦਾ ਮੁੱਦਾ ਹੈ।

**ਮਾਣਯੋਗ ਸਪੀਕਰ** : ਇਹ ਸਥਾਨਕ ਸਰਕਾਰ ਮੰਤਰੀ, ਸ੍ਰੀ ਸੰਜੀਵ ਅਰੋੜਾ ਜੀ ਦੀ ਕਾਲ ਅਟੈਂਸ਼ਨ ਹੈ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ** : ਸਰ, ਇਸ ਨਾਲ ਹੀ ਰਿਲੇਟਿਡ ਹੈ।

**ਮਾਣਯੋਗ ਸਪੀਕਰ**: ਇਹ ਧਿਆਨ ਦਿਵਾਊ ਨੋਟਿਸ ਹੈ ਜੀ। ਇਸ ਵਿੱਚ ਤੁਹਾਡਾ ਜਵਾਬ ਨਹੀਂ ਬਣਦਾ ਹੈ ਜੀ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ :** ਨਹੀਂ ਜੀ, ਮੈਂ ਸਿਰਫ ਪਬਲਿਕ ਇੰਟਰਸਟ ਲਈ ਜਾਣਕਾਰੀ ਦੇ ਰਿਹਾ ਹਾਂ ਕਿ ਸਾਡੇ ਸਾਰੇ 881 ਆਮ ਆਦਮੀ ਕਲੀਨਿਕਾਂ ਵਿੱਚ ਡੌਗ ਬਾਈਟ ਵੈਕਸੀਨ ਅਵੇਲੇਬਲ ਹੈ ਅਤੇ ਘਰ ਦੇ ਨੇੜੇ ਅਵੇਲੇਬਲ ਹੈ ਔਰ ਉਹ ਵੈਕਸੀਨ ਜ਼ਰੂਰ ਲਗਵਾਉਣੀ ਚਾਹੀਦੀ ਹੈ।

**ਸਥਾਨਕ ਸਰਕਾਰ ਮੰਤਰੀ :** ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਰੱਬ ਨਾ ਕਰੇ ਕਿਸੇ ਦੀ ਡੈੱਥ ਹੋ ਜਾਵੇ ਤਾਂ ਪੰਜ ਲੱਖ ਰੁਪਏ ਦੀ ਕੰਪਨਸੇਸ਼ਨ ਸਰਕਾਰ ਵੱਲੋਂ ਦਿੱਤੀ ਜਾਂਦੀ ਹੈ ਪਰ ਜੇ ਕੋਈ ਡਿਸਏਬਲ ਹੋ ਜਾਵੇ ਤਾਂ ਉਸ ਦਾ ਮੁਆਵਜ਼ਾ ਦੋ ਲੱਖ ਰੁਪਏ ਦਾ ਹੈ, ਜੇ ਕਿਸੇ ਨੂੰ ਇੰਜਰੀ ਹੋ ਜਾਵੇ ਤਾਂ 10 ਹਜ਼ਾਰ ਤੋਂ 20 ਹਜ਼ਾਰ ਰੁਪਏ ਤੱਕ ਦੀ ਕੰਪਨਸੇਸ਼ਨ ਦਿੱਤੀ ਜਾਂਦੀ ਹੈ ਔਰ ਇਲਾਜ ਵੀ ਸਰਕਾਰ ਵੱਲੋਂ ਫਰੀ ਕੀਤਾ ਜਾਂਦਾ ਹੈ। ਅਸੀਂ ਹੁਣ ਇਸ ਤਰ੍ਹਾਂ ਦਾ ਕੋਈ ਹਿਸਾਬ ਕਿਤਾਬ ਕਰ ਰਹੇ ਹਾਂ ਕਿ ਪੰਜਾਬ, ਪੂਰੇ ਹਿੰਦੁਸਤਾਨ ਵਿੱਚ ਪਹਿਲਾ ਸੂਬਾ ਹੋਵੇਗਾ ਜਿੱਥੇ ਡੌਗ ਬਾਈਟਸ ਮਿਨੀਮਲ ਹੋਣਗੇ। ਮੇਰਾ ਇਹ ਪਰਸਨਲ ਮੈਟਰ ਹੈ ਕਿਉਂਕਿ ਜਦੋਂ ਮੈਂ ਇਲੈਕਸ਼ਨਾਂ ਵਿੱਚ ਜਾਂਦਾ ਸੀ ਤਾਂ ਉਸ ਸਮੇਂ ਮੈਂ ਜਿੰਨੀਆਂ ਵੀ ਰੈਲੀਆਂ ਅਟੈਂਡ ਕੀਤੀਆਂ ਸੀ ਤਾਂ ਦੋ-ਤਿੰਨ ਮੁੱਦੇ ਹਰ ਮੁਹੱਲੇ ਅਤੇ ਹਰ ਜਗ੍ਹਾ ਦੇ ਸੇਮ ਹੁੰਦੇ ਸੀ, ਉਸ ਵਿੱਚੋਂ ਡੌਗ ਬਾਈਟ ਇੱਕ ਅਜਿਹਾ ਮੁੱਦਾ ਹੁੰਦਾ ਸੀ। ਮੈਂ ਇਸ ਸਬੰਧੀ ਪਰਸਨਲ ਲੈਵਲ ਤੇ ਹਰ ਹਫਤੇ ਮੀਟਿੰਗ ਲੈ ਰਿਹਾ ਹਾਂ ਔਰ ਜਲਦੀ ਤੋਂ ਜਲਦੀ ਇਸ ਤੇ ਜਿੰਨੀ ਰੋਕ ਲਗਾ ਸਕਾਂਗੇ, ਉਹ ਲਗਾਈ ਜਾਵੇਗੀ। ਸਾਡੀ ਇਹ ਮਜਬੂਰੀ ਹੈ ਕਿ ਅਸੀਂ ਮਾਣਯੋਗ ਸੁਪਰੀਮ ਕੋਰਟ ਦੇ ਆਰਡਰ ਮੁਤਾਬਿਕ ਹਰ ਕੁੱਤੇ ਨੂੰ ਫੜ੍ਹ ਕੇ ਡੌਗ ਸੈਂਚੂਰੀ ਵਿੱਚ ਨਹੀਂ ਲਿਜਾ ਸਕਦੇ। ਉਸ ਆਰਡਰ ਦੇ ਹਿਸਾਬ ਨਾਲ ਅਸੀਂ ਜਿਹੜੇ ਕੁੱਤੇ ਫੜ੍ਹ ਕੇ ਡੌਗ ਸੈਂਚੂਰੀ ਵਿੱਚ ਲਿਜਾ ਸਕਦੇ ਹਾਂ, ਉਹ ਲੈ ਕੇ ਜਾ ਰਹੇ ਹਾਂ।

**ਡਾਕਟਰ ਨਛੱਤਰ ਪਾਲ**: ਧੰਨਵਾਦ ਜੀ।

---

## PRESENTATION OF REPORTS OF THE COMMITTEES

**ਮਾਣਯੋਗ ਸਪੀਕਰ**: ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ, ਰਿਪੋਰਟ ਪੇਸ਼ ਕਰਨ।

**ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ (ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ):** ਸ਼੍ਰੀਮਾਨ ਜੀ, ਮੈਂ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ ਦੇ ਸਾਲ 2025-26 ਵਿੱਚ ਕੀਤੇ ਗਏ ਕੰਮ ਅਤੇ ਆਮ ਕੰਮ-ਕਾਰ ਦੀ ਸਮੀਖਿਆ ਤੇ ਕਮੇਟੀ ਦੀ 50ਵੀਂ ਰਿਪੋਰਟ ਸਦਨ ਵਿੱਚ ਪੇਸ਼ ਕਰਦੀ ਹਾਂ।

ਸਪੀਕਰ ਸਾਹਿਬ, ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦੀ ਹਾਂ ਕਿਉਂਕਿ ਤੁਸੀਂ ਇਸ ਕਮੇਟੀ ਨੂੰ ਆਪਣੀ ਕਮੇਟੀ ਸਮਝ ਕੇ ਸਮੇਂ ਸਮੇਂ ਤੇ ਰਿਵਿਊ ਕੀਤਾ ਅਤੇ ਸਾਡੇ ਤੋਂ ਪ੍ਰਾਬਲਮਜ਼ ਪੁੱਛੀਆਂ। ਇਸ ਲਈ ਮੈਂ ਸਭ ਤੋਂ ਪਹਿਲਾਂ ਤਾਂ ਤੁਹਾਡਾ ਹੀ ਤਹਿ ਦਿਲੋਂ ਧੰਨਵਾਦ ਕਰਦੀ ਹਾਂ ਕਿ ਤੁਸੀਂ ਮੈਨੂੰ ਇਸ ਕਮੇਟੀ ਦੇ ਸਭਾਪਤੀ ਵਜੋਂ ਸੇਵਾਵਾਂ ਕਰਨ ਦਾ ਮੌਕਾ ਦਿੱਤਾ। ਸਾਲ 2025-26 ਵਿੱਚ ਤੁਸੀਂ ਸਾਡੀ ਇੱਕ ਅਹਿਮ ਸਿਫਾਰਸ਼ ਮੰਨੀ, ਜਿਸ ਸਬੰਧੀ ਤੁਸੀਂ ਮੇਰੇ ਨਾਲ ਮੀਟਿੰਗ ਵੀ ਕੀਤੀ ਅਤੇ ਸਾਡੀ ਕਮੇਟੀ ਦੇ ਕੰਮ-ਕਾਰ ਨੂੰ ਤੁਸੀਂ ਆਪ ਵੇਖਿਆ। ਆਪਾਂ ਕੁਝ ਦਿਨ ਪਹਿਲਾਂ ਬੈਠ ਕੇ ਇਸ ਬਾਰੇ ਗੱਲ ਕਰ ਰਹੇ ਸੀ। ਸਾਲ 2017 ਤੋਂ ਹੀ ਸਾਡੀ ਕੋਸ਼ਿਸ਼ ਸੀ, ਇਹ ਪਹਿਲੀ ਵਾਰੀ ਹੋਇਆ ਹੈ ਕਿ ਸਾਡੀ ਕਮੇਟੀ ਦੀ ਸਿਫਾਰਸ਼ ਤੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਿਤ ਲੋਕਾਂ ਉਤੇ ਹੋ ਰਹੇ ਅੱਤਿਆਚਾਰ ਦੀ ਰੋਕਥਾਮ ਲਈ ਪ੍ਰਭਾਵਿਤ ਲੋਕਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਰਾਜ ਪੱਧਰ ਤੇ

ਐਸ.ਸੀ./ਐਸ.ਟੀ. ਪ੍ਰੋਟੈਕਸ਼ਨ ਸੈੱਲ ਸਥਾਪਿਤ ਕਰ ਦਿੱਤੇ ਗਏ ਹਨ। ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ ਜਦੋਂ ਆਪਾਂ ਉੱਧਰ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਬੈਠਦੇ ਸੀ ਤਾਂ ਇੱਕ ਰਿਪੋਰਟ ਪੜ੍ਹੀ ਸੀ ਕਿ ਅਕਾਲੀ ਰਾਜ ਵੇਲੇ ਇਸ ਤਹਿਤ 50% ਅਮਾਊਂਟ ਆਈ ਸੀ ਪਰ ਇਨ੍ਹਾਂ ਨੇ ਸੈੱਲ ਹੀ ਨਹੀਂ ਬਣਾਇਆ ਸੀ ਤਾਂ ਉਹ ਅਮਾਊਂਟ ਦੇਣੀ ਹੀ ਕਿਸ ਨੂੰ ਸੀ? ਕਮੇਟੀ ਦੀ ਇੱਕ ਹੋਰ ਮਹੱਤਵਪੂਰਣ ਸਿਫਾਰਸ਼ ਨੂੰ ਮੰਨਦੇ ਹੋਏ ਪੰਜਾਬ ਵਿੱਚ ਸਰਕਾਰ ਵੱਲੋਂ ਸਮੂਹ ਵਿਭਾਗਾਂ ਵਿੱਚ ਰੋਸਟਰ ਰਜਿਸਟਰਾਂ ਨੂੰ ਡਿਜੀਟਾਈਜ਼ ਕਰਨ ਸਬੰਧੀ ਰਾਜ ਪੱਧਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਸਰ, ਇਹ ਵਾਕਿਆ ਹੀ ਇੱਕ ਇਤਿਹਾਸਕ ਕੰਮ ਹੋਇਆ ਹੈ, ਜੋ ਮੈਂ ਸਮਝਦੀ ਹਾਂ ਕਿ ਕਮੇਟੀ ਦੀਆਂ ਵੱਡੀਆਂ ਉਪਲਬਧੀਆਂ ਹਨ ਤੇ ਇਨ੍ਹਾਂ ਮਹੱਤਵਪੂਰਣ ਸਿਫਾਰਸ਼ਾਂ ਨੂੰ ਰਾਜ ਵਿੱਚ ਲਾਗੂ ਕਰਨ ਤੇ ਮੈਂ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਦਾ ਤੇ ਤੁਹਾਡਾ ਧੰਨਵਾਦ ਕਰਦੀ ਹਾਂ। ਮਾਣਯੋਗ ਸਪੀਕਰ ਸਾਹਿਬ, ਕਮੇਟੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀਆਂ ਵਿਭਾਗ ਨੂੰ ਪੁਰਜ਼ੋਰ ਸਿਫਾਰਸ਼ ਕਰਦੀ ਹੈ ਕਿ ਰਿਵਿਊ ਬੋਰਡ ਦਾ ਗਠਨ ਕੀਤਾ ਜਾਵੇ ਤਾਂ ਜੋ ਕਰਮਚਾਰੀਆਂ ਦੀ ਤਰੱਕੀ ਸਬੰਧੀ ਇਤਰਾਜ਼ਾਂ ਨੂੰ ਰਿਵਿਊ ਬੋਰਡ ਵੱਲੋਂ ਮੁੱਖ ਤੌਰ ਤੇ ਹੇਠ ਲਿਖੇ ਨੁਕਤਿਆਂ ਵਿੱਚ ਵਾਚਿਆ ਜਾਵੇ:

- ਤਰੱਕੀ ਵਿੱਚ ਲਾਗੂ ਕੀਤੇ ਰੋਸਟਰ ਪੁਆਇੰਟਾਂ ਨੂੰ ਡਬਲ ਚੈੱਕ ਕੀਤਾ ਜਾਵੇ ਅਤੇ ਉਪਰੰਤ ਵੈਰੀਫਾਈ ਕੀਤਾ ਜਾਵੇ।
- ਤਰੱਕੀ ਦੀ ਸਮੁੱਚੀ ਪ੍ਰਕ੍ਰਿਆ ਦੀ ਜਾਂਚ ਕੀਤੀ ਜਾਵੇ ਅਤੇ ਤਰੱਕੀ ਸਰਕਾਰ ਦੀਆਂ ਹਦਾਇਤਾਂ/ ਨਿਯਮਾਂ ਅਨੁਸਾਰ ਕੀਤੀ ਗਈ ਹੈ ਜਾਂ ਨਹੀਂ, ਸਬੰਧੀ ਜਾਂਚ ਪੂਰੀ ਹੋਣ ਉਪਰੰਤ ਸਮਾਂ-ਬੱਧ 15 ਤੋਂ 20 ਦਿਨਾਂ ਦੇ ਅੰਦਰ ਅੰਦਰ ਅੰਤਿਮ ਫੈਸਲਾ ਸੁਣਾਇਆ ਜਾਵੇ।
- ਸਰਕਾਰ ਵੱਲੋਂ ਜਾਰੀ ਕੀਤੀਆਂ ਹਦਾਇਤਾਂ/ਨਿਯਮਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਸਪੀਕਰ ਸਾਹਿਬ, ਮੈਂ ਕਮੇਟੀ ਦੇ ਮੈਂਬਰ ਸਾਹਿਬਾਨ, ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰੀਆਂ, ਕਰਮਚਾਰੀਆਂ, ਰਿਪੋਰਟਰਾਂ ਦਾ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਇਸ ਰਿਪੋਰਟ ਨੂੰ ਤਿਆਰ ਕਰਨ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ। ਸਪੀਕਰ ਸਾਹਿਬ, ਮੈਂ ਤੁਹਾਡਾ ਸਪੈਸ਼ਲ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਈ-ਰੋਸਟਰ ਨੂੰ ਲਾਗੂ ਕਰਨ, ਡਿਜੀਟਾਈਜ਼ ਕਰਨ ਲਈ ਤੇ ਪ੍ਰੋਟੈਕਸ਼ਨ ਸੈੱਲ ਬਣਾਉਣ ਲਈ ਸਮੇਂ ਸਮੇਂ ਤੇ ਸਾਡੀ ਕਮੇਟੀ ਵਿੱਚ ਇੰਟਰਵੀਨ ਕੀਤਾ ਅਤੇ ਸਾਡੀ ਕਮੇਟੀ ਦਾ ਕੰਮ ਸਿਰੇ ਚਾੜ੍ਹਿਆ। ਮੇਰੀ ਕਮੇਟੀ ਦੇ ਸਾਰੇ ਮੈਂਬਰਾਂ ਦਾ ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ:** ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ, ਸਭਾਪਤੀ, ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ ਦੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ (ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ):** ਸ਼੍ਰੀਮਾਨ ਜੀ, ਮੈਂ ਸਦਨ ਵਿੱਚ ਮੰਤਰੀ ਸਾਹਿਬਾਨ ਦੁਆਰਾ ਸਮੇਂ ਸਮੇਂ 'ਤੇ ਦਿੱਤੇ ਗਏ ਆਸ਼ਵਾਸਨਾਂ ਅਤੇ ਕੀਤੇ ਗਏ ਵਾਅਦਿਆਂ ਦੀ ਛਾਣਬੀਣ ਕਰਨ ਲਈ ਕਮੇਟੀ ਦੀ 54ਵੀਂ ਰਿਪੋਰਟ ਸਦਨ ਵਿੱਚ ਪੇਸ਼ ਕਰਦਾ ਹਾਂ।

ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦ ਵੀ ਕਰਦਾ ਹਾਂ ਕਿ ਆਪ ਜੀ ਨੇ ਮੈਨੂੰ ਸਦਨ ਦੀ ਇੱਕ ਅਹਿਮ ਕਮੇਟੀ ਜਿਸ ਵਿੱਚ ਸਰਕਾਰ ਵੱਲੋਂ ਸਦਨ ਵਿੱਚ ਕੀਤੇ ਗਏ ਵਾਅਦੇ ਅਤੇ ਸਦਨ ਵਿੱਚ ਦਿੱਤੇ ਗਏ ਆਸ਼ਵਾਸਨਾਂ ਨੂੰ ਲਾਗੂ ਕਰਵਾਉਣ ਲਈ ਬਣੀ ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ ਵਿੱਚ ਸੇਵਾ ਕਰਨ ਦਾ ਮੌਕਾ ਦਿੱਤਾ ਹੈ।

ਮਾਣਯੋਗ ਸਪੀਕਰ ਸਾਹਿਬ, ਕਮੇਟੀ ਵੱਲੋਂ ਆਪਣੇ ਕਾਰਜਕਾਲ ਦੌਰਾਨ ਸਦਨ ਵਿੱਚ ਮੰਤਰੀ ਸਾਹਿਬਾਨਾਂ ਵੱਲੋਂ ਦਿੱਤੇ ਗਏ ਆਸ਼ਵਾਸਨਾਂ ਤੇ ਵੱਖ ਵੱਖ ਵਿਭਾਗਾਂ ਵੱਲੋਂ ਭੇਜੇ ਗਏ ਉੱਤਰਾਂ ਤੇ ਵਿਸਥਾਰ ਨਾਲ ਵਿਚਾਰ ਕੀਤਾ ਗਿਆ ਅਤੇ

ਕਮੇਟੀ ਵੱਲੋਂ ਆਪਣੀਆਂ ਮੀਟਿੰਗਾਂ ਦੌਰਾਨ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸਪੱਸ਼ਟੀਕਰਨ ਲਈ ਵੀ ਬੁਲਾਇਆ ਗਿਆ। ਇਸ ਦੇ ਨਾਲ ਹੀ ਕਮੇਟੀ ਵੱਲੋਂ ਕੀਤੀਆਂ ਮੀਟਿੰਗਾਂ ਅਤੇ ਦੌਰਿਆਂ ਦੌਰਾਨ ਵੱਖ ਵੱਖ ਵਿਭਾਗਾਂ ਦੇ ਹਾਲਾਤਾਂ ਦਾ ਜਾਇਜ਼ਾ ਵੀ ਲਿਆ ਗਿਆ। ਇਸ ਸੰਦਰਭ ਵਿੱਚ ਕਮੇਟੀ ਵੱਲੋਂ ਪਟਿਆਲਾ ਜੇਲ੍ਹ ਦੇ ਦੌਰੇ ਦੌਰਾਨ ਜੇਲ੍ਹਾਂ ਦੀ ਕਾਰਗੁਜ਼ਾਰੀ, ਕੈਦੀਆਂ ਦੀ ਸਿਹਤ ਸੁਰੱਖਿਆ ਅਤੇ ਬੁਨਿਆਦੀ ਸਹੂਲਤਾਂ ਦੇ ਪ੍ਰਬੰਧ ਬਾਰੇ ਵੀ ਜਾਇਜ਼ਾ ਲਿਆ ਗਿਆ ਹੈ। ਮਾਣਯੋਗ ਸਪੀਕਰ ਸਾਹਿਬ, ਇਸ ਦੌਰੇ ਦੌਰਾਨ ਕਮੇਟੀ ਦੇ ਧਿਆਨ ਵਿੱਚ ਇਹ ਗੱਲ ਵੀ ਆਈ ਕਿ ਪਹਿਲਾਂ ਹਰ ਸਾਲ 15 ਅਗਸਤ ਅਤੇ 26 ਜਨਵਰੀ ਗਣਤੰਤਰ ਦਿਵਸ ਦੇ ਮੌਕੇ ਤੇ ਚੰਗੇ ਆਚਰਣ ਵਾਲੇ ਕੈਦੀਆਂ ਨੂੰ ਸਜ਼ਾ ਵਿੱਚ ਕੁਝ ਛੋਟ ਦਿੱਤੀ ਜਾਂਦੀ ਸੀ ਪਰ ਪਿਛਲੇ ਕੁਝ ਸਮੇਂ ਤੋਂ ਇਹ ਪ੍ਰਥਾ ਬੰਦ ਹੋ ਗਈ ਹੈ। ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਇਨ੍ਹਾਂ ਦਿਵਸਾਂ ਤੇ ਚੰਗੇ ਆਚਰਣ ਵਾਲੇ ਕੈਦੀਆਂ ਨੂੰ ਸਜ਼ਾ ਵਿੱਚ ਰਾਹਤ ਦੇਣ ਦੀ ਪ੍ਰਥਾ ਮੁੜ ਤੋਂ ਸ਼ੁਰੂ ਕੀਤੀ ਜਾਵੇ। ਇਸ ਤੋਂ ਇਲਾਵਾ ਕਮੇਟੀ ਦੇ ਧਿਆਨ ਵਿੱਚ ਇਹ ਗੱਲ ਵੀ ਆਈ ਹੈ ਕਿ ਪੰਜਾਬ ਦੀਆਂ ਜੇਲ੍ਹਾਂ ਵਿੱਚ ਤਾਜ਼ਾ ਸਬਜ਼ੀਆਂ ਦੀ ਸਪਲਾਈ ਕਾਫੀ ਸਮੇਂ ਤੋਂ ਨਹੀਂ ਹੋ ਰਹੀ। ਕਮੇਟੀ ਨੇ ਇਸ ਗੱਲ ਤੇ ਚਿੰਤਾ ਪ੍ਰਗਟ ਕਰਦਿਆਂ ਇਹ ਸਿਫਾਰਸ਼ ਕੀਤੀ ਹੈ ਕਿ ਜੇਲ੍ਹ ਵਿੱਚ ਕੈਦੀਆਂ ਨੂੰ ਪੌਸ਼ਟਿਕ ਅਤੇ ਸੰਤੁਲਿਤ ਖੁਰਾਕ ਪ੍ਰਦਾਨ ਕਰਨ ਲਈ ਤਾਜ਼ਾ ਸਬਜ਼ੀਆਂ ਦੀ ਨਿਯਮਤ ਸਪਲਾਈ ਮੁੜ ਸ਼ੁਰੂ ਕੀਤੀ ਜਾਵੇ। ਇਸ ਤੋਂ ਇਲਾਵਾ ਕਮੇਟੀ ਨੇ ਇਹ ਵੀ ਸਿਫਾਰਸ਼ ਕੀਤੀ ਹੈ ਕਿ ਜੇਲ੍ਹਾਂ ਦੀ ਸਿਹਤ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰਨ ਲਈ ਪਟਿਆਲਾ ਸਮੇਤ ਪੰਜਾਬ ਦੀਆਂ ਜੇਲ੍ਹਾਂ ਵਿੱਚ ਤੈਨਾਤ ਡਾਕਟਰਾਂ ਅਤੇ ਮੈਡੀਕਲ ਸਟਾਫ ਦੀ ਘਾਟ ਨੂੰ ਜਲਦੀ ਪੂਰਾ ਕੀਤਾ ਜਾਵੇ ਤਾਂ ਜੋ ਕੈਦੀਆਂ ਨੂੰ ਸਮੇਂ ਸਿਰ ਇਲਾਜ ਦੀ ਸੁਵਿਧਾ ਮਿਲ ਸਕੇ। ਮਾਣਯੋਗ ਸਪੀਕਰ ਸਾਹਿਬ, ਕਮੇਟੀ ਨੂੰ ਪੂਰਾ ਵਿਸ਼ਵਾਸ ਹੈ ਕਿ ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਜੇਲ੍ਹ ਪ੍ਰਬੰਧਨ ਅਤੇ ਹੋਰ ਸੁਧਾਰ ਵਿੱਚ ਮਦਦਗਾਰ ਸਾਬਤ ਹੋਣਗੀਆਂ ਅਤੇ ਕੈਦੀਆਂ ਦੀ ਭਲਾਈ ਅਤੇ ਪੁਨਰਵਾਸ ਲਈ ਮਹੱਤਵਪੂਰਣ ਕਦਮ ਸਾਬਤ ਹੋਣਗੀਆਂ। ਮਾਣਯੋਗ ਸਪੀਕਰ ਸਾਹਿਬ, ਮੈਂ ਇਸ ਦੇ ਨਾਲ ਹੀ ਪੰਜਾਬ ਵਿਧਾਨ ਸਭਾ ਦੇ ਮਾਣਯੋਗ ਮੈਂਬਰ ਸਾਹਿਬਾਨ, ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰੀ ਸ਼੍ਰੀਮਤੀ ਅਮਰਜੀਤ ਕੌਰ, ਉੱਪ ਸਕੱਤਰ, ਸ਼੍ਰੀਮਤੀ ਮਨਦੀਪ ਕੌਰ, ਸੁਪਰਡੰਟ, ਸ਼੍ਰੀ ਸੰਦੀਪ ਸਿੰਘ, ਕਮੇਟੀ ਅਸਿਸਟਮੈਂਟ ਅਤੇ ਸਮੂਹ ਸਟਾਫ ਦਾ ਵੀ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਇਸ ਰਿਪੋਰਟ ਨੂੰ ਤਿਆਰ ਕਰਨ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ ਅਤੇ ਜਿਨ੍ਹਾਂ ਨੇ ਕਮੇਟੀ ਦੇ ਕੰਮ-ਕਾਜ ਵਿੱਚ ਸਹਿਯੋਗ ਦਿੱਤਾ ਹੈ। ਬਹੁਤ ਬਹੁਤ ਧੰਨਵਾਦ ਜੀ।

---

## PAPERS LAID ON THE TABLE OF THE HOUSE

**ਮਾਣਯੋਗ ਸਪੀਕਰ:** ਸਦਨ ਦੀ ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ।

**ਜਲ ਸਰੋਤ ਮੰਤਰੀ (ਸ਼੍ਰੀ ਬਰਿੰਦਰ ਕੁਮਾਰ ਗੋਇਲ):** ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ-ਸੂਚੀ ਵਿੱਚ ਮੱਦ ਨੰਬਰ 4 ਅਧੀਨ ਦਰਸਾਏ ਗਏ ਲੜੀ ਨੰ: 1 ਤੋਂ 5 ਤੱਕ ਦੇ ਕਾਗਜ਼ ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ:-

1. ਸਾਲ 2022-23 ਲਈ ਪੰਜਾਬ ਸੂਚਨਾ ਅਤੇ ਸੰਚਾਰ ਤਕਨਾਲੋਜੀ ਕਾਰਪੋਰੇਸ਼ਨ ਲਿਮਟਿਡ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਕੰਪਨੀਜ਼ ਐਕਟ 2013 ਦੀ ਧਾਰਾ 394 ਅਧੀਨ ਲੋੜੀਂਦਾ ਹੈ।
2. ਸਾਲ 2018-19 ਲਈ ਪੰਜਾਬ ਸੈਰ ਸਪਾਟਾ ਵਿਕਾਸ ਕਾਰਪੋਰੇਸ਼ਨ ਲਿਮਟਿਡ ਦੀ 40ਵੀਂ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 394 ਲੋੜੀਂਦਾ ਹੈ।
3. ਸਾਲ 2018-19 ਲਈ ਅੰਮ੍ਰਿਤਸਰ ਹੋਟਲ ਲਿਮਟਿਡ ਦੀ 16ਵੀਂ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 394 ਅਧੀਨ ਲੋੜੀਂਦਾ ਹੈ।

4. ਸਾਲ 2019-20 ਲਈ ਅੰਮ੍ਰਿਤਸਰ ਹੋਟਲ ਲਿਮਟਿਡ ਦੀ 17ਵੀਂ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 394 ਅਧੀਨ ਲੋੜੀਂਦਾ ਹੈ।
5. ਸਾਲ 2019-20 ਲਈ ਗੁਲਮੋਹਰ ਟੂਰਿਸਟ ਕੰਪਲੈਕਸ (ਹੋਲੀਡੇ ਹੋਮ) ਦੀ 17ਵੀਂ ਸਾਲਾਨਾ ਰਿਪੋਰਟ ਅਤੇ ਲੇਖੇ , ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 394 ਅਧੀਨ ਲੋੜੀਂਦਾ ਹੈ।

---

## FINANCIAL BUSINESS

### (i) PRESENTATION OF SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2025-26

**ਮਾਣਯੋਗ ਸਪੀਕਰ :** ਵਿੱਤ ਮੰਤਰੀ ਸਾਲ 2025-26 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕਰਨ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ) :** ਸ਼੍ਰੀਮਾਨ ਜੀ, ਮੈਂ ਸਾਲ 2025-26 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕਰਦਾ ਹਾਂ।

### (ii) PRESENTATION OF THE REPORT OF THE COMMITTEE ON ESTIMATES ON THE SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2025-26

**ਮਾਣਯੋਗ ਸਪੀਕਰ :** ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਸਭਾਪਤੀ, ਅਨੁਮਾਨ ਕਮੇਟੀ, ਸਾਲ 2025-26 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਸਬੰਧੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਅਨੁਮਾਨ ਕਮੇਟੀ (ਸਰਦਾਰ ਮਨਜੀਤ ਸਿੰਘ ਬਿਲਾਸਪੁਰ):** ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਜੀ।

ਸ਼੍ਰੀਮਾਨ ਜੀ, ਮੈਂ ਸਾਲ 2025-26 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਦਾ ਹਾਂ।

ਮਾਣਯੋਗ ਸਪੀਕਰ ਸਾਹਿਬ, ਵੱਖ-ਵੱਖ ਵਿਭਾਗਾਂ ਦੇ ਕੰਮ-ਕਾਰ ਤੇ ਹੋਣ ਵਾਲੇ ਖਰਚੇ ਦਾ ਬਜਟ ਵਿਧਾਨ ਸਭਾ ਵੱਲੋਂ ਪਾਸ ਕੀਤਾ ਜਾਂਦਾ ਹੈ ਪਰੰਤੂ ਜਦ ਸਰਕਾਰ ਲੋਕ ਹਿਤ ਵਿੱਚ ਕੰਮ ਕਰਦੀ ਹੈ ਤਾਂ ਕਈ ਵਾਰੀ ਇਹ ਖਰਚੇ ਬਜਟ ਵਿੱਚ ਪਾਸ ਕੀਤੇ ਗਏ ਅਨੁਮਾਨਾਂ ਤੋਂ ਵੱਧ ਜਾਂਦੇ ਹਨ। ਅੱਜ ਜੋ ਇਹ ਸਪਲੀਮੈਂਟਰੀ ਡਿਮਾਂਡਜ਼ ਵਿਧਾਨ ਸਭਾ ਦੀ ਪ੍ਰਵਾਨਗੀ ਲਈ ਸਦਨ ਵਿੱਚ ਪੇਸ਼ ਹੋਈਆਂ ਹਨ, ਇਹ ਲੋਕ ਸੇਵਾ ਦੇ ਨਵੇਂ ਪ੍ਰੋਗਰਾਮ, ਅਦਾਲਤਾਂ ਦੇ ਫੈਸਲੇ ਅਤੇ ਸਰਕਾਰ ਵੱਲੋਂ ਨਵੀਆਂ ਪਾਲਿਸੀਆਂ ਲਾਗੂ ਕਰਨ ਲਈ ਹੋਏ ਖਰਚੇ ਸਬੰਧੀ ਹਨ। ਕਮੇਟੀ ਨੇ ਆਪਣੀ ਰਿਪੋਰਟ ਵਿੱਚ ਇਨ੍ਹਾਂ ਅਨੁਪੂਰਕ ਮੰਗਾਂ ਨੂੰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ।

ਸਪੀਕਰ ਸਾਹਿਬ, ਮੈਂ ਸਦਨ ਵਿੱਚ ਅੱਜ ਇਹ ਰਿਪੋਰਟ ਪੇਸ਼ ਕਰਕੇ ਬੜਾ ਖੁਸ਼ ਹਾਂ ਕਿਉਂਕਿ ਵੱਖ ਵੱਖ ਵਿਭਾਗਾਂ ਵੱਲੋਂ ਬਜਟ ਤੋਂ ਜ਼ਿਆਦਾ ਖਰਚ ਕਰਨ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਸਰਕਾਰ ਲੋਕਾਂ ਲਈ ਬਹੁਤ ਅੱਛੇ-ਅੱਛੇ ਕੰਮ ਕਰ ਰਹੀ ਹੈ। ਮੈਂ ਕੁਝ ਮੁੱਖ ਕੰਮ ਗਿਣਾਉਂਦਾ ਹਾਂ, ਜਿਨ੍ਹਾਂ ਸਬੰਧੀ ਇਹ ਅਨੁਪੂਰਕ ਮੰਗਾਂ ਆਈਆਂ ਹਨ -

- ਪਿੰਡਾਂ ਦੇ ਸਕੂਲਾਂ ਵਿੱਚ ਵਾਧੂ ਕਲਾਸ ਰੂਮ ਸਕੀਮ ਅਧੀਨ ਕਲਾਸ ਰੂਮ ਅਤੇ ਲੈਬ ਦੀ ਉਸਾਰੀ।

- ਮੁੱਖ ਮੰਤਰੀ ਸਿਹਤ ਯੋਜਨਾ ਸਕੀਮ ਨੂੰ ਲਾਗੂ ਕਰਨ ਹਿੱਤ ਰਾਜ ਵਿੱਚ ਪ੍ਰਤੀ ਪਰਿਵਾਰ 10 ਲੱਖ ਰੁਪਏ ਤੱਕ ਦਾ ਕੈਸ਼ ਲੈੱਸ ਡਾਕਟਰੀ ਬੀਮਾ ਕਵਰੇਜ ਕਰਨ ਲਈ।
- ਰਜਬਾਹਿਆਂ ਦੇ ਨਵੀਨੀਕਰਨ/ਪੁਨਰਵਾਸ ਦੇ ਕੰਮਾਂ ਨੂੰ ਮੁਕੰਮਲ ਕਰਨ ਲਈ।
- ਖਾਲ੍ਹਿਆਂ ਦਾ ਪੁਨਰਵਾਸ, ਪਾਈਪ ਲਾਈਨਾਂ ਵਿਛਾਉਣ ਦੇ ਕੰਮ ਨੂੰ ਮੁਕੰਮਲ ਕਰਨ ਲਈ।
- ਅਮਰੁਤ ਮਿਸ਼ਨ ਸਕੀਮ ਅਧੀਨ ਸਟੇਟ ਸ਼ੇਅਰ ਵਜੋਂ ਵਾਧੂ ਬਜਟ ਲਈ।
- ਰੋਡਜ਼ ਐਂਡ ਇਨਫਰਾਸਟ੍ਰਕਚਰ ਲਈ।
- ਵੱਖ-ਵੱਖ ਪਲਾਨ ਸੜਕਾਂ ਦੇ ਨਿਰਮਾਣ ਅਤੇ ਅੱਪਗ੍ਰੇਡੇਸ਼ਨ ਲਈ।
- ਵੱਖ-ਵੱਖ ਪੇਂਡੂ ਸੜਕਾਂ ਦੇ ਅੱਪਗ੍ਰੇਡੇਸ਼ਨ ਅਤੇ ਆਧੁਨਿਕੀਕਰਨ ਲਈ।
- ਪੰਜਾਬ ਰਾਜ ਵਿੱਚ ਆਏ ਹੜ੍ਹਾਂ ਕਾਰਨ ਫ਼ਸਲਾਂ, ਮਕਾਨਾਂ ਦੇ ਹੋਏ ਨੁਕਸਾਨ ਲਈ ਰਾਹਤ ਜਾਰੀ ਕਰਨ ਅਤੇ ਜ਼ਮੀਨਾਂ ਵਿੱਚ ਆਈ ਗਾਦ ਕੱਢਣ ਲਈ।
- ਹੜ੍ਹਾਂ ਦੀ ਰੋਕਥਾਮ ਲਈ।
- ਔਰਤਾਂ ਲਈ ਮੁਫ਼ਤ ਰਿਆਇਤੀ ਯਾਤਰਾ ਸਹੂਲਤ ਲਈ।
- ਵਨ ਸਟਾਪ ਸੈਂਟਰਾਂ, ਵਰਕਿੰਗ ਵੂਮੈਨ ਹੋਸਟਲਾਂ ਅਤੇ ਬਿਰਧ ਘਰਾਂ ਦੀ ਸਥਾਪਨਾ ਲਈ।
- ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਪ੍ਰਕਾਸ਼ ਪੁਰਬ ਮਨਾਉਣ ਲਈ ਆਏ ਖਰਚੇ ਦੀ ਅਦਾਇਗੀ ਅਤੇ ਗੁਰੂ ਜੀ ਦੇ ਚਰਨ ਛੋਹ ਸਥਾਨਾਂ ਉੱਤੇ ਵੱਖ-ਵੱਖ ਕਰਵਾਏ ਜਾ ਰਹੇ ਕੰਮਾਂ ਲਈ।
- ਜ਼ਿਲ੍ਹਾ ਜਲੰਧਰ ਵਿਖੇ ਗੁਰੂ ਰਵਿਦਾਸ ਬਾਣੀ ਅਧਿਐਨ ਕੇਂਦਰ ਲਈ ਜ਼ਮੀਨ ਖਰੀਦਣ ਲਈ।
- ਪੰਜਾਬ ਅਨੁਸੂਚਿਤ ਜਾਤੀਆਂ ਕਾਰਪੋਰੇਸ਼ਨ ਦੀ ਕਰਜ਼ਾ ਮੁਆਫ਼ੀ ਸਕੀਮ ਅਧੀਨ ਲਾਭਪਾਤਰੀਆਂ ਨੂੰ ਲਾਭ ਦੇਣ ਲਈ।
- ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਵਜ਼ੀਫ਼ਾ ਦੇਣ ਲਈ।

ਸਪੀਕਰ ਸਾਹਿਬ, ਮੈਂ ਸਦਨ ਨੂੰ ਅਪੀਲ ਕਰਾਂਗਾ ਕਿ ਇਹ ਮੰਗਾਂ ਸਦਨ ਵੱਲੋਂ ਪ੍ਰਵਾਨ ਕੀਤੀਆਂ ਜਾਣ ਅਤੇ ਪਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਸਾਡੀ ਸਰਕਾਰ ਨੂੰ ਇਸੇ ਤਰ੍ਹਾਂ ਲੋਕ ਸੇਵਾ ਕਰਨ ਦਾ ਬਲ ਬਖ਼ਸ਼ਦਾ ਰਹੇ। ਇਸ ਦੇ ਨਾਲ ਸਾਡੀ ਕਮੇਟੀ ਦੇ ਅਧਿਕਾਰੀ ਸਾਹਿਬਾਨ ਸਰਦਾਰ ਗੁਰਕੀਰਤ ਸਿੰਘ ਅਤੇ ਉਨ੍ਹਾਂ ਦੇ ਸਮੁੱਚੇ ਸਟਾਫ਼ ਦਾ ਮੈਂ ਕੋਟਿਨ-ਕੋਟਿ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਦਿਨ-ਰਾਤ ਮਿਹਨਤ ਕਰਕੇ ਇਹ ਰਿਪੋਰਟ ਤਿਆਰ ਕੀਤੀ ਹੈ। ਇਸ ਦੇ ਨਾਲ ਸਾਰੇ ਮੈਂਬਰ ਸਾਹਿਬਾਨਾਂ ਦਾ ਵੀ ਧੰਨਵਾਦ ਕਰਦਾ ਹਾਂ, ਜਿਹੜੇ ਸਾਰਾ ਸਾਲ ਨਿਰੰਤਰ ਆਉਂਦੇ ਰਹੇ ਹਨ। ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥

## (iii) SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2025-26

1. **Discussion on the Estimates of the Expenditure Charged on the Revenue of the State.**
2. **Voting On the Supplementary Demands For Grants**

**ਮਾਣਯੋਗ ਸਪੀਕਰ:** ਅੱਜ ਦੀ ਕਾਰਜ ਸੂਚੀ ਵਿੱਚ ਸਦਨ ਦੀ ਬਹਿਸ ਅਤੇ ਵੋਟਿੰਗ ਲਈ ਕੁੱਲ 40 ਅਨੁਪੂਰਕ ਗ੍ਰਾਂਟਾਂ ਲਈ ਮੰਗਾਂ ਹਨ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਸਾਰੀਆਂ ਮੰਗਾਂ ਪੜ੍ਹੀਆਂ ਅਤੇ ਪ੍ਰਸਤਾਵ ਕੀਤੀਆਂ ਗਈਆਂ ਸਮਝੀਆਂ ਜਾਣ ਅਤੇ ਇਕੱਠੀਆਂ ਹੀ ਬਹਿਸ ਲਈ ਲੈ ਲਈਆਂ ਜਾਣ?

**(ਆਵਾਜ਼ਾਂ:** ਹਾਂ ਜੀ, ਹਾਂ ਜੀ।)

**ਮੰਗ ਨੰ: 1**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1496,80,04,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,08,60,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਖੇਤੀਬਾੜੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 2**

ਕਿ ਇੱਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 3,24,87,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 3**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 50,02,60,000 ਰੁਪਏ ਅਤੇ ਪੂੰਜੀਗਤ ਲੇਖੇ ਤੇ 7,18,01,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 4**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਰੱਖਿਆ ਸੇਵਾਵਾਂ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 5**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 625,58,09,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,08,91,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੱਖਿਆ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 6**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 17,14,82,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਚੋਣਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 7**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 51,88,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਆਬਕਾਰੀ ਤੇ ਕਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 8**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3683,93,50,000 ਰੁਪਏ ਅਤੇ ਪੂੰਜੀਗਤ ਲੇਖੇ ਤੇ 8750,00,22,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 9**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 112,45,52,000 ਰੁਪਏ ਅਤੇ ਪੂੰਜੀਗਤ ਲੇਖੇ ਤੇ 233,52,00,000 ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਖੁਰਾਕ, ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 10**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 8,61,76,000 ਰੁਪਏ ਅਤੇ ਪੂੰਜੀਗਤ ਲੇਖੇ ਤੇ 8,19,66,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਆਮ ਰਾਜ ਪ੍ਰਬੰਧ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 11**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 574,71,20,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 12**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,99,75,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਿਹ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 13**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 50,01,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਉਦਯੋਗ ਅਤੇ ਵਣਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 14**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 8,07,54,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 15**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 23,000 ਰੁਪਏ ਅਤੇ ਪੂੰਜੀਗਤ ਲੇਖੇ ਤੇ 142,84,11,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਜਲ ਸਰੋਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 16**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 28,63,09,000 ਰੁਪਏਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਕਿਰਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 17**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 81,29,33,000 ਰੁਪਏ ਅਤੇ ਪੂੰਜੀਗਤ ਲੇਖੇ ਤੇ 178,05,66,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਸਥਾਨਕ ਸਰਕਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 18**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 10,70,30,000 ਰੁਪਏ ਅਤੇ ਪੂੰਜੀਗਤ ਲੇਖੇ ਤੇ 40,00,000 ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਪ੍ਰਸੋਨਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 19**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਯੋਜਨਾਬੰਦੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 20**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 240,88,51,000 ਰੁਪਏ ਅਤੇ ਪੂੰਜੀਗਤ ਲੇਖੇ ਤੇ 688,83,19,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਪਾਵਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 21**

ਕਿ ਇੱਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 932,10,14,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਨਿਰਮਾਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 22**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1744,16,21,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਮਾਲ, ਮੁੜ ਵਸੇਵਾ ਅਤੇ ਕੁਦਰਤੀ ਆਫਤਾਂ ਪ੍ਰਬੰਧ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 23**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 776,09,97,000 ਰੁਪਏ ਅਤੇ ਪੂੰਜੀਗਤ ਲੇਖੇ ਤੇ 646,13,65,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਪੇਂਡੂ ਵਿਕਾਸ ਅਤੇ ਪੰਚਾਇਤਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 24**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਵਿਗਿਆਨ, ਤਕਨੀਕ ਅਤੇ ਵਾਤਾਵਰਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 25**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 117,89,21,000 ਰੁਪਏ ਅਤੇ ਪੂੰਜੀਗਤ ਲੇਖੇ ਤੇ 70,26,47,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 26**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,06,52,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਰਾਜ ਵਿਧਾਨ ਪਾਲਿਕਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 27**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 12,30,19,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 28**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 51,04,53,000 ਰੁਪਏ ਅਤੇ ਪੂੰਜੀਗਤ ਲੇਖੇ ਤੇ 35,83,81,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਯਾਤਰਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 29**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 46,98,41,000 ਰੁਪਏ ਅਤੇ ਪੂੰਜੀਗਤ ਲੇਖੇ ਤੇ 15,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਟਰਾਂਸਪੋਰਟ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 30**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,000 ਰੁਪਏ ਅਤੇ ਪੂੰਜੀਗਤ ਲੇਖੇ ਤੇ 45,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਚੌਕਸੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 31**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,000 ਰੁਪਏ ਅਤੇ ਪੂੰਜੀਗਤ ਲੇਖੇ ਤੇ 6,15,97,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 32**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ138,40,21,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਵਣ ਅਤੇ ਜੰਗਲਾਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 33**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਪ੍ਰਸ਼ਾਸਨਿਕ ਸੁਧਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 34**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 7,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਬਾਗਬਾਨੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 35**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 858,45,92,000 ਰੁਪਏ ਅਤੇ ਪੂੰਜੀਗਤ ਲੇਖੇ ਤੇ 48,01,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 36**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 49,24,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਜੇਲ੍ਹਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 37**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 20,02,94,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,74,51,000 ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਕਾਨੂੰਨ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 38**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 16,08,03,000 ਰੁਪਏ ਅਤੇ ਪੂੰਜੀਗਤ ਲੇਖੇ ਤੇ 8,000 ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਮੈਡੀਕਲ ਸਿੱਖਿਆ ਅਤੇ ਖੋਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 41**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 11,49,99,000 ਰੁਪਏ ਅਤੇ ਪੂੰਜੀਗਤ ਲੇਖੇ ਤੇ 25,21,58,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਜਲ ਸਪਲਾਈ ਅਤੇ ਸੈਨੀਟੇਸ਼ਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 42**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 72,72,28,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ, ਹੋਰ ਪੱਛੜੀਆ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ ਦੀ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਣਯੋਗ ਸਪੀਕਰ:** ਬਹਿਸ। ਜਿਹੜੇ ਮਾਣਯੋਗ ਮੈਂਬਰ ਸਾਹਿਬਾਨ ਜਿਸ ਮੰਗ ਉੱਤੇ ਬੋਲਣਾ ਚਾਹੁੰਦੇ ਹਨ, ਉਹ ਉਸ ਮੰਗ ਨੰਬਰ ਦਾ ਜ਼ਿਕਰ ਜ਼ਰੂਰ ਕਰਨ।

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ।)

**ਮਾਣਯੋਗ ਸਪੀਕਰ** : ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਸਾਰੀਆਂ ਅਨੁਪੂਰਕ ਗ੍ਰਾਂਟਾਂ ਲਈ ਮੰਗਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

**(ਆਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਣਯੋਗ ਸਪੀਕਰ:** ਪ੍ਰਸ਼ਨ ਹੈ-

**ਮੰਗ ਨੰ: 1**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1496,80,04,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,08,60,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਖੇਤੀਬਾੜੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 2**

ਕਿ ਇੱਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 3,24,87,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 3**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 50,02,60,000 ਰੁਪਏ ਅਤੇ ਪੂੰਜੀਗਤ ਲੇਖੇ ਤੇ 7,18,01,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 4**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਰੱਖਿਆ ਸੇਵਾਵਾਂ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 5**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 625,58,09,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,08,91,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੱਖਿਆ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 6**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 17,14,82,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਚੋਣਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 7**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 51,88,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਆਬਕਾਰੀ ਤੇ ਕਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 8**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3683,93,50,000 ਰੁਪਏ ਅਤੇ ਪੂੰਜੀਗਤ ਲੇਖੇ ਤੇ 8750,00,22,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 9**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 112,45,52,000 ਰੁਪਏ ਅਤੇ ਪੂੰਜੀਗਤ ਲੇਖੇ ਤੇ 233,52,00,000 ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਖੁਰਾਕ, ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 10**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 8,61,76,000 ਰੁਪਏ ਅਤੇ ਪੂੰਜੀਗਤਲੇਖੇਤੇ8,19,66,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਆਮ ਰਾਜ ਪ੍ਰਬੰਧ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 11**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 574,71,20,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 12**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,99,75,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਿਹ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 13**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 50,01,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਉਦਯੋਗ ਅਤੇ ਵਣਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 14**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 8,07,54,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਸੂਚਨਾ ਅਤੇ ਲੋਕ ਸੰਪਰਕ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 15**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 23,000 ਰੁਪਏ ਅਤੇ ਪੂੰਜੀਗਤ ਲੇਖੇ ਤੇ 142,84,11,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਜਲ ਸਰੋਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 16**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 28,63,09,000 ਰੁਪਏਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਕਿਰਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 17**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 81,29,33,000 ਰੁਪਏ ਅਤੇ ਪੂੰਜੀਗਤ ਲੇਖੇ ਤੇ 178,05,66,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਸਥਾਨਕ ਸਰਕਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 18**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 10,70,30,000 ਰੁਪਏ ਅਤੇ ਪੂੰਜੀਗਤ ਲੇਖੇ ਤੇ 40,00,000 ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਪ੍ਰਸੋਨਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 19**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਯੋਜਨਾਬੰਦੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 20**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 240,88,51,000 ਰੁਪਏ ਅਤੇ ਪੂੰਜੀਗਤ ਲੇਖੇ ਤੇ 688,83,19,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਪਾਵਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 21**

ਕਿ ਇੱਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 932,10,14,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਲੋਕ ਨਿਰਮਾਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 22**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1744,16,21,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਮਾਲ, ਮੁੜਵਸੇਵਾ ਅਤੇ ਕੁਦਰਤੀ ਆਫਤਾਂ ਪ੍ਰਬੰਧ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 23**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 776,09,97,000 ਰੁਪਏ ਅਤੇ ਪੂੰਜੀਗਤ ਲੇਖੇ ਤੇ 646,13,65,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਪੇਂਡੂ ਵਿਕਾਸ ਅਤੇ ਪੰਚਾਇਤਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 24**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਵਿਗਿਆਨ, ਤਕਨੀਕ ਅਤੇ ਵਾਤਾਵਰਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 25**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 117,89,21,000 ਰੁਪਏ ਅਤੇ ਪੂੰਜੀਗਤ ਲੇਖੇ ਤੇ 70,26,47,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 26**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ2,06,52,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਰਾਜ ਵਿਧਾਨਪਾਲਿਕਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 27**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 12,30,19,000 ਰੁਪਏ ਅਤੇ ਪੂੰਜੀਗਤਲੇਖੇਤੇ2,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 28**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 51,04,53,000 ਰੁਪਏ ਅਤੇ ਪੂੰਜੀਗਤ ਲੇਖੇ ਤੇ 35,83,81,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਯਾਤਰਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 29**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 46,98,41,000 ਰੁਪਏ ਅਤੇ ਪੂੰਜੀਗਤ ਲੇਖੇ ਤੇ 15,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਟਰਾਂਸਪੋਰਟ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 30**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,000 ਰੁਪਏ ਅਤੇ ਪੂੰਜੀਗਤ ਲੇਖੇ ਤੇ 45,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਚੌਕਸੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 31**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,000 ਰੁਪਏ ਅਤੇ ਪੂੰਜੀਗਤ ਲੇਖੇ ਤੇ 6,15,97,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 32**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 138,40,21,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਵਣ ਅਤੇ ਜੰਗਲਾਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 33**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਪ੍ਰਸ਼ਾਸਨਿਕ ਸੁਧਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 34**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 7,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਬਾਗਬਾਨੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 35**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 858,45,92,000 ਰੁਪਏ ਅਤੇ ਪੂੰਜੀਗਤ ਲੇਖੇ ਤੇ 48,01,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 36**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 49,24,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਜੇਲ੍ਹਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 37**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 20,02,94,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,74,51,000 ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਕਾਨੂੰਨ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 38**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 16,08,03,000 ਰੁਪਏ ਅਤੇ ਪੂੰਜੀਗਤ ਲੇਖੇ ਤੇ 8,000 ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਮੈਡੀਕਲ ਸਿੱਖਿਆ ਅਤੇ ਖੋਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 41**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 11,49,99,000 ਰੁਪਏ ਅਤੇ ਪੂੰਜੀਗਤ ਲੇਖੇ ਤੇ 25,21,58,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਜਲ ਸਪਲਾਈ ਅਤੇ ਸੈਨੀਟੇਸ਼ਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 42**

ਕਿ ਇੱਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 72,72,28,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ, ਹੋਰ ਪੱਛੜੀਆ ਸ਼੍ਰੇਣੀਆਂ ਅਤੇ ਘੱਟ ਗਿਣਤੀਆਂ ਦੀ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਣਯੋਗ ਸਪੀਕਰ :** ਸਾਲ 2025-26 ਲਈ ਪੰਜਾਬ ਸਰਕਾਰ ਦੇ ਖਰਚੇ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਨੰ: 1-38, 41 ਅਤੇ 42 ਜੋ ਮਾਲੀਆ ਅਤੇ ਪੂੰਜੀਗਤ ਲੇਖੇ ਤੇ 22 ਹਜ਼ਾਰ 544 ਕਰੋੜ 96 ਲੱਖ ਅਤੇ 71 ਹਜ਼ਾਰ ਤੋਂ ਵੱਧ ਨਾ ਹੋਣ, 31 ਮਾਰਚ, 2026 ਨੂੰ ਖਤਮ ਹੋਣ ਵਾਲੇ ਸਾਲ ਲਈ ਵੱਖ-ਵੱਖ ਵਿਭਾਗਾਂ ਦੇ ਸਬੰਧ ਵਿੱਚ ਖਰਚਿਆਂ ਦੇ ਹੋਣ ਵਾਲੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀਆਂ ਜਾਣ।

***ਪ੍ਰਸਤਾਵ ਪ੍ਰਵਾਨ ਹੋਇਆ।***

---

## THE PUNJAB APPROPRIATION (NO. 1) BILL, 2026

**ਮਾਨਯੋਗ ਸਪੀਕਰ :** ਵਿੱਤ ਮੰਤਰੀ ਜੀ ਹੁਣ ਪੰਜਾਬ ਨਮਿੱਤਣ (ਨੰ: 1) ਬਿਲ, 2026 ਪੇਸ਼ ਕਰਨਗੇ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ) :** ਸ਼੍ਰੀਮਾਨ ਜੀ, ਮੈਂ ਪੰਜਾਬ ਨਮਿੱਤਣ (ਨੰ:1) ਬਿਲ, 2026 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਨਮਿੱਤਣ (ਨੰ: 1) ਬਿਲ, 2026 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਪੰਜਾਬ ਨਮਿੱਤਣ (ਨੰ: 1) ਬਿਲ, 2026 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ।)

**ਮਾਣਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਪੰਜਾਬ ਨਮਿੱਤਣ (ਨੰ: 1) ਬਿਲ, 2026 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ਾਂ 2 ਤੋਂ 4**

**ਮਾਣਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 4 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

**(ਅਵਾਜ਼ਾਂ:** ਹਾਂ ਜੀ, ਹਾਂ ਜੀ)

**ਮਾਣਯੋਗ ਸਪੀਕਰ**: ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 4 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸ਼ਡਿਊਲ**

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਸ਼ਡਿਊਲ ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1**

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ :** ਹੁਣ ਵਿੱਤ ਮੰਤਰੀ ਜੀ ਬਿਲ ਪਾਸ ਕਰਨ ਲਈ ਪ੍ਰਸਤਾਵ ਕਰਨਗੇ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਨਮਿੱਤਣ (ਨੰ: 1) ਬਿਲ, 2026 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਨਮਿੱਤਣ (ਨੰ: 1) ਬਿਲ, 2026 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਪੰਜਾਬ ਨਮਿੱਤਣ (ਨੰ: 1) ਬਿਲ, 2026 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---

**ਮਾਣਯੋਗ ਸਪੀਕਰ :** ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਭਾਰਤ-ਅਮਰੀਕਾ ਵਪਾਰਕ ਸਮਝੌਤੇ ਨਾਲ ਪੰਜਾਬ ਦੀ ਖੇਤੀਬਾੜੀ ਨਾਲ ਧੋਖਾ ਮਾਮਲੇ ਤੇ ਬਹਿਸ ਤੋਂ ਪਹਿਲਾਂ ਅੱਜ ਸਾਲ 2026-27 ਲਈ ਬਜਟ ਅਨੁਮਾਨ ਤੇ ਆਮ ਬਹਿਸ ਲੈ ਲਈ ਜਾਵੇ?

(**ਆਵਾਜ਼ਾਂ** : ਹਾਂ ਜੀ, ਹਾਂ ਜੀ)

---

## RESUMPTION OF GENERAL DISCUSSION ON BUDGET ESTIMATES FOR THE YEAR 2026-27

**ਮਾਣਯੋਗ ਸਪੀਕਰ :** ਮਿਤੀ 9 ਮਾਰਚ, 2026 ਨੂੰ ਬਜਟ ਅਨੁਮਾਨਾਂ ਤੇ ਆਮ ਬਹਿਸ ਦੌਰਾਨ ਡਾਕਟਰ ਰਵਜੋਤ ਸਿੰਘ, ਸੰਸਦੀ ਮਾਮਲੇ ਮੰਤਰੀ ਜੀ ਬੋਲ ਰਹੇ ਸਨ, ਉਸ ਸਮੇਂ ਸਦਨ ਸਥੱਗਿਤ ਹੋ ਗਿਆ ਸੀ। ਅਗਰ ਉਹ ਹਾਜ਼ਰ ਹਨ ਤਾਂ ਆਪਣਾ ਭਾਸ਼ਣ ਦੁਬਾਰਾ ਸ਼ੁਰੂ ਕਰ ਸਕਦੇ ਹਨ। ਨਹੀਂ ਤਾਂ ਨਵੀਂ ਲਿਸਟ ਲੈ ਲੈਂਦੇ ਹਾਂ।

(ਇਸ ਸਮੇਂ ਸੰਸਦੀ ਮਾਮਲੇ ਮੰਤਰੀ, ਡਾਕਟਰ ਰਵਜੋਤ ਸਿੰਘ ਬੋਲਣ ਲਈ ਖੜ੍ਹੇ ਨਹੀਂ ਹੋਏ ਅਤੇ ਆਪਣੀ ਸੀਟ ਤੇ ਬੈਠੇ ਰਹੇ।)

**ਮਾਣਯੋਗ ਸਪੀਕਰ:** ਹਾਂ ਜੀ, ਰਾਣਾ ਗੁਰਜੀਤ ਸਿੰਘ ਜੀ।

**ਰਾਣਾ ਗੁਰਜੀਤ ਸਿੰਘ (ਕਪੂਰਥਲਾ) :** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ। ਸਪੀਕਰ ਸਾਹਿਬ, ਅਗਰ ਆਪਾਂ ਕੇਵਲ ਐਗਰੀਕਲਚਰ ਸੈਕਟਰ ਤੇ ਬੋਲੀਏ ਤਾਂ ਮੈਂ ਇਹ ਕਹਾਂਗਾ ਕਿ ਇਸ ਬਜਟ ਵਿੱਚ ਜੋ ਪ੍ਰੋਵੀਜ਼ਨ ਹੈ, ਜੋ ਪੈਸਾ ਖੇਤੀਬਾੜੀ ਖੇਤਰ ਵਿੱਚ ਲੱਗਣਾ ਚਾਹੀਦਾ ਹੈ, ਉਸ ਦਾ ਕਿਤੇ ਵੀ ਜ਼ਿਕਰ ਨਹੀਂ ਹੈ। ਪੰਜਾਬ ਵਿੱਚ ਪਾਣੀ ਦਾ ਸਤਰ ਹਰ ਸਾਲ ਨੀਵਾਂ ਜਾ ਰਿਹਾ ਹੈ ਅਤੇ ਬਜਟ ਵਿੱਚ ਡਾਈਵਰਸੀਫਿਕੇਸ਼ਨ ਦੀ ਵੀ ਇੱਕ ਲਾਈਨ ਪਾਈ ਹੈ ਪਰ ਇਸ ਦਾ ਕੀ ਕਰਨਾ ਹੈ, ਉਸ ਬਾਰੇ ਕੋਈ ਵੀ ਜ਼ਿਕਰ ਨਹੀਂ ਕੀਤਾ ਗਿਆ। ਇਸ ਸਬੰਧੀ ਕੋਈ ਪਾਲਿਸੀ ਨਹੀਂ ਹੈ। ਚਾਰ ਸਾਲ ਦਾ ਸਮਾਂ ਹੋ ਗਿਆ ਹੈ, ਸਰਕਾਰ ਵੱਲੋਂ ਕੋਈ ਪਾਲਿਸੀ ਨਹੀਂ ਬਣਾਈ ਗਈ। ਪਿਛਲੇ ਸਾਲ ਮੱਕੀ ਦੀ ਗੱਲ ਕੀਤੀ ਗਈ ਸੀ। As a individual, ਮੈਂ ਅਨਾਊਂਸ ਕੀਤਾ ਸੀ ਕਿ ਮੈਂ ਮੱਕੀ ਤੇ ਐਮ.ਐਸ.ਪੀ. ਦੇਵਾਂਗਾ ਅਤੇ ਮੈਂ ਐਮ.ਐਸ.ਪੀ. ਦਿੱਤੀ। ਭਾਰਤ ਸਰਕਾਰ ਵੱਲੋਂ 17,000 ਰੁਪਿਆ ਪ੍ਰਤੀ ਹੈਕਟੇਅਰ ਦੇਣ ਦੀ ਗੱਲ ਕੀਤੀ ਗਈ ਸੀ। ਮੈਂ ਸਮਝਦਾ ਹਾਂ ਕਿ ਜਿਹੜਾ ਬਿਜਲੀ ਦਾ ਖਰਚਾ ਝੋਨੇ ਤੇ ਹੋਣਾ ਸੀ, ਉਹ ਬਹੁਤ ਆਰਾਮ ਨਾਲ ਸਰਕਾਰ ਜ਼ਿਮੀਂਦਾਰ ਨੂੰ ਟ੍ਰਾਂਸਫਰ ਕਰ ਸਕਦੀ ਹੈ ਲੇਕਿਨ ਇਸ ਦਾ ਵੀ ਕੋਈ ਜ਼ਿਕਰ ਨਹੀਂ ਕੀਤਾ

ਗਿਆ। ਗੁਦਾਮਾਂ ਬਾਰੇ ਮੈਂ ਦੋ ਮਿੰਟ ਬਾਅਦ ਵਿੱਚ ਗੱਲ ਕਰਾਂਗਾ, ਪਹਿਲਾਂ ਮੈਂ ਡਾਈਵਰਸੀਫਿਕੇਸ਼ਨ ਦੀ ਗੱਲ ਕਰ ਰਿਹਾ ਸੀ। ਡਾਈਵਰਸੀਫਿਕੇਸ਼ਨ ਸਿਰਫ ਇੱਕ ਨਾਮ ਹੈ। ਉਸ ਵਿੱਚ ਅਸੀਂ ਕੀ ਕਰਨਾ ਹੈ, ਕੀ ਨਹੀਂ ਕਰਨਾ, ਇਸ ਦਾ ਕੋਈ ਜ਼ਿਕਰ ਨਹੀਂ ਹੈ। ਮੈਂ ਸਮਝਦਾ ਹਾਂ ਕਿ ਅਗਰ ਪੰਜਾਬ ਨੂੰ ਅਤੇ ਪੰਜਾਬ ਦੇ ਜ਼ਿਮੀਂਦਾਰ ਨੂੰ ਬਚਾਉਣਾ ਹੈ ਤਾਂ ਪੰਜਾਬ ਦੇ ਪਾਣੀ ਨੂੰ ਬਚਾਉਣਾ ਵੀ ਉੰਨਾ ਹੀ ਜ਼ਰੂਰੀ ਹੈ, ਇਸ ਲਈ ਇਸ ਉੱਤੇ ਜ਼ਰੂਰ ਕੰਮ ਕੀਤਾ ਜਾਵੇ। ਸਪੀਕਰ ਸਾਹਿਬ, ਮੇਰੇ ਕਿੰਨੇ ਮਿੰਟ ਹਨ ਜੀ? ਖੁੱਲ੍ਹੇ, ਕਰ ਦਿਓ ਜੀ, ਖੁੱਲ੍ਹੇ।

ਇਹ ਪੰਜਾਬ ਦੀ ਗੱਲ ਹੈ। ਮੈਂ ਇੱਥੇ ਕੋਈ ਨੋਕ-ਝੋਕ ਨਹੀਂ ਕਰਨੀ। ਮੈਂ ਇੱਥੇ ਪੰਜਾਬ ਦੇ ਹਿੱਤ ਵਿੱਚ ਗੱਲਾਂ ਕਰਾਂਗਾ, ਜੇਕਰ ਚੰਗੀਆਂ ਲੱਗੀਆਂ ਤਾਂ ਇਨ੍ਹਾਂ ਨੂੰ ਇਨਕਾਰਪੋਰੇਟ ਕਰ ਲੈਣਾ, ਜੇ ਨਾ ਚੰਗੀਆਂ ਲੱਗੀਆਂ ਤਾਂ ਇੱਥੇ ਹੀ ਸਕਰੈਪ ਕਰ ਦਿਓ।

**ਮਾਣਯੋਗ ਸਪੀਕਰ :** ਇੱਕ ਮਿੰਟ ਤੱਕ ਕਰ ਲੈਣਾ ਜੀ।

**ਰਾਣਾ ਗੁਰਜੀਤ ਸਿੰਘ :** ਜੇਕਰ ਪੰਜਾਬ ਨੂੰ ਸਹੀ ਦਿਸ਼ਾ ਵੱਲ ਲਿਜਾਣਾ ਹੈ ਤਾਂ ਪਾਣੀ ਤੇ ਜ਼ਿਮੀਂਦਾਰ ਦੋਹਾਂ ਨੂੰ ਬਚਾਉਣਾ ਪਵੇਗਾ। ਅੱਜ ਇਸ ਬਾਰੇ ਇਸ ਬਜਟ ਵਿੱਚ ਕੋਈ ਪ੍ਰੋਵੀਜ਼ਨ ਨਹੀਂ ਹੈ। ਜੇਕਰ ਆਪਾਂ ਸਾਲ 2024-25 ਦੀ ਗੱਲ ਕਰੀਏ ਤਾਂ ਝੋਨੇ ਦਾ ਉਤਪਾਦਨ 182 ਲੱਖ ਮੀਟ੍ਰਿਕ ਟਨ ਹੋਇਆ। ਪਿਛਲੇ ਸਾਲ 2025-26 ਵਿੱਚ 152 ਲੱਖ ਮੀਟ੍ਰਿਕ ਟਨ ਝੋਨਾ ਹੋਇਆ। ਸਾਡੀ ਬਦਕਿਸਮਤੀ ਇਹ ਹੈ ਕਿ ਸ਼ੈਲਰਾਂ ਦੀਆਂ ਕਪੈਸਿਟੀਆਂ ਬੜੀਆਂ ਹਨ ਲੇਕਿਨ ਸਪੇਸ ਨਾ ਹੋਣ ਕਰਕੇ, ਲਿਫ਼ਟਿੰਗ ਨਾ ਹੋਣ ਕਰਕੇ ਅਜੇ 50% ਝੋਨੇ ਦੀ ਕਰੱਸ਼ਿੰਗ/ਸੈਲਿੰਗ ਕੀਤੀ ਹੈ, ਹਾਲੇ 50% ਝੋਨਾ ਪਿਆ ਹੈ। ਜਿਹੜਾ 22% ਟੋਟਾ ਹੋਣਾ ਚਾਹੀਦਾ ਹੈ, ਜਿਹੜਾ 50% ਝੋਨਾ ਸੈਲਿੰਗ ਤੋਂ ਬਚਿਆ ਹੈ, ਉਸ ਵਿਚੋਂ ਆਉਣ ਵਾਲੇ ਦਿਨਾਂ ਵਿੱਚ ਉਹ ਲਗਭਗ 30% ਦੇ ਨੇੜੇ ਜਾ ਪਹੁੰਚੇਗਾ। ਅਗਰ 30% ਟੋਟਾ ਲਗਾਓ ਤਾਂ ਸਾਡੇ ਕੋਲ 50% ਹਾਲੇ ਝੋਨਾ (paddy) ਪਿਆ ਹੈ। ਜਿਹੜੇ ਸਾਡੇ ਸ਼ੈਲਰ ਮਾਲਕ ਹਨ, ਉਨ੍ਹਾਂ ਨੂੰ ਟੋਟੇ ਦਾ 300 ਕਰੋੜ ਰੁਪਏ ਦਾ ਨੁਕਸਾਨ ਹੋਣਾ ਹੈ। ਜੇਕਰ ਅੱਜ ਤੋਂ ਤਿੰਨ ਚਾਰ ਸਾਲ ਪਹਿਲਾਂ ਦੀ ਗੱਲ ਕਰੀਏ ਤਾਂ ਭਾਰਤ ਸਰਕਾਰ ਨੇ ਸਾਨੂੰ 29 ਲੱਖ ਮੀਟ੍ਰਿਕ ਟਨ ਕਪੈਸਿਟੀ ਦੇ ਗੋਦਾਮ ਬਣਾਉਣ ਦੇ ਆਦੇਸ਼ ਦਿੱਤੇ ਸੀ ਲੇਕਿਨ ਮਾੜੀ ਗੱਲ ਇਹ ਹੋਈ ਕਿ ਇਨ੍ਹਾਂ ਵਿੱਚੋਂ ਇੱਕ ਵੀ ਗੋਦਾਮ ਅਸੀਂ ਨਹੀਂ ਬਣਾ ਪਾਏ। ਤੁਸੀਂ ਇਸ ਬਜਟ ਵਿੱਚ 45000 ਟਨ ਦੀ ਕਪੈਸਿਟੀ ਦੇ ਗੋਦਾਮ ਕ੍ਰੀਏਟ ਕਰਨ ਲਈ ਸਾਢੇ 26 ਕਰੋੜ ਰੁਪਿਆ ਰੱਖਿਆ ਹੈ। ਜੇਕਰ ਅਸੀਂ ਟੋਟਲ ਦੀ ਗੱਲ ਕਰੀਏ ਤਾਂ ਕੇਵਲ 1% ਹੀ ਹੋਵੇਗਾ। ਮੈਂ ਇਹ ਸਮਝਦਾ ਹਾਂ ਕਿ ਗੋਦਾਮ ਭਰੇ ਪਏ ਹਨ ਪ੍ਰੰਤੂ ਹੁਣ ਕਣਕ ਦੀ ਫਸਲ ਵੀ ਆਉਣ ਵਾਲੀ ਹੈ। 30 ਲੱਖ ਮੀਟ੍ਰਿਕ ਟਨ ਰਾਈਸ ਦੀ ਇੱਕ ਸਾਲ ਦੀ ਕੰਜ਼ੰਪਸ਼ਨ ਹੈ। ਮੇਰੇ ਕਹਿਣ ਦਾ ਮਤਲਬ ਹੈ ਕਿ ਈਥਾਨੋਲ ਫੈਕਟਰੀਆਂ ਰਾਹੀਂ ਤੁਸੀਂ ਪੰਜਾਬ ਦੀ ਇਕਾਨਮੀ ਵਿੱਚ ਬੜਾ ਵੱਡਾ ਯੋਗਦਾਨ ਪਾ ਰਹੇ ਹੋ। ਅੱਜ ਇਸ ਨੂੰ ਡੇਢ ਗੁਣਾ ਕੀਤਾ ਜਾ ਰਿਹਾ ਹੈ। ਇਸ ਨੂੰ ਬਗੈਰ ਕਿਸੇ ਯੋਗਦਾਨ ਦੇ ਡੇਢ ਗੁਣਾ ਕੀਤਾ ਜਾ ਸਕਦਾ ਹੈ। ਐਫ.ਐਮ. ਸਾਹਿਬ ਤੁਹਾਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਜੇਕਰ ਪੰਜਾਬ ਦੀਆਂ ਈਥਾਨੋਲ ਫੈਕਟਰੀਆਂ ਦੀਆਂ ਕਪੈਸਿਟੀਜ ਡੇਢ ਗੁਣਾ ਕਰ ਦੇਈਏ ਤਾਂ ਤੁਹਾਡੀ ਜੀ.ਐਸ.ਟੀ. ਦੀ 250 ਕਰੋੜ ਰੁਪਏ ਦੀ ਵੱਧ ਕੁਲੈਕਸ਼ਨ ਹੋ ਜਾਵੇਗੀ। ਇਹ ਕੋਈ ਛੋਟੀ ਰਕਮ ਨਹੀਂ।

**ਵਿੱਤ ਮੰਤਰੀ (ਬੈਠੇ, ਬੈਠੇ) :** ਤੁਸੀਂ ਭੇਜੋ।

**ਰਾਣਾ ਗੁਰਜੀਤ ਸਿੰਘ** : ਜਿਹੜੀ ਤੁਸੀਂ ਪਲਿਊਸ਼ਨ ਕੰਟਰੋਲ ਵਾਲੀ ਬੀਬੀ ਬਿਠਾਈ ਹੈ, ਜੇਕਰ ਉਹ ਪਾਸ ਕਰਦੀ ਹੋਵੇ, ਮੈਂ ਤਾਂ ਹੀ ਭੇਜ ਸਕਦਾ ਹਾਂ, ਉਹ ਤਾਂ ਅੜਿੱਕੇ ਡਾਹ ਕੇ ਬੈਠੀ ਹੈ। ਹੁਣ ਪੰਜਾਬ ਦਾ ਜਿਹੜਾ ਦਰਦ ਹੈ, ਉਹ ਪੰਜਾਬੀ ਨੂੰ ਹੀ ਪਤਾ ਹੈ। ਇਹ ਮੈਂ ਹਾਊਸ ਵਿੱਚ ਕਹਿ ਰਿਹਾ ਹਾਂ, ਤੁਸੀਂ ਇਸ ਦਾ ਜਵਾਬ ਵੀ ਦੇ ਦਿਓ। ਸੈਂਟਰਲ ਪਲਿਊਸ਼ਨ ਕੰਟਰੋਲ ਬੋਰਡ, ਗੌਰਮਿੰਟ ਆਫ ਇੰਡੀਆ ਇਹ ਕਹਿ ਰਿਹਾ ਹੈ ਕਿ ਇੰਡਸਟਰੀ ਐਕਸਟੈਨਸ਼ਨ ਦੇ ਵਿੱਚ

ਹਰਡਲਜ਼ ਹਨ। ਐਨ.ਆਈ.ਪੀ.ਐਲ. (No Increse in Pollution load Certificate) ਗੌਰਮਿੰਟ ਆਫ ਇੰਡੀਆ ਦਾ ਅਪਰੂਵਡ ਰੂਟ ਹੈ ਜਿਸ ਨੂੰ ਮੰਨਣਾ ਜ਼ਰੂਰੀ ਹੈ। ਫਰਜ਼ ਕਰੋ ਕਿ ਕਿਸੇ ਦੀ ਜੇਕਰ ਤੁਹਾਡੀ 100 ਕਪੈਸਿਟੀ ਹੈ ਤਾਂ 150 ਕਰਨ ਲਈ ਸਟੇਟ ਨੂੰ ਪਾਵਰਾਂ ਹਨ। ਅਸੀਂ ਸੋਚਿਆ ਕਿ ਕੈਂਸਲ ਕਰਵਾਉਣ ਨਾਲੋਂ ਵਿਦਡਰਾਅ ਕਰ ਲਈਏ।

**ਵਿੱਤ ਮੰਤਰੀ (ਬੈਠੇ-ਬੈਠੇ) :** ਮੈਂ ਤਾਂ ਆਉਣ ਸਾਰ ਤੁਹਾਨੂੰ ਪਹਿਲੀ ਗੱਲ ਕਹੀ ਹੈ।

**ਰਾਣਾ ਗੁਰਜੀਤ ਸਿੰਘ :** ਬਿਲਕੁਲ, ਮੈਂ ਇਹ ਸਾਰੇ ਲੋਕਾਂ ਨੂੰ ਕਹਿੰਦਾ ਹਾਂ। ਲੇਕਿਨ ਸਾਡੀ ਪਾਰਟੀ ਵਿੱਚ ਇਸ ਦਾ ਦੁਰਪ੍ਰਚਾਰ ਹੈ ਕਿ ਰਾਣਾ ਇਨ੍ਹਾਂ ਨਾਲ ਮਿਲਿਆ ਹੋਇਆ ਹੈ। ਮੈਂ ਇਨ੍ਹਾਂ ਨਾਲ ਮਿਲਿਆ ਨਹੀਂ ਸਗੋਂ ਮੇਰੇ ਅੱਗੇ ਤਾਂ ਇਹ ਅੜਿੱਕੇ ਅੜਾ ਰਹੇ ਹਨ। (ਹਾਸਾ) ਇਹ ਪੁਆਇੰਟ ਹੈ ਤੇ ਇਸ ਨੂੰ ਤੁਸੀਂ ਪਾਜ਼ੇਟਿਵਲੀ ਲਓ। ਇਸ ਨਾਲ ਪੰਜਾਬ ਸਰਕਾਰ ਦੀ ਹਰ ਸਾਲ ਦੀ 250 ਕਰੋੜ ਰੁਪਿਆ ਆਮਦਨ ਵਧੇਗੀ ਅਤੇ ਇੰਪਲਾਇਮੈਂਟ ਜੈਨਰੇਟ ਹੋਵੇਗੀ, ਸਟੋਰੇਜ ਕੈਪੇਸਿਟੀ ਦੀ ਹਰ ਸਾਲ 15 ਲੱਖ ਟਨ ਐਡੀਸ਼ਨਲ ਖਪਤ ਹੋ ਜਾਵੇਗੀ। ਸੋ, ਇੱਕ ਤਾਂ ਮੇਰੀ ਇਹ ਤੁਹਾਨੂੰ ਸਲਾਹ ਹੈ, ਇਸ ਤੇ ਜ਼ਰੂਰ ਗੌਰ ਕਰੋ।

ਦੂਜਾ, ਜੇ ਡਾਈਵਰਸੀਫਿਕੇਸ਼ਨ ਦੀ ਗੱਲ ਕਰੀਏ ਤਾਂ ਵੇਖੋ, ਸਰਕਾਰ ਨੇ ਨਾ ਤਾਂ ਮੈਨੂੰ ਪਿਛਲੇ ਸਾਲ ਮੱਕੀ ਤੇ ਕੋਈ ਸਲਾਹ ਦੇਣ ਲਈ ਸੱਦਿਆ ਤੇ ਨਾ ਹੀ ਖੁਦ ਕੋਈ ਹੱਲ ਕੱਢਿਆ। ਧਰਤੀ ਹੇਠਲਾ ਪਾਣੀ ਥੱਲੇ ਜਾ ਰਿਹਾ ਹੈ, ਸਾਨੂੰ ਵੀ ਕੋਈ ਚਿੰਤਾ ਨਹੀਂ ਹੈ, ਅਫਸਰਾਂ ਨੂੰ ਵੀ ਕੋਈ ਚਿੰਤਾ ਨਹੀਂ ਹੈ, ਭਾਵੇਂ ਪਾਣੀ 500 ਫੁੱਟ ਥੱਲੇ ਚਲਾ ਜਾਵੇ। ਮਾਣਯੋਗ ਮੰਤਰੀ ਜੀ ਇੱਥੇ ਬੈਠੇ ਹਨ, ਮੈਂ ਪਿਛਲੇ ਸਾਲ ਵੀ ਕਿਹਾ ਸੀ ਕਿ ਜਿਹੜਾ ਹੁਣ ਅਮਰੀਕਾ ਨਾਲ ਸਾਡਾ ਟਰੇਡ ਚੱਲ ਰਿਹਾ ਹੈ, ਮੈਂ ਉਸ ਦੀ ਗੱਲ ਕਰਾਂਗਾ ਲੇਕਿਨ ਉਸ ਨੂੰ ਕੰਪੀਟ ਕਰਨ ਲਈ ਪੰਜਾਬ ਦੀ ਧਰਤੀ ਕੈਪੇਬਲ ਹੈ। ਪੰਜਾਬ ਦੀ ਮੱਕੀ ਹਾਈਬ੍ਰਿਡ ਹੈ, ਉਨ੍ਹਾਂ ਦੀ ਮੱਕੀ Genetically modified (GM) ਗ੍ਰੇਨ ਹੈ। ਦੇਖੋ, ਜੀ.ਐਮ. ਗ੍ਰੇਨ ਸਾਡਾ ਨਹੀਂ ਹੈ ਲੇਕਿਨ ਉਨ੍ਹਾਂ ਦੇ ਜੀ.ਐਮ. ਗ੍ਰੇਨ ਨੂੰ ਸਾਡੀ ਪੰਜਾਬ ਦੀ ਐਵਰੇਜ ਹਾਈਬ੍ਰਿਡ ਮੱਕੀ ਕੰਪੀਟ ਕਰ ਰਹੀ ਹੈ। ਜਿਹੜੀ ਅਸੀਂ ਹਾੜ੍ਹੂ ਮੱਕੀ ਲਗਾਉਂਦੇ ਹਾਂ ਤਾਂ ਉਹ ਝੋਨੇ ਜਿੰਨਾ ਪਾਣੀ ਲੈਂਦੀ ਹੈ, ਜਿੱਥੇ ਨਹਿਰੀ ਪਾਣੀ ਨਹੀਂ ਹੈ, ਉੱਥੇ ਅਸੀਂ ਹਾੜ੍ਹੂ ਮੱਕੀ ਨਾ ਲਗਾਈਏ। ਸੋ, ਮੰਤਰੀ ਜੀ ਮੈਂ ਪਿਛਲੀ ਵਾਰ ਇਹ ਗੱਲ ਕਹੀ ਸੀ ਤੇ ਤੁਸੀਂ ਜਵਾਬ ਦਿੱਤਾ ਸੀ ਕਿ 67% ਸਾਡਾ ਨਹਿਰੀ ਪਾਣੀ ਇਸਤੇਮਾਲ ਹੋ ਰਿਹਾ ਹੈ, ਇਹ ਬਹੁਤ ਅੱਛੀ ਗੱਲ ਹੈ ਲੇਕਿਨ ਸਵਾਲ ਇਸ ਗੱਲ ਦਾ ਹੈ ਕਿ 100% ਨਹਿਰੀ ਪਾਣੀ ਇਸਤੇਮਾਲ ਕਿਉਂ ਨਹੀਂ ਹੋ ਰਿਹਾ ਹੈ? ਮੈਂ ਤੁਹਾਨੂੰ ਇਸ ਦਾ ਤਰੀਕਾ ਦੱਸਦਾ ਹਾਂ, ਉਹ ਇਹ ਹੈ ਕਿ ਤੁਹਾਡਾ ਨਰਮਾ ਉੱਡ ਗਿਆ ਹੈ। ਨਰਮੇ ਵੇਲੇ ਮਾਰਚ ਤੋਂ ਲੈ ਕੇ ਜੂਨ ਤੱਕ ਜਿਹੜਾ ਪਾਣੀ ਤੁਸੀਂ ਇਸਤੇਮਾਲ ਕਰਦੇ ਸੀ, ਉਸ ਦੀ ਖਪਤ ਨਹੀਂ ਹੈ ਕਿਉਂਕਿ ਮੇਰੇ ਖਿਆਲ ਨਾਲ 50,000 ਏਕੜ ਉੱਤੇ ਨਰਮਾ ਆ ਗਿਆ ਹੈ। ਜੇ ਫਿੱਗਰ ਵਿੱਚ ਕੋਈ ਉੱਨੀ-ਇੱਕੀ ਫਰਕ ਹੋਇਆ ਤਾਂ ਉਸ ਦੀ ਮੁਆਫੀ ਦੇਣੀ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਇਲਾਕਿਆਂ ਵਿੱਚ ਨਹਿਰਾਂ ਅਤੇ ਕੱਸੀਆਂ ਦਾ ਪੂਰਾ ਨੈੱਟਵਰਕ ਹੈ, ਉੱਥੇ ਐਜੂਕੇਟ ਕੀਤਾ ਹੁੰਦਾ ਅਤੇ ਲੋਕ ਅੱਜ ਖਾਲੀ ਜ਼ਮੀਨ ਰੱਖਦੇ, ਕਣਕ ਨਾ ਬੀਜ ਕੇ ਮੱਕੀ ਜਾਂ ਕੋਈ ਹੋਰ ਆਲਟਰਨੇਟਿਵ ਕਰਾਪ ਬੀਜਦੇ ਅਤੇ ਮਾਰਚ ਵਿੱਚ ਮੱਕੀ ਦੀ sowing ਕਰਦੇ। ਇਸ ਨਾਲ ਸਟੇਟ ਅਤੇ ਜ਼ਿਮੀਂਦਾਰ ਨੂੰ ਵੀ ਫਾਇਦਾ ਹੋਣਾ ਸੀ। ਸੋ, ਇਸ ਪਾਸੇ ਵੱਲ ਤਵੱਜੋ ਦਿੱਤੀ ਜਾਵੇ। ਉਸ ਨਾਲ ਨਾ ਤਾਂ ਤੁਹਾਡਾ ਧਰਤੀ ਹੇਠਲਾ ਪਾਣੀ ਥੱਲੇ ਜਾਣਾ ਹੈ ਅਤੇ ਜਿਹੜਾ ਤੁਹਾਡਾ ਪਾਣੀ ਸੱਜੇ-ਖੱਬੇ ਚਲਾ ਜਾਂਦਾ ਹੈ, ਉਹ ਵੀ ਰੁਕ ਜਾਵੇਗਾ। ਜੇ ਆਪਾਂ ਡਾਈਵਰਸੀਫਿਕੇਸ਼ਨ ਦੀ ਗੱਲ ਕਰੀਏ ਤਾਂ ਅਗਰ ਪੰਜਾਬ ਬਚਾਉਣਾ ਹੈ ਤਾਂ let us put our heads together ਔਰ ਪੰਜਾਬ ਨੂੰ ਜ਼ੋਨਾਂ ਵਿੱਚ ਵੰਡੀਏ। ਤੁਸੀਂ ਮੱਕੀ ਦਾ ਜ਼ੋਨ ਕਪੂਰਥਲਾ ਕਰ ਦਿੱਤਾ ਹੈ, ਇਹ ਕਿਸ ਨੂੰ ਪੁੱਛ ਕੇ ਕੀਤਾ ਹੈ ਜੀ? ਮੈਂ ਤਾਂ ਕਪੂਰਥਲੇ ਬਾਰੇ ਕਹਿ ਰਿਹਾ ਹਾਂ, ਕਪੂਰਥਲੇ ਕਿੱਥੇ ਮੱਕੀ ਹੁੰਦੀ ਹੈ? 80%

ਕਪੂਰਥਲਾ ਬਾੜ (ਹੜ੍ਹ) ਦੀ ਚਪੇਟ ਵਿੱਚ ਹੈ, ਜਿਹੜਾ ਬਾਕੀ ਦਾ ਹੈ, ਉੱਥੇ ਕੋਈ ਮੱਕੀ ਨਹੀਂ ਬੀਜੀ ਜਾਂਦੀ। ਮੱਕੀ ਦੀਆਂ ਫਿੱਗਰਜ਼ ਕੱਢ ਕੇ ਦਿਖਾ ਦੇਵੋ। ਸਿਰਫ ਇਹ ਕਹਿਣ ਨਾਲ ਕਿ ਅਸੀਂ ਫਲਾਣੇ ਫਲਾਣੇ ਜ਼ਿਲ੍ਹੇ ਨੂੰ ਮੱਕੀ ਦਾ ਜ਼ੋਨ ਡਿਕਲੇਅਰ ਕਰ ਦਿੱਤਾ ਕਿ ਇੱਥੇ ਮੱਕੀ ਬੀਜੀ ਜਾਵੇ। ਇਸ ਤਰ੍ਹਾਂ ਕਹਿਣ ਨਾਲ ਮੱਕੀ ਨਹੀਂ ਹੋਣੀ। ਮੈਂ ਇੱਕ ਹੋਰ ਗੱਲ ਤੁਹਾਡੇ ਨਾਲ ਸ਼ੇਅਰ ਕਰਨੀ ਚਾਹੁੰਦਾ ਹਾਂ ਕਿ ਸਾਡੀਆਂ ਯੂਨੀਵਰਸਿਟੀਆਂ ਵਿੱਚ ਬਹੁਤ ਸਾਰੀਆਂ ਇਹੋ ਜਿਹੀਆਂ ਫਸਲਾਂ ਆਉਣੀਆਂ ਹਨ ਜਿਨ੍ਹਾਂ ਤੇ ਯੂਨੀਵਰਸਿਟੀ ਕੰਮ ਨਹੀਂ ਕਰਦੀ, ਮੰਤਰੀ ਤਾਂ ਕੋਈ ਦੋ ਸਾਲ ਹੈ, ਕੋਈ ਸਾਲ ਹੈ, ਪੰਜਵੇਂ ਸਾਲ ਉਸ ਨੇ ਵੀ ਬਦਲ ਜਾਣਾ ਹੈ। ਇਹ ਅਫਸਰ ਤਾਂ ਇੱਥੇ ਹੀ ਰਹਿੰਦੇ ਹਨ। ਇਨ੍ਹਾਂ ਨੂੰ ਕੰਟਰੋਲ ਕਰਨਾ ਚਾਹੀਦਾ ਹੈ, ਇਹ ਦੇਖ-ਰੇਖ ਕਰਨੀ ਚਾਹੀਦੀ ਹੈ ਕਿ ਕਿਹੜੀਆਂ ਕਿਹੜੀਆਂ ਨਵੀਆਂ ਕਿਸਮਾਂ ਦੀਆਂ ਫਸਲਾਂ ਸਾਡੀ ਯੂਨੀਵਰਸਿਟੀ ਵਿੱਚ ਟਰਾਇਲ ਲਈ ਆਈਆਂ ਹਨ, ਉਨ੍ਹਾਂ ਦਾ ਰਿਜ਼ਲਟ ਕੀ ਹੈ? 15 ਸਾਲ ਪਹਿਲਾਂ ਇੱਥੇ ਕਸਾਵਾ ਦੀ ਫਸਲ ਆਈ, ਟਰਾਇਲ ਹੋਏ ਅਤੇ ਫਿਰ ਭੁੱਲ ਗਏ। ਉਸ ਤੋਂ 20 ਸਾਲ ਪਹਿਲਾਂ ਇੱਥੇ sugar beet ਆਈ, ਯੂਨੀਵਰਸਿਟੀ ਨੇ ਟਰਾਇਲ ਕੀਤੇ ਅਤੇ ਭੁੱਲ ਗਏ। ਜੇ ਰਾਣਾ ਗੁਰਜੀਤ ਸਿੰਘ ਨੇ ਜਾਂ ਰਾਣਾ ਸ਼ੂਗਰ ਨੇ sugar beet ਕਾਮਯਾਬ ਨਹੀਂ ਕੀਤੀ ਤਾਂ ਦੱਸੋ? ਇਹੀ ਤਾਂ ਡਾਈਵਰਸੀਫਿਕੇਸ਼ਨ ਹੈ, 15,000 acre is under sugar beet cultivation. ਮੈਨੂੰ ਬੜੇ ਲੋਕ ਕਹਿੰਦੇ ਹਨ ਕਿ ਮੱਕੀ ਬਿਜਵਾ ਕੇ ਅੰਬਾਨੀ, ਅਡਾਨੀ ਬਣਨਾ ਚਾਹੁੰਦਾ ਹੈ। ਮੱਕੀ ਬਿਜਵਾ ਕੇ ਜੇ ਅੰਬਾਨੀ, ਅਡਾਨੀ ਬਣਦੇ ਹੋਣ ਤਾਂ ਫਿਰ ਤਾਂ ਕੰਮ ਹੀ ਬੜਾ ਸੌਖਾ ਹੈ। ਸੋ, ਹੁਣ ਜਿਹੜਾ ਕਸਾਵਾ ਹੈ, it will be a game changer. ਐਫ.ਐਮ. ਸਾਹਿਬ, ਇਸ ਦੇ ਲਈ ਪ੍ਰੋਵੀਜ਼ਨ ਦੇ ਨਾਲ ਨਾਲ ਬਜਟ ਵਿੱਚ ਪੈਸੇ ਰੱਖੇ ਜਾਣ। ਇਸ ਦੀ ਬਿਜਾਈ ਲਈ ਮਸ਼ੀਨਾਂ, ਡਿੱਗਰ, ਡਰਾਇਰ ਵਗੈਰਾ ਚਾਹੀਦੇ ਹਨ, ਇਨ੍ਹਾਂ ਦੇ ਲਈ ਪੈਸਾ ਰੱਖਿਆ ਜਾਵੇ ਤਾਂ ਕਿ ਇਸ ਪ੍ਰਾਜੈਕਟ ਨੂੰ ਚਲਾਇਆ ਜਾ ਸਕੇ। ਪ੍ਰਾਜੈਕਟ ਭਾਵੇਂ ਮੇਰਾ ਹੈ, ਮੈਂ ਕੰਸੀਵ ਕੀਤਾ, ਮੈਂ 20 ਏਕੜ ਵਿੱਚ ਟ੍ਰਾਇਲ ਕਰ ਚੁੱਕਿਆ ਹਾਂ ਔਰ it will be a game changer. ਜ਼ਿਮੀਂਦਾਰ ਦੀ ਆਮਦਨ ਦੁੱਗਣੀ ਹੋਵੇਗੀ। ਪੰਜਾਬ ਦਾ ਜਿਹੜਾ ਪਾਣੀ ਝੋਨੇ ਨੂੰ ਲੱਗਦਾ ਹੈ, ਉਸ ਦੇ 10 ਪਰਸੈਂਟ ਦੇ ਨਾਲ ਕਸਾਵਾ ਪੱਕੇਗਾ। ਇਹ ਖ਼ਾਲੀ ਈਥਾਨੌਲ ਹੀ ਨਹੀਂ, ਇਹ ਤਾਂ ਛੋਟੀਆਂ ਚੀਜ਼ਾਂ ਹਨ। ਜਦੋਂ ਸਾਡੇ ਲੋਕ ਇੱਧਰ ਨੂੰ ਤੁਰੇ ਤਾਂ ਇੱਥੇ ਵੱਡੇ ਵੱਡੇ ਕੰਪਲੈਕਸ ਲੱਗਣਗੇ। ਸੋ, ਮੈਂ ਐਫ.ਐਮ. ਸਾਹਿਬ ਨੂੰ ਇਹ ਗੁਜ਼ਾਰਿਸ਼ ਕਰਨਾ ਚਾਹੁੰਦਾ ਹਾਂ ਕਿ ਦੋ ਕੰਮ ਦੱਸੇ ਹਨ।

**ਮਾਣਯੋਗ ਸਪੀਕਰ**: ਠੀਕ ਹੈ ਜੀ।

**ਰਾਣਾ ਗੁਰਜੀਤ ਸਿੰਘ**: ਸਰ, ਇੱਕ ਗੁਜ਼ਾਰਿਸ਼ ਹੋਰ ਕਰ ਲਵਾਂ?

**ਮਾਣਯੋਗ ਸਪੀਕਰ**: ਤੁਸੀਂ ਭਾਵੇਂ ਸਾਰੀ ਗੱਲ ਕਰ ਲਵੋ। ਤੁਸੀਂ ਤਾਂ ਸੈਂਸ ਦੀਆਂ ਗੱਲਾਂ ਕਰਦੇ ਹੋ।

**ਰਾਣਾ ਗੁਰਜੀਤ ਸਿੰਘ** : ਜੇਕਰ ਮੈਂ ਨਾਨ-ਸੈਂਸ ਗੱਲ ਕਰਾਂ ਤਾਂ ਤੁਸੀਂ ਉਸ ਵੇਲੇ sit down ਕਹਿ ਦੇਣਾ, ਮੈਂ ਬੈਠ ਜਾਵਾਂਗਾ।

**ਮਾਣਯੋਗ ਸਪੀਕਰ** : ਨਹੀਂ, ਨਹੀਂ, ਮੈਂ ਨਹੀਂ ਕਹਿ ਸਕਦਾ। ਮੈਂ ਇਹ ਹਿਮਾਕਤ ਨਹੀਂ ਕਰ ਸਕਦਾ।

**ਰਾਣਾ ਗੁਰਜੀਤ ਸਿੰਘ:** ਸਰ, ਇੱਕ ਮਿੰਟ ਲੈ ਲਵਾਂ ਜੀ?

**ਮਾਣਯੋਗ ਸਪੀਕਰ**: ਇੱਕ ਮਿੰਟ ਲੈ ਲਓ।

**ਰਾਣਾ ਗੁਰਜੀਤ ਸਿੰਘ**: ਗੱਲ ਇਹ ਹੈ ਕਿ ਪੰਜਾਬ ਸਰਕਾਰ ਕਹਿੰਦੀ ਹੈ ਕਿ ਜਿਹੜਾ ਗੰਨੇ ਦਾ ਹੱਕ ਬਣਦਾ ਸੀ, ਅਸੀਂ ਗੰਨੇ ਦੇ ਪੈਸੇ ਦੇ ਦਿੱਤੇ ਹਨ ਪ੍ਰੰਤੂ ਮੈਂ ਦੱਸਣਾ ਚਾਹੁੰਦਾ ਹਾਂ ਕਿ ਫਗਵਾੜੇ ਮਿੱਲ ਦਾ ਨਹੀਂ ਦਿੱਤਾ ਹੈ। ਉਸ ਨੂੰ ਰਾਜਨੀਤੀ ਨਾਲ ਨਾ ਜੋੜਿਆ ਜਾਵੇ। ਸਾਡੇ ਉੱਤੇ ਪਰਚਾ ਵੀ ਹੋਇਆ ਹੈ। ਜਿਹੜੇ ਫਗਵਾੜਾ ਮਿੱਲ ਦੇ ਮਾਲਕ ਹਨ, ਉਨ੍ਹਾਂ ਨੇ

ਸਰਕਾਰ ਨੂੰ ਬਚਾਇਆ ਹੈ। ਅਗਰ ਫਗਵਾੜੇ ਵਿੱਚ ਰੌਲਾ ਪੈਂਦਾ ਸੀ ਤਾਂ ਕਾਹਦਾ ਪੈਂਦਾ ਸੀ, ਗੰਨਾ ਮਿੱਲ ਦਾ ਮਾਮਲਾ ਸੀ ਕਿ ਗੰਨਾ ਮਿੱਲ ਚੱਲਦੀ ਨਹੀਂ ਹੈ, ਪੇਮੈਂਟ ਨਹੀਂ ਦਿੰਦੇ। ਪ੍ਰਾਈਵੇਟ ਮਿੱਲ ਵਾਲਿਆਂ ਨੇ ਪੈਸੇ ਵੀ ਦੇ ਦਿੱਤੇ। ਜ਼ਿਮੀਂਦਾਰਾਂ ਦੇ ਪੈਸੇ ਦਿਵਾਉਣ ਵਿੱਚ ਇਹ ਸਰਕਾਰ ਅਸਫਲ ਰਹੀ ਹੈ। ਜਿਹੜੇ ਐਗਰੀਮੈਂਟ ਹੋਏ ਹਨ, ਉਹ ਡੀ.ਸੀ. ਦੇ ਸਾਹਮਣੇ ਹੋਏ ਹਨ। ਖੁੱਡੀਆਂ ਸਾਹਿਬ ਬੈਠੇ ਹਨ। ਉਹ ਮੈਨੂੰ ਉੱਠ ਕੇ ਕਹਿ ਦੇਣ ਕਿ ਰਾਣਾ ਝੂਠ ਬੋਲਦਾ ਹੈ। ਸਰਕਾਰ ਨੇ ਇਹ ਵਾਅਦਾ ਕੀਤਾ ਸੀ ਕਿ ਜਿਹੜੇ ਪੁਰਾਣੇ ਮਾਲਕ ਹਨ, ਉਨ੍ਹਾਂ ਦੀਆਂ ਜਾਇਦਾਦਾਂ ਵੇਚ ਕੇ ਪੈਸੇ ਦਿਵਾਏ ਜਾਣਗੇ, ਇਹ ਚੀਜ਼ ਐਗਰੀਮੈਂਟ ਵਿੱਚ ਲਿਖੀ ਹੋਈ ਹੈ ਲੇਕਿਨ ਸਰਕਾਰ ਕਹਿੰਦੀ ਹੈ ਕਿ ਤੁਹਾਨੂੰ ਕਰੱਸ਼ਿੰਗ ਲਾਇਸੈਂਸ ਨਹੀਂ ਦੇਣਾ। ਅਸੀਂ ਕਿਹਾ ਕਿ ਨਾ ਦਿਓ, ਅਸੀਂ ਮਿੱਲ ਬੰਦ ਕਰ ਦਿੰਦੇ ਹਾਂ। ਉਹ ਮਿੱਲ ਖੁੱਡੀਆਂ ਸਾਹਿਬ ਨੇ ਬੰਦ ਨਹੀਂ ਹੋਣ ਦਿੱਤੀ। ਥਿੰਦ ਸਾਹਿਬ ਕਿੱਧਰ ਹਨ? ਅੱਜ ਆਏ ਨਹੀਂ। ਥਿੰਦ ਸਾਹਿਬ ਨੇ ਵੀ ਸੁਝਾਅ ਦਿੱਤੇ। ਮੈਂ ਕਿਹਾ ਕਿ ਮੇਰਾ ਕੀ ਹੈ, ਮੈਂ ਉੱਥੇ ਜੀ.ਟੀ. ਰੋਡ ਤੇ 400-500 ਗੰਨੇ ਦੀ ਟਰਾਲੀ ਸੁਟਵਾ ਦੇਵਾਂਗਾ ਫਿਰ ਜਵਾਬ ਦਿੰਦੇ ਰਹੋ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਖੁੱਡੀਆਂ ਸਾਹਿਬ ਨੂੰ, ਐਫ.ਐਮ. ਸਾਹਿਬ ਨੂੰ ਸੁਨੇਹਾ ਦੇਣਾ ਚਾਹੁੰਦਾ ਹਾਂ ਕਿ ਮੈਨੂੰ ਕੋਈ ਇਤਰਾਜ਼ ਨਹੀਂ ਹੈ, ਭਾਵੇਂ ਸਾਡੇ ਤੇ Essential Commodities Act ਦਾ ਪਰਚਾ ਦਰਜ ਕਰੋ, ਜਿਹੜੇ ਮਰਜ਼ੀ ਐਕਟ ਦਾ ਪਰਚਾ ਦਰਜ ਕਰੋ, arm twist ਕਰਨ ਦੀ ਕੋਸ਼ਿਸ਼ ਨਾ ਕੀਤੀ ਜਾਵੇ। ਮੈਂ ਮਿੱਲ ਬੰਦ ਕਰਨ ਨੂੰ ਤਿਆਰ ਹਾਂ। ਮੈਨੂੰ ਕੋਈ ਪ੍ਰਾਬਲਮ ਨਹੀਂ ਹੈ ਲੇਕਿਨ ਤੁਹਾਡੀ ਜਵਾਬਦੇਹੀ ਹੋਵੇਗੀ।

**ਮਾਣਯੋਗ ਸਪੀਕਰ** : ਧੰਨਵਾਦ, ਧੰਨਵਾਦ।

---

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ**: ਇਸ ਹਾਊਸ ਵਿੱਚ ਹਾਕੀ ਓਲੰਪੀਅਨ ਮਿਸ ਗੁਰਜੀਤ ਕੌਰ ਵੀ ਹਾਜ਼ਰ ਹੈ, ਜਿਸ ਨੂੰ ਵੱਧ ਤੋਂ ਵੱਧ ਗੋਲ ਕਰਨ ਵਾਲੀ ਮਸ਼ੀਨ ਕਿਹਾ ਜਾਂਦਾ ਹੈ, ਆਓ, ਉਨ੍ਹਾਂ ਦਾ ਸਵਾਗਤ ਕਰੀਏ। (ਥੰਪਿੰਗ)

---

## RESUMPTION OF GENERAL DISCUSSION ON BUDGET ESTIMATES FOR THE YEAR 2026-27 (*Resumption*)

**ਮਾਣਯੋਗ ਸਪੀਕਰ** : ਸ਼੍ਰੀ ਬੁੱਧ ਰਾਮ ਜੀ।

**ਪ੍ਰਿੰਸੀਪਲ ਬੁੱਧ ਰਾਮ** : ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ** : ਸ਼੍ਰੀ ਬੁੱਧ ਰਾਮ ਜੀ, ਜਦੋਂ ਵੀ ਤੁਸੀਂ ਆਉਂਦੇ ਹੋ, young ਹੋ ਕੇ ਆਉਂਦੇ ਹੋ, ਕੀ ਖਾਂਦੇ ਹੋ?

**ਪ੍ਰਿੰਸੀਪਲ ਬੁੱਧ ਰਾਮ** : ਤੁਹਾਡੀ ਕਿਰਪਾ ਹੈ ਜੀ। ਤੁਹਾਡੇ ਆਸ਼ੀਰਵਾਦ ਲਈ ਧੰਨਵਾਦ ਜੀ।

**ਸ਼੍ਰੀ ਸੁਖਵਿੰਦਰ ਸਿੰਘ ਕੋਟਲੀ (ਬੈਠੇ ਬੈਠੇ)** : ਸਰ, ਇਹ ਸਾਡੀ ਕਮੇਟੀ ਦੇ ਚੇਅਰਮੈਨ ਵੀ ਹਨ, ਅਸੀਂ ਵੀ ਇਹੀ ਕਿਹਾ ਹੈ ਜੀ।

(**ਇੱਕ ਅਵਾਜ਼ :** ਇਹ ਦੁਬਾਰਾ ਤਾਏ ਤੋਂ ਚਾਚਾ ਬਣ ਗਏ ਹਨ।)

**ਮਾਣਯੋਗ ਸਪੀਕਰ** : ਅੱਛਾ ਜੀ (ਹਾਸਾ)। ਚੱਲੋ ਜੀ।

**ਪ੍ਰਿੰਸੀਪਲ ਬੁੱਧ ਰਾਮ** : ਸਰ, ਇਹ ਮੇਰਾ ਵੱਡਾ ਭਾਈ ਹੈ। (ਹਾਸਾ) ਹਾਲਾਂਕਿ ਮੇਰਾ ਵੱਡਾ ਮੁੰਡਾ ਵੀ ਇਨ੍ਹਾਂ ਦੇ ਹਾਣ ਦਾ ਹੈ।

**ਮਾਣਯੋਗ ਸਪੀਕਰ** : ਠੀਕ ਹੈ।

**ਪ੍ਰਿੰਸੀਪਲ ਬੁੱਧ ਰਾਮ (ਬੁਢਲਾਡਾ, ਐਸ.ਸੀ.)** : ਸੋ, ਬਹੁਤ ਬਹੁਤ ਧੰਨਵਾਦ ਸਪੀਕਰ ਸਾਹਿਬ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਅੱਜ ਸਾਨੂੰ ਇਸ ਗੱਲ ਤੇ ਸਾਡੇ ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਜੀ ਅਤੇ ਸਾਡੇ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਤੇ ਮਾਣ ਹੈ ਕਿ ਹਰ ਸਾਲ ਬਜਟ ਲੋਕਾਂ ਦੀਆਂ ਮੰਗਾਂ ਅਤੇ ਲੋੜਾਂ ਮੁਤਾਬਿਕ ਦਿਨ-ਬ-ਦਿਨ ਵੱਧ ਰਿਹਾ ਹੈ। ਚਾਲੂ ਕੀਮਤਾਂ ਉੱਤੇ ਸਟੇਟ ਦੀ ਜੀ.ਡੀ.ਪੀ. 9,80,635 ਕਰੋੜ ਰੁਪਏ ਹੋ ਗਈ ਹੈ। ਜਦੋਂ ਪਿਛਲੀ ਕਾਂਗਰਸ ਸਰਕਾਰ ਵੇਲੇ ਲਾਸਟ ਬਜਟ ਪੇਸ਼ ਕੀਤਾ ਸੀ ਤਾਂ ਉਸ ਵੇਲੇ 6 ਲੱਖ 7 ਹਜ਼ਾਰ 594 ਕਰੋੜ ਰੁਪਏ ਸੀ। ਇਸ ਵਿੱਚ ਪੌਣੇ ਚਾਰ ਲੱਖ ਕਰੋੜ ਰੁਪਏ ਦਾ ਵਾਧਾ ਹੈ। ਅੱਜ ਚੀਮਾ ਸਾਹਿਬ ਨੇ ਮਿਹਨਤ ਕਰਕੇ ਇਹ ਜੀ.ਡੀ.ਪੀ. 9,80,635 ਕਰੋੜ ਰੁਪਏ ਉਤੇ ਪਹੁੰਚਾ ਦਿੱਤੀ ਹੈ। ਇਹ ਇੰਨਾ ਵੱਡਾ ਵਾਧਾ ਸਾਡੀ ਪੰਜ ਸਾਲਾਂ ਦੀ ਸਰਕਾਰ ਦੇ ਵਿੱਚ ਹੋਇਆ ਹੈ। ਪੂੰਜੀਗਤ ਖਰਚਾ ਵੀ 1,18,381 ਕਰੋੜ ਰੁਪਏ ਦਾ ਹੈ, ਇਹ ਆਉਣ ਵਾਲੇ ਦਿਨਾਂ ਵਿੱਚ ਸਾਡੀ ਇੱਕ ਸ਼ਾਨਦਾਰ ਪ੍ਰਾਪਤੀ ਹੋਵੇਗੀ। ਸਾਡੀ ਪ੍ਰਾਪਤੀ 1,78,987.46 ਕਰੋੜ ਰੁਪਏ ਦੀ ਹੈ ਅਤੇ ਖਰਚਾ 1,80,437 ਕਰੋੜ ਰੁਪਏ ਦਾ ਹੈ। ਸਪੀਕਰ ਸਾਹਿਬ, ਚੀਮਾ ਸਾਹਿਬ ਨੇ ਰਿਕਾਰਡ ਕਾਇਮ ਕੀਤਾ ਹੈ ਕਿ ਜੀ.ਐਸ.ਟੀ. ਵਿੱਚ ਪਹਿਲੀ ਵਾਰੀ ਵਾਧਾ ਹੋਇਆ ਹੈ ਅਤੇ ਵਾਧੇ ਦਾ ਟੀਚਾ 32,000 ਕਰੋੜ ਰੁਪਏ ਦਾ ਹੈ। ਜਦੋਂ ਕਾਂਗਰਸ ਸਰਕਾਰ ਗਈ ਸੀ ਤਾਂ ਉਦੋਂ 16,000 ਕਰੋੜ ਰੁਪਏ ਦਾ ਜੀ.ਐਸ.ਟੀ. ਪੈਦਾ ਹੁੰਦਾ ਸੀ, ਪਰ ਹੁਣ ਡਬਲ ਹੋ ਗਿਆ ਹੈ, ਜਿਹੜਾ ਕਿ ਸਾਡੇ ਚੀਮਾ ਸਾਹਿਬ ਦੀ ਮਿਹਨਤ ਕਰਕੇ ਹੋਇਆ ਹੈ। ਆਬਕਾਰੀ ਕਰ ਵੀ 12,800 ਕਰੋੜ ਰੁਪਿਆ ਕੁਲੈਕਟ ਹੋਇਆ ਹੈ। ਆਪਣੇ ਕਰਾਂ ਤੋਂ, ਜੋ ਸਟੇਟ ਟੈਕਸ own ਕਰਦੀ ਹੈ, ਇਹ ਕੁੱਲ ਮਿਲਾ ਕੇ 70,850 ਕਰੋੜ ਰੁਪਏ ਦੀ ਕੁਲੈਕਸ਼ਨ ਹੋਵੇਗੀ, ਇਹ ਨਵਾਂ ਮੀਲ ਪੱਥਰ ਹੈ। ਇਹ ਸਟੇਟ ਵਿੱਚ ਸਾਡੀ ਚਾਰ ਸਾਲ ਦੀ ਗੁੱਡ ਗਵਰਨੈਂਸ ਸਰਕਾਰ ਕਾਰਨ ਹੋਇਆ ਹੈ।

ਸਰਕਾਰ ਦੇ ਵਿਕਾਸ ਸਬੰਧੀ, ਵੱਡੇ ਵੱਡੇ ਵਿਦਵਾਨ, ਇਕਾਨਮਿਸਟ ਕਹਿੰਦੇ ਹਨ ਕਿ ਵਿਕਾਸ ਦੀ ਸੜਕ ਸਕੂਲਾਂ ਵਿੱਚੋਂ ਹੋ ਕੇ ਜਾਂਦੀ ਹੈ, ਸਿੱਖਿਆ ਵਿੱਚੋਂ ਹੋ ਕੇ ਜਾਂਦੀ ਹੈ। ਸਿੱਖਿਆ ਦੇ ਖੇਤਰ ਵਿੱਚ ਸਾਡੇ ਮੁੱਖ ਮੰਤਰੀ ਸਾਹਿਬ, ਚੀਮਾ ਸਾਹਿਬ ਅਤੇ ਸਰਦਾਰ ਹਰਜੋਤ ਸਿੰਘ ਬੈਂਸ ਦੀ ਵੱਡੀ ਦੇਣ ਹੈ। ਸਿੱਖਿਆ ਦੇ ਬਜਟ ਵਿੱਚ 19,279 ਕਰੋੜ ਰੁਪਿਆ ਰੱਖ ਕੇ ਇਸ ਵਿੱਚ ਵੱਡਾ ਵਾਧਾ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਵੀ ਸਿੱਖਿਆ ਦੇ ਖੇਤਰ ਵਾਸਤੇ ਕੋਈ ਘਾਟ ਨਹੀਂ ਛੱਡੀ। ਅੱਜ ਆਪਾਂ ਕਹਿ ਦਿੰਦੇ ਹਾਂ ਕਿ ਇਨਫ੍ਰਾਸਟ੍ਰਕਚਰ ਡਿਵੈਲਪਮੈਂਟ ਸਕੂਲਾਂ ਵਾਸਤੇ ਬਹੁਤ ਜ਼ਰੂਰੀ ਹੈ। ਉਹ ਵੀ ਸਮਾਂ ਸੀ, ਜਦੋਂ ਅਸੀਂ ਪੜ੍ਹਦੇ ਹੁੰਦੇ ਸੀ, ਅਸੀਂ ਨਿੰਮ ਦੀ ਛਾਂ, ਕਿੱਕਰਾਂ ਦੀ ਛਾਂ ਥੱਲੇ ਪੜ੍ਹਦੇ ਹੁੰਦੇ ਸੀ। ਹੁਣ ਉਹ ਜ਼ਮਾਨਾ ਨਹੀਂ ਰਿਹਾ, ਹੁਣ ਹਰੇਕ ਸਕੂਲ ਵਿੱਚ ਕਮਰੇ ਪੂਰੇ ਹਨ, ਹਰੇਕ ਸਕੂਲ ਵਿੱਚ ਚਾਰਦੀਵਾਰੀ ਹੈ, ਪਖਾਨੇ ਹਨ, ਡਿਜ਼ੀਟਲ ਕਲਾਸ ਰੂਮ ਹਨ, ਸਫਾਈ ਕਰਮਚਾਰੀ ਲਗਾਏ ਹੋਏ ਹਨ, ਸੁਰੱਖਿਆ ਕਰਮਚਾਰੀ ਲਗਾਏ ਹੋਏ ਹਨ ਅਤੇ ਸਭ ਤੋਂ ਵੱਡੀ ਗੱਲ ਕੈਂਪਸ ਮੈਨੇਜਰ ਲਗਾਇਆ ਹੈ ਜੋ ਕਿ ਸਕੂਲਾਂ ਵਿੱਚ ਨਵੀਂ ਦੇਣ ਹੈ। ਪਹਿਲਾਂ ਆਮ ਤੌਰ ਤੇ ਕੀ ਹੁੰਦਾ ਸੀ ਕਿ ਜੇ ਸਕੂਲ ਵਿੱਚ ਕੋਈ ਬਿਜਲੀ ਖਰਾਬ ਹੋ ਜਾਂਦੀ ਜਾਂ ਕੰਧ ਢਹਿ ਜਾਂਦੀ ਜਾਂ ਕੋਈ ਹੋਰ ਕੰਮ ਹੁੰਦਾ ਤਾਂ ਪ੍ਰਿੰਸੀਪਲ ਇੱਕ-ਦੋ ਟੀਚਰਾਂ ਨੂੰ ਨਾਲ ਲੈ ਕੇ ਖੁਦ ਇਹ ਕੰਮ ਕਰਵਾਉਂਦਾ ਸੀ। ਉਹ ਆਪਣਾ ਵਿਦਿਅਕ ਕੰਮ ਛੱਡ ਕੇ ਉਹ ਕੰਮ ਕਰਵਾਉਂਦਾ ਸੀ ਅਤੇ ਹੁਣ ਇਹ ਸਾਰਾ ਕੰਮ ਕੈਂਪਸ ਮੈਨੇਜਰ ਕਰਵਾਉਂਦਾ ਹੈ। ਹੁਣ ਪ੍ਰਿੰਸੀਪਲ ਵਿੱਦਿਅਕ ਸੁਧਾਰ ਵਾਸਤੇ ਕੰਮ ਕਰਦਾ ਹੈ। ਇਸ ਤੋਂ ਵੱਡੀ ਗੱਲ ਇਹ ਹੈ ਕਿ 3000 ਸੁਰੱਖਿਆ ਕਰਮਚਾਰੀ ਸਕੂਲਾਂ ਵਿੱਚ ਰੱਖੇ ਗਏ ਹਨ। ਇਸ ਨਾਲ ਸਕੂਲਾਂ ਵਿੱਚ ਬਹੁਤ ਵੱਡੀ ਪੱਧਰ ਤੇ ਅਨੁਸ਼ਾਸਨ ਕਾਇਮ ਹੋਇਆ ਹੈ। ਡਿਜ਼ੀਟਲ ਬੁਨਿਆਦੀ ਢਾਂਚੇ ਵਾਸਤੇ 300 ਕਰੋੜ ਰੁਪਿਆ ਰੱਖਿਆ ਗਿਆ ਹੈ। ਸਕੂਲਾਂ ਲਈ 38,649 ਡੈਸਕਟਾਪ ਕੰਪਿਊਟਰ ਆਉਣ ਲੱਗੇ ਹਨ। ਸਪੀਕਰ ਸਾਹਿਬ, ਸਾਡੇ ਹਲਕੇ ਵਿੱਚ ਜਿਹੜੇ ਸਕੂਲ ਹਨ, ਜਿਨ੍ਹਾਂ ਤੇ ਮੈਨੂੰ ਬੜਾ ਮਾਣ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਬੁਢਲਾਡਾ

ਹਲਕੇ ਵਿੱਚ ਬੜੇ ਟਾਪ ਦੇ ਸਕੂਲ ਹਨ। ਸਾਡੀ ਸਰਕਾਰ ਵਿੱਚ ਜਿਹੜੀਆਂ 65,000 ਨੌਕਰੀਆਂ ਮਿਲੀਆਂ ਹਨ, ਸਾਨੂੰ ਮਾਣ ਹੈ ਕਿ ਸਾਡੇ ਜ਼ਿਲ੍ਹੇ ਮਾਨਸਾ ਵਿੱਚ ਸਭ ਤੋਂ ਵੱਧ ਨੌਕਰੀਆਂ ਮਿਲੀਆਂ ਹਨ। ਜੇਕਰ ਹਲਕਾ ਵਾਈਜ਼ ਹਿਸਾਬ ਲਗਾਈਏ ਤਾਂ ਸਾਡੇ ਜ਼ਿਲ੍ਹੇ ਦੇ ਬੁਢਲਾਡਾ ਹਲਕੇ ਵਿੱਚ ਸਭ ਤੋਂ ਵੱਧ ਨੌਕਰੀਆਂ ਮਿਲੀਆਂ ਹਨ। ਜੇਕਰ 86 ਪਿੰਡਾਂ ਵਿੱਚ ਲਗਾਈਏ ਤਾਂ ਹਰ ਪਿੰਡ ਵਿੱਚ 10 ਦੀ ਐਵਰੇਜ ਹੈ। ਮੇਰੇ ਸ਼ਹਿਰ ਵਿੱਚ 175 ਬੰਦਿਆਂ ਨੂੰ ਨੌਕਰੀ ਮਿਲੀ ਹੈ। ਸੋ, ਇਹ ਨੌਕਰੀਆਂ ਚੰਗੀ ਸਿੱਖਿਆ ਕਰਕੇ ਮਿਲੀਆਂ ਹਨ। ਬੁਢਲਾਡਾ ਦੇ ਇੱਕ ਪਿੰਡ ਵਿੱਚ ਇੱਕ ਪ੍ਰਾਇਮਰੀ ਸਕੂਲ ਅਜਿਹਾ ਹੈ, ਜਿੱਥੇ ਸਾਰੇ ਕਮਰੇ ਏ.ਸੀ. ਹਨ, ਅੰਗਰੇਜ਼ੀ ਮੀਡੀਅਮ ਸਕੂਲ ਹੈ। ਉੱਥੇ ਪਿੰਡ ਦੀ ਢਾਣੀ ਦੇ 15 ਬੱਚੇ ਪੜ੍ਹਦੇ ਹਨ, ਜਦਕਿ ਕੁੱਲ 182 ਬੱਚੇ ਹਨ। ਬਾਕੀ ਬੱਚੇ ਸਿਫਾਰਸ਼ ਲਗਾ ਕੇ ਉਥੇ ਦਾਖਲ ਹੁੰਦੇ ਹਨ। ਅਜਿਹੇ ਸਕੂਲ ਸਾਡੇ ਏਰੀਏ ਵਿੱਚ ਹਨ, ਜਿਨ੍ਹਾਂ ਤੇ ਸਾਨੂੰ ਬੜਾ ਮਾਣ ਮਹਿਸੂਸ ਹੁੰਦਾ ਹੈ। ਜਦੋਂ ਬਜਟ ਪੇਸ਼ ਕੀਤਾ ਸੀ ਤਾਂ ਸਤਿਗੁਰੂ ਰਵਿਦਾਸ ਜੀ ਦਾ ਸ਼ਬਦ ਬੋਲਿਆ ਗਿਆ ਹੈ, ਜੋ ਅੰਮ੍ਰਿਤਬਾਣੀ ਵਿੱਚ ਦਰਜ ਹੈ -

ਐਸਾ ਚਾਹੂੰ ਰਾਜ ਮੈਂ ਜਹਾਂ ਮਿਲੇ ਸਭਨ ਕੋ ਅੰਨ
ਛੋਟ ਬੜੇ ਸਭ ਸਮ ਰਹੇ, ਰਹੇ ਰਵਿਦਾਸ ਪ੍ਰਸੰਨ।

ਅਸੀਂ ਗੁਰੂ ਦੇ ਦਿਸ਼ਾ ਨਿਰਦੇਸ਼ ਤੇ ਚੱਲਣਾ ਹੈ। ਪੰਜਾਬ ਗੁਰੂਆਂ ਦੀ ਧਰਤੀ ਹੈ ਅਤੇ ਇਸ ਦਿਸ਼ਾ ਨਿਰਦੇਸ਼ ਮੁਤਾਬਿਕ ਜਾਂ ਉਨ੍ਹਾਂ ਦੀ ਸੋਚ ਮੁਤਾਬਿਕ ਇੱਕ ਇੰਚ ਵੀ ਚੱਲ ਸਕੀਏ, ਥੋੜ੍ਹਾ ਜਿਹਾ ਵੀ ਚੱਲ ਸਕੀਏ ਤਾਂ ਇਹ ਸਾਡੇ ਲਈ ਬਹੁਤ ਮਾਣ ਵਾਲੀ ਗੱਲ ਹੈ।

ਐਸਾ ਚਾਹੂੰ ਰਾਜ ਮੈਂ ਜਹਾਂ ਮਿਲੇ ਸਭਨ ਕੋ ਅੰਨ।

ਬਹੁਤ ਸਾਰੇ ਪਰਿਵਾਰ ਅੰਨ ਤੋਂ ਵਾਂਝੇ ਸਨ। ਵੱਡੀ ਪੱਧਰ ਤੇ ਰਾਸ਼ਨ ਕਾਰਡ ਕੱਟੇ ਹੋਏ ਸਨ। ਸੋ, 10 ਲੱਖ ਨਵੇਂ ਕਾਰਡ ਬਣਾਉਣ ਦਾ ਮੁੱਖ ਮੰਤਰੀ ਜੀ ਦੇ ਨਿਰਦੇਸ਼ ਮੁਤਾਬਿਕ ਬਜਟ ਵਿੱਚ ਪ੍ਰਾਵਧਾਨ ਕੀਤਾ ਹੈ, ਮੈਂ ਸਮਝਦਾ ਹਾਂ ਕਿ ਇਸ ਨਾਲ ਸਾਰੇ ਲੋਕਾਂ ਨੂੰ ਅੰਨ ਮਿਲੇਗਾ, ਇਹ ਗਰੀਬ ਲੋਕਾਂ ਦੇ ਹੱਕ ਵਿੱਚ ਬਹੁਤ ਵੱਡਾ ਫਾਇਦਾ ਹੋਇਆ ਹੈ। ਸਾਨੂੰ ਹਰੇਕ ਪਿੰਡ ਤੋਂ ਉਲਾਂਭੇ ਮਿਲ ਰਹੇ ਸੀ। ਦੂਜੀ ਗੱਲ, ਸਤਿਗੁਰੂ ਰਵਿਦਾਸ ਜੀ ਦੀ ਇਹ ਸੋਚ ਸੀ -

ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀਂ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥

ਸੋ, ਸਾਡੀ ਇਹ ਭਾਵਨਾ ਹੈ, ਬੇਗਮਪੁਰਾ ਦੇ ਸੰਕਲਪ ਵਿੱਚ ਖੁਰਾਲਗੜ੍ਹ ਵਿੱਚ 200 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਬਿਲਡਿੰਗ ਬਣ ਰਹੀ ਹੈ। ਜਿੱਥੇ ਸਾਲ ਭਰ ਸਮਾਗਮ ਚੱਲਣਗੇ। ਇਸ ਨਾਲ ਰਵਿਦਾਸੀਆ ਭਾਈਚਾਰੇ ਵਿੱਚ ਬੜੀ ਖੁਸ਼ੀ ਦੀ ਲਹਿਰ ਦੌੜੀ ਹੈ ਕਿ ਸਤਿਗੁਰ ਰਵਿਦਾਸ ਜੀ ਦਾ 650ਵਾਂ ਗੁਰਪੁਰਬ ਆਉਣ ਵਾਲੇ ਸਮੇਂ ਵਿੱਚ ਪੰਜਾਬ ਸਰਕਾਰ ਵੱਲੋਂ ਮਨਾਇਆ ਜਾ ਰਿਹਾ ਹੈ। ਖੁਦ ਮੁੱਖ ਮੰਤਰੀ ਸਾਹਿਬ ਨੇ ਉਥੇ ਜਾ ਕੇ ਸ਼ੁਰੂਆਤ ਕੀਤੀ ਹੈ ਅਤੇ 100 ਕਰੋੜ ਰੁਪਿਆ ਇਨ੍ਹਾਂ ਪ੍ਰੋਗਰਾਮਾਂ ਨੂੰ ਮਨਾਉਣ ਵਾਸਤੇ ਦਿੱਤਾ ਹੈ, ਮੈਂ ਇਸ ਵਾਸਤੇ ਮੁੱਖ ਮੰਤਰੀ ਸਾਹਿਬ ਅਤੇ ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਜੀ ਦਾ ਧੰਨਵਾਦ ਕਰਦਾ ਹਾਂ। ਸਰ, ਪਹਿਲੀ ਵਾਰ ਅਜਿਹਾ ਹੋਇਆ ਹੈ, ਅਸੀਂ ਗੁਰੂ ਸਾਹਿਬਾਨਾਂ ਦੇ ਦਿਨ ਮਨਾਉਂਦੇ ਹਾਂ ਅਤੇ ਮਨਾਉਣੇ ਵੀ ਚਾਹੀਦੇ ਹਨ। ਤੁਸੀਂ ਸ੍ਰੀ ਅਨੰਦਪੁਰ ਸਾਹਿਬ ਵਿੱਚ 350ਵਾਂ ਸ਼ਹੀਦੀ ਪੁਰਬ ਮਨਾਇਆ ਹੈ। ਉਹ ਸ੍ਰੀ ਅਨੰਦਪੁਰ ਸਾਹਿਬ, ਜਿੱਥੇ ਗੁਰੂ ਖੁਦ ਚੇਲਾ ਬਣ ਕੇ ਕੰਮ ਕਰਦਾ ਹੈ। ਉਹ ਸ੍ਰੀ ਅਨੰਦਪੁਰ ਸਾਹਿਬ, ਜਿੱਥੇ ਨੀਵਿਆਂ ਦੇ ਸਿਰ ਤੇ ਤਾਜ ਪਹਿਨਾਏ ਜਾਂਦੇ ਹਨ। ਉਹ ਸ੍ਰੀ ਅਨੰਦਪੁਰ ਸਾਹਿਬ, ਜਿਸ ਦੀ ਦਿੱਲੀ ਨਾਲ ਗੈਰਤ ਤੇ ਅਣਖ ਦੀ ਲੜਾਈ ਸੀ। ਉਹ ਸ੍ਰੀ ਅਨੰਦਪੁਰ ਸਾਹਿਬ, ਜੋ ਸਾਸ਼ਤਰ ਅਤੇ ਸ਼ਸਤਰ ਦੀ ਯੂਨੀਵਰਸਿਟੀ ਹੈ। ਉਹ ਸ੍ਰੀ ਅਨੰਦਪੁਰ ਸਾਹਿਬ, ਜਿੱਥੇ ਇੱਕ ਗੁਰੂ ਆਪਣੇ ਚੇਲੇ ਤੋਂ ਆਪਣੇ ਸਿੱਖ ਤੋਂ ਹੁਕਮ ਲੈਂਦਾ ਹੈ ਕਿ

ਮੈਨੂੰ ਇਹ ਅੰਮ੍ਰਿਤ ਛਕਾ ਦਿਉ। ਸੋ, ਸ੍ਰੀ ਅਨੰਦਪੁਰ ਸਾਹਿਬ ਵਿੱਚ ਤੁਸੀਂ ਸਾਰੇ ਨਤਮਸਤਕ ਹੋਣ ਵਾਸਤੇ ਖੁਦ ਵਿਧਾਨ ਸਭਾ ਨੂੰ ਉਥੇ ਲੈ ਗਏ, ਇਹ ਸਾਡੇ ਗੁਰੂ ਪ੍ਰਤੀ ਸ਼ਰਧਾ ਪ੍ਰਗਟ ਕੀਤੀ ਗਈ ਹੈ। ਇਹ ਪੰਜਾਬ ਸਰਕਾਰ ਨੇ ਬਹੁਤ ਵੱਡਾ ਉਪਰਾਲਾ ਕੀਤਾ ਹੈ, ਇਹ ਬਹੁਤ ਵੱਡੀ ਗੱਲ ਹੈ।

**ਮਾਣਯੋਗ ਸਪੀਕਰ:** ਔਰ ਉਥੇ ਖਾਲਸੇ ਦਾ ਜਨਮ ਹੋਇਆ ਹੈ।

**ਪ੍ਰਿੰਸੀਪਲ ਬੁੱਧ ਰਾਮ:** ਜੀ, ਖਾਲਸੇ ਦਾ ਉਥੇ ਜਨਮ ਹੋਇਆ ਹੈ। ਵੱਡੀ ਗੱਲ ਇਹ ਹੈ ਕਿ ਉਸ ਸ਼ਹੀਦੀ ਸਮਾਗਮ ਵਿੱਚ ਜਿੱਥੇ ਜਿੱਥੇ ਨੌਵੇਂ ਪਾਤਸ਼ਾਹ ਗਏ ਸੀ, ਜਿੱਥੇ ਜਿੱਥੇ ਉਨ੍ਹਾਂ ਦੇ ਪਵਿੱਤਰ ਚਰਨ ਪਏ, ਉਨ੍ਹਾਂ ਪਵਿੱਤਰ ਚਰਨ ਛੋਹ ਪ੍ਰਾਪਤ ਸ਼ਹਿਰਾਂ ਅਤੇ ਪਿੰਡਾਂ ਨੂੰ ਤੁਸੀਂ 50-50 ਲੱਖ ਰੁਪਿਆ ਦੇ ਕੇ ਸਨਮਾਨਿਤ ਕੀਤਾ ਹੈ। ਮੇਰੇ ਖਿਆਲ ਵਿੱਚ ਇਸ ਦੀ ਸਾਰੇ ਸਦਨ ਨੂੰ ਲੱਖ ਲੱਖ ਵਧਾਈ ਹੈ। (ਥੰਪਿੰਗ)

ਸਰ, ਜਿਹੜੇ ਨੌਜਵਾਨ ਹਨ, ਅਸੀਂ ਉਨ੍ਹਾਂ ਨੂੰ ਬਚਾਉਣ ਵਾਸਤੇ ਯੁੱਧ ਨਸ਼ਿਆਂ ਵਿਰੁੱਧ ਛੇੜਿਆ ਹੋਇਆ ਹੈ। ਇਸ ਗੱਲ ਤੇ ਬਹੁਤ ਵੱਡੀਆਂ ਪ੍ਰਾਪਤੀਆਂ ਹੋਈਆਂ ਹਨ, ਇਸ ਉਤੇ ਕੋਈ ਸ਼ੱਕ ਵਾਲੀ ਗੱਲ ਨਹੀਂ, ਭਾਵੇਂ ਕੋਈ ਮੰਨੇ ਜਾਂ ਨਾ ਮੰਨੇ। ਇੱਕ ਪੱਕੀ ਗੱਲ ਹੈ ਕਿ ਇਸ ਮੁਹਿੰਮ ਨਾਲ ਨਸ਼ਾ ਤਸਕਰਾਂ ਦਾ ਲੱਕ ਟੁੱਟਿਆ ਹੈ, ਨਸ਼ਾ ਸਪਲਾਈ ਦਾ ਲੱਕ ਇਸ ਮੁਹਿੰਮ ਨੇ ਤੋੜ ਦਿੱਤਾ ਹੈ। ਇਸ ਮੁਹਿੰਮ ਤਹਿਤ ਅੱਜ 52,000 ਦੇ ਕਰੀਬ ਕਸੂਰਵਾਰ ਲੋਕ ਸਲਾਖਾਂ ਅੰਦਰ ਹਨ। ਵੱਡੀ ਪੱਧਰ ਤੇ ਦੋਸ਼ੀਆਂ ਖਿਲਾਫ ਐਫ.ਆਈ.ਆਰਜ਼ ਦਰਜ ਹੋਈਆਂ ਹਨ। ਇਸ ਤੋਂ ਪਹਿਲਾਂ ਕੀ ਹੁੰਦਾ ਸੀ ਕਿ ਜੇ ਕੋਈ ਕਿਸੇ ਨਸ਼ਾ ਤਸਕਰ ਦੀ ਸ਼ਿਕਾਇਤ ਕਰਦਾ ਸੀ ਤਾਂ ਉਹ ਸ਼ਿਕਾਇਤ ਕਰਨ ਵਾਲਾ ਪਿੱਛੋਂ ਘਰ ਆਉਂਦਾ ਸੀ ਅਤੇ ਤਸਕਰ ਥਾਣੇ ਵਿੱਚੋਂ ਛੁਟ ਕੇ ਪਹਿਲਾਂ ਘਰ ਪਹੁੰਚ ਜਾਂਦਾ ਸੀ। ਪਰ ਅੱਜ ਇਸ ਤਰ੍ਹਾਂ ਨਹੀਂ ਹੁੰਦਾ। ਉਸ ਕੰਪੇਨ ਵਿੱਚ ਅਸੀਂ ਦੂਜੀ ਗੱਲ ਇਹ ਦੇਖੀ ਕਿ ਬੱਚਿਆਂ ਨੂੰ, ਨੌਜਵਾਨਾਂ ਨੂੰ ਨਸ਼ਿਆਂ ਤੋਂ ਛੁਡਵਾ ਕੇ ਖੇਡਾਂ ਵੱਲ ਜੋੜਨਾ ਸਾਡੀ ਸਰਕਾਰ ਦੀ ਬਹੁਤ ਵੱਡੀ ਪ੍ਰਾਪਤੀ ਹੈ। ਇਕਦਮ 1300 ਖੇਡ ਸਟੇਡੀਅਮ ਬਣਾਉਣੇ, ਮੈਂ ਆਪਣੇ ਇਲਾਕੇ ਨੂੰ ਜੋੜ ਕੇ ਗੱਲ ਕਰਦਾ ਹਾਂ ਕਿ 40 ਪਿੰਡਾਂ ਵਿੱਚ ਖੇਡ ਸਟੇਡੀਅਮ ਬਣੇ ਹਨ ਜੋ ਕਿ 11 ਕਰੋੜ ਰੁਪਏ ਨਾਲ ਬਣੇ ਹਨ। ਬੱਚਿਆਂ ਦੀ ਇਸ ਸਬੰਧ ਵਿੱਚ ਬਹੁਤ ਵੱਡੀ ਮੰਗ ਸੀ। ਅੱਜ 46 ਪਿੰਡਾਂ ਵਿੱਚ ਤੁਸੀਂ ਜਿੰਮ ਦੇ ਰਹੇ ਹੋ, ਜਿਸ ਵਿੱਚ ਇੱਕ 30X15 ਦਾ ਕਮਰਾ ਹੈ ਅਤੇ ਬਾਕੀ ਜਗ੍ਹਾ ਵਿੱਚ ਜਿੰਮ ਦੇ ਰਹੇ ਹੋ। ਮੈਂ ਆਸ ਕਰਦਾ ਹਾਂ ਅਤੇ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜਿਹੜੇ ਪਿੰਡ ਬਾਕੀ ਰਹਿ ਗਏ ਹਨ, ਉਥੇ ਵੀ ਇਹ ਜਿੰਮ ਬਣਾਏ ਜਾਣ। ਬੱਚਿਆਂ ਨੇ ਇਸ ਗੱਲ ਦੀ ਬਹੁਤ ਖੁਸ਼ੀ ਮਨਾਈ ਹੈ ਅਤੇ ਧੰਨਵਾਦ ਵੀ ਕੀਤਾ ਹੈ ਔਰ ਮੈਨੂੰ ਨੌਜਵਾਨਾਂ ਨੇ ਕਿਹਾ ਵੀ ਹੈ ਕਿ ਜਿਹੜੇ ਬਾਕੀ ਪਿੰਡ ਰਹਿ ਗਏ ਹਨ, ਉਨ੍ਹਾਂ ਵਾਸਤੇ ਵੀ ਖੇਡ ਸਟੇਡੀਅਮਾਂ ਲਈ ਖੁਲ੍ਹੀ ਗ੍ਰਾਂਟ ਦਿਉ ਤਾਂ ਕਿ ਕੋਈ ਕੰਮ ਹੋਣ ਤੋਂ ਨਾ ਰਹਿ ਜਾਵੇ।

ਮੈਂ, "ਮੁੱਖ ਮੰਤਰੀ ਤੀਰਥ ਯਾਤਰਾ" ਦੀ ਗੱਲ ਕਰਦਾ ਹਾਂ। ਅਸੀਂ ਕਈ ਪਿੰਡਾਂ ਵਿੱਚ ਜਾਂਦੇ ਹਾਂ ਕਿਉਂਕਿ ਜਦੋਂ ਵੀ ਇਹ ਬੱਸ ਜਾਂਦੀ ਹੈ ਤਾਂ ਸਾਨੂੰ ਝੰਡੀ ਦੇਣ ਵਾਸਤੇ ਲੋਕ ਬੁਲਾਉਂਦੇ ਹਨ। ਸਰ, ਜਿਹੜੇ 40-41 ਯਾਤਰੀ ਇਸ ਬੱਸ ਰਾਹੀਂ ਤੀਰਥ ਯਾਤਰਾ ਤੇ ਜਾਂਦੇ ਹਨ, ਤੁਸੀਂ ਸੱਚ ਮੰਨਿਉ ਕਿ ਉਨ੍ਹਾਂ ਵਿੱਚ ਬੇਹੱਦ ਉਤਸ਼ਾਹ ਅਤੇ ਗੁਰੂ ਪ੍ਰਤੀ ਸਨਮਾਨ ਝਲਕਦਾ ਹੈ। ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਸ਼ਨ, ਭਗਵਾਨ ਵਾਲਮੀਕਿ ਜੀ ਦੇ ਤੀਰਥ ਅਸਥਾਨ ਦੇ ਦਰਸ਼ਨ, ਜਿੱਥੇ ਸਾਡਾ ਪੰਜਾਬ ਅੱਡ ਹੋਇਆ ਸੀ, ਉਹ ਲਕੀਰ ਵਾਹਘਾ ਬਾਰਡਰ ਦੇਖਣ ਵਾਸਤੇ ਯਾਤਰੂ ਜਾਂਦੇ ਹਨ, ਜਦੋਂ ਉਹ ਮੁੜ ਕੇ ਆਉਂਦੇ ਹਨ ਤਾਂ ਅਸੀਸਾਂ ਦਿੰਦੇ ਹੀ ਆਉਂਦੇ ਹਨ। ਮੈਂ ਗੱਲ ਕਰਦਾ ਹਾਂ ਕਿ ਜਿਹੜੀਆਂ ਸਾਡੀਆਂ ਮਾਵਾਂ ਹਨ, ਭੈਣਾਂ ਹਨ, ਬਜ਼ੁਰਗ ਹਨ, ਉਹ ਕਹਿੰਦੇ ਹਨ ਕਿ ਮਾਨ ਸਾਹਿਬ ਜਿਹੜਾ ਤੁਸੀਂ ਇਹ ਪ੍ਰਬੰਧ ਕੀਤਾ ਹੈ, ਸਾਡੇ ਵਾਸਤੇ ਇਕੱਲੇ ਜਾਣਾ ਬਹੁਤ ਔਖਾ ਸੀ। ਮੇਰੇ ਹਲਕੇ ਤੋਂ ਸ੍ਰੀ ਅਨੰਦਪੁਰ ਸਾਹਿਬ 300 ਕਿਲੋਮੀਟਰ ਦੂਰ ਹੈ। ਸੋ, ਇਹ ਗੱਲ ਬਹੁਤ ਵੱਡੀ ਹੈ। ਮੈਂ

ਇਸ ਵਾਸਤੇ ਮੁੱਖ ਮੰਤਰੀ ਸਾਹਿਬ ਨੂੰ ਵਧਾਈ ਦਿੰਦਾ ਹਾਂ। 'ਬਦਲਦਾ ਪੰਜਾਬ', ਤੁਸੀਂ ਸਪੋਰਟਸ ਕਿੱਟਾਂ ਵੀ ਦੇ ਰਹੇ ਹੋ। ਅਗਲੀ ਗੱਲ ਨਹਿਰੀ ਪਾਣੀ ਦੇਣ ਸਬੰਧੀ ਹੈ।

**ਮਾਣਯੋਗ ਸਪੀਕਰ:** ਪ੍ਰਿੰਸੀਪਲ ਬੁੱਧ ਰਾਮ ਜੀ, ਤੁਸੀਂ ਇੰਨਾ ਮਿੱਠਾ ਬੋਲਦੇ ਹੋ, ਮੇਰਾ ਜੀਅ ਕਰਦਾ ਹੈ ਕਿ ਤੁਹਾਨੂੰ ਸੁਣੀ ਜਾਵਾਂ, ਸੁਣੀ ਜਾਵਾਂ ਪਰ ਸਾਡੇ ਕੋਲ ਸਮਾਂ ਬਹੁਤ ਘੱਟ ਹੈ। ਕਨਕਲੂਡ ਕਰ ਦਿਉ।

**ਪ੍ਰਿੰਸੀਪਲ ਬੁੱਧ ਰਾਮ:** ਸਰ, ਦੇਖੋ ਜੀ ਕਿ ਇਹੀ ਤਾਂ ਸਾਨੂੰ ਟਾਈਮ ਮਿਲਦਾ ਹੈ। ਇਸ ਤੋਂ ਬਾਅਦ ਹੋਰ ਕਿਹੜਾ ਮਿਲੇਗਾ ਜੀ? ਸਾਡੇ ਇਲਾਕੇ ਦੇ ਬੰਦੇ ਇੱਥੇ ਆਏ ਹੋਏ ਹਨ, ਉਨ੍ਹਾਂ ਨੂੰ ਸੁਣ ਲੈਣ ਦਿਉ। ਮੈਨੂੰ ਦੋ ਕੁ ਮਿੰਟ ਹੋਰ ਦੇ ਦਿਉ।

**ਮਾਣਯੋਗ ਸਪੀਕਰ:** ਫਿਰ ਦੂਜੇ ਸਾਥੀ ਬੋਲਣ ਤੋਂ ਰਹਿ ਜਾਣਗੇ।

**ਪ੍ਰਿੰਸੀਪਲ ਬੁੱਧ ਰਾਮ:** ਸਰ, ਚਲੋ ਕੋਈ ਗੱਲ ਨਹੀਂ, ਦੋ ਮਿੰਟ ਹੋਰ ਲਵਾਂਗਾ।

**ਮਾਣਯੋਗ ਸਪੀਕਰ:** ਇਹ ਗੱਲ ਕਰਕੇ ਕਨਕਲੂਡ ਕਰ ਦਿਉ।

**ਪ੍ਰਿੰਸੀਪਲ ਬੁੱਧ ਰਾਮ:** ਸਰ, ਜਿਹੜੀ ਬਹੁਤ ਵੱਡੀ ਸਮੱਸਿਆ ਹੈ, ਉਹ ਧਰਤੀ ਹੇਠਲੇ ਪਾਣੀ ਦੀ ਹੈ ਕਿ ਪਾਣੀ ਦਾ ਪੱਧਰ ਘੱਟ ਰਿਹਾ ਹੈ। ਜਿਹੜੇ ਸਾਡੇ ਕਿਸਾਨ ਹਨ, ਉਹ ਕਣਕ ਅਤੇ ਝੋਨੇ ਦੀ ਫ਼ਸਲ ਬੀਜੇ ਤੋਂ ਬਿਨਾਂ ਨਹੀਂ ਰਹਿ ਸਕਦੇ। ਅਸੀਂ ਚਾਹੁੰਦੇ ਹਾਂ ਕਿ ਇਸ ਦਾ ਹੱਲ ਕੀਤਾ ਜਾਵੇ। ਅਸੀਂ ਉਨ੍ਹਾਂ ਨੂੰ ਇਹ ਫ਼ਸਲਾਂ ਬੀਜਣੋਂ ਹਟਾ ਨਹੀਂ ਸਕਦੇ। ਮੁੱਖ ਮੰਤਰੀ ਸਾਹਿਬ ਅਤੇ ਆਮ ਆਦਮੀ ਪਾਰਟੀ ਦੀ ਇੱਕ ਸੋਚ ਹੈ ਕਿ ਜੇ ਉਹ ਇਹ ਫ਼ਸਲਾਂ ਬੀਜਣ ਤੋਂ ਹਟ ਨਹੀਂ ਸਕਦੇ ਤਾਂ ਅਸੀਂ ਘੱਟੋ-ਘੱਟ ਟਿਊਬਵੈੱਲਾਂ ਰਾਹੀਂ ਹੇਠਲਾ ਪਾਣੀ ਕੱਢਣ ਤੋਂ ਰੋਕਣ ਸਬੰਧੀ ਹੱਲ ਕੱਢੀਏ, ਇਸ ਵਾਸਤੇ ਸਰਕਾਰ ਨੇ ਨਹਿਰਾਂ ਦਾ ਵਿਕਾਸ ਕੀਤਾ ਹੈ। ਸਾਡੇ ਜਲ ਸਰੋਤ ਮੰਤਰੀ, ਸ਼੍ਰੀ ਬਰਿੰਦਰ ਗੋਇਲ ਜੀ ਮੇਰੇ ਹਲਕੇ ਦੇ ਹਨ। ਸਾਡੇ 10 ਪਿੰਡ ਨਾਲ ਨਾਲ ਲੱਗਦੇ ਹਨ। ਇਨ੍ਹਾਂ ਦੀ ਮਿਹਨਤ ਬਦੌਲਤ ਅੱਜ ਜਿਹੜਾ ਨਹਿਰਾਂ ਦਾ ਵਿਕਾਸ ਕੀਤਾ ਗਿਆ ਹੈ, ਮੈਂ ਆਪਣੇ ਇਲਾਕੇ ਦੀ ਗੱਲ ਕਰਦਾ ਹਾਂ, ਉਥੇ 22 ਕਰੋੜ ਰੁਪਏ ਨਾਲ ਰਜਬਾਹਾ ਬਣਿਆ ਹੈ। ਸਾਡੇ ਅਜਿਹੇ 10 ਪਿੰਡ ਹਨ, ਜਿਨ੍ਹਾਂ ਦੇ ਕਿਸਾਨਾਂ ਨੇ ਅਜੇ ਤੱਕ ਮੋਟਰ ਨਹੀਂ ਚਲਾਈ। ਉਨ੍ਹਾਂ ਦੀ ਕਣਕ ਦੀ ਬਿਜਾਈ ਲਈ ਜਿਹੜੀ ਸਾਰੀ ਸਿੰਚਾਈ ਹੋ ਰਹੀ ਹੈ, ਉਹ ਸਾਰੀ ਨਹਿਰੀ ਪਾਣੀ ਨਾਲ ਹੋ ਰਹੀ ਹੈ। ਸਾਨੂੰ ਇੰਨਾ ਪਾਣੀ ਮਿਲਿਆ ਹੈ। ਸਾਨੂੰ ਘਿਉ ਵਰਗਾ ਪਾਣੀ ਮਿਲਿਆ ਹੈ। ਮੋਟਰਾਂ ਰਾਹੀਂ ਪਾਣੀ ਕੱਢਣਾ ਬੰਦ ਕਰਵਾ ਦਿੱਤਾ ਗਿਆ ਹੈ, ਕਿਸਾਨ ਮੋਟਰ ਦਾ ਬਟਨ ਨਹੀਂ ਦੱਬਦੇ, ਉਨ੍ਹਾਂ ਨੇ ਮੋਟਰਾਂ ਚਲਾਉਣੀਆਂ ਬੰਦ ਕਰ ਦਿੱਤੀਆਂ ਹਨ, ਇਸ ਉਪਰਾਲੇ ਨਾਲ ਧਰਤੀ ਹੇਠਲਾ ਕਿੰਨਾ ਹੀ ਪਾਣੀ ਬਚ ਗਿਆ ਹੋਵੇਗਾ ਜੀ। ਮੈਂ, ਜਲ ਸਰੋਤ ਮੰਤਰੀ, ਸ਼੍ਰੀ ਬਰਿੰਦਰ ਗੋਇਲ ਜੀ ਤੋਂ ਆਸ ਕਰਦਾ ਹਾਂ ਕਿ ਜਿਹੜੇ ਬਾਕੀ ਮੋਘੇ ਹਨ, ਮੇਰੇ ਹਲਕੇ ਦੇ 257 ਮੋਘੇ ਹਨ, 100 ਦੇ ਕਰੀਬ ਮੋਘੇ ਬੰਦ ਹਨ, ਕਿਰਪਾ ਕਰਕੇ ਉਨ੍ਹਾਂ ਵਾਸਤੇ ਗ੍ਰਾਂਟ ਜਾਰੀ ਕੀਤੀ ਜਾਵੇ। ਸਾਡੇ ਇਲਾਕੇ ਵਿੱਚ ਲੋਕਾਂ ਨੇ 35-35 ਸਾਲਾਂ ਬਾਅਦ ਨਹਿਰੀ ਪਾਣੀ ਦੇਖਿਆ ਹੈ। ਸਰ, ਨਹਿਰੀ ਪਾਣੀ ਮਿਲਣ ਕਾਰਨ ਧਰਤੀ ਹੇਠਲਾ ਪਾਣੀ ਬਚ ਰਿਹਾ ਹੈ। ਕਿਸਾਨਾਂ ਨੂੰ ਜਿਹੜਾ ਘਿਉ ਵਰਗਾ ਨਹਿਰੀ ਪਾਣੀ ਮਿਲਦਾ ਹੈ, ਉਸ ਨਾਲ ਜ਼ਮੀਨ ਵੀ ਉਪਜਾਊ ਹੁੰਦੀ ਹੈ। ਇਸ ਨਾਲ ਫ਼ਸਲਾਂ ਦੇ ਦਾਣੇ ਵੀ ਵਧੀਆ ਨਿਕਲਦੇ ਹਨ, ਫ਼ਸਲਾਂ ਦੀ ਪ੍ਰੋਡਕਟੀਵਿਟੀ ਵੀ ਵਧੀਆ ਹੋ ਰਹੀ ਹੈ।

**ਮਾਣਯੋਗ ਸਪੀਕਰ:** ਥੈਂਕ ਯੂ।

**ਪ੍ਰਿੰਸੀਪਲ ਬੁੱਧ ਰਾਮ:** ਸਰ, ਬੰਦ ਕਰਾਂ ਜੀ?

**ਮਾਣਯੋਗ ਸਪੀਕਰ:** ਹਾਂ ਜੀ।

**ਪ੍ਰਿੰਸੀਪਲ ਬੁੱਧ ਰਾਮ:** ਸਰ, ਤੁਹਾਡਾ ਬਹੁਤ ਬਹੁਤ ਧੰਨਵਾਦ। ਜਿੰਨੀ ਕੁ ਵੀ ਮੈਂ ਗੱਲ ਕੀਤੀ ਹੈ, ਮੈਂ ਸਮਝਦਾ ਹਾਂ ਕਿ ਇਹ ਬਜਟ ਬਹੁਤ ਸ਼ਾਨਦਾਰ ਬਜਟ ਹੈ। ਇਹ ਗਰੀਬ ਪੱਖੀ ਬਜਟ ਹੈ ਅਤੇ ਦਲਿਤ ਭਾਈਚਾਰੇ ਨੂੰ ਉਤਸ਼ਾਹਿਤ ਕਰਨ

ਵਾਲਾ ਬਜਟ ਹੈ। ਇਸ ਬਜਟ ਵਿੱਚ ਸਾਡੀਆਂ ਭੈਣਾਂ ਨੂੰ, ਧੀਆਂ ਨੂੰ, ਜਿਹੜਾ ਤੁਸੀਂ ਇੱਕ ਹਜ਼ਾਰ ਰੁਪਿਆ ਅਤੇ ਦਲਿਤ ਵਰਗ ਦੀਆਂ ਔਰਤਾਂ ਨੂੰ 1500 ਰੁਪਏ ਦਿੱਤੇ ਹਨ। ਇਸ ਗੱਲ ਦੀ ਇੰਨੀ ਖੁਸ਼ੀ ਹੋਈ ਹੈ ਕਿ ਪੰਜਾਬ ਦੀਆਂ ਔਰਤਾਂ ਨੇ ਗਿੱਧਾ ਪਾਇਆ ਅਤੇ ਉਸੇ ਗਿੱਧੇ ਤੇ ਸੁਖਪਾਲ ਸਿੰਘ ਖਹਿਰਾ ਨੇ ਟਿੱਪਣੀ ਕੀਤੀ ਹੈ, ਇਸ ਦੀ ਮੈਂ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਾ ਹਾਂ। ਜਿੱਥੇ ਪ੍ਰੋਫੈਸਰ ਮੋਹਨ ਸਿੰਘ ਨੇ ਕਿਹਾ ਸੀ:

ਮਾਂ ਵਰਗਾ ਘਣ ਛਾਵਾਂ ਬੂਟਾ, ਮੈਨੂੰ ਨਜ਼ਰ ਨਾ ਆਏ ।
ਲੈ ਕੇ ਜਿਸ ਤੋਂ ਛਾਂ ਉਧਾਰੀ, ਰੱਬ ਨੇ ਸੁਰਗ ਬਣਾਏ ।
ਬਾਕੀ ਕੁਲ ਦੁਨੀਆਂ ਦੇ ਬੂਟੇ, ਜੜ੍ਹ ਸੁਕਿਆਂ ਮੁਰਝਾ ਜਾਂਦੇ,
ਐਪਰ ਫੁੱਲਾਂ ਦੇ ਮੁਰਝਾਇਆਂ, ਇਹ ਬੂਟਾ ਸੁੱਕ ਜਾਏ ।

ਅੱਜ ਉਨ੍ਹਾਂ ਮਾਵਾਂ ਭੈਣਾਂ ਪ੍ਰਤੀ ਜਿਹੜੇ ਸ਼ਬਦ ਵਰਤੇ ਗਏ ਹਨ, ਉਸ ਦੀ ਮੈਂ ਨਿਖੇਧੀ ਕਰਦਾ ਹਾਂ।

ਜਿਸ ਦੇ ਘਰ ਵਿੱਚ ਮਾਂ ਨਹੀਂ ਹੁੰਦੀ,
ਉਸ ਦੇ ਵਿਹੜੇ ਛਾਂ ਨਹੀਂ ਹੁੰਦੀ,
ਜੇਕਰ ਮਾਵਾਂ ਹਾਂ ਨਾ ਆਖਣ
ਰੱਬ ਕੋਲੋਂ ਵੀ ਹਾਂ ਨਹੀਂ ਹੁੰਦੀ।

ਸਪੀਕਰ ਸਾਹਿਬ, ਮਾਵਾਂ ਰੱਬ ਦਾ ਰੂਪ ਹੁੰਦੀਆਂ ਹਨ। ਜਿਨ੍ਹਾਂ ਨੇ ਬਾਬਾ ਜੀਵਨ ਸਿੰਘ ਨੂੰ ਪੈਦਾ ਕੀਤਾ, ਸਰਦਾਰ ਭਗਤ ਸਿੰਘ ਪੈਦਾ ਕੀਤਾ, ਜਿਨ੍ਹਾਂ ਨੇ ਯੋਧੇ ਪੈਦਾ ਕੀਤੇ, ਜਿਨ੍ਹਾਂ ਨੇ ਮੁਗਲਾਂ ਨੂੰ ਦਿਖਾ ਦਿੱਤਾ ਕਿ ਸਿੱਖ ਕੌਮ ਕੌਣ ਹੁੰਦੀ ਹੈ। ਸਪੀਕਰ ਸਾਹਿਬ, ਉਨ੍ਹਾਂ ਮਾਵਾਂ ਨੂੰ ਸਤਿਕਾਰ ਹੈ, ਉਨ੍ਹਾਂ ਦੀਆਂ ਕੁੱਖਾਂ ਦਾ ਸਤਿਕਾਰ ਹੈ। ਉਨ੍ਹਾਂ ਦੀਆਂ ਕੁੱਖਾਂ ਨੂੰ ਕਦੇ ਵੀ ਗਲਤ ਨਹੀਂ ਕਹਿਣਾ ਚਾਹੀਦਾ। ਸੋ, ਪੰਜਾਬ ਦੀਆਂ ਮਾਵਾਂ ਭੈਣਾਂ ਨੂੰ ਸਮਰਪਿਤ ਜਿਹੜਾ ਬਜਟ ਪੇਸ਼ ਕੀਤਾ ਗਿਆ ਹੈ, ਉਸ ਲਈ ਸਾਡੇ ਮੁੱਖ ਮੰਤਰੀ ਜੀ ਦਾ, ਸਾਡੇ ਵਿੱਤ ਮੰਤਰੀ ਜੀ ਦਾ ਅਤੇ ਸਾਡੀ ਆਮ ਆਦਮੀ ਪਾਰਟੀ ਦੇ ਕਨਵੀਨਰ, ਸ੍ਰੀ ਅਰਵਿੰਦ ਕੇਜਰੀਵਾਲ ਜੀ ਦਾ ਬਹੁਤ ਬਹੁਤ ਧੰਨਵਾਦ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।। (ਥੰਪਿੰਗ)

**ਮਾਣਯੋਗ ਸਪੀਕਰ:** ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।।

---

**WELCOME ANNOUNCEMENT BY THE HON'BLE SPEAKER**

**ਮਾਣਯੋਗ ਸਪੀਕਰ:** ਫਰੀਦਕੋਟ ਬਾਰ ਕੌਂਸਲ ਦੇ ਸਤਿਕਾਰਯੋਗ ਵਕੀਲ ਸਾਹਿਬਾਨ, ਦਾਸ ਦੇ ਕਾਫ਼ੀ ਸਾਰੇ ਸਤਿਕਾਰਯੋਗ ਮਿੱਤਰ ਵਕੀਲ ਸਾਹਿਬਾਨ ਅਤੇ ਉਨ੍ਹਾਂ ਦੇ ਨਾਲ ਦਾਸ ਦੇ ਛੋਟੇ ਭਾਈ ਐਡਵੋਕੇਟ ਬੀਰ ਇੰਦਰ ਸਿੰਘ, ਜਿਹੜੇ ਕਿ ਹਾਊਸ ਦੀ ਕਾਰਵਾਈ ਵੇਖਣ ਲਈ ਗਵਰਨਰ ਬਾਕਸ ਅਤੇ ਸਦਨ ਦੀਆਂ ਗੈਲਰੀਆਂ ਵਿੱਚ ਮੌਜੂਦ ਹਨ, ਆਓ, ਉਨ੍ਹਾਂ ਦਾ ਨਿੱਘਾ ਸਵਾਗਤ ਕਰੀਏ। (ਥੰਪਿੰਗ)

---

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਸਪੀਕਰ ਸਾਹਿਬ, ਕੱਲ੍ਹ ਨੂੰ ਕਾਂਗਰਸ ਪਾਰਟੀ ਵਾਲੇ ਫਿਰ ਨਾ ਕਹਿ ਦੇਣ ਕਿ ਉਹ ਕੀ ਕਹਿ ਗਏ। ਸੋ, ਮੈਂ ਅਡਵਾਂਸ ਵਿੱਚ ਹੀ ਦੱਸ ਦੇਣਾ ਚਾਹੁੰਦਾ ਹਾਂ ਕਿ ਮੇਰੇ ਬਾਰੇ ਉਨ੍ਹਾਂ ਨੇ ਆਪਣੇ ਵੈਰੀਫਾਈ ਫੇਸਬੁੱਕ ਅਕਾਊਂਟ ਤੇ ਆਪੱਤੀਜਨਕ ਸ਼ਬਦ ਜਿਹੜੇ ਹੁਣ ਵਰਤੇ ਹਨ, ਉਹ ਜ਼ਰੂਰ ਪੜ੍ਹ ਕੇ ਆਉਣ।

(**ਇਕ ਅਵਾਜ਼:** ਦੱਸ ਦਿਓ ਜੀ।)

**ਵਿੱਤ ਮੰਤਰੀ:** ਨਹੀਂ, ਮੈਂ ਨਹੀਂ ਦੱਸਾਂਗਾ। ਉਹ ਆਪੇ ਦੱਸ ਦੇਣਗੇ। ਸੋ, ਬਾਜਵਾ ਸਾਹਿਬ, ਮਾੜਾ ਮੋਟਾ ਤਾਂ ਖਿਆਲ ਰੱਖੀਏ। ਫਿਰ ਤੁਸੀਂ ਕਹਿੰਦੇ ਹੋ ਕਿ ਇਸ ਤਰ੍ਹਾਂ ਨਾ ਬੋਲੋ। ਹੁਣ ਉਹ ਲਿਖਦੇ ਹਨ ਕਿ ਮੈਂ ਬੰਧੂਆ ਮਜ਼ਦੂਰ ਹਾਂ। ਠੀਕ ਹੈ ਅਸੀਂ ਮਜ਼ਦੂਰਾਂ ਦੇ ਘਰ ਪੈਦਾ ਹੋ ਗਏ। ਤੇਰਾ ਬਾਪੂ ਕੀ ਕਰਦਾ ਸੀ, ਸਾਰੇ ਪੰਜਾਬ ਨੂੰ ਪਤਾ ਹੈ। ਉਸ ਨੂੰ ਮੇਰੇ ਸਾਹਮਣੇ ਆਉਣ ਦਿਓ। ਇਹ ਤੁਹਾਡੀ ਡਿਊਟੀ ਹੈ, ਕੱਲ੍ਹ ਉਸ ਨੂੰ ਲੈ ਕੇ ਆਇਓ। ਸਪੀਕਰ ਸਾਹਿਬ, ਇਨ੍ਹਾਂ ਨੂੰ ਹਦਾਇਤ ਕਰਿਓ ਕਿ ਇਹ ਉਨ੍ਹਾਂ ਨੂੰ ਨਾਲ ਲੈ ਕੇ ਆਉਣ। (ਆਪੋਜ਼ੀਸ਼ਨ ਪਾਰਟੀ ਦੇ ਮੈਂਬਰਜ਼ ਨੂੰ ਸੰਬੋਧਨ ਕਰਦੇ ਹੋਏ) ਜੇਕਰ ਤੁਹਾਡੇ ਵਿੱਚ ਜ਼ਰਾ ਵੀ ਅਣਖ ਹੋਈ ਤਾਂ ਇਮਾਨਦਾਰੀ ਨਾਲ ਖੜ੍ਹ ਜਾਇਓ, ਨਹੀਂ ਤਾਂ ਛੱਡ ਕੇ ਤੁਰ ਜਾਇਓ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ (ਬੈਠੇ ਬੈਠੇ):** ਗਲਤ ਲਿਖਿਆ ਹੈ, ਉਹ ਗਲਤ ਹੈ।

**ਮਾਣਯੋਗ ਸਪੀਕਰ:** ਬੈਠੋ ਜੀ।

**ਵਿੱਤ ਮੰਤਰੀ:** ਤੁਸੀਂ ਇਸ ਤਰ੍ਹਾਂ ਦੇ ਬੰਦੇ ਆਪਣੀ ਪਾਰਟੀ ਵਿੱਚ ਰੱਖੇ ਹਨ, ਜਿਨ੍ਹਾਂ ਨੂੰ ਮੈਂ ਸਮਝਦਾ ਹਾਂ ਕਿ ਕੋਈ ਪਾਗਲਖਾਨੇ ਵਿੱਚ ਵੀ ਨਾ ਰੱਖੇ।

(**ਵਿਰੋਧੀ ਧਿਰ ਵੱਲੋਂ ਅਵਾਜ਼ਾਂ:** ਤੁਹਾਡੀ ਪਾਰਟੀ ਵਿੱਚੋਂ ਹੀ ਆਇਆ ਹੈ, ਤੁਹਾਡਾ ਲੀਡਰ ਆਫ਼ ਆਪੋਜ਼ੀਸ਼ਨ ਰਿਹਾ ਹੈ।)

**ਮਾਣਯੋਗ ਸਪੀਕਰ:** ਚਲੋ, ਬੈਠੋ ਜੀ।

**ਵਿੱਤ ਮੰਤਰੀ:** ਤੁਸੀਂ ਸਾਡੇ ਵੱਲ ਧੱਕਿਆ ਸੀ, ਅਸੀਂ ਤਾਂ ਤੁਹਾਨੂੰ ਵਾਪਸ ਮੋੜਿਆ ਹੈ। ਜਿਸ ਨੂੰ ਉਹ ਬੰਧੂਆ ਮਜ਼ਦੂਰ ਕਹਿੰਦਾ ਹੈ, ਉਹੀ ਉਸ ਨੂੰ ਸਬਕ ਸਿਖਾਏਗਾ, ਇਹ ਗੱਲ ਉਹ ਯਾਦ ਰੱਖੇ।

**ਮਾਣਯੋਗ ਸਪੀਕਰ:** ਚਲੋ, ਚੀਮਾ ਜੀ, ਬੈਠੋ ਜੀ।

---

## RESUMPTION OF GENERAL DISCUSSION ON BUDGET ESTIMATES FOR THE YEAR 2026-27 (*Resumption*)

**ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ, ਐਸ.ਸੀ.) :** ਸਪੀਕਰ ਸਾਹਿਬ, ਤੁਸੀਂ ਮੈਨੂੰ ਸਰਦਾਰ ਹਰਪਾਲ ਸਿੰਘ ਜੀ ਚੀਮਾ ਸਾਹਿਬ, ਵਿੱਤ ਮੰਤਰੀ, ਪੰਜਾਬ ਵੱਲੋਂ ਪੇਸ਼ ਕੀਤੇ ਗਏ ਇਤਿਹਾਸਕ ਬਜਟ ਦੇ ਸੁਨਹਿਰੀ ਮੌਕੇ ਤੇ ਬੋਲਣ ਦਾ ਮੌਕਾ ਦਿੱਤਾ। ਤੁਹਾਡਾ ਬਹੁਤ ਧੰਨਵਾਦ। ਬਜਟ ਦੀ ਗੱਲ ਚੱਲ ਰਹੀ ਹੈ, ਇਸ ਵਿੱਚ ਔਰਤਾਂ ਨੂੰ ਦਿੱਤੇ 1000 ਅਤੇ 1500 ਰੁਪਏ ਦਾ ਜ਼ਿਕਰ ਆਵੇਗਾ। ਇਸੇ 1000 ਅਤੇ 1500 ਰੁਪਏ ਨੂੰ ਲੈ ਕੇ ਜਿਸ ਦਿਨ ਬਜਟ ਪੇਸ਼ ਕੀਤਾ ਗਿਆ ਸੀ, ਉਸ ਦਿਨ ਸਾਡੇ ਵਿਰੋਧੀ ਧਿਰ ਦੇ ਨੇਤਾ ਵੋਟਾਂ ਵਾਸਤੇ ਇਸ ਬਜਟ ਨੂੰ ਲੋਕ ਲੁਭਾਉਣਾ ਕਹਿ ਕੇ ਮਜ਼ਾਕ ਕਰ ਰਹੇ ਸੀ। ਸੁਖਪਾਲ ਸਿੰਘ ਖਹਿਰਾ ਨੇ ਤਾਂ ਬਿਲਕੁਲ ਸਿਰਾ ਹੀ ਲਗਾ ਦਿੱਤਾ। ਸੋ, ਮੈਂ ਘੋਰ ਸ਼ਬਦਾਂ ਵਿੱਚ ਇਸ ਗੱਲ ਦੀ ਨਿਖੇਧੀ ਕਰਦਾ ਹਾਂ। ਸਪੀਕਰ ਸਾਹਿਬ, ਜਦੋਂ ਤੋਂ ਇਹ ਪਵਿੱਤਰ ਸਦਨ ਹੋਂਦ ਵਿੱਚ ਆਇਆ ਹੈ, ਜਦੋਂ ਤੋਂ ਦੇਸ਼ ਅਜ਼ਾਦ ਹੋਇਆ, ਜਦੋਂ ਤੋਂ ਸਰਕਾਰਾਂ ਬਣਨ ਲੱਗੀਆਂ, ਮੇਰਾ ਖਿਆਲ ਹੈ ਕਿ ਇਹ ਪਹਿਲੀ ਵਾਰ ਹੋਇਆ ਕਿ ਐਤਵਾਰ ਨੂੰ ਸੈਸ਼ਨ ਲੱਗਿਆ ਹੋਵੇ। ਕਾਰਨ ਤੁਹਾਨੂੰ ਵੀ ਪਤਾ ਹੈ ਅਤੇ ਸਾਡੇ ਮੈਂਬਰ ਸਾਹਿਬਾਨ ਨੂੰ ਵੀ ਪਤਾ ਹੈ ਕਿਉਂਕਿ ਐਤਵਾਰ ਨੂੰ ਕੌਮਾਂਤਰੀ ਮਹਿਲਾ ਦਿਵਸ ਸੀ। ਜਦੋਂ ਸਾਲ 2022 ਦੇ ਵਿੱਚ ਸਾਡੀ ਆਮ ਆਦਮੀ ਪਾਰਟੀ ਚੋਣਾਂ ਲੜ ਰਹੀ ਸੀ ਤਾਂ ਉਦੋਂ ਪੰਜਾਬ ਦੇ ਲੋਕਾਂ ਨੂੰ ਕੁਝ ਗਾਰੰਟੀਆਂ ਦਿੱਤੀਆਂ ਗਈਆਂ ਸਨ, ਪੰਜਾਬ ਸਰਕਾਰ ਨੇ ਇਹ ਗਾਰੰਟੀਆਂ ਪੂਰੀਆਂ ਕੀਤੀਆਂ ਹਨ। ਅਸੀਂ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਕੋਟਾਨਿ-ਕੋਟਿ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਐਤਵਾਰ ਦਾ ਦਿਨ ਸੈਸ਼ਨ ਲਈ ਚੁਣਿਆ ਹੈ, ਇਸ ਐਤਵਾਰ ਨੂੰ ਕੌਮਾਂਤਰੀ ਮਹਿਲਾ ਦਿਵਸ ਸੀ। ਸਪੀਕਰ ਸਾਹਿਬ,

ਜਿਹੜੇ ਲੋਕ ਮਖੌਲ ਕਰਦੇ ਹਨ, ਟਿੱਚਰਾਂ ਕਰਦੇ ਹਨ, ਉਨ੍ਹਾਂ ਨੂੰ ਸ਼ਾਇਦ ਇਹ ਨਹੀਂ ਪਤਾ ਕਿ ਸਰਕਾਰ ਦੁਆਰਾ ਜਿਨ੍ਹਾਂ ਲੋਕਾਂ ਨੂੰ 1000-1500 ਰੁਪਿਆ ਦੇਣਾ ਹੈ, ਉਨ੍ਹਾਂ ਦੀ ਹਾਲਤ ਅੱਜ ਵੀ ਬਦਤਰ ਹੈ। ਜਿਨ੍ਹਾਂ ਲੋਕਾਂ ਲਈ ਸਾਡੇ ਗੁਰੂ ਰਵਿਦਾਸ ਮਹਾਰਾਜ ਜੀ ਨੇ, ਭਗਤ ਕਬੀਰ ਜੀ ਨੇ, ਬਾਬਾ ਫਰੀਦ ਜੀ ਨੇ, ਬਾਬਾ ਨਾਨਕ ਜੀ ਨੇ ਅਤੇ ਦਸਾਂ ਗੁਰੂ ਸਾਹਿਬਾਨਾਂ ਨੇ ਸਿਰਫ ਹਾਅ ਦਾ ਨਾਅਰਾ ਹੀ ਨਹੀਂ ਮਾਰਿਆ ਸਗੋਂ ਆਪਣੀ ਤਮਾਮ ਜ਼ਿੰਦਗੀ ਉਨ੍ਹਾਂ ਦੇ ਲੇਖੇ ਲਗਾਈ ਹੈ। ਇਨ੍ਹਾਂ ਮਖੌਲ ਕਰਨ ਵਾਲੇ ਲੋਕਾਂ ਨੂੰ ਮੈਂ ਦੱਸਣਾ ਚਾਹੁੰਦਾ ਹਾਂ ਕਿ ਅੱਜ ਵੀ ਪੰਜਾਬ ਦੇ ਵਿੱਚ ਉਹ ਵਰਗ ਹਾਜ਼ਰ ਹੈ, ਜਿਨ੍ਹਾਂ ਦੇ ਸਸਕਾਰ ਅੱਜ ਵੀ ਕਫਨ ਤੋਂ ਬਿਨਾ ਹੁੰਦੇ ਹਨ। ਜਿਹੜੇ ਲੋਕ ਅੱਜ ਵੀ ਰੋਟੀ ਨੂੰ ਝੂਰਦੇ ਮਰ ਜਾਂਦੇ ਹਨ। ਮੇਰੇ ਹਲਕੇ ਦਾ ਪਿੰਡ ਰਾਮੂਵਾਲਾ ਨਵਾਂ ਹੈ, ਉਥੋਂ ਦੇ ਇੱਕ ਬਹੁਤ ਵੱਡੇ ਰਾਈਟਰ ਪੈਦਾ ਹੋਏ ਹਨ, ਸ੍ਰੀ ਕਰਨੈਲ ਪਾਰਸ ਜੀ। ਉਨ੍ਹਾਂ ਦੇ ਗੀਤਾਂ ਨੂੰ ਅੱਜ ਵੀ ਹਰਭਜਨ ਮਾਨ ਦੀ ਅਵਾਜ਼ ਵਿੱਚ ਸੁਣਿਆ ਜਾ ਸਕਦਾ ਹੈ-

"ਜਗ ਜੰਕਸ਼ਨ ਰੇਲਾਂ ਦਾ ਗੱਡੀ ਇੱਕ ਆਵੇ ਇੱਕ ਜਾਵੇ"

ਅਤੇ

"ਕਿਉਂ ਫੜੀ ਸਿਪਾਹੀਆਂ ਨੇ ਭੈਣੋਂ ਇਹ ਹੰਸਾਂ ਦੀ ਜੋੜੀ"

ਸਰ, ਉਸ ਕਰਨੈਲ ਪਾਰਸ ਨੇ, ਉਸ ਮਹਾਨ ਲੇਖਕ ਨੇ ਇੱਕ ਮਜ਼ਦੂਰ ਦੀ ਗਾਥਾ ਲਿਖੀ ਹੈ। ਉਨ੍ਹਾਂ ਦਾ ਇਹ ਮਖੌਲ ਕਰਦੇ ਹਨ। ਉਸ ਨੇ ਮਜ਼ਦੂਰ ਨੂੰ ਨਮਸ਼ਕਾਰ ਕੀਤਾ ਹੈ। ਸ੍ਰੀ ਕਰਨੈਲ ਸਿੰਘ ਪਾਰਸ ਨੇ ਲਿਖਿਆ ਹੈ -

"ਪੰਡਿਤ ਜੀ ਦੀ ਬੱਚੀ ਮਰ ਗਈ ਖਾ ਕੇ ਬਹੁਤੀ ਖੀਰ,
ਰੇਸ਼ਮ ਦਾ ਕੱਪੜਾ ਪਾ ਦੱਬੀ, ਸੱਜ ਧੱਜ ਨਾਲ ਅਖੀਰ।
ਤੇਰੀ ਮਾਂ ਬਿਨ ਕਫਨ ਫੂਕੀ, ਮਰੀ ਟੁਕ ਨੂੰ ਝੂਰ,
ਨਮਸਕਾਰ ਮਜ਼ਦੂਰ, ਨਮਸਕਾਰ ਮਜ਼ਦੂਰ।

ਉਨ੍ਹਾਂ ਮਜ਼ਦੂਰ ਔਰਤਾਂ ਨੇ ਸੂਰਬੀਰ ਪੈਦਾ ਕੀਤੇ ਹਨ, ਜਿਹੜੇ ਗੁਰੂ ਸਾਹਿਬਾਨਾਂ ਦਾ ਵੀ ਸਾਥ ਦਿੰਦੇ ਸਨ। ਚਾਹੇ ਉਹ ਬਾਬਾ ਜੀਵਨ ਸਿੰਘ ਸਨ, ਚਾਹੇ ਉਹ ਹੋਰ ਲੋਕ ਸਨ। ਜਿਹੜੇ ਸਾਡੇ ਸਿੱਖ ਸੂਰਬੀਰ ਸਨ, ਉਨ੍ਹਾਂ ਦਾ ਸਾਥ ਦਿੰਦੇ ਸਨ, ਅਜ਼ਾਦੀ ਘੁਲਾਟੀਆਂ ਦਾ ਸਾਥ ਦਿੰਦੇ ਸਨ। ਅੱਜ ਵੀ ਸਰਹੱਦਾਂ ਤੇ ਬੈਠੇ ਫੌਜੀਆਂ ਦੀਆਂ ਲਾਸ਼ਾਂ ਘਰ ਆਉਂਦੀਆਂ ਹਨ। ਉਨ੍ਹਾਂ ਮਾਵਾਂ ਨੇ ਅਜਿਹੇ ਸੂਰਬੀਰ ਪੈਦਾ ਕੀਤੇ ਜਿਨ੍ਹਾਂ ਨੂੰ ਇਹ ਮਖੌਲ ਕਰਦੇ ਹਨ। ਸਰ, ਗੱਲ ਇੱਥੇ ਹੀ ਬੱਸ ਨਹੀਂ ਹੈ। ਪੰਜਾਬ ਦੇ ਇੱਕ ਬਹੁਤ ਵੱਡੇ ਕ੍ਰਾਂਤੀਕਾਰੀ ਤੇ ਇਨਕਲਾਬੀ ਰਾਈਟਰ ਹੋਏ ਹਨ, ਸੰਤ ਰਾਮ ਉਦਾਸੀ ਜੀ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਜਦੋਂ ਸੰਤ ਰਾਮ ਉਦਾਸੀ ਦਾ ਜਨਮ ਦਿਨ ਆਉਂਦਾ ਸੀ ਜਾਂ ਦੁਨੀਆ ਤੋਂ ਰੁੱਖਸਤ ਹੋ ਜਾਣ ਦਾ ਦਿਨ ਆਉਂਦਾ ਸੀ ਤੇ ਮੈਂ ਲੰਬਾ ਸਮਾਂ ਪੰਜਾਬ ਦੀਆਂ ਸਾਰੀਆਂ ਅਖਬਾਰਾਂ ਦੇ ਵਿੱਚ ਆਰਟੀਕਲ ਲਿਖਦਾ ਹੁੰਦਾ ਸੀ। ਹੁਣ ਟਾਈਮ ਨਹੀਂ ਲੱਗਦਾ ਜੀ। ਉਨ੍ਹਾਂ ਦੀਆਂ ਕਟਿੰਗਾਂ ਵੀ ਮੇਰੇ ਕੋਲ ਮੌਜੂਦ ਹਨ। ਸੰਤ ਰਾਮ ਉਦਾਸੀ ਨੇ ਇੱਕ ਮਜ਼ਦੂਰ ਕੁੜੀ ਦੀ ਗਾਥਾ ਲਿਖੀ ਹੈ-

"ਚਾਵਾਂ ਨਾਲ ਚੜ੍ਹਾਈਆਂ ਲੈ ਕੇ ਦਿਲ ਵਿੱਚ ਕਈ ਉਮੰਗਾਂ,
ਨਾ ਛਣਕਾਈਆਂ, ਨਾ ਚਾਅ ਲੱਥੇ ਨਾ ਹੀ ਲੱਥੀਆਂ ਸੰਗਾਂ,
ਸਿਖਰ ਦੁਪਹਿਰੇ ਸੜਕ ਕਿਨਾਰੇ ਤਿੜ ਤਿੜ ਕਰਕੇ ਟੁੱਟੀਆਂ,
ਰੋੜੀ ਕੁੱਟਦੀ ਹੋਈ ਮਜ਼ਦੂਰ ਕੁੜੀ ਦੀਆਂ ਵੰਗਾਂ।"

ਸਰ, ਹਾਲੇ ਵੀ ਰੋੜੀ ਕੁੱਟਦੀ ਮਜ਼ਦੂਰ ਕੁੜੀ ਦੀਆਂ ਵੰਗਾਂ ਟੁੱਟ ਰਹੀਆਂ ਹਨ ਪਰ ਇਹ ਲੋਕ ਮਖੌਲ ਕਰ ਰਹੇ

ਹਨ। ਸਰ, ਜਿਹੜੇ ਮਜ਼ਦੂਰ ਲੋਕ ਹਨ, ਉਨ੍ਹਾਂ ਲਈ 1500 ਰੁਪਏ ਦੀ ਕੀ ਕੀਮਤ ਹੈ, ਇਹ ਉਨ੍ਹਾਂ ਨੂੰ ਹੀ ਪਤਾ ਹੈ। ਇਨ੍ਹਾਂ ਲੋਕਾਂ ਨੂੰ ਨਹੀਂ ਪਤਾ ਹੈ। ਇਹ ਕੀਮਤ ਤੁਹਾਨੂੰ ਪਤਾ ਹੈ, ਸਾਨੂੰ ਪਤਾ ਹੈ, ਐਫ.ਐਮ. ਸਾਹਿਬ ਸਰਦਾਰ ਹਰਪਾਲ ਸਿੰਘ ਚੀਮਾ ਜੀ ਨੂੰ ਪਤਾ ਹੈ, ਜਿਨ੍ਹਾਂ ਨੇ ਇਹ ਬਜਟ ਪੇਸ਼ ਕੀਤਾ ਹੈ। ਉਹ ਔਰਤਾਂ ਇਨ੍ਹਾਂ ਨੂੰ ਨਹੀਂ ਦਿਖਾਈ ਦਿੰਦੀਆਂ, ਉਹ ਔਰਤਾਂ ਸਾਡੇ ਮੁੱਖ ਮੰਤਰੀ, ਪੰਜਾਬ, ਸਰਦਾਰ ਭਗਵੰਤ ਸਿੰਘ ਮਾਨ ਜੀ ਨੂੰ ਦਿਖਾਈ ਦਿੰਦੀਆਂ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ 1500 ਰੁਪਏ ਦੇਣ ਦਾ ਫ਼ੈਸਲਾ ਕੀਤਾ। ਉਹ ਔਰਤਾਂ ਇਨ੍ਹਾਂ ਨੂੰ ਨਹੀਂ ਦਿਖਾਈ ਦਿੰਦੀਆਂ, ਉਹ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਨੂੰ ਦਿਖਾਈ ਦਿੰਦੀਆਂ ਹਨ, ਜਿਨ੍ਹਾਂ ਨੇ ਇਹ ਗਾਰੰਟੀ ਦਿੱਤੀ ਸੀ ਕਿ ਔਰਤਾਂ ਨੂੰ 1000 ਰੁਪਿਆ ਦਿਆਂਗੇ ਪਰ ਗਰੀਬੀ ਕਾਰਨ 1500 ਰੁਪਿਆ ਦਿੱਤਾ ਹੈ, ਇਸ ਲਈ ਮੈਂ ਕੇਜਰੀਵਾਲ ਸਾਹਿਬ, ਸਾਡੇ ਮੁੱਖ ਮੰਤਰੀ ਸਾਹਿਬ ਅਤੇ ਸਾਡੇ ਵਿੱਤ ਮੰਤਰੀ ਸਾਹਿਬ ਦਾ ਕੋਟਾਨਿ ਕੋਟ ਧੰਨਵਾਦ ਕਰਦਾ ਹਾਂ।

ਸਰ, ਜੇ ਮੈਂ ਇਨ੍ਹਾਂ ਦੀ ਗੱਲ ਕਰਾਂ, ਕਿਵੇਂ ਕਹਾਂ ਜੀ, ਪਰ ਕਹਿਣਾ ਪੈਂਦਾ ਹੈ ਕਿ ਇਹ ਤਾਂ ਇੱਕ ਪੈੱਗ ਹੀ 1500-1500 ਰੁਪਏ ਦਾ ਲਗਾਉਂਦੇ ਹਨ। (ਹਾਸਾ) ਜਦੋਂ ਇਹ 7-8 ਲਗਾ ਕੇ ਗੱਡੀ ਤੇ ਜਾਂਦੇ ਹਨ ਤਾਂ ਇਨ੍ਹਾਂ ਨੂੰ ਮਜ਼ਦੂਰ ਕੁੜੀਆਂ ਨਹੀਂ ਦਿਖਦੀਆਂ, ਇਹ ਤਾਂ ਉਨ੍ਹਾਂ ਦੀਆਂ ਅੱਖਾਂ ਵਿੱਚੋਂ ਸੁਰਮਾ ਵੀ ਕੱਢ ਦਿੰਦੇ ਹਨ। ਜਦੋਂ ਕੋਈ ਮਜ਼ਦੂਰ ਕੁੜੀ ਰੋੜੀ ਕੁੱਟ ਰਹੀ ਹੁੰਦੀ ਹੈ, ਜਿਸ ਦੀਆਂ ਸਿਖਰ ਦੁਪਹਿਰ ਵੰਗਾਂ ਟੁੱਟ ਜਾਂਦੀਆਂ ਹਨ, ਜਦੋਂ ਇਨ੍ਹਾਂ ਦੀ ਗੱਡੀ ਸ਼ੂਕਦੀ ਜਾਂਦੀ ਹੈ ਤਾਂ ਉਸ ਗੱਡੀ ਨਾਲ ਧੂੜ ਉੱਡਦੀ ਹੈ ਜੋ ਉਸ ਦੀਆਂ ਅੱਖਾਂ ਵਿੱਚ ਪੈਂਦੀ ਹੈ। ਜਦੋਂ ਉਹ ਕੁੜੀ ਅੱਖਾਂ ਸਾਫ ਕਰਦੀ ਹੈ ਤਾਂ ਉਸ ਦੀਆਂ ਅੱਖਾਂ ਦਾ ਸੁਰਮਾ ਵੀ ਨਿਕਲ ਜਾਂਦਾ ਹੈ। ਜਦੋਂ ਉਹ ਸੁਰਮਾ ਪਾ ਕੇ ਆਉਂਦੀ ਹੈ, ਉਹ ਕੋਈ ਬਿਊਟੀ ਪਾਰਲਰ ਵਿੱਚੋਂ ਸੁਰਮਾ ਪਾ ਕੇ ਨਹੀਂ ਆਉਂਦੀ ਸਗੋਂ ਚੱਪਣੀ ਤੋਂ ਚੀਚੀ ਨਾਲ ਕਾਲਸ ਲਗਾ ਕੇ ਅੱਖਾਂ ਵਿੱਚ ਸੁਰਮਾ ਪਾਉਂਦੀ ਹੈ ਜਿਹੜਾ ਕਿ ਇਨ੍ਹਾਂ ਦੀਆਂ ਗੱਡੀਆਂ ਕੱਢ ਦਿੰਦੀਆਂ ਹਨ। ਇਸ ਕਰਕੇ ਇਨ੍ਹਾਂ ਨੂੰ ਉਨ੍ਹਾਂ ਲੋਕਾਂ ਬਾਰੇ ਕੁਝ ਨਹੀਂ ਪਤਾ ਹੈ।

ਦੂਜੀ, ਜੇ ਮੈਂ ਇਲਾਜ ਦੀ ਗੱਲ ਕਰਾਂ ਤਾਂ ਸਾਡੇ ਮੁੱਖ ਮੰਤਰੀ ਸਾਹਿਬ ਨੇ 10 ਲੱਖ ਰੁਪਏ ਦੇ ਇਲਾਜ ਲਈ ਗਾਰੰਟੀ ਬੀਮਾ ਦਿੱਤਾ ਹੈ। ਸਰ, ਮੈਂ ਇੱਕ ਨਿੱਜੀ ਗੱਲ ਤੁਹਾਡੇ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ। ਮੈਂ ਕਿਤੇ ਬੈਠਾ ਸੀ ਤੇ ਮੇਰੇ ਕੋਲ ਇੱਕ ਮਰੀਜ਼ ਆਇਆ ਜਿਸ ਦੇ ਹੱਥ ਵਿੱਚ ਇੱਕ ਬੋਤਲ ਸੀ। ਉਹ ਪਿਸ਼ਾਬ ਵਾਲੀ ਬੋਤਲ ਸੀ। ਉਸ ਦਾ ਪੇਟ ਫੁੱਲਿਆ ਹੋਇਆ ਸੀ। ਮੈਂ ਕਿਹਾ ਕਿ ਦੱਸੋ। ਉਹ ਕਹਿੰਦਾ ਕਿ ਮਦਦ ਕਰੋ, ਪੇਟ ਵਿੱਚੋਂ ਪਾਣੀ ਕਢਵਾਉਣਾ ਹੈ। ਮੈਂ ਕਿਹਾ ਕਿ ਤੂੰ ਖੁਦ ਕਿਉਂ ਆਉਣਾ ਸੀ, ਕਿਸੇ ਸਾਥੀ ਨੂੰ ਭੇਜ ਦਿੰਦਾ। ਉਹ ਕਹਿੰਦਾ ਕਿ ਫਿਰ ਲੋਕ ਕਹਿੰਦੇ ਹਨ ਕਿ ਪੈਸੇ ਇਕੱਠੇ ਕਰਨ ਦੇ ਮਾਰੇ ਬਹਾਨੇ ਕਰਦਾ ਹੈ। ਸਰ, ਜਿੰਨੀ ਮੇਰੀ ਹੈਸੀਅਤ ਸੀ, ਮੈਂ ਮਦਦ ਕਰ ਦਿੱਤੀ ਪਰ ਲੋਕ ਇਲਾਜ ਖੁਣੋਂ ਮਰ ਰਹੇ ਸਨ। ਹੁਣ ਤੱਕ ਮਰ ਰਹੇ ਸਨ। ਸਰਕਾਰਾਂ ਚਾਹੇ ਸ਼੍ਰੋਮਣੀ ਅਕਾਲੀ ਦਲ ਦੀਆਂ ਆਈਆਂ, ਚਾਹੇ ਕਾਂਗਰਸ ਪਾਰਟੀ ਦੀਆਂ ਆਈਆਂ ਪਰ ਮੈਂ, ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਇਨ੍ਹਾਂ ਨੇ 10 ਲੱਖ ਰੁਪਏ ਦਾ ਸਿਹਤ ਬੀਮਾ ਲਿਆਂਦਾ। ਹੁਣ ਕੋਈ ਰਾਜਨੀਤਿਕ ਲੋਕਾਂ ਕੋਲ ਬੋਤਲ ਫੜ੍ਹ ਕੇ ਨਹੀਂ ਜਾਵੇਗਾ ਸਗੋਂ ਉਹ ਸਿੱਧਾ ਹਸਪਤਾਲ ਜਾਵੇਗਾ। (ਘੰਟੀ)

**ਮਾਣਯੋਗ ਸਪੀਕਰ** : ਤੁਹਾਡੇ ਤਿੰਨ ਮਿੰਟ ਰਹਿ ਗਏ ਹਨ ਜੀ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ** : ਲੋਕ ਕੀ ਕਹਿਣਗੇ? (ਹਾਸਾ) ਠੀਕ ਹੈ ਜੀ ਇੱਕ ਗੱਲ ਹੀ ਕਰਨੀ ਹੈ। ਬੱਸ ਆਖਰੀ ਗੱਲ ਹੈ।

**ਮਾਣਯੋਗ ਸਪੀਕਰ** : ਲੋਕ ਖੁਸ਼ ਹੋ ਜਾਣ, ਇਸ ਲਈ ਤੁਹਾਨੂੰ ਤਿੰਨ ਮਿੰਟ ਹੋਰ ਦਿੱਤੇ ਹਨ। ਇੱਥੇ ਆਪਾਂ ਲੋਕਾਂ ਕਰਕੇ ਹੀ ਹਾਂ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ** : ਆਪਾਂ ਸਾਰੇ ਹੀ ਜਾਣਦੇ ਹਾਂ ਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਪਿਛਲੀਆਂ ਸਰਕਾਰਾਂ ਦੀ ਨਾਲਾਇਕੀ ਕਾਰਨ ਸਾਡਾ ਧਰਤੀ ਹੇਠਲਾ ਪਾਣੀ ਆਵਾਜ਼ਾਰ ਕੱਢਿਆ ਜਾ ਰਿਹਾ ਸੀ। ਸਾਡੇ ਮੁੱਖ ਮੰਤਰੀ ਸਾਹਿਬ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਨਹਿਰੀ ਪਾਣੀ ਖੇਤਾਂ ਤੱਕ ਪਹੁੰਚਾਇਆ। ਜਿਵੇਂ ਬੁੱਧ ਰਾਮ ਜੀ ਬੋਲ ਰਹੇ ਸਨ ਕਿ ਪਾਣੀ ਘਿਉ ਵਰਗਾ ਮਿਲ ਰਿਹਾ ਹੈ, ਮੈਂ ਕਹਿੰਦਾ ਹਾਂ ਕਿ ਜਿਹੜੀਆਂ ਜੜੀਆਂ ਬੂਟੀਆਂ ਤੋਂ ਵੈਦ ਦਵਾਈਆਂ ਬਣਾਉਂਦੇ ਹਨ, ਉਨ੍ਹਾਂ ਜੜੀਆਂ ਬੂਟੀਆਂ ਵਾਲਾ ਪਾਣੀ ਜੋ ਕਿ ਪਹਾੜਾਂ ਤੋਂ ਆਉਂਦਾ ਹੈ, ਉਹ ਸਾਡੇ ਖੇਤਾਂ ਤੱਕ ਆ ਰਿਹਾ ਹੈ। ਅੱਜ ਸੂਏ ਬਣ ਰਹੇ ਹਨ, ਕੱਸੀਆਂ ਬਣ ਰਹੀਆਂ ਹਨ ਅਤੇ ਪਾਈਪਾਂ ਪਾਈਆਂ ਜਾ ਰਹੀਆਂ ਹਨ। ਸਰ, ਮੇਰੇ ਹਲਕੇ ਦਾ ਪਿੰਡ ਹੈ ਰਾਊਕੇ ਕਲਾਂ। ਜਦੋਂ ਜਵਾਹਰ ਸਿੰਘ ਵਾਲਾ ਤੋਂ ਰਾਊਕੇ ਕਲਾਂ ਆਉਂਦੇ ਹਾਂ ਤਾਂ ਸੂਏ ਦੇ ਪੁਲ ਤੇ ਇੱਕ ਬੋਹੜ ਦਾ ਦਰੱਖਤ ਹੈ। ਉਥੇ ਇੱਕ ਬਹੁਤ ਵੱਡਾ ਤਖਤਪੋਸ਼ ਹੈ ਜਿੱਥੇ 15-20 ਕਿਸਾਨ ਬੈਠੇ ਹੀ ਹੁੰਦੇ ਹਨ। ਪਿਛਲੀ ਵਾਰ ਮੈਂ ਆਪੋਜ਼ੀਸ਼ਨ ਦਾ ਐਮ.ਐਲ.ਏ. ਸੀ ਅਤੇ ਜਦੋਂ ਮੈਂ ਉਥੋਂ ਲੰਘਦਾ ਸੀ ਤਾਂ ਉਹ ਮੈਨੂੰ ਘੇਰਦੇ ਸੀ। ਮੈਨੂੰ ਰੋਕਦੇ ਸੀ ਕਿ ਸਾਡਾ ਸੂਆ ਬਣਾ ਕੇ ਦਿਉ। ਜਦੋਂ ਕੈਪਟਨ ਦੀ ਸਰਕਾਰ ਸੀ ਅਤੇ ਜਦੋਂ ਮੈਂ ਸੂਏ ਦੀ ਗੱਲ ਕਰਦਾ ਸੀ ਤਾਂ ਮੇਰਾ ਖਿਆਲ ਹੈ ਕਿ ਉਦੋਂ ਸਰਕਾਰੀਆ ਜੀ ਜਲ ਸਰੋਤ ਮੰਤਰੀ ਸਨ। ਜਦੋਂ ਕੋਈ ਗੱਲ ਕਰਦਾ ਸੀ ਤਾਂ ਅੱਗੋਂ ਕੋਈ ਸੁਣਦਾ ਨਹੀਂ ਸੀ। ਅਖੀਰ ਵਿੱਚ ਮੈਂ ਉਨ੍ਹਾਂ ਨੂੰ ਕਹਿ ਦਿੱਤਾ ਕਿ ਭਰਾਵੋ, ਕਾਂਗਰਸ ਪਾਰਟੀ ਦੀ ਸਰਕਾਰ ਹੈ, ਮੈਂ ਆਪੋਜ਼ੀਸ਼ਨ ਦਾ ਐਮ.ਐਲ.ਏ. ਹਾਂ, ਮੇਰੀ ਕੋਈ ਨਹੀਂ ਸੁਣਦਾ ਹੈ। ਤੁਸੀਂ ਸਾਡੀ ਸਰਕਾਰ ਬਣਾ ਦਿਉ, ਸੂਆ ਪਹਿਲੇ ਦਿਨ ਤੋਂ ਹੀ ਸ਼ੁਰੂ ਕਰ ਦਿਆਂਗੇ। ਸੋ, ਪਰਮਾਤਮਾ ਨੇ ਕਿਰਪਾ ਕੀਤੀ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਅਤੇ ਸਭ ਤੋਂ ਪਹਿਲਾਂ ਉਸ ਸੂਏ ਦਾ ਕੰਮ ਸ਼ੁਰੂ ਹੋਇਆ। ਉਦੋਂ ਉਹ ਮੈਨੂੰ ਘੇਰਦੇ ਸੀ ਪਰ ਉਹ ਹੁਣ ਮੈਨੂੰ ਰੋਕਦੇ ਹਨ। ਮੈਨੂੰ ਅੱਗੇ ਨਹੀਂ ਜਾਣ ਦਿੰਦੇ, ਕਹਿੰਦੇ ਹਨ ਕਿ ਚਾਹ ਪਾਣੀ ਪੀ ਕੇ ਜਾਣਾ ਹੈ, ਉਹ ਮੇਰਾ ਧੰਨਵਾਦ ਕਰਦੇ ਹਨ। ਉਹ ਇਹ ਵੀ ਕਹਿੰਦੇ ਹਨ ਕਿ ਸਾਡਾ ਕੋਈ ਹੋਰ ਕੰਮ ਕਰਿਉ ਜਾਂ ਨਾ ਕਰਿਉ, ਹੁਣ ਵੋਟਾਂ ਤਾਂ ਤੁਹਾਨੂੰ ਹੀ ਪਾਵਾਂਗੇ। ਨਾਲ ਹੀ ਪਿੰਡ ਜਵਾਹਰ ਸਿੰਘ ਵਾਲਾ ਹੈ, ਉਥੇ ਟੇਲਾਂ ਪੈਂਦੀਆਂ ਹਨ। ਟੇਲਾਂ ਤੇ ਅੱਜ ਤੱਕ ਕਿਸੇ ਨੇ ਪਾਣੀ ਨਹੀਂ ਸੀ ਦੇਖਿਆ ਪਰ ਹੁਣ ਮੈਨੂੰ ਫੋਨ ਆਉਂਦੇ ਹਨ ਕਿ ਪਾਣੀ ਘਟਾਉ। ਮੈਂ ਕਿਹਾ ਕਿ ਪਾਣੀ ਤਾਂ ਨਹੀਂ ਘਟਾ ਸਕਦੇ ਪਰ ਹੋਰ ਖੇਤਾਂ ਨੂੰ ਪਾਈਪਾਂ ਪਾ ਦਿੰਦੇ ਹਾਂ। ਸਾਡੀ ਸਰਕਾਰ ਨੇ ਢਾਈ ਕਰੋੜ ਰੁਪਏ ਦੀਆਂ ਪਾਈਪਾਂ ਪਵਾਈਆਂ ਹਨ। ਇਹ ਮੈਂ ਆਨ ਰਿਕਾਰਡ ਬੋਲ ਰਿਹਾ ਹਾਂ। ਪੰਜਾਬ ਦੇ ਲੋਕ ਸੁਣ ਰਹੇ ਹਨ। ਇਸ ਵਿੱਚ 1% ਵੀ 19-21 ਵਾਲੀ ਗੱਲ ਨਹੀਂ ਹੈ। ਸੋ, ਪੰਜਾਬ ਸਰਕਾਰ ਦੇ ਮੁੱਖ ਮੰਤਰੀ ਸਾਹਿਬ ਬਹੁਤ ਜ਼ਿਆਦਾ ਪੰਜਾਬ ਪੱਖੀ ਕੰਮ ਕਰ ਰਹੇ ਹਨ।

**ਮਾਣਯੋਗ ਸਪੀਕਰ:** ਧੰਨਵਾਦ ਜੀ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ**: ਹੋਰ ਵੀ ਬੜਾ ਕੁਝ ਬੋਲਣ ਨੂੰ ਜੀਅ ਕਰਦਾ ਹੈ, ਬੋਲਣ ਵਾਸਤੇ ਬੜਾ ਕੁਝ ਹੈ। ਤੁਹਾਡਾ ਬਹੁਤ ਬਹੁਤ ਧੰਨਵਾਦ। ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

---

## SHORT ADJOURNMENT OF THE HOUSE

**ਮਾਣਯੋਗ ਸਪੀਕਰ**: ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।। ਸਦਨ ਦੀ ਕਾਰਵਾਈ 3.00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੁੰਦੀ ਹੈ।

*1.30 ਵਜੇ ਬਾਅਦ ਦੁਪਹਿਰ।) (ਇਸ *ਸਮੇਂ ਸਦਨ 3.00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।)

---

*3.00 ਵਜੇ ਬਾਅਦ ਦੁਪਹਿਰ।) (ਇਸ *ਸਮੇਂ ਸਦਨ ਮੁੜ ਇਕੱਤਰ ਹੋਇਆ।)

---

## EXTENSION OF TIME OF SITTING OF THE HOUSE

**ਮਾਣਯੋਗ ਸਪੀਕਰ :** ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਅੱਜ ਦੀ ਕਾਰਜ ਸੂਚੀ ਵਿੱਚ ਦਰਜ ਆਈਟਮਾਂ ਦੇ ਖਤਮ ਹੋਣ ਤੱਕ ਸਦਨ ਦੀ ਕਾਰਵਾਈ ਦਾ ਸਮਾਂ ਵਧਾ ਦਿੱਤਾ ਜਾਵੇ?

(**ਆਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਣਯੋਗ ਸਪੀਕਰ:** ਅੱਜ ਦੀ ਕਾਰਜ ਸੂਚੀ ਵਿੱਚ ਦਰਜ ਆਈਟਮਾਂ ਦੇ ਖਤਮ ਹੋਣ ਤੱਕ ਸਦਨ ਦੀ ਕਾਰਵਾਈ ਦਾ ਸਮਾਂ ਵਧਾਇਆ ਜਾਂਦਾ ਹੈ।

---

## OFFICIAL RESOLUTION REGARDING REAFFIRMING THE PROTECTION OF FARMERS' RIGHTS, SEED SOVEREIGNTY, CROP DIVERSIFICATION AND AGRICULTURAL INTERESTS AGAINST ADVERSE IMPACTS OF THE PROPOSED INDIA–US TRADE AGREEMENT

**ਮਾਣਯੋਗ ਸਪੀਕਰ:** ਹੁਣ ਅਸੀਂ ਅੱਜ ਦੀ ਕਾਰਜ ਸੂਚੀ ਵਿੱਚ ਦਰਜ ਭਾਰਤ-ਅਮਰੀਕਾ ਵਪਾਰਕ ਸਮਝੌਤੇ ਨਾਲ ਪੰਜਾਬ ਦੀ ਖੇਤੀਬਾੜੀ ਨਾਲ ਧੋਖਾ ਮਾਮਲਾ ਲਵਾਂਗੇ। ਸਰਦਾਰ ਗੁਰਮੀਤ ਸਿੰਘ ਖੁੱਡੀਆਂ ਜੀ, ਖੇਤੀਬਾੜੀ ਮੰਤਰੀ ਮਤਾ ਪੇਸ਼ ਕਰਨ।

**ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ (ਸਰਦਾਰ ਗੁਰਮੀਤ ਸਿੰਘ ਖੁੱਡੀਆਂ) :** ਧੰਨਵਾਦ ਸਪੀਕਰ ਸਾਹਿਬ। ਮੈਂ ਸਦਨ ਦਾ ਧਿਆਨ ਇੱਕ ਬਹੁਤ ਹੀ ਗੰਭੀਰ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ। ਮਾਣਯੋਗ ਸਪੀਕਰ ਸਾਹਿਬ, ਭਾਰਤ-ਅਮਰੀਕਾ ਵਪਾਰਕ ਸਮਝੌਤੇ ਨਾਲ ਪੰਜਾਬ ਦੀ ਖੇਤੀਬਾੜੀ ਨਾਲ ਧੋਖਾ ਮਾਮਲੇ ਤੇ ਬਹਿਸ ਇੱਕ ਬਹੁਤ ਹੀ ਗੰਭੀਰ ਮਸਲਾ ਹੈ। ਇਸ ਸਬੰਧੀ ਪੰਜਾਬ ਦੇ ਲੋਕਾਂ ਵਿੱਚ ਖਦਸ਼ੇ ਹਨ। ਮੈਂ ਇਸ ਮਾਮਲੇ ਨੂੰ ਪ੍ਰਸਤਾਵ ਦੇ ਰੂਪ ਵਿੱਚ ਪੇਸ਼ ਕਰਨਾ ਚਾਹੁੰਦਾ ਹਾਂ।

ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ-

"ਹਾਲ ਹੀ ਵਿੱਚ ਭਾਰਤ ਦੇਸ਼ ਬਾਰੇ ਅਮਰੀਕਾ ਸਰਕਾਰ ਵੱਲੋਂ ਜਿਹੜੇ ਤਰੀਕੇ ਨਾਲ ਬਿਆਨ ਦਿੱਤੇ ਗਏ ਹਨ, ਉਹ ਬਹੁਤ ਹੀ ਚਿੰਤਾਜਨਕ ਹਨ। ਅਜਿਹਾ ਲੱਗਦਾ ਹੈ ਜਿਵੇਂ ਭਾਰਤ ਕੋਈ ਆਜ਼ਾਦ ਅਤੇ ਪ੍ਰਭੂਸੱਤਾ ਸੰਪੰਨ ਰਾਸ਼ਟਰ ਨਹੀਂ, ਸਗੋਂ ਅਮਰੀਕਾ ਦੀ ਕੋਈ ਬਸਤੀ ਹੋਵੇ।

ਪਿਛਲੇ ਕੁਝ ਦਿਨਾਂ ਵਿੱਚ ਅਮਰੀਕਾ ਸਰਕਾਰ ਦੇ ਪ੍ਰਤੀਨਿਧੀਆਂ ਨੇ ਭਾਰਤ ਦੇ ਸਬੰਧ ਵਿੱਚ ਕਈ ਅਜਿਹੇ ਬਿਆਨ ਦਿੱਤੇ ਹਨ, ਜਿਨ੍ਹਾਂ ਨਾਲ ਪੂਰੇ ਦੇਸ਼ ਦੀ ਜਨਤਾ, ਖਾਸ ਕਰਕੇ ਪੰਜਾਬ ਦੇ ਲੋਕਾਂ ਵਿੱਚ ਗਹਿਰੀ ਚਿੰਤਾ ਪੈਦਾ ਹੋਈ ਹੈ। ਕਦੇ ਇਹ ਕਿਹਾ ਜਾਂਦਾ ਹੈ ਕਿ ਭਾਰਤ ਨੂੰ ਰੂਸ ਤੋਂ ਤੇਲ ਖਰੀਦਣ ਦੀ ਇਜਾਜ਼ਤ ਕੇਵਲ ਤੀਹ ਦਿਨਾਂ ਲਈ ਦਿੱਤੀ ਗਈ ਹੈ, ਕਦੇ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਪਾਕਿਸਤਾਨ ਨਾਲ ਜੰਗਬੰਦੀ ਅਮਰੀਕਾ ਨੇ ਕਰਵਾਈ ਸੀ ਅਤੇ ਕਦੇ ਭਾਰਤ ਦੀ ਊਰਜਾ ਸਪਲਾਈ ਬਾਰੇ ਇਸ ਤਰ੍ਹਾਂ ਦੇ ਬਿਆਨ ਦਿੱਤੇ ਜਾਂਦੇ ਹਨ ਜਿਵੇਂ ਭਾਰਤ ਦੀਆਂ ਨੀਤੀਆਂ ਅਮਰੀਕਾ ਦੀ ਇਜਾਜ਼ਤ ਨਾਲ ਚੱਲਦੀਆਂ ਹੋਣ।

ਇਸ ਤੋਂ ਵੀ ਵੱਧ ਚਿੰਤਾਜਨਕ ਗੱਲ ਇਹ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਨੇ ਇਨ੍ਹਾਂ ਬਿਆਨਾਂ ਦਾ ਅਜੇ ਤੱਕ ਕੋਈ ਸਪੱਸ਼ਟ ਅਤੇ ਸਖਤ ਖੰਡਨ ਨਹੀਂ ਕੀਤਾ। ਪ੍ਰਧਾਨ ਮੰਤਰੀ ਨੇ ਇੱਕ ਵਾਰ ਵੀ ਇਹ ਨਹੀਂ ਕਿਹਾ ਕਿ ਅਮਰੀਕਾ ਵੱਲੋਂ ਦਿੱਤੇ ਗਏ ਇਹ ਬਿਆਨ ਗਲਤ ਹਨ। ਨਾ ਹੀ ਉਨ੍ਹਾਂ ਨੇ ਅੰਤਰਰਾਸ਼ਟਰੀ ਮੰਚਾਂ ਤੇ ਭਾਰਤ ਦੀ ਪ੍ਰਭੂਸੱਤਾ ਨੂੰ ਇਸ ਤਰ੍ਹਾਂ ਕਮਜ਼ੋਰ ਦਿਖਾਉਣ ਦੀਆਂ ਕੋਸ਼ਿਸ਼ਾਂ ਦਾ ਕੋਈ ਵਿਰੋਧ ਦਰਜ ਕਰਵਾਇਆ ਹੈ।

ਪ੍ਰਧਾਨ ਮੰਤਰੀ ਦੀ ਇਸ ਚੁੱਪੀ ਅਤੇ ਕਮਜ਼ੋਰ ਰੁੱਖ ਨੂੰ ਵੇਖਦੇ ਹੋਏ ਇਹ ਸਦਨ ਇਹ ਸੰਦੇਹ ਪ੍ਰਗਟ ਕਰਦਾ ਹੈ ਕਿ ਕਿਤੇ ਇਸ ਪਿਛੋਕੜ ਵਿੱਚ ਅਮਰੀਕਾ ਨਾਲ ਖੇਤੀਬਾੜੀ ਅਤੇ ਬੀਜਾਂ ਨਾਲ ਸਬੰਧਤ ਕੋਈ ਅਜਿਹਾ ਵਪਾਰਕ ਸਮਝੌਤਾ ਤਾਂ ਨਹੀਂ ਕੀਤਾ ਜਾ ਰਿਹਾ ਜਿਸ ਵਿੱਚ ਦੇਸ਼ ਦੇ ਕਿਸਾਨਾਂ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੋਵੇ। ਇਹ ਵੀ ਸ਼ੰਕਾ ਹੈ ਕਿ ਕਿਤੇ ਕਿਸੇ ਦਬਾਅ ਹੇਠ ਆ ਕੇ ਭਾਰਤ ਸਰਕਾਰ ਨੇ ਕਿਸਾਨਾਂ ਦੇ ਹਿੱਤਾਂ ਨੂੰ ਦਾਅ ਤੇ ਲਗਾ ਕੇ ਅਮਰੀਕਾ ਨਾਲ ਖੇਤੀਬਾੜੀ ਵਪਾਰ ਸਮਝੌਤੇ ਦੀ ਤਿਆਰੀ ਤਾਂ ਨਹੀਂ ਕਰ ਲਈ।

ਪੰਜਾਬ ਦੀ ਅਰਥਵਿਵਸਥਾ ਦਾ ਆਧਾਰ ਉਸ ਦਾ ਕਿਸਾਨ ਹੈ। ਪੰਜਾਬ ਦਾ ਕਿਸਾਨ ਸਿਰਫ਼ ਉਤਪਾਦਨ ਕਰਨ ਵਾਲਾ ਨਹੀਂ, ਸਗੋਂ ਆਪਣੇ ਬੀਜ 'ਤੇ ਆਪਣੇ ਅਧਿਕਾਰ, ਆਪਣੀ ਖੇਤੀ ਦੀ ਆਜ਼ਾਦੀ ਅਤੇ ਦੇਸ਼ ਦੀ ਖਾਦ ਸੁਰੱਖਿਆ ਦਾ ਰਾਖਾ ਵੀ ਹੈ।

ਇਸ ਲਈ ਇਹ ਸਦਨ ਪੰਜਾਬ ਦੇ ਹਰ ਇੱਕ ਕਿਸਾਨ ਦੇ ਨਾਲ ਖੜ੍ਹਾ ਹੈ ਅਤੇ ਇਹ ਸਪੱਸ਼ਟ ਕਰਦਾ ਹੈ ਕਿ ਕਿਸਾਨ ਨੂੰ ਆਪਣੀ ਖੇਤੀ ਕਰਨ, ਆਪਣੇ ਬੀਜਾਂ 'ਤੇ ਅਧਿਕਾਰ ਰੱਖਣ ਅਤੇ ਆਪਣੇ ਪਰੰਪਰਾਗਤ ਖੇਤੀਬਾੜੀ ਤਰੀਕਿਆਂ ਨੂੰ ਅਪਣਾਉਣ ਦੀ ਪੂਰੀ ਆਜ਼ਾਦੀ ਮਿਲਣੀ ਚਾਹੀਦੀ ਹੈ।

ਇਹ ਸਦਨ ਭਾਰਤ ਸਰਕਾਰ ਦਾ ਧਿਆਨ ਇਸ ਵੱਲ ਵੀ ਖਿੱਚਣਾ ਚਾਹੁੰਦਾ ਹੈ ਕਿ ਜੇਕਰ ਅਮਰੀਕਾ-ਭਾਰਤ ਵਪਾਰ ਸਮਝੌਤੇ ਦੇ ਤਹਿਤ ਖਾਦ ਅਤੇ ਖੇਤੀਬਾੜੀ ਉਤਪਾਦਾਂ ਵਿੱਚ ਟੈਰਿਫ਼ ਅਤੇ ਨਾਨ-ਟੈਰਿਫ਼ ਰੁਕਾਵਟਾਂ ਨੂੰ ਹਟਾਇਆ ਜਾਂਦਾ ਹੈ ਤਾਂ ਇਸ ਦੇ ਗੰਭੀਰ ਪ੍ਰਭਾਵ ਪੰਜਾਬ ਦੀ ਖੇਤੀ ਪ੍ਰਣਾਲੀ 'ਤੇ ਪੈ ਸਕਦੇ ਹਨ।

ਖ਼ਾਸ ਤੌਰ 'ਤੇ ਇਹ ਚਿੰਤਾਵਾਂ ਸਾਹਮਣੇ ਆਈਆਂ ਹਨ:-

1. ਇਸ ਨਾਲ ਫਸਲਾਂ ਦੀ ਵਿਭਿੰਨਤਾ 'ਤੇ ਨਕਾਰਾਤਮਕ ਅਸਰ ਪੈ ਸਕਦਾ ਹੈ। ਜੇਕਰ ਅਮਰੀਕਾ ਤੋਂ ਘੱਟ ਕੀਮਤ 'ਤੇ ਫੀਡ Substitutes ਜਿਵੇਂ DDGS ਜਾਂ ਸੋਇਆਬੀਨ ਤੇਲ ਦਾ ਆਯਾਤ ਹੁੰਦਾ ਹੈ, ਤਾਂ ਇਸ ਨਾਲ ਮੱਕੀ ਅਤੇ ਸੋਇਆਬੀਨ ਦੀਆਂ ਕੀਮਤਾਂ 'ਤੇ ਦਬਾਅ ਪਵੇਗਾ ਜੋ ਪੰਜਾਬ ਵਿੱਚ ਚੱਲ ਰਹੇ ਫਸਲ ਵਿਭਿੰਨਤਾ ਦੇ ਯਤਨਾਂ ਨੂੰ ਕਮਜ਼ੋਰ ਕਰ ਸਕਦਾ ਹੈ।

2. ਇਸ ਦਾ ਕਪਾਹ ਖੇਤਰ 'ਤੇ ਗੰਭੀਰ ਪ੍ਰਭਾਵ ਪੈ ਸਕਦਾ ਹੈ। ਜੇਕਰ ਅਮਰੀਕਾ ਤੋਂ ਕਪਾਹ ਦਾ ਆਯਾਤ ਵਧਦਾ ਹੈ, ਤਾਂ ਖ਼ਾਸ ਕਰਕੇ ਪੰਜਾਬ ਦੇ ਮਾਲਵਾ ਖੇਤਰ ਦੇ ਕਪਾਹ ਪੈਦਾ ਕਰਨ ਵਾਲੇ ਕਿਸਾਨਾਂ ਨੂੰ ਕੀਮਤਾਂ ਵਿੱਚ ਗਿਰਾਵਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

3. ਜੇ ਨਾਨ-ਟੈਰਿਫ਼ ਰੁਕਾਵਟਾਂ ਵਿੱਚ ਢਿੱਲ ਦਿੱਤੀ ਜਾਂਦੀ ਹੈ, ਤਾਂ ਇਸ ਨਾਲ ਜੀ.ਐਮ.ਓ. ਸਮੱਗਰੀ ਦੇ ਦਾਖਲੇ ਦਾ ਖ਼ਤਰਾ ਵਧ ਸਕਦਾ ਹੈ ਅਤੇ ਨਾਲ ਹੀ ਨਵੇਂ ਕੀੜੇ, ਪੌਦਿਆਂ ਦੀਆਂ ਬਿਮਾਰੀਆਂ ਅਤੇ ਮਾਰੂ ਘਾਹ-ਫੂਸ ਭਾਰਤ ਦੀ ਖੇਤੀ ਵਿੱਚ ਦਾਖਲ ਹੋ ਸਕਦੇ ਹਨ, ਜੋ ਪੰਜਾਬ ਦੀ ਖੇਤੀ ਲਈ ਗੰਭੀਰ ਖ਼ਤਰਾ ਬਣ ਸਕਦੇ ਹਨ।

4. ਅਮਰੀਕਾ ਦੀ ਖੇਤੀ ਪ੍ਰਣਾਲੀ ਵੱਡੇ ਖੇਤਾਂ, ਭਾਰੀ ਸਰਕਾਰੀ ਸਬਸਿਡੀ ਅਤੇ ਵੱਡੇ ਪੈਮਾਨੇ ਦੀ ਉਤਪਾਦਨ ਸਮਰੱਥਾ 'ਤੇ ਆਧਾਰਿਤ ਹੈ। ਅਜਿਹੇ ਹਾਲਾਤਾਂ ਵਿੱਚ ਉਥੋਂ ਆਉਣ ਵਾਲੇ ਸਸਤੇ ਖੇਤੀਬਾੜੀ ਉਤਪਾਦਾਂ ਨਾਲ ਪੰਜਾਬ ਦੇ ਕਿਸਾਨਾਂ ਨੂੰ ਬੇਤਰਤੀਬੇ ਮੁਕਾਬਲੇ ਦਾ ਸਾਹਮਣਾ ਕਰਨਾ ਪਵੇਗਾ।

ਇਨ੍ਹਾਂ ਸਾਰੇ ਪਹਿਲੂਆਂ 'ਤੇ ਵਿਚਾਰ ਕਰਨ ਤੋਂ ਬਾਅਦ ਇਹ ਸਦਨ ਸਪੱਸ਼ਟ ਤੌਰ 'ਤੇ ਇਹ ਮਤਾ ਪਕਾਉਂਦਾ ਹੈ ਕਿ ਕਿਸਾਨਾਂ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕਰਕੇ ਅਮਰੀਕਾ ਨਾਲ ਕਿਸੇ ਵੀ ਕਿਸਮ ਦਾ ਖੇਤੀਬਾੜੀ ਸਮਝੌਤਾ ਮਨਜ਼ੂਰ ਨਹੀਂ ਕੀਤਾ ਜਾ ਸਕਦਾ। ਪੰਜਾਬ ਦੀ ਵਿਧਾਨ ਸਭਾ ਇਹ ਸਪੱਸ਼ਟ ਕਰਦੀ ਹੈ ਕਿ ਕਿਸਾਨਾਂ ਦੇ ਅਧਿਕਾਰਾਂ, ਉਨ੍ਹਾਂ ਦੀ ਖੇਤੀ ਦੀ ਆਜ਼ਾਦੀ ਅਤੇ ਬੀਜਾਂ 'ਤੇ ਉਨ੍ਹਾਂ ਦੇ ਮਾਲਕੀ ਹੱਕ ਨਾਲ ਕਿਸੇ ਵੀ ਕਿਸਮ ਦਾ ਸਮਝੌਤਾ ਕਬੂਲ ਨਹੀਂ ਕੀਤਾ ਜਾਵੇਗਾ।

ਇਸ ਲਈ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਭਾਰਤ ਸਰਕਾਰ ਨੂੰ ਅਪੀਲ ਕਰੇ ਕਿ ਉਹ ਕਿਸੇ ਵੀ ਕਿਸਮ ਦੇ ਅੰਤਰਰਾਸ਼ਟਰੀ ਦਬਾਅ ਵਿੱਚ ਆਏ ਬਿਨਾਂ ਦੇਸ਼ ਦੇ ਕਿਸਾਨਾਂ, ਖ਼ਾਸ ਕਰਕੇ ਪੰਜਾਬ ਦੇ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਯਕੀਨੀ ਬਣਾਏ ਅਤੇ ਬੀਜਾਂ ਤੇ ਕਿਸਾਨਾਂ ਦੇ ਮਾਲਕੀ ਹੱਕਾਂ ਦੀ ਰਾਖੀ ਯਕੀਨੀ ਬਣਾਵੇ।"

**ਮਾਣਯੋਗ ਸਪੀਕਰ:** ਪ੍ਰਸਤਾਵ ਕੀਤਾ ਕਿ-

"ਹਾਲ ਹੀ ਵਿੱਚ ਭਾਰਤ ਦੇਸ਼ ਬਾਰੇ ਅਮਰੀਕਾ ਸਰਕਾਰ ਵੱਲੋਂ ਜਿਹੜੇ ਤਰੀਕੇ ਨਾਲ ਬਿਆਨ ਦਿੱਤੇ ਗਏ ਹਨ, ਉਹ ਬਹੁਤ ਹੀ ਚਿੰਤਾਜਨਕ ਹਨ। ਅਜਿਹਾ ਲੱਗਦਾ ਹੈ ਜਿਵੇਂ ਭਾਰਤ ਕੋਈ ਆਜ਼ਾਦ ਅਤੇ ਪ੍ਰਭੂਸੱਤਾ ਸੰਪੰਨ ਰਾਸ਼ਟਰ ਨਹੀਂ, ਸਗੋਂ ਅਮਰੀਕਾ ਦੀ ਕੋਈ ਬਸਤੀ ਹੋਵੇ।

ਪਿਛਲੇ ਕੁਝ ਦਿਨਾਂ ਵਿੱਚ ਅਮਰੀਕਾ ਸਰਕਾਰ ਦੇ ਪ੍ਰਤੀਨਿਧੀਆਂ ਨੇ ਭਾਰਤ ਦੇ ਸਬੰਧ ਵਿੱਚ ਕਈ ਅਜਿਹੇ ਬਿਆਨ ਦਿੱਤੇ ਹਨ, ਜਿਨ੍ਹਾਂ ਨਾਲ ਪੂਰੇ ਦੇਸ਼ ਦੀ ਜਨਤਾ, ਖਾਸ ਕਰਕੇ ਪੰਜਾਬ ਦੇ ਲੋਕਾਂ ਵਿੱਚ ਗਹਿਰੀ ਚਿੰਤਾ ਪੈਦਾ ਹੋਈ ਹੈ। ਕਦੇ ਇਹ ਕਿਹਾ ਜਾਂਦਾ ਹੈ ਕਿ ਭਾਰਤ ਨੂੰ ਰੂਸ ਤੋਂ ਤੇਲ ਖਰੀਦਣ ਦੀ ਇਜਾਜ਼ਤ ਕੇਵਲ ਤੀਹ ਦਿਨਾਂ ਲਈ ਦਿੱਤੀ ਗਈ ਹੈ, ਕਦੇ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਪਾਕਿਸਤਾਨ ਨਾਲ ਜੰਗਬੰਦੀ ਅਮਰੀਕਾ ਨੇ ਕਰਵਾਈ ਸੀ ਅਤੇ ਕਦੇ ਭਾਰਤ ਦੀ ਊਰਜਾ ਸਪਲਾਈ ਬਾਰੇ ਇਸ ਤਰ੍ਹਾਂ ਦੇ ਬਿਆਨ ਦਿੱਤੇ ਜਾਂਦੇ ਹਨ ਜਿਵੇਂ ਭਾਰਤ ਦੀਆਂ ਨੀਤੀਆਂ ਅਮਰੀਕਾ ਦੀ ਇਜਾਜ਼ਤ ਨਾਲ ਚੱਲਦੀਆਂ ਹੋਣ।

ਇਸ ਤੋਂ ਵੀ ਵੱਧ ਚਿੰਤਾਜਨਕ ਗੱਲ ਇਹ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਨੇ ਇਨ੍ਹਾਂ ਬਿਆਨਾਂ ਦਾ ਅਜੇ ਤੱਕ ਕੋਈ ਸਪੱਸ਼ਟ ਅਤੇ ਸਖਤ ਖੰਡਨ ਨਹੀਂ ਕੀਤਾ। ਪ੍ਰਧਾਨ ਮੰਤਰੀ ਨੇ ਇੱਕ ਵਾਰ ਵੀ ਇਹ ਨਹੀਂ ਕਿਹਾ ਕਿ ਅਮਰੀਕਾ ਵੱਲੋਂ ਦਿੱਤੇ ਗਏ ਇਹ ਬਿਆਨ ਗਲਤ ਹਨ। ਨਾ ਹੀ ਉਨ੍ਹਾਂ ਨੇ ਅੰਤਰਰਾਸ਼ਟਰੀ ਮੰਚਾਂ ਤੇ ਭਾਰਤ ਦੀ ਪ੍ਰਭੁਸੱਤਾ ਨੂੰ ਇਸ ਤਰ੍ਹਾਂ ਕਮਜ਼ੋਰ ਦਿਖਾਉਣ ਦੀਆਂ ਕੋਸ਼ਿਸ਼ਾਂ ਦਾ ਕੋਈ ਵਿਰੋਧ ਦਰਜ ਕਰਵਾਇਆ ਹੈ।

ਪ੍ਰਧਾਨ ਮੰਤਰੀ ਦੀ ਇਸ ਚੁੱਪੀ ਅਤੇ ਕਮਜ਼ੋਰ ਰੁੱਖ ਨੂੰ ਵੇਖਦੇ ਹੋਏ ਇਹ ਸਦਨ ਇਹ ਸੰਦੇਹ ਪ੍ਰਗਟ ਕਰਦਾ ਹੈ ਕਿ ਕਿਤੇ ਇਸ ਪਿਛੋਕੜ ਵਿੱਚ ਅਮਰੀਕਾ ਨਾਲ ਖੇਤੀਬਾੜੀ ਅਤੇ ਬੀਜਾਂ ਨਾਲ ਸਬੰਧਤ ਕੋਈ ਅਜਿਹਾ ਵਪਾਰਕ ਸਮਝੌਤਾ ਤਾਂ ਨਹੀਂ ਕੀਤਾ ਜਾ ਰਿਹਾ ਜਿਸ ਵਿੱਚ ਦੇਸ਼ ਦੇ ਕਿਸਾਨਾਂ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੋਵੇ। ਇਹ ਵੀ ਸ਼ੰਕਾ ਹੈ ਕਿ ਕਿਤੇ ਕਿਸੇ ਦਬਾਅ ਹੇਠ ਆ ਕੇ ਭਾਰਤ ਸਰਕਾਰ ਨੇ ਕਿਸਾਨਾਂ ਦੇ ਹਿੱਤਾਂ ਨੂੰ ਦਾਅ ਤੇ ਲਗਾ ਕੇ ਅਮਰੀਕਾ ਨਾਲ ਖੇਤੀਬਾੜੀ ਵਪਾਰ ਸਮਝੌਤੇ ਦੀ ਤਿਆਰੀ ਤਾਂ ਨਹੀਂ ਕਰ ਲਈ।

ਪੰਜਾਬ ਦੀ ਅਰਥਵਿਵਸਥਾ ਦਾ ਆਧਾਰ ਉਸ ਦਾ ਕਿਸਾਨ ਹੈ। ਪੰਜਾਬ ਦਾ ਕਿਸਾਨ ਸਿਰਫ਼ ਉਤਪਾਦਨ ਕਰਨ ਵਾਲਾ ਨਹੀਂ, ਸਗੋਂ ਆਪਣੇ ਬੀਜ 'ਤੇ ਆਪਣੇ ਅਧਿਕਾਰ, ਆਪਣੀ ਖੇਤੀ ਦੀ ਆਜ਼ਾਦੀ ਅਤੇ ਦੇਸ਼ ਦੀ ਖਾਦ ਸੁਰੱਖਿਆ ਦਾ ਰਾਖਾ ਵੀ ਹੈ।

ਇਸ ਲਈ ਇਹ ਸਦਨ ਪੰਜਾਬ ਦੇ ਹਰ ਇੱਕ ਕਿਸਾਨ ਦੇ ਨਾਲ ਖੜ੍ਹਾ ਹੈ ਅਤੇ ਇਹ ਸਪੱਸ਼ਟ ਕਰਦਾ ਹੈ ਕਿ ਕਿਸਾਨ ਨੂੰ ਆਪਣੀ ਖੇਤੀ ਕਰਨ, ਆਪਣੇ ਬੀਜਾਂ 'ਤੇ ਅਧਿਕਾਰ ਰੱਖਣ ਅਤੇ ਆਪਣੇ ਪਰੰਪਰਾਗਤ ਖੇਤੀਬਾੜੀ ਤਰੀਕਿਆਂ ਨੂੰ ਅਪਣਾਉਣ ਦੀ ਪੂਰੀ ਆਜ਼ਾਦੀ ਮਿਲਣੀ ਚਾਹੀਦੀ ਹੈ।

ਇਹ ਸਦਨ ਭਾਰਤ ਸਰਕਾਰ ਦਾ ਧਿਆਨ ਇਸ ਵੱਲ ਵੀ ਖਿੱਚਣਾ ਚਾਹੁੰਦਾ ਹੈ ਕਿ ਜੇਕਰ ਅਮਰੀਕਾ-ਭਾਰਤ ਵਪਾਰ ਸਮਝੌਤੇ ਦੇ ਤਹਿਤ ਖਾਦ ਅਤੇ ਖੇਤੀਬਾੜੀ ਉਤਪਾਦਾਂ ਵਿੱਚ ਟੈਰਿਫ਼ ਅਤੇ ਨਾਨ-ਟੈਰਿਫ਼ ਰੁਕਾਵਟਾਂ ਨੂੰ ਹਟਾਇਆ ਜਾਂਦਾ ਹੈ ਤਾਂ ਇਸ ਦੇ ਗੰਭੀਰ ਪ੍ਰਭਾਵ ਪੰਜਾਬ ਦੀ ਖੇਤੀ ਪ੍ਰਣਾਲੀ ਤੇ ਪੈ ਸਕਦੇ ਹਨ।

ਖ਼ਾਸ ਤੌਰ 'ਤੇ ਇਹ ਚਿੰਤਾਵਾਂ ਸਾਹਮਣੇ ਆਈਆਂ ਹਨ:-

1. ਇਸ ਨਾਲ ਫਸਲਾਂ ਦੀ ਵਿਭਿੰਨਤਾ 'ਤੇ ਨਕਾਰਾਤਮਕ ਅਸਰ ਪੈ ਸਕਦਾ ਹੈ। ਜੇਕਰ ਅਮਰੀਕਾ ਤੋਂ ਘੱਟ ਕੀਮਤ 'ਤੇ ਫੀਡ Substitutes ਜਿਵੇਂ DDGS ਜਾਂ ਸੋਇਆਬੀਨ ਤੇਲ ਦਾ ਆਯਾਤ ਹੁੰਦਾ ਹੈ, ਤਾਂ ਇਸ

ਨਾਲ ਮੱਕੀ ਅਤੇ ਸੋਇਆਬੀਨ ਦੀਆਂ ਕੀਮਤਾਂ 'ਤੇ ਦਬਾਅ ਪਵੇਗਾ ਜੋ ਪੰਜਾਬ ਵਿੱਚ ਚੱਲ ਰਹੇ ਫਸਲ ਵਿਭਿੰਨਤਾ ਦੇ ਯਤਨਾਂ ਨੂੰ ਕਮਜ਼ੋਰ ਕਰ ਸਕਦਾ ਹੈ।

2. ਇਸ ਦਾ ਕਪਾਹ ਖੇਤਰ 'ਤੇ ਗੰਭੀਰ ਪ੍ਰਭਾਵ ਪੈ ਸਕਦਾ ਹੈ। ਜੇਕਰ ਅਮਰੀਕਾ ਤੋਂ ਕਪਾਹ ਦਾ ਆਯਾਤ ਵਧਦਾ ਹੈ, ਤਾਂ ਖ਼ਾਸ ਕਰਕੇ ਪੰਜਾਬ ਦੇ ਮਾਲਵਾ ਖੇਤਰ ਦੇ ਕਪਾਹ ਪੈਦਾ ਕਰਨ ਵਾਲੇ ਕਿਸਾਨਾਂ ਨੂੰ ਕੀਮਤਾਂ ਵਿੱਚ ਗਿਰਾਵਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

3. ਜੇ ਨਾਨ-ਟੈਰਿਫ਼ ਰੁਕਾਵਟਾਂ ਵਿੱਚ ਢਿੱਲ ਦਿੱਤੀ ਜਾਂਦੀ ਹੈ, ਤਾਂ ਇਸ ਨਾਲ ਜੀ.ਐਮ.ਓ. ਸਮੱਗਰੀ ਦੇ ਦਾਖਲੇ ਦਾ ਖ਼ਤਰਾ ਵਧ ਸਕਦਾ ਹੈ ਅਤੇ ਨਾਲ ਹੀ ਨਵੇਂ ਕੀੜੇ, ਪੌਦਿਆਂ ਦੀਆਂ ਬਿਮਾਰੀਆਂ ਅਤੇ ਮਾਰੂ ਘਾਹ-ਫੂਸ ਭਾਰਤ ਦੀ ਖੇਤੀ ਵਿੱਚ ਦਾਖਲ ਹੋ ਸਕਦੇ ਹਨ, ਜੋ ਪੰਜਾਬ ਦੀ ਖੇਤੀ ਲਈ ਗੰਭੀਰ ਖ਼ਤਰਾ ਬਣ ਸਕਦੇ ਹਨ।

4. ਅਮਰੀਕਾ ਦੀ ਖੇਤੀ ਪ੍ਰਣਾਲੀ ਵੱਡੇ ਖੇਤਾਂ, ਭਾਰੀ ਸਰਕਾਰੀ ਸਬਸਿਡੀ ਅਤੇ ਵੱਡੇ ਪੈਮਾਨੇ ਦੀ ਉਤਪਾਦਨ ਸਮਰੱਥਾ 'ਤੇ ਆਧਾਰਿਤ ਹੈ। ਅਜਿਹੇ ਹਾਲਾਤਾਂ ਵਿੱਚ ਉਥੋਂ ਆਉਣ ਵਾਲੇ ਸਸਤੇ ਖੇਤੀਬਾੜੀ ਉਤਪਾਦਾਂ ਨਾਲ ਪੰਜਾਬ ਦੇ ਕਿਸਾਨਾਂ ਨੂੰ ਬੇਤਰਤੀਬੇ ਮੁਕਾਬਲੇ ਦਾ ਸਾਹਮਣਾ ਕਰਨਾ ਪਵੇਗਾ।

ਇਨ੍ਹਾਂ ਸਾਰੇ ਪਹਿਲੂਆਂ 'ਤੇ ਵਿਚਾਰ ਕਰਨ ਤੋਂ ਬਾਅਦ ਇਹ ਸਦਨ ਸਪੱਸ਼ਟ ਤੌਰ 'ਤੇ ਇਹ ਮਤਾ ਪਕਾਉਂਦਾ ਹੈ ਕਿ ਕਿਸਾਨਾਂ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕਰਕੇ ਅਮਰੀਕਾ ਨਾਲ ਕਿਸੇ ਵੀ ਕਿਸਮ ਦਾ ਖੇਤੀਬਾੜੀ ਸਮਝੌਤਾ ਮਨਜ਼ੂਰ ਨਹੀਂ ਕੀਤਾ ਜਾ ਸਕਦਾ। ਪੰਜਾਬ ਦੀ ਵਿਧਾਨ ਸਭਾ ਇਹ ਸਪੱਸ਼ਟ ਕਰਦੀ ਹੈ ਕਿ ਕਿਸਾਨਾਂ ਦੇ ਅਧਿਕਾਰਾਂ, ਉਨ੍ਹਾਂ ਦੀ ਖੇਤੀ ਦੀ ਆਜ਼ਾਦੀ ਅਤੇ ਬੀਜਾਂ 'ਤੇ ਉਨ੍ਹਾਂ ਦੇ ਮਾਲਕੀ ਹੱਕ ਨਾਲ ਕਿਸੇ ਵੀ ਕਿਸਮ ਦਾ ਸਮਝੌਤਾ ਕਬੂਲ ਨਹੀਂ ਕੀਤਾ ਜਾਵੇਗਾ।

ਇਸ ਲਈ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਭਾਰਤ ਸਰਕਾਰ ਨੂੰ ਅਪੀਲ ਕਰੇ ਕਿ ਉਹ ਕਿਸੇ ਵੀ ਕਿਸਮ ਦੇ ਅੰਤਰਰਾਸ਼ਟਰੀ ਦਬਾਅ ਵਿੱਚ ਆਏ ਬਿਨਾਂ ਦੇਸ਼ ਦੇ ਕਿਸਾਨਾਂ, ਖ਼ਾਸ ਕਰਕੇ ਪੰਜਾਬ ਦੇ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਯਕੀਨੀ ਬਣਾਏ ਅਤੇ ਬੀਜਾਂ ਤੇ ਕਿਸਾਨਾਂ ਦੇ ਮਾਲਕੀ ਹੱਕਾਂ ਦੀ ਰਾਖੀ ਯਕੀਨੀ ਬਣਾਵੇ।"

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ) :** ਸਪੀਕਰ ਸਾਹਿਬ, ਮੇਰੀ ਤੁਹਾਨੂੰ ਇਹੀ ਬੇਨਤੀ ਹੈ ਕਿ ਇਸ ਸਬੰਧੀ ਮੈਂ 26 ਤਾਰੀਕ ਨੂੰ ਰੈਜ਼ੋਲਿਊਸ਼ਨ ਭੇਜਿਆ ਸੀ ਅਤੇ ਮੈਂ ਚਾਹੁੰਦਾ ਹਾਂ ਕਿ ਜੇਕਰ ਇਸ ਨੂੰ ਕਲੱਬ ਕਰ ਲਿਆ ਜਾਵੇ ਤਾਂ ਕੋਈ ਮਾੜੀ ਗੱਲ ਨਹੀਂ ਹੋਵੇਗੀ। ਮੈਂ ਇਸ ਟਰੇਡ ਡੀਲ ਸਬੰਧੀ ਬੇਨਤੀ ਕਰਨੀ ਚਾਹਾਂਗਾ। ਸਪੀਕਰ ਸਾਹਿਬ, ਜਦੋਂ ਕਿਸੇ ਰਾਜੇ ਦੇ ਚਰਿੱਤਰ ਵਿੱਚ ਕਮਜ਼ੋਰੀ ਆ ਜਾਂਦੀ ਹੈ ਤਾਂ ਉਹ ਉਸ ਦੇ ਇਕੱਲੇ ਦੀ ਕਮਜ਼ੋਰੀ ਨਹੀਂ ਰਹਿ ਜਾਂਦੀ ਹੈ ਬਲਕਿ ਉਸ ਦੇਸ਼ ਜਾਂ ਸੂਬੇ ਦੀ ਕਮਜ਼ੋਰੀ ਬਣ ਜਾਂਦੀ ਹੈ। ਸਪੀਕਰ ਸਾਹਿਬ, ਅਜਿਹੇ ਹਾਲਾਤ ਹਨ ਕਿ ਆਪਾਂ ਨੂੰ ਇਸ ਸਮਝੌਤੇ ਬਾਰੇ ਅਮਰੀਕਾ ਤੋਂ ਪਤਾ ਲੱਗਦਾ ਹੈ। ਇਹ ਸਾਡੇ ਦੇਸ਼ ਦੇ ਕਿਸਾਨਾਂ ਦੀ ਨੀਂਹ ਤੇ ਸਿੱਧੇ ਤੌਰ ਤੇ ਹਮਲਾ ਕੀਤਾ ਜਾ ਰਿਹਾ ਹੈ ਪਰ ਬਦਕਿਸਮਤੀ ਇਹ ਹੈ ਕਿ ਜਿਹੜਾ ਸਾਡਾ ਡੈਮੋਕਰੇਸੀ ਦਾ ਚੌਥਾ ਪਿੱਲਰ ਹੈ, ਉਹ ਇਸ ਤੇ ਬਿਲਕੁਲ ਚੁੱਪ ਹੈ ਕਿਉਂਕਿ ਜਿਹੜਾ ਸਾਡਾ ਕਿਸਾਨ ਹੈ, ਉਹ ਬਹੁਤ ਛੋਟਾ ਹੈ ਔਰ ਉਨ੍ਹਾਂ ਦਾ ਕਿਸਾਨ ਵੱਡਾ ਭਾਵ ਉੱਥੇ mechanization ਬਹੁਤ ਜ਼ਿਆਦਾ ਹੈ। ਉਨ੍ਹਾਂ ਦੀ ਜਿਹੜੀ ਸਬਸਿਡੀ ਹੈ, ਉਹ ਸਾਡੇ ਤੋਂ ਕਿਤੇ ਜ਼ਿਆਦਾ ਹੈ। ਮੈਨੂੰ

ਲੱਗਦਾ ਹੈ ਕਿ ਸਾਡੇ comparatively ਉਨ੍ਹਾਂ ਦੀ ਡੇਢ ਲੱਖ ਕਰੋੜ ਦੀ ਸਬਸਿਡੀ ਹੈ ਜਦਕਿ ਸਾਡੇ ਕਿਸਾਨ ਨੂੰ ਸਿਰਫ ਛੇ ਹਜ਼ਾਰ ਰੁਪਿਆ ਪ੍ਰਤੀ ਪਰਿਵਾਰ ਸਬਸਿਡੀ ਮਿਲਦੀ ਹੈ। ਸਪੀਕਰ ਸਾਹਿਬ, ਸਮਝੌਤਾ ਤਾਂ ਬਰਾਬਰ ਰੱਖ ਕੇ ਹੁੰਦਾ ਹੈ, ਜਦੋਂ ਦੋ ਬਰਾਬਰ ਦੀਆਂ ਟੀਮਾਂ ਨੂੰ ਬਰਾਬਰ ਰੱਖ ਕੇ ਖੇਡਿਆ ਜਾਂਦਾ ਹੈ ਤਾਂ ਹੀ ਸਮਝੌਤਾ ਹੁੰਦਾ ਹੈ। ਮੈਨੂੰ ਲੱਗਦਾ ਹੈ ਕਿ ਉਨ੍ਹਾਂ ਦਾ ਅਤੇ ਸਾਡਾ ਖੇਤੀ ਦਾ ਗੈਪ ਬਹੁਤ ਵੱਡਾ ਹੈ, ਜਿਸ ਕਰਕੇ ਇਹ ਸਮਝੌਤਾ ਨਹੀਂ ਹੈ, ਬੇਸੀਕਲੀ ਸਰੰਡਰ ਹੈ। ਸੋ, ਉਸ ਦੇ ਲਈ ਖਾਸ ਕਰਕੇ ਭਾਰਤ ਵੱਲੋਂ ਕਈ ਅਮਰੀਕੀ ਖੇਤੀ ਉਤਪਾਦਾਂ ਤੇ ਇੰਪੋਰਟ ਡਿਊਟੀ ਜ਼ੀਰੋ ਪਰਸੈਂਟ ਕਰਨ ਦੀ ਸੰਭਾਵਨਾ ਹੈ, ਜਿਸ ਨਾਲ ਨਾਨ-ਟੈਰਿਫ ਰੁਕਾਵਟਾਂ ਵੀ ਹਟਾਈਆਂ ਜਾ ਸਕਦੀਆਂ ਹਨ। ਇਸ ਦੇ ਨਾਲ ਜਿਹੜਾ ਆਪਣਾ ਬਜ਼ਾਰ ਹੈ ਕਿਉਂਕਿ ਆਪਾਂ ਪਿਛਲੇ 75 ਸਾਲਾਂ ਤੋਂ ਇੱਕ ਪ੍ਰਿੰਸੀਪਲ ਤੇ ਖੜ੍ਹੇ ਹਾਂ। ਵੈਸੇ ਵੀ ਜਿਹੜਾ ਲਾਸਟ G-20 ਦਾ ਰੈਜ਼ੋਲਿਊਸ਼ਨ ਸੀ, ਉਸ ਵਿੱਚ ਇਹ ਸੀ ਕਿ ਜਿਹੜੀਆਂ ਵੀ ਛੋਟੀਆਂ ਕੰਟਰੀਜ਼ ਹਨ ਜਾਂ ਡਿਵੈਲਪਿੰਗ ਕੰਟਰੀਜ਼ ਹਨ, ਉਨ੍ਹਾਂ ਦੀ ਜਿਹੜੀ ਆਪਣੀ ਇੰਟਰਨਲ ਗਰੋਥ ਹੈ, ਉਸ ਨੂੰ ਕਿਸੇ ਤਰ੍ਹਾਂ ਵੀ ਪ੍ਰਭਾਵਿਤ ਨਾ ਕੀਤਾ ਜਾਵੇ।

ਇਸ ਵਿੱਚ ਵੱਡੇ ਦੇਸ਼ਾਂ ਦਾ ਬਜ਼ਾਰ ਐਂਟਰ ਨਹੀਂ ਕਰਨਾ ਚਾਹੀਦਾ। ਜਿਹੜਾ ਸਾਡਾ ਕਿਸਾਨ ਹੈ, ਜਿਹੜਾ ਸਾਡਾ ਮਜ਼ਦੂਰ ਹੈ ਅਤੇ ਉਸ ਦੇ ਨਾਲ ਨਾਲ ਜਿਹੜੀਆਂ ਇੰਡਸਟਰੀਆਂ ਹਨ, ਉਹ ਪ੍ਰਭਾਵਿਤ ਨਹੀਂ ਹੋਣੀਆਂ ਚਾਹੀਦੀਆਂ। ਮੰਤਰੀ ਸਾਹਿਬ ਨੇ ਕਪਾਹ ਦੀ ਗੱਲ ਵੀ ਕੀਤੀ ਹੈ। ਕਪਾਹ ਉਤੇ ਵੀ ਲਗਭਗ 11% ਡਿਊਟੀ ਘਟਾਉਣ ਦੀ ਗੱਲ ਹੈ। ਜਦੋਂ 11% ਡਿਊਟੀ ਘਟਾ ਲਈ ਤਾਂ ਮੈਨੂੰ ਲੱਗਦਾ ਹੈ ਕਿ ਸਾਡਾ ਉਨ੍ਹਾਂ ਨਾਲ ਕੋਈ ਕੰਪੈਰਿਜ਼ਨ ਨਹੀਂ ਰਹਿ ਜਾਵੇਗਾ, ਉਨ੍ਹਾਂ ਦੀ ਫਲੱਡਿੰਗ ਹੋ ਜਾਵੇਗੀ। ਚਾਹੇ ਹਿਮਾਚਲ ਲੈ ਲਈਏ ਜਾਂ ਕੋਈ ਹੋਰ ਗਵਾਂਢੀ ਸੂਬੇ ਲੈ ਲਈਏ, ਇਹ ਸਾਰੇ ਸੂਬੇ ਖੇਤੀਬਾੜੀ ਤੇ ਨਿਰਭਰ ਹਨ। ਇਹ ਸਾਨੂੰ ਕਹਿਣਗੇ ਕਿ ਅਸੀਂ ਇਸ ਤਰ੍ਹਾਂ ਕਰ ਦੇਵਾਂਗੇ ਜਾਂ ਉਸ ਤਰ੍ਹਾਂ ਕਰ ਦੇਵਾਂਗੇ ਅਤੇ ਸਮਾਨ ਸਸਤਾ ਹੋ ਜਾਵੇਗਾ। ਪਰ ਸਾਡੀ ਰੋਜ਼ਮਰ੍ਹਾ ਦੀ ਜ਼ਿੰਦਗੀ ਉੱਤੇ ਇਸ ਦੇ ਅਸਰ ਦੇਖਣ ਨੂੰ ਮਿਲਣਗੇ। ਸਾਡਾ ਅੱਜ ਤੱਕ 40 ਤੋਂ 42 ਬਿਲੀਅਨ ਡਾਲਰ ਦਾ ਵਪਾਰ ਹੈ ਪਰ ਜਦੋਂ ਹਰ ਸਾਲ ਅਸੀਂ ਇਹ ਵਪਾਰ 100 ਅਰਬ ਡਾਲਰ ਦਾ ਕਰ ਦਿੱਤਾ ਤਾਂ ਮੈਨੂੰ ਲੱਗਦਾ ਹੈ ਕਿ ਸਾਡੀ ਜਿਹੜੀ ਪੈਸੇ ਦੀ ਸਥਿਤੀ ਹੈ, ਉਹ ਇੰਨੀ ਕਮਜ਼ੋਰ ਹੈ, ਜਿਸ ਤੇ ਸਾਡੀ sustainability ਨਹੀਂ ਹੋਵੇਗੀ। ਸਾਡਾ ਦੇਸ਼ ਇਸ ਨੂੰ ਸਸਟੇਨ ਨਹੀਂ ਕਰ ਪਾਵੇਗਾ। ਇਸ ਨਾਲ ਸਾਡਾ ਵਪਾਰਕ ਘਾਟਾ ਇੰਨਾ ਜ਼ਿਆਦਾ ਹੋ ਜਾਵੇਗਾ ਕਿ ਜਿਸ ਦਾ ਅਸੀਂ ਕੰਪੈਰਿਜ਼ਨ ਨਹੀਂ ਕਰ ਪਾਵਾਂਗੇ। ਜਦੋਂ ਇਹ ਟੈਰਿਫ ਘਟੇ ਤਾਂ ਇਸ ਨਾਲ ਐਮ.ਐਸ.ਪੀ. ਤੇ ਵੀ ਦਬਾਅ ਵਧਣਾ ਹੈ। ਹੁਣ ਵੀ ਐਮ.ਐਸ.ਪੀ. ਜਿੰਨੀ ਦੇਣੀ ਚਾਹੀਦੀ ਹੈ, ਉੰਨੀ ਨਹੀਂ ਦੇ ਸਕਦੇ ਜਾਂ ਸਰਕਾਰਾਂ ਨੇ ਉੰਨੀ ਨਹੀਂ ਦਿੱਤੀ। ਜਦੋਂ ਉਨ੍ਹਾਂ ਦੀ ਇੰਨੀ ਆਯਾਤ ਹੋ ਗਈ ਤਾਂ ਮੈਨੂੰ ਲੱਗਦਾ ਹੈ ਕਿ ਅਸੀਂ ਟੋਟਲੀ ਸਰੰਡਰ ਕਰ ਦੇਵਾਂਗੇ। ਮੈਨੂੰ ਨਹੀਂ ਲੱਗਦਾ ਕਿ ਇਸ ਹਾਊਸ ਦਾ ਕੋਈ ਮੈਂਬਰ ਇਸ ਨੂੰ ਆਪੋਜ਼ ਕਰੇਗਾ ਕਿ ਇਹ ਮਤਾ ਠੀਕ ਨਹੀਂ ਹੈ। ਇਸ ਮਤੇ ਰਾਹੀਂ ਆਪਾਂ ਸਾਰੇ ਆਪਣੀ ਸਹਿਮਤੀ ਦੇਈਏ। ਪੰਜਾਬ ਦਾ ਹਰ ਐਮ.ਐਲ.ਏ. ਕਿਸਾਨੀ ਨਾਲ ਖੜ੍ਹਾ ਹੈ, ਮਜ਼ਦੂਰਾਂ ਨਾਲ ਖੜ੍ਹਾ ਹੈ ਅਤੇ ਛੋਟੇ ਵਪਾਰੀਆਂ ਨਾਲ ਖੜ੍ਹਾ ਹੈ। ਇਸੇ ਤਰ੍ਹਾਂ ਆਪਾਂ ਸਾਰੇ ਜਣੇ ਉਨ੍ਹਾਂ ਤੇ ਪਰੈਸ਼ਰ ਬਿਲਡ ਕਰਕੇ ਇਹ ਸਮਝੌਤਾ ਕਰਨ ਤੋਂ ਰੋਕੀਏ। ਪਿਛਲੇ ਡੇਢ ਦੋ ਮਹੀਨਿਆਂ ਤੋਂ ਸਾਡੀ ਪਾਰਲੀਮੈਂਟ ਵਿੱਚ ਇਸ ਦੀ ਡਿਸਕਸ਼ਨ ਹੋ ਰਹੀ ਹੈ। ਮੈਂ 26 ਤਾਰੀਖ ਨੂੰ ਇਸ ਬਾਰੇ ਕਿਹਾ ਸੀ। ਸਰਕਾਰ ਦੇ ਮਨ ਵਿੱਚ ਵੀ ਇਹ ਮੁੱਦਾ ਆਇਆ, ਇਹ ਬਹੁਤ ਚੰਗੀ ਗੱਲ ਹੈ। ਅਸੀਂ ਕੋਸ਼ਿਸ਼ ਕਰੀਏ ਕਿ ਪੰਜਾਬ ਦੀ ਕਿਸਾਨੀ ਨੂੰ, ਪੰਜਾਬ ਦੇ ਮਜ਼ਦੂਰਾਂ ਨੂੰ ਅਤੇ ਪੰਜਾਬ ਦੇ ਛੋਟੇ ਵਪਾਰੀਆਂ ਨੂੰ ਬਚਾ ਸਕੀਏ। ਸੋ, ਮੈਂ ਇਸ ਮਤੇ ਦੀ ਪ੍ਰੋੜ੍ਹਤਾ ਵੀ ਕਰਦਾ ਹਾਂ ਅਤੇ ਇਸ ਦੇ ਨਾਲ ਖੜ੍ਹਾ ਵੀ ਹਾਂ। ਧੰਨਵਾਦ ਜੀ।

---

## WELCOME ANNOUCEMENT BY THE HON'BLE SPEAKER

**ਮਾਣਯੋਗ ਸਪੀਕਰ:** ਅੱਜ ਮੈਨੂੰ ਆਪ ਸਭ ਨਾਲ ਇਹ ਗੱਲ ਸਾਂਝੀ ਕਰਦੇ ਹੋਏ ਬੜੀ ਖੁਸ਼ੀ ਹੋ ਰਹੀ ਹੈ ਕਿ ਸਾਊਥ ਏਸ਼ੀਆ ਦੇ ਫੂਡ ਪਾਲਿਸੀ ਐਨਾਲਿਸਟ/ਐਕਸਪਰਟ ਸ਼੍ਰੀ ਦਵਿੰਦਰ ਸ਼ਰਮਾ ਜੀ ਵੀ ਗਵਰਨਰ ਬਾਕਸ ਵਿੱਚ ਹਾਜ਼ਰ ਹਨ। ਉਹ ਅੱਜ ਇਸ ਡਿਬੇਟ ਨੂੰ ਦੇਖਣ ਆਏ ਹਨ। ਆਓ, ਉਨ੍ਹਾਂ ਦਾ ਸਵਾਗਤ ਕਰੀਏ। (ਥੰਪਿੰਗ)

---

## OFFICIAL RESOLUTION REGARDING REAFFIRMING THE PROTECTION OF FARMERS' RIGHTS, SEED SOVEREIGNTY, CROP DIVERSIFICATION AND AGRICULTURAL INTERESTS AGAINST ADVERSE IMPACTS OF THE PROPOSED INDIA–US TRADE AGREEMENT *(Resumption)*

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਅਸੀਂ ਸ਼ਰਮਾ ਸਾਹਿਬ ਦਾ ਵੀ ਵੈਲਕਮ ਕਰਦੇ ਹਾਂ ਜਿਹੜੇ ਸਾਡੇ ਐਮੀਨੈਂਟ ਐਗਰੀਕਲਚਰਲ ਸਾਇੰਟਿਸਟ ਹਨ। ਉਹ ਵੀ ਗੈਲਰੀ ਵਿੱਚ ਆ ਕੇ ਬੈਠੇ ਹਨ। ਇਹ ਬਹੁਤ ਇੰਪਾਰਟੈਂਟ ਮਤਾ ਹੈ। ਇਹ ਪਹਿਲਾਂ ਲੈ ਕੇ ਆਉਣਾ ਚਾਹੀਦਾ ਸੀ। ਪਰ, ਚਲੋ ਲੇਟ ਵੀ ਲੈ ਆਏ, ਇਹ ਬਹੁਤ ਅੱਛਾ ਕੰਮ ਕੀਤਾ ਹੈ। ਜਿਸ ਤਰ੍ਹਾਂ ਮੇਰੇ ਕੁਲੀਗ ਸਰਦਾਰ ਪਰਗਟ ਸਿੰਘ ਜੀ ਨੇ ਦੱਸਿਆ ਹੈ ਕਿ ਜਿਸ ਦਿਨ ਦਾ ਦੇਸ਼ ਆਜ਼ਾਦ ਹੋਇਆ ਹੈ, ਉਸ ਦਿਨ ਤੋਂ ਲੈ ਕੇ ਡਾਕਟਰ ਮਨਮੋਹਨ ਸਿੰਘ ਜੀ ਦੀ ਸਰਕਾਰ ਤੱਕ ਅਮੈਰੀਕਨ ਪ੍ਰੈਜ਼ੀਡੈਂਟਸ ਅਤੇ ਵਰਲਡ ਟਰੇਡ ਆਰਗੇਨਾਈਜ਼ੇਸ਼ਨਜ਼ ਲਗਾਤਾਰ ਇਹ ਕੋਸ਼ਿਸ਼ ਕਰਦੀਆਂ ਰਹੀਆਂ ਹਨ ਕਿ ਜਿਹੜੇ ਅਮਰੀਕਾ ਦੇ ਐਗਰੀਕਲਚਰ ਪ੍ਰਾਈਸਿਜ਼ ਹਨ, ਉਸ ਤੇ ਜਿਹੜੇ ਟੈਰਿਫ ਲਗਾਏ ਹਨ, ਉਹ ਘੱਟ ਕੀਤੇ ਜਾਣ। ਅਸੀਂ ਆਪਣੀ ਪੁਰਾਣੀ ਸਾਰੀ ਲੀਡਰਸ਼ਿਪ ਨੂੰ ਸਲਿਊਟ ਕਰਦੇ ਹਾਂ ਕਿ ਹਿੰਦੁਸਤਾਨ ਦੀ ਕਿਸਾਨੀ ਨੂੰ ਅਤੇ ਖੇਤ ਮਜ਼ਦੂਰਾਂ ਨੂੰ ਬਚਾਉਣ ਵਾਸਤੇ ਉਨ੍ਹਾਂ ਨੇ ਇਸ ਕਿਸਮ ਦਾ ਕੋਈ ਵੀ ਸਮਝੌਤਾ ਨਹੀਂ ਕੀਤਾ। ਪਰ ਇਹ ਅਨਫਾਰਚੂਨੇਟ ਹੈ ਕਿ ਜਿਹੜੀ ਭਾਜਪਾ ਦੀ ਸਰਕਾਰ ਹੈ, ਇਹ ਕਾਰਪੋਰੇਟ ਹਾਊਸਿਜ਼ ਦੀ ਸਰਕਾਰ ਹੈ। ਇਹ the haves ਦੇ ਨਾਲ ਹੈ the have nots ਦੇ ਨਾਲ ਨਹੀਂ ਹੈ। ਇਹ ਸਭ ਨੂੰ ਪਤਾ ਹੈ ਕਿ ਜਦੋਂ ਦੇਸ਼ ਤੇ ਕਰੋਨਾ ਦਾ ਟਾਈਮ ਸੀ ਤਾਂ ਇਹ ਬੈਕਡੋਰ ਰਾਹੀਂ ਇਹੋ ਜਿਹੇ ਕਾਨੂੰਨ ਲੈ ਕੇ ਆਏ, ਜਿਨ੍ਹਾਂ ਨੂੰ ਸਾਰੇ ਦੇਸ਼ ਨੇ ਕਾਲੇ ਕਾਨੂੰਨ ਕਿਹਾ ਸੀ। ਉਸ ਸਮੇਂ ਤੁਹਾਡਾ ਦਾਸ ਰਾਜ ਸਭਾ ਦਾ ਮੈਂਬਰ ਸੀ। ਜਦੋਂ ਇਹ ਰਾਜ ਸਭਾ ਵਿੱਚ ਕਾਨੂੰਨ ਲੈ ਕੇ ਆਏ ਤਾਂ ਮੇਰੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ ਮੈਨੂੰ as a lead Speaker ਉੱਥੇ ਇੰਟਰੋਡਿਊਸ ਕਰਵਾਇਆ। ਮੈਂ ਬੋਲਿਆ ਸੀ ਅਤੇ ਮੈਂ ਉੱਥੇ ਇਹ ਗੱਲ ਕਹੀ ਸੀ ਕਿ ਅਸੀਂ ਸਾਰੇ ਕਿਸਾਨਾਂ ਦੇ ਪੁੱਤਰ ਹਾਂ। ਮੈਂ ਉੱਥੇ ਕਿਹਾ ਕਿ ਮੋਦੀ ਸਾਹਿਬ ਇਹ ਜਿਹੜੇ ਤੁਸੀਂ ਕਾਨੂੰਨ ਲੈ ਕੇ ਆਏ ਹੋ, ਇਹ ਹਿੰਦੁਸਤਾਨੀ ਕਿਸਾਨੀ ਦੇ ਡੈੱਥ ਵਾਰੰਟ ਹਨ। ਤੁਸੀਂ ਸਮਝ ਸਕਦੇ ਹੋ ਕਿ ਜੇਕਰ ਕੋਈ ਮੈਂਬਰ ਆਫ ਪਾਰਲੀਮੈਂਟ ਕਿਸਾਨ ਦਾ ਲੜਕਾ ਹੋਵੇ ਤਾਂ ਕੀ ਉਹ ਇਨ੍ਹਾਂ ਮੌਤ ਦੇ ਵਾਰੰਟਾਂ ਤੇ ਸਾਈਨ ਕਰੇਗਾ? ਉਦੋਂ ਬੀ.ਜੇ.ਪੀ. ਨੇ ਪੁਰਜ਼ੋਰ ਕੋਸ਼ਿਸ਼ ਕੀਤੀ ਅਤੇ ਇਨ੍ਹਾਂ ਦੇ ਮਨਿਸਟਰਜ਼ ਨੇ ਕੋਸ਼ਿਸ਼ ਕੀਤੀ ਪਰ ਸਾਰਿਆਂ ਨੇ ਇਨ੍ਹਾਂ ਨੂੰ ਰਾਏ ਦਿੱਤੀ ਕਿ ਇਹ ਕੰਮ ਨਾ ਕਰੋ। ਤੁਸੀਂ ਇਹ ਗਲਤ ਪ੍ਰਥਾ ਛੇੜ ਲਈ ਹੈ। ਤੁਸੀਂ ਅਡਾਨੀਆਂ ਅਤੇ ਅੰਬਾਨੀਆਂ ਦੇ ਹੱਥ ਵਿੱਚ ਹਿੰਦੁਸਤਾਨ ਦੀ ਐਗਰੀਕਲਚਰ, ਵਿਸ਼ੇਸ਼ ਤੌਰ ਤੇ ਪੰਜਾਬ ਅਤੇ ਹਰਿਆਣਾ ਦੀ ਐਗਰੀਕਲਚਰ ਦੇਣਾ ਚਾਹੁੰਦੇ ਹੋ ਪਰ ਇਹ ਮੰਨੇ ਨਹੀਂ। ਉਨ੍ਹਾਂ ਦਾ ਕਹਿਣਾ ਸੀ ਕਿ ਮੋਦੀ ਸਾਹਿਬ ਜਿਹੜਾ ਇੱਕ ਵਾਰ ਫੈਸਲਾ ਲੈ ਲੈਣ ਉਹ ਵਾਪਸ ਨਹੀਂ ਲੈਂਦੇ ਪਰ ਅਲਟੀਮੇਟਲੀ ਮੋਦੀ ਸਾਹਿਬ ਨੂੰ ਆਪਣਾ ਫੈਸਲਾ ਵਾਪਸ ਲੈਣਾ ਪਿਆ।

ਹੁਣ ਅਨਫਾਰਚੂਨੇਟ ਗੱਲ ਇਹ ਹੈ ਕਿ ਜਦੋਂ ਦਾ ਐਪਸਟੀਨ ਫਾਈਲਜ਼ ਦਾ ਕੇਸ ਆਇਆ ਹੈ, ਉਦੋਂ ਦਾ ਪ੍ਰਾਈਮ ਮਨਿਸਟਰ ਤੇ ਜ਼ਬਰਦਸਤ ਪ੍ਰੈਸ਼ਰ ਸੀ। ਉਹ ਕੀ ਹੈ, ਇਹ ਤੁਸੀਂ ਵੀ ਸਮਝਦੇ ਹੋ। ਰਾਸ਼ਟਰਪਤੀ ਟਰੰਪ ਦਾ ਵੀ ਐਪਸਟੀਨ ਫਾਈਲਜ਼ ਵਿੱਚ ਵੱਡੇ ਪੈਮਾਨੇ ਤੇ ਨਾਂ ਹੈ। ਉਸ ਵਿੱਚ ਕੁਝ ਬਹੁਤ ਹੀ ਸੈਂਸੇਟਿਵ ਇਨਫਰਮੇਸ਼ਨ ਹੈ, ਜਿਹੜੀ ਕਿ ਪ੍ਰਾਈਮ ਮਨਿਸਟਰ ਦੇ ਖਿਲਾਫ਼ ਵੀ ਦੱਸੀ ਜਾਂਦੀ ਹੈ। ਉਸ ਪ੍ਰੈਸ਼ਰ ਅਧੀਨ ਜਿਹੜਾ ਇਨ੍ਹਾਂ ਦਾ ਲੇਟੈਸਟ ਐਗਰੀਮੈਂਟ ਹੋਇਆ ਹੈ, ਉਸ ਵਿੱਚ ਕੰਪਲੀਟ sellout ਹੈ। ਜਿਸ ਤਰ੍ਹਾਂ ਸਰਦਾਰ ਪਰਗਟ ਸਿੰਘ ਜੀ ਨੇ ਜ਼ਿਕਰ ਕੀਤਾ ਹੈ ਕਿ ਆਉਣ ਵਾਲੇ ਸਾਲਾਂ ਵਿੱਚ ਅਮੈਰੀਕਨ ਗੁੱਡਜ਼ ਕਿਸ ਤਰ੍ਹਾਂ ਹਿੰਦੁਸਤਾਨ ਵਿੱਚ ਆਉਣੀਆਂ ਹਨ। ਮੈਂ ਤੁਹਾਨੂੰ ਐਗਜ਼ਾਂਪਲ ਦੇਣਾ ਚਾਹੁੰਦਾ ਹਾਂ ਕਿ ਇੰਡੀਅਨ ਕਾਟਨ ਤੇ ਸਤੰਬਰ ਦੇ ਮਹੀਨੇ ਵਿੱਚ 11% ਟੈਰਿਫ ਸੀ, ਇਨ੍ਹਾਂ ਨੇ ਟੈਰਿਫ 0% ਕੀਤਾ। ਸਤੰਬਰ ਤੋਂ ਲੈ ਕੇ ਦਸੰਬਰ ਤੱਕ 30 ਲੱਖ ਕਾਟਨ ਦੀਆਂ ਬੇਲਜ਼ ਹਿੰਦੁਸਤਾਨ ਦੀ ਮਾਰਕੀਟ ਵਿੱਚ ਆਈਆਂ। ਇਸ ਤਰ੍ਹਾਂ ਹਿੰਦੁਸਤਾਨ ਦੀ ਕਾਟਨ ਮਾਰਕੀਟ 1000 ਤੋਂ ਲੈ ਕੇ 1500 ਤੱਕ ਪ੍ਰਤੀ ਕੁਇੰਟਲ ਸਸਤੀ ਹੋ ਗਈ। ਹੁਣ ਇਸ ਵਿੱਚ ਦਾਲਾਂ ਵੀ ਆਉਣੀਆਂ ਹਨ, ਜਦੋਂ ਇੱਕ ਟਾਈਮ ਤੇ ਇਨ੍ਹਾਂ ਨੇ ਦਾਲਾਂ ਦਾ ਵਾਅਦਾ ਕੀਤਾ ਸੀ, ਅਮਰੀਕਾ ਨੇ ਇੱਥੇ ਕਾਗਜ਼ ਘੱਲਿਆ ਤੇ ਇੱਥੇ ਇਕਦਮ ਇਨ੍ਹਾਂ ਨੇ ਉਨ੍ਹਾਂ ਸਾਹਮਣੇ ਹੱਥ ਜੋੜੇ ਅਤੇ ਇੱਕ ਗੱਲ ਕਹੀ ਕਿ ਸਾਡੇ ਖਿਲਾਫ਼ ਤਾਂ ਫਿਰ ਕਿਸਾਨਾਂ ਦੀ ਮੂਵਮੈਂਟ ਖੜ੍ਹੀ ਹੋ ਜਾਣੀ ਹੈ। ਅਸੀਂ ਤੁਹਾਨੂੰ ਬੇਨਤੀ ਕੀਤੀ ਸੀ ਤੇ ਤੁਸੀਂ ਉਹੀ ਚੰਦ ਆਈਟਮਜ਼ ਇਸ ਵਿੱਚ ਲਿਖੋ ਜਿਸ ਨਾਲ ਜਿਹੜੀਆਂ ਮੇਜਰ ਐਗਰੀਕਲਚਰ ਸਟੇਟਸ ਹਨ, ਉਨ੍ਹਾਂ ਦਾ ਕਿਸਾਨ ਨਾ ਖੜ੍ਹਾ ਹੋ ਜਾਵੇ। ਇਨ੍ਹਾਂ ਨੇ ਫਿਰ ਰਾਖਵੀਆਂ ਰੱਖ ਲਈਆਂ ਹਨ। ਕਾਟਨ ਦੇ ਨਾਲ ਦਾਲਾਂ ਵੀ ਆਉਣੀਆਂ ਹਨ। ਇਸ ਦੇ ਨਾਲ ਹੀ ਬਹੁਤ ਸਾਰੇ ਹੋਰ ਗੁੱਡਜ਼ ਹਨ, ਜਿਵੇਂ Apple ਹੀ ਹੈ, ਇਸ ਨਾਲ ਹਿਮਾਚਲ ਤੇ ਜੰਮੂ ਕਸ਼ਮੀਰ ਦੇ ਜਿਹੜੇ apple growers ਹਨ, ਉਨ੍ਹਾਂ ਨੂੰ ਬਹੁਤ ਹੱਦ ਤੱਕ ਇਸ ਦਾ ਨੁਕਸਾਨ ਪਹੁੰਚ ਰਿਹਾ ਹੈ। ਸੋਇਆਬੀਨ, ਕੌਰਨ ਵੀ ਆ ਰਿਹਾ ਹੈ। ਜਿਹੜੀ ਕਣਕ ਹੈ, ਉਹ ਅੱਜ ਨਹੀਂ ਤਾਂ ਛੇ ਮਹੀਨਿਆਂ ਨੂੰ ਆ ਜਾਵੇ, ਸਾਲ ਨੂੰ ਆ ਜਾਵੇ, ਇਸ ਵਿੱਚ ਕਣਕ ਵੀ ਆਉਣੀ ਹੀ ਹੈ। ਸਰ, ਕਣਕ ਦਾ ਇੰਟਰਨੈਸ਼ਨਲ ਪ੍ਰਾਈਸ 1300 ਰੁਪਏ ਪ੍ਰਤੀ ਕੁਇੰਟਲ ਹੈ। ਹਿੰਦੁਸਤਾਨ ਵਿੱਚ ਅਸੀਂ ਐਮ.ਐਸ.ਪੀ. ਤੇ ਕੋਈ 2500-2600 ਰੁਪਏ ਕੁਇੰਟਲ ਤੇ ਖਰੀਦ ਰਹੇ ਹਾਂ, ਜਿਸ ਦਿਨ ਕਣਕ 1300 ਰੁਪਏ ਕੁਇੰਟਲ ਨੂੰ ਆ ਗਈ ਤਾਂ ਆਪਾਂ ਆਪਣੇ ਆਪ ਹੀ ਹਿਸਾਬ ਲਾਈਏ ਕਿ ਪੰਜਾਬ, ਹਰਿਆਣੇ ਤੇ ਬਾਕੀ ਕਿਸਾਨਾਂ ਦਾ ਹਾਲ ਕੀ ਹੋਣਾ ਹੈ? ਜਨਰਲੀ ਐਮ.ਐਸ.ਪੀ. ਆਪਣੇ ਦੋ-ਤਿੰਨ ਸੂਬਿਆਂ ਤੱਕ ਹੀ ਹੈ।

ਇਸ ਤੋਂ ਬਾਅਦ ਡੇਅਰੀ ਇੰਡਸਟਰੀ ਦੀ ਗੱਲ ਆਉਂਦੀ ਹੈ, ਸਾਡੇ ਹਰ ਪਿੰਡ ਵਿੱਚ, ਹਰ ਘਰ ਵਿੱਚ, ਹਰ ਸ਼ਹਿਰ ਵਿੱਚ ਹਰ ਕਿਸੇ ਨੇ ਆਪਣੇ ਘਰ ਵਿੱਚ 2 ਮੱਝਾਂ ਗਾਵਾਂ ਰੱਖੀਆਂ ਹੋਈਆਂ ਹਨ, ਇਹ ਆਲਟਰਨੇਟਿਵ ਕਮਾਈ ਦਾ ਸਾਧਨ ਹੈ। ਜਿਸ ਦਿਨ ਅਮੈਰੀਕਨ ਡੇਅਰੀ ਪ੍ਰੋਡਕਟ ਇੱਥੇ ਆਉਣੇ ਸ਼ੁਰੂ ਹੋ ਗਏ, ਜਿੱਥੇ ਆਪਣਾ 50 ਜਾਂ 60 ਰੁਪਏ ਲੀਟਰ ਦੁੱਧ ਹੈ, ਜਿਸ ਦਿਨ 35-40 ਰੁਪਏ ਨੂੰ ਸ਼ੁਰੂ ਹੋਇਆ ਤਾਂ ਤੁਹਾਡਾ ਵੇਰਕਾ ਵੀ ਖਤਮ ਹੋ ਜਾਣਾ ਹੈ ਤੇ ਅਮੁੱਲ ਵੀ ਖਤਮ ਹੋ ਜਾਣਾ ਹੈ। ਇਨ੍ਹਾਂ ਦੇ bio products ਵੀ ਆਉਣੇ ਹਨ। ਸਰਦਾਰ ਪਰਗਟ ਸਿੰਘ ਨੇ ਬਿਲਕੁਲ ਠੀਕ ਗੱਲ ਕਹੀ ਹੈ ਕਿ ਸਾਡਾ ਕਿਸਾਨ ਤਾਂ 1 ਕਿੱਲੇ ਤੋਂ ਸ਼ੁਰੂ ਹੁੰਦਾ ਹੈ ਪਰ ਜਿਹੜਾ ਅਮਰੀਕਾ ਦਾ ਕਿਸਾਨ ਹੈ, ਉਹ 100 ਕਿੱਲੇ ਤੋਂ ਸ਼ੁਰੂ ਹੁੰਦਾ ਹੈ। ਉਨ੍ਹਾਂ ਦੇ ਮਲਟੀਨੈਸ਼ਨਲ 2-2 ਲੱਖ ਏਕੜ ਤੱਕ ਜਾਂਦੇ ਹਨ। ਆਪਣਾ ਤਾਂ 50, 100 ਜਾਂ 200 ਏਕੜ ਤੱਕ ਚਲਾ ਜਾਂਦਾ ਹੋਣਾ ਹੈ। ਉਨ੍ਹਾਂ ਦੀ ਐਗਰੀਕਲਚਰ ਤੇ ਸਾਲ ਦੀ ਟੋਟਲ ਸਬਸਿਡੀ ਸਾਢੇ 4 ਲੱਖ ਤੋਂ 5 ਲੱਖ ਕਰੋੜ ਰੁਪਏ ਹੈ। ਉਸ ਵਿੱਚ ਕਰਾਪ ਇੰਸ਼ੋਰੈਂਸ ਵੀ ਹੈ। ਅਸੀਂ ਤਾਂ ਇੱਕ ਰੁਪਿਆ ਨਹੀਂ ਦਿੰਦੇ ਪਰ ਉਨ੍ਹਾਂ ਦੀ ਕਰਾਪ ਇੰਸ਼ੋਰੈਂਸ 60-70% ਹੈ। ਇਸ ਦੀ ਕਿਸ਼ਤ ਅਮੈਰਕਨ ਗੌਰਮਿੰਟ ਦਿੰਦੀ ਹੈ। ਜੇਕਰ ਫਸਲ ਖਰਾਬ ਹੋ ਗਈ ਤਾਂ 100% ਇੰਸ਼ੋਰੈਂਸ ਅਮੈਰਕਨ ਗੌਰਮਿੰਟ ਪੇਅ ਕਰਦੀ ਹੈ। ਸਾਡੇ ਤਾਂ ਜਦੋਂ ਨੁਕਸਾਨ ਹੋ ਜਾਂਦਾ ਹੈ ਤਾਂ ਕਦੇ ਸੂਬਾ ਸਰਕਾਰ ਵੱਲ ਵੇਖਦੇ ਹਾਂ

ਤੇ ਕਦੇ ਸੈਂਟਰ ਸਰਕਾਰ ਵੱਲ ਵੇਖਦੇ ਹਾਂ, ਇਹ ਪ੍ਰਮਾਤਮਾ ਦੇ ਸਹਾਰੇ ਰਹਿ ਜਾਂਦੀ ਹੈ। ਸੋ, ਇਹ ਟੋਟਲੀ lopsided ਹੈ, ਇਹ ਬੜੀ ਅਨਫਾਰਚੂਨੇਟ ਗੱਲ ਹੈ। ਸਾਰੇ ਪੰਜਾਬ ਨੂੰ ਇਕੱਠਾ ਹੋਣਾ ਪਵੇਗਾ। ਜਿਸ ਤਰ੍ਹਾਂ ਪਹਿਲੀ ਮੂਵਮੈਂਟ ਵੀ built ਹੋਈ ਹੈ, ਮੈਨੂੰ ਇਸ ਗੱਲ ਦਾ ਮਾਣ ਹੈ ਕਿ ਉਸ ਵੇਲੇ ਕਾਂਗਰਸ ਦੀ ਸਰਕਾਰ ਸੀ। ਕਿਸੇ ਵੀ ਕਿਸਾਨ ਨੂੰ ਇੱਕ ਵੀ ਲਾਠੀ ਨਹੀਂ ਮਾਰੀ ਗਈ, ਤਕਰੀਬਨ 3-4 ਹਫਤੇ ਪੰਜਾਬ ਦੀ ਕਿਸਾਨੀ ਪੰਜਾਬ ਦੇ ਟੋਲ ਪਲਾਜ਼ੇ ਬੰਦ ਕਰਕੇ, ਸੜਕਾਂ ਬੰਦ ਕਰਕੇ ਬੈਠੀ ਰਹੀ ਪਰ ਅਸੀਂ ਸੇਫ਼ ਪੈਸੇਜ ਕਿਸਾਨਾਂ ਨੂੰ ਦੇ ਕੇ ਅੰਬਾਲੇ ਦਾ ਬਾਰਡਰ ਟਪਾਇਆ ਸੀ। ਜਿਸ ਦੇ ਕਾਰਨ ਦਿੱਲੀ ਦੇ ਬਾਰਡਰਾਂ ਤੇ ਬੈਠੇ 11-12 ਮਹੀਨਿਆਂ ਤੋਂ ਬਾਅਦ numerous ਕੁਰਬਾਨੀਆਂ, 750 ਤੋਂ ਵੱਧ ਸ਼ਹਾਦਤਾਂ ਹੋਈਆਂ ਸਨ। ਅਖੀਰ ਅਸੀਂ ਜਿੱਤ ਕੇ ਆਏ। ਅੱਜ ਵੀ ਸਾਰੇ ਹਾਊਸ ਨੂੰ, ਸਾਰੇ ਪੰਜਾਬ ਨੂੰ ਇਕੱਠਾ ਹੋਣਾ ਪਵੇਗਾ। ਮੈਂ ਤੁਹਾਨੂੰ ਗੁਜ਼ਾਰਿਸ਼ ਕਰਾਂਗਾ ਕਿ ਸਰਕਾਰ ਇਸ ਉੱਤੇ ਤਕੜਾ ਸਟੈਂਡ ਲਵੇ। ਅਸੀਂ ਤੁਹਾਡਾ ਸਾਥ ਦੇਵਾਂਗੇ। ਇੱਥੇ ਹਰ ਪੰਜਾਬੀ ਤੁਹਾਡਾ ਸਾਥ ਦੇਵੇਗਾ। World over ਬੈਠਾ ਹੋਇਆ ਪੰਜਾਬੀ ਇਸ ਗੱਲ ਦੇ ਨਾਲ ਹੈ ਕਿ ਜੋ ਮੋਦੀ ਸਾਹਿਬ ਨੇ ਕੀਤਾ ਹੈ, ਉਹ ਗਲਤ ਹੈ। ਸਰ, ਆਉਣ ਵਾਲੇ ਸਮੇਂ ਵਿੱਚ ਅਸੀਂ ਪ੍ਰੋਡਿਊਸਰ ਤਾਂ ਰਹਿ ਹੀ ਨਹੀਂ ਜਾਣਾ, ਅਸੀਂ ਤਾਂ ਕੰਜ਼ਿਊਮਰ ਬਣ ਜਾਣਾ ਹੈ। ਪੰਜਾਬ ਦੀ ਇਕਾਨਮੀ ਵਿੱਚ ਜੇ ਐਗਰੀਕਲਚਰ ਨਾ ਹੋਵੇ, ਅੱਜ ਵੀ ਜਿਹੜਾ ਬਜਟ ਪੇਸ਼ ਕੀਤਾ ਹੈ, ਇਸ ਵਿੱਚ ਤਕਰੀਬਨ 24-25% ਸਾਡੀ ਇਕਾਨਮੀ ਐਗਰੀਕਲਚਰ ਅਤੇ ਇਸ ਦੇ allied sectors ਤੇ ਬੇਸਡ ਹੈ। ਅਸੀਂ ਇਸ ਨੂੰ ਵੈੱਲਕਮ ਕਰਦੇ ਹਾਂ, ਅਸੀਂ ਇਸ ਦੀ ਤਾਈਦ ਕਰਦੇ ਹਾਂ ਅਤੇ ਅਸੀਂ ਤਕੜੇ ਹੋ ਕੇ ਇਸ ਤੇ ਮਦਦ ਵੀ ਕਰਾਂਗੇ। ਮੈਂ ਇਹ ਵੀ ਉਮੀਦ ਕਰਾਂਗਾ ਕਿ ਜਿਹੜੀਆਂ ਇਸ ਟਾਈਮ ਪੰਜਾਬ ਵਿੱਚ ਕਿਸਾਨ ਜਥੇਬੰਦੀਆਂ ਸੜਕਾਂ ਤੇ ਉਤਰੀਆਂ ਹਨ, ਉਹ ਹੀ ਜਥੇਬੰਦੀਆਂ ਹਨ, ਜਿਨ੍ਹਾਂ ਨੇ ਤੁਹਾਨੂੰ ਸਰਕਾਰ ਵਿੱਚ ਲਿਆਂਦਾ ਹੈ। ਜਿਨ੍ਹਾਂ ਕਾਰਨ ਸੰਧਵਾਂ ਸਾਹਿਬ ਅੱਜ ਤੁਸੀਂ ਸਪੀਕਰ ਬਣੇ ਹੋ। ਮੇਰੀ ਬੇਨਤੀ ਹੈ ਕਿ ਆਪਾਂ ਉਨ੍ਹਾਂ ਦਾ ਡੈਮੋਕ੍ਰੇਟਿਕ ਰਾਈਟ ਉਨ੍ਹਾਂ ਨੂੰ ਦੇਈਏ। ਜਿੰਨਾ ਚਿਰ ਉਹ ਕਾਨੂੰਨ ਭੰਗ ਨਹੀਂ ਕਰਦੇ, ਉਨਾ ਚਿਰ ਅਸੀਂ ਉਨ੍ਹਾਂ ਤੇ ਕੋਈ ਸਖਤੀ ਨਾ ਇਸਤੇਮਾਲ ਕਰੀਏ। ਜੇ ਉਹ ਹਰਿਆਣੇ ਦਾ ਬਾਰਡਰ ਟੱਪਣਾ ਚਾਹੁੰਦੇ ਹਨ ਤਾਂ ਪੰਜਾਬ ਪੁਲਿਸ ਉਨ੍ਹਾਂ ਦੇ ਨਾਲ ਹੋ ਕੇ ਬਾਰਡਰ ਟਪਾ ਕੇ ਆਵੇ। ਇਸ ਲੜਾਈ ਵਿੱਚ ਇਕੱਠੇ ਹੋ ਕੇ ਚੱਲੀਏ ਅਤੇ ਪੰਜਾਬ ਦੇ ਐਗਰੀਕਲਚਰ ਅਤੇ ਹਿੰਦੁਸਤਾਨ ਦੇ ਐਗਰੀਕਲਚਰ ਨੂੰ ਬਚਾਉਣ ਵਿੱਚ ਇੱਕ ਨੁਮਾਇਆ ਰੋਲ ਅਦਾ ਕਰੀਏ। ਬਹੁਤ ਬਹੁਤ ਮਿਹਰਬਾਨੀ, ਬਹੁਤ ਬਹੁਤ ਸ਼ੁਕਰੀਆ।

**ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ (ਸਰਦੂਲਗੜ੍ਹ) :** ਬਹੁਤ ਬਹੁਤ ਧੰਨਵਾਦ, ਸਪੀਕਰ ਸਾਹਿਬ। ਜੋ ਇਹ ਭਾਰਤ-ਅਮਰੀਕਾ ਵਪਾਰਕ ਸਮਝੌਤੇ ਦਾ ਮਤਾ ਆਇਆ ਹੈ, ਜਿਸ ਨਾਲ ਪੰਜਾਬ ਦੇ ਕਿਸਾਨਾਂ ਦੀ ਹੀ ਨਹੀਂ ਬਲਕਿ ਦੇਸ਼ ਦੇ ਕਿਸਾਨਾਂ ਦੀ ਰੀੜ੍ਹ ਦੀ ਹੱਡੀ ਟੁੱਟ ਜਾਣੀ ਹੈ। ਮੈਂ ਇਸ ਦੇ ਹੱਕ ਵਿੱਚ ਬੋਲਣ ਲਈ ਖੜ੍ਹਾ ਹੋਇਆ ਹਾਂ। ਇਹ ਬਹੁਤ ਹੀ ਮਹੱਤਵਪੂਰਣ ਵਿਸ਼ਾ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਅਸੀਂ ਅਮਰੀਕਾ ਦੀ ਇੱਕ ਬਸਤੀ ਨਹੀਂ ਹਾਂ, ਅਸੀਂ ਇੱਕ ਪ੍ਰਭੂਸੱਤਾ ਸੰਪੰਨ ਦੇਸ਼ ਹਾਂ। ਜਿਹੜੇ ਵੀ ਕੋਈ ਸਮਝੌਤੇ ਹੋ ਰਹੇ ਹਨ, ਉਨ੍ਹਾਂ ਬਾਰੇ ਸਾਡੇ ਵਾਲੇ ਪਾਸਿਓਂ ਤਾਂ ਸਾਨੂੰ ਪਤਾ ਨਹੀਂ ਲੱਗਦਾ ਪ੍ਰੰਤੂ ਚਲਦੀ ਹੋਈ ਲੋਕ ਸਭਾ ਵਿੱਚ ਵਾਸ਼ਿੰਗਟਨ ਯੂ.ਐਸ.ਏ. ਤੋਂ ਇੱਕ ਟਵੀਟ ਆਉਂਦਾ ਹੈ, ਉੱਥੋਂ ਪਤਾ ਲੱਗਦਾ ਹੈ ਕਿ ਆਹ ਸਮਝੌਤਾ ਹੋ ਗਿਆ ਹੈ ਅਤੇ ਚਾਹੇ ਲੋਕ ਸਭਾ ਹੈ ਜਾਂ ਰਾਜ ਸਭਾ ਹੈ, ਜਦੋਂ ਕੋਈ ਵੀ ਇਸ ਸਬੰਧੀ ਪੁੱਛਦਾ ਹੈ ਤਾਂ ਅਜੇ ਤੱਕ ਸਾਰੇ ਚੁੱਪ ਹਨ ਅਤੇ ਅਜੇ ਤੱਕ ਕੋਈ ਜਵਾਬ ਨਹੀਂ ਦਿੱਤਾ ਜਾ ਰਿਹਾ। ਇਸ ਦਾ ਕਾਰਨ ਇੱਕੋ ਹੀ ਹੈ ਕਿ ਜਿਹੜੀਆਂ ਫਾਈਲਾਂ ਖੁੱਲ੍ਹੀਆਂ ਹਨ, ਉਨ੍ਹਾਂ ਵਿੱਚ ਕਿਤੇ ਨਾ ਕਿਤੇ ਸਾਡੇ ਮੁਖੀ ਫਸੇ ਹੋਏ ਹਨ, ਕਈਆਂ ਦੇ ਨਾਂ ਵੀ ਆਏ ਹਨ। ਪੁਰੀ ਸਾਹਿਬ ਦਾ ਵੀ ਨਾਂ ਆ ਗਿਆ ਹੈ। ਦੂਜੇ ਪਾਸੇ ਵਰਲਡ ਵਿੱਚ ਜਿਨ੍ਹਾਂ ਦੇ ਵੀ ਨਾਂ ਆ ਗਏ ਹਨ, ਉਨ੍ਹਾਂ ਸਾਰਿਆਂ ਨੇ ਅਸਤੀਫਾ ਦੇ ਦਿੱਤਾ ਹੈ ਪਰ ਸਾਡੇ ਵਾਲਿਆਂ ਨੇ ਆਪ ਤਾਂ ਕੀ ਅਸਤੀਫਾ ਦੇਣਾ ਸੀ ਸਗੋਂ ਦੇਸ਼ ਨੂੰ ਥੱਲੇ ਲਾਉਣ ਲੱਗੇ ਹੋਏ ਹਨ। ਜਿਹੜਾ ਸਮਝੌਤਾ ਸਾਡੇ ਪੰਜਾਬ ਦੇ ਕਿਸਾਨਾਂ ਨੂੰ ਮਾਰ ਦੇਵੇਗਾ, ਉਹ ਸਮਝੌਤਾ ਕੀਤਾ ਜਾ ਰਿਹਾ

ਹੈ। ਜਿਸ ਤਰ੍ਹਾਂ ਕਿਹਾ ਗਿਆ ਹੈ ਕਿ ਸਾਡੇ ਤਾਂ ਇੱਕ-ਦੋ ਕਿੱਲਿਆਂ ਵਾਲਾ ਕਿਸਾਨ ਹੈ, ਸਾਨੂੰ ਐਮ.ਐਸ.ਪੀ. ਮਿਲਦੀ ਹੈ ਪ੍ਰੰਤੂ ਖੇਤੀਬਾੜੀ ਦੇ ਜਿੰਨੇ ਉਤਪਾਦ ਉੱਥੇ ਹੁੰਦੇ ਹਨ, ਜਦੋਂ ਉੱਧਰੋਂ ਕੋਈ ਪ੍ਰੋਡਕਟ ਸਾਡੇ ਦੇਸ਼ ਵਿੱਚ ਆ ਗਏ ਤਾਂ ਉਸ ਨਾਲ ਨਰਮੇ ਵਾਲਾ ਕਿਸਾਨ ਵੀ ਮਾਰਿਆ ਜਾਵੇਗਾ, ਮੱਕੀ ਵਾਲਾ ਕਿਸਾਨ ਵੀ ਮਾਰਿਆ ਜਾਵੇਗਾ, ਸੋਇਆਬੀਨ ਬੀਜਣ ਵਾਲਾ ਕਿਸਾਨ ਵੀ ਮਾਰਿਆ ਜਾਣਾ ਹੈ, ਜਵਾਰ ਵਾਲਾ ਕਿਸਾਨ ਵੀ ਮਾਰਿਆ ਜਾਵੇਗਾ ਕਿਉਂਕਿ ਸਾਡੇ ਐਮ.ਐਸ.ਪੀ. ਦੇ ਰੇਟ ਤੋਂ ਕਿਤੇ ਘੱਟ ਰੇਟ ਤੇ ਪ੍ਰੋਡਕਟ ਲਿਆ ਕੇ ਉਨ੍ਹਾਂ ਨੇ ਸਾਡੇ ਬਜ਼ਾਰ ਵਿੱਚ ਸੁੱਟ ਦੇਣੇ ਹਨ ਅਤੇ ਸਾਡੀ ਮੰਡੀ ਬਿਲਕੁਲ ਖਤਮ ਹੋ ਜਾਣੀ ਹੈ। ਦੂਜਾ, ਪ੍ਰੋਸੈਸਿੰਗ ਯੂਨਿਟ ਵਾਲਾ ਸਮਝੌਤਾ ਵੀ ਨਾਲ ਕਰ ਲਿਆ ਹੈ ਜਦੋਂ ਫਲ, ਸਬਜ਼ੀਆਂ ਪ੍ਰੋਸੈੱਸ ਹੋ ਕੇ ਸਾਡੇ ਕੋਲ ਆ ਗਏ ਤਾਂ ਜਿਹੜੇ ਸਾਡੇ ਛੋਟੇ-ਛੋਟੇ ਪ੍ਰੋਸੈਸਿੰਗ ਯੂਨਿਟ ਲੱਗੇ ਹੋਏ ਹਨ, ਉਹ ਸਾਰੇ ਖਤਮ ਹੋ ਜਾਣੇ ਹਨ। ਜੇ ਕਪਾਹ ਤੋਂ ਟੈਕਸਟਾਈਲ ਇੰਡਸਟਰੀ ਕੱਪੜਾ ਬਣਾਵੇਗੀ ਅਤੇ ਕੱਪੜਾ ਬਣਾ ਕੇ ਜੇ ਅਮਰੀਕਾ ਨੂੰ ਦੇਣਾ ਹੈ ਤਾਂ ਸਾਡੇ ਤੇ 18% ਟੈਰਿਫ ਲੱਗੇਗਾ ਅਤੇ ਜੇ ਉਨ੍ਹਾਂ ਦੇ ਪ੍ਰੋਡਕਟਸ ਲਿਆ ਕੇ ਉਨ੍ਹਾਂ ਦੀ ਕਪਾਹ ਲਿਆ ਕੇ ਵਾਪਸ ਦੇਵਾਂਗੇ ਤਾਂ 0% ਟੈਰਿਫ ਹੈ। ਫਿਰ ਸਾਡੇ ਲੋਕ ਕਿਹੜੇ ਪਾਸੇ ਜਾਣਗੇ? ਜੇ ਕਿਸਾਨ ਨੂੰ ਬਚਾਉਣਗੇ ਤਾਂ ਟੈਕਸਟਾਈਲ ਇੰਡਸਟਰੀ ਮਾਰੀ ਜਾਵੇਗੀ ਅਤੇ ਜੇ ਕਿਸਾਨ ਤੋਂ ਨਹੀਂ ਲੈਣਗੇ ਤਾਂ ਕਿਸਾਨ ਮਾਰਿਆ ਜਾਵੇਗਾ। ਜਦੋਂ ਕਿ ਨਾਲ ਹੀ ਬੰਗਲਾਦੇਸ਼ ਹੈ, ਉਨ੍ਹਾਂ ਨੂੰ ਛੋਟ ਦੇ ਦਿੱਤੀ ਹੈ। ਸੋ, ਮੇਰਾ ਕਹਿਣ ਦਾ ਮਤਲਬ ਹੈ, ਇਸੇ ਦੇ ਅਧੀਨ ਸੀਡ ਬਿਲ ਲੈ ਕੇ ਆ ਰਹੇ ਹਨ, ਜਿਹੜਾ ਪੁਰਾਣਾ 1966 ਦਾ ਸੀਡ ਬਿਲ ਹੈ, ਉਸ ਨੂੰ ਭੰਗ ਕਰਕੇ ਨਵਾਂ ਸੀਡ ਬਿਲ ਲੈ ਕੇ ਆ ਰਹੇ ਹਨ। ਉਹ ਵੀ ਵਾਈਟ ਹਾਊਸ ਵਿੱਚ ਲਿਖਿਆ ਜਾ ਰਿਹਾ ਹੈ, ਉਹ ਸਾਡੇ ਦੇਸ਼ ਵਿੱਚ ਨਹੀਂ ਲਿਖਿਆ ਜਾ ਰਿਹਾ। ਜਿਵੇਂ ਜਿਵੇਂ ਕਾਰਪੋਰੇਟ ਅਦਾਰਿਆਂ ਨੂੰ ਲੱਗਦਾ ਹੈ ਕਿ ਆਹ ਸੀਡ ਬਿਲ ਲੈ ਆਈਏ, ਉਹ ਲਿਆ ਰਹੇ ਹਨ, ਜਿਸ ਨਾਲ ਸਾਡੇ ਬੀਜ ਵੀ ਖਤਮ ਹੋਣਗੇ। ਜਿਹੜਾ Genetically modified (GM) ਬੀਜ ਆਵੇਗਾ, ਉਹ ਬੀਜ ਜਦੋਂ ਸਾਡੇ ਵਿੱਚ ਆ ਗਿਆ ਤਾਂ ਉਸ ਨਾਲ ਬਿਮਾਰੀਆਂ ਵੀ ਆਉਣਗੀਆਂ, ਬਹੁਤ ਸਾਰੇ ਨਦੀਨ ਵੀ ਆਉਣਗੇ। ਉਨ੍ਹਾਂ ਬੀਜਾਂ ਦੀ ਇੱਥੇ ਕੋਈ ਖੋਜ ਨਹੀਂ ਹੋਵੇਗੀ। ਇੱਥੇ ਲਿਆ ਕੇ ਉਸ ਬੀਜ ਨੂੰ ਸੁੱਟ ਦੇਣਗੇ ਅਤੇ ਉਨ੍ਹਾਂ ਦਾ ਪੇਟੈਂਟ ਵੀ ਉਨ੍ਹਾਂ ਕੋਲ ਹੋਵੇਗਾ। ਕਿਸਾਨ ਕੋਲ ਆਪਣੇ ਬੀਜ ਨਹੀਂ ਰਹਿਣੇ, ਜਿਹੜਾ ਕਿ ਅੱਜ ਕਿਸਾਨ ਆਪਣੇ ਬੀਜ ਆਪ ਬੀਜ ਕੇ ਪ੍ਰੋਡਕਸ਼ਨ ਕਰਦਾ ਹੈ। ਇਸ ਤੋਂ ਇਲਾਵਾ ਤੁਹਾਨੂੰ ਹੋਰ ਦੱਸ ਦਿੰਦੇ ਹਾਂ। ਮੇਰੇ ਤੋਂ ਪਹਿਲਾਂ ਬਾਜਵਾ ਸਾਹਿਬ ਬੋਲ ਕੇ ਗਏ ਹਨ। ਅੱਜ ਸਾਂਝੇ ਬੈਠੇ ਹਾਂ। ਇਸ ਤੋਂ ਪਹਿਲਾਂ ਮੈਂ ਦੱਸਦਾ ਹਾਂ ਕਿ ਸੰਨ 1950-60 ਦਰਮਿਆਨ ਇੱਕ ਕਣਕ ਪੀ.ਐਲ. 480 ਆਈ ਸੀ। ਉਸ ਕਣਕ ਵਿੱਚ ਇੱਕ ਨਦੀਨ ਆ ਗਿਆ ਸੀ, ਅਸੀਂ ਤਾਂ ਉਸ ਨੂੰ ਗਾਜਰ ਘਾਹ ਕਹਿੰਦੇ ਹਾਂ, ਜਿਹੜਾ ਤੁਸੀਂ ਸੜਕਾਂ ਕਿਨਾਰੇ ਜਾਂ ਬਰਮਾਂ ਨੇੜੇ ਦੇਖਿਆ ਹੋਣਾ ਹੈ ਪਰ ਲੋਕਾਂ ਨੇ ਉਸ ਦਾ ਨਾਂ ਕਾਂਗਰਸ ਘਾਹ ਰੱਖ ਲਿਆ। ਏ.ਆਈ. ਦਾ ਜ਼ਮਾਨਾ ਹੈ, ਮੈਂ ਅੱਜ ਗੂਗਲ ਉੱਤੇ ਸਰਚ ਕੀਤੀ ਕਿ ਇਸ ਦਾ ਨਾਂ ਕਾਂਗਰਸ ਘਾਹ ਕਿਉਂ ਰੱਖ ਦਿੱਤਾ ਸੀ। ਉਹ ਕਹਿੰਦੇ ਕਿ ਇਹ ਕਾਂਗਰਸ ਵੇਲੇ ਆਇਆ ਸੀ ਤੇ ਇਸ ਦੇ ਨੇੜੇ ਜਾਣ ਤੋਂ ਐਲਰਜੀ ਹੁੰਦੀ ਹੈ ਅਤੇ ਨਾ ਹੀ ਨੇੜੇ-ਤੇੜੇ ਇਹ ਕਿਸੇ ਹੋਰ ਬੂਟੇ ਨੂੰ ਹੋਣ ਦਿੰਦਾ ਹੈ। ਉਹੀ ਗੱਲ ਹੁਣ ਹੋਈ ਪਈ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਲੋਕਾਂ ਤੋਂ ਇਨ੍ਹਾਂ ਨੂੰ ਐਲਰਜੀ ਹੋ ਗਈ ਹੈ। ਲੋਕਾਂ ਨੂੰ ਨੇੜੇ ਨਹੀਂ ਲੱਗਣ ਦਿੰਦੇ ਅਤੇ ਹੁਣ ਲੋਕ ਇਨ੍ਹਾਂ ਨੂੰ ਨੇੜੇ ਨਹੀਂ ਲੱਗਣ ਦਿੰਦੇ। ਫਿਰ ਹੁਣ ਇਨ੍ਹਾਂ ਨੂੰ ਆਪਸ ਵਿੱਚ ਵੀ ਐਲਰਜੀ ਹੋ ਗਈ ਹੈ। ਬਾਜਵਾ ਸਾਹਿਬ ਨੂੰ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਦੂਜੇ ਪਾਸੇ ਤੋਂ ਐਲਰਜੀ ਹੋ ਗਈ। ਉਨ੍ਹਾਂ ਦੀ ਇਨ੍ਹਾਂ ਦੇ ਪਾਸੇ ਤੋਂ ਐਲਰਜੀ ਹੋ ਗਈ। ਮੈਂ ਤਾਂ ਕਹਿੰਦਾ ਹਾਂ ਕਿ ਕਾਂਗਰਸ ਘਾਹ ਬਾਰੇ ਪੜ੍ਹ ਲਵੋ। ਸਪੀਕਰ ਸਾਹਿਬ, ਮੈਂ ਕੋਈ ਨਿੱਜੀ ਗੱਲ ਨਹੀਂ ਕਰ ਰਿਹਾ। ਮੈਂ ਕਹਿੰਦਾ ਹਾਂ ਕਿ ਕਾਂਗਰਸ ਘਾਹ ਵੀ ਉਦੋਂ ਹੀ ਆਇਆ ਸੀ ਜਦੋਂ ਤੁਸੀਂ ਸਮਝੌਤੇ ਕੀਤੇ ਸਨ। ਹੁਣ ਮੇਰੀ ਇੱਕ ਬੇਨਤੀ ਹੈ ਕਿ ਅਸੀਂ ਸਾਰੇ ਇਕੱਠੇ ਬੈਠੇ ਹਾਂ। ਸਪੀਕਰ ਸਾਹਿਬ, ਆਪਣੇ ਇੱਥੇ ਜਿਹੜਾ ਨਵਾਂ ਬੀਜ ਬਿਲ ਆ ਰਿਹਾ ਹੈ, ਉਸ ਵਿੱਚ ਤਾਂ 100 ਸ਼ਰਤਾਂ ਲਗਾ ਦਿੱਤੀਆਂ ਹਨ ਕਿ ਤੁਸੀਂ ਰਜਿਸਟ੍ਰੇਸ਼ਨ ਕਰਵਾਉਗੇ, ਕਿਊ.ਆਰ. ਕੋਡ

ਹੋਵੇਗਾ, ਲਾਇਸੈਂਸ ਲੈਣਾ ਪਵੇਗਾ ਪਰ ਜੇਕਰ ਅਮਰੀਕਾ ਲਈ ਬਜ਼ਾਰ ਖੋਲ੍ਹ ਦਿੱਤਾ ਤਾਂ ਉਨ੍ਹਾਂ ਲਈ ਕੋਈ ਲਾਇਸੈਂਸ ਲਾਜ਼ਮੀ ਨਹੀਂ। ਸਾਡੇ ਉੱਤੇ ਸ਼ਰਤਾਂ ਲਗਾ ਦਿੱਤੀਆਂ ਹਨ ਪਰ ਅਮਰੀਕਾ ਨੂੰ ਖੁੱਲ੍ਹ ਦਿੱਤੀ ਜਾਵੇਗੀ।

ਇਸੇ ਤਰ੍ਹਾਂ ਜਿਹੜੇ ਡੇਅਰੀ ਪ੍ਰੋਡਕਟ ਹਨ, ਜਿਵੇਂ ਮੇਰੇ ਤੋਂ ਪਹਿਲਾਂ ਕਿਹਾ ਗਿਆ ਹੈ ਕਿ ਸਾਡਾ ਸਹਾਇਕ ਧੰਦਾ ਡੇਅਰੀ ਹੈ। ਡੇਅਰੀ ਪ੍ਰੋਡਕਟ ਆਉਣ ਨਾਲ ਸਾਡਾ ਡੇਅਰੀ ਵਾਲਾ ਧੰਦਾ ਵੀ ਸਮਾਪਤ ਹੋ ਜਾਵੇਗਾ। ਇਕੱਲੀ ਖੇਤੀਬਾੜੀ ਹੀ ਨਹੀਂ, ਸਾਡੀ ਡੇਅਰੀ ਵੀ ਸਮਾਪਤ ਹੋ ਜਾਵੇਗੀ। ਜਿਹੜੀ ਫਸਲੀ ਵਿਭਿੰਨਤਾ ਹੈ, ਜਿਸ ਦੇ ਵੱਲ ਅਸੀਂ ਜਾ ਰਹੇ ਹਾਂ, ਜਿਵੇਂ ਮੱਕੀ, ਸੋਇਆਬੀਨ, ਨਰਮੇ ਆਦਿ ਵੱਲ ਜਾ ਰਹੇ ਹਾਂ, ਉਹ ਵੀ ਸਾਡਾ ਸਾਰਾ ਕੁਝ ਖਤਮ ਹੋ ਜਾਵੇਗਾ। ਇਸ ਤੋਂ ਪਹਿਲਾਂ ਇੱਕ ਬੀ.ਟੀ. ਕਾਟਨ ਬੀਜ ਆਇਆ ਸੀ। ਫਿਰ ਇਹ ਕਹਿੰਦੇ ਹਨ ਕਿ ਸਾਡੇ ਵੱਲ ਉਂਗਲ ਕਰਦੇ ਹਨ। ਬੀ.ਟੀ. ਨਰਮੇ ਤੇ ਬੜੇ ਹਾਰ ਪਾਏ ਗਏ। ਬੀ.ਟੀ. ਕਾਟਨ ਆਉਣ ਨਾਲ ਕੀ ਹੋਇਆ? ਜਿਹੜਾ ਸਾਡਾ ਅਸਲੀ ਨਰਮੇ ਦਾ ਬੀਜ ਸੀ, ਉਹ ਖਤਮ ਹੋ ਗਿਆ ਅਤੇ ਜਿਹੜੀਆਂ ਬੀ.ਟੀ. ਨਰਮੇ ਨੂੰ ਬਿਮਾਰੀਆਂ ਲੱਗੀਆਂ, ਅਸੀਂ ਉਸ ਦਾ ਕੋਈ ਆਲਟਰਨੇਟਿਵ ਨਹੀਂ ਕੱਢ ਸਕੇ। ਅੱਜ ਨਰਮੇ ਵਾਲੇ ਕਿਸਾਨ ਨੂੰ ਬੀ.ਟੀ. ਨਰਮੇ ਤੋਂ ਬਾਅਦ ਕੋਈ ਬੀਜ ਨਹੀਂ ਮਿਲਿਆ। ਅੱਜ ਉਹ ਨਰਮੇ ਅਤੇ ਕਪਾਹ ਦੀ ਖੇਤੀ ਤੋਂ ਬਾਹਰ ਹੋ ਗਿਆ ਹੈ। ਇਸੇ ਤਰ੍ਹਾਂ ਜੇਕਰ ਬੀਜ ਅਮਰੀਕਾ ਤੋਂ ਆਏ ਤਾਂ ਉਹ ਸਾਡੀ ਧਰਤੀ ਅਤੇ ਵਾਤਾਵਰਣ ਦੇ ਅਨੁਕੂਲ ਨਹੀਂ ਹੋਣਗੇ ਅਤੇ ਸਾਨੂੰ ਮਾਰਨਗੇ। ਮੋਦੀ ਸਾਹਿਬ ਅਡਾਨੀ ਵਰਗੇ ਕਾਰਪੋਰੇਟ ਅਦਾਰਿਆਂ ਨੂੰ ਬਚਾਉਣ ਲਈ ਅਤੇ ਆਪਣਾ ਨਾਂ ਐਪਸਟੀਨ ਫਾਈਲਾਂ ਵਿਚੋਂ ਕਢਵਾਉਣ ਲਈ ਦੇਸ਼ ਦੇ ਹਿੱਤਾਂ ਨੂੰ ਅਮਰੀਕਾ ਕੋਲ ਗਹਿਣੇ ਕਰ ਰਹੇ ਹਨ, ਜਿਸ ਦੇ ਨਾਲ ਪੰਜਾਬ ਦਾ ਕਿਸਾਨ ਹੀ ਨਹੀਂ, ਦੇਸ਼ ਦਾ ਕਿਸਾਨ ਵੀ ਮਾਰਿਆ ਜਾਵੇਗਾ। ਜਿਵੇਂ ਮਗਨਰੇਗਾ ਵਿੱਚ ਬਦਲਾਅ ਕਰਕੇ ਮਜ਼ਦੂਰ ਮਾਰ ਦਿੱਤਾ ਹੈ। ਹੁਣ ਇਸ ਸਮਝੌਤੇ ਦੇ ਨਾਲ ਕਿਸਾਨ, ਛੋਟਾ ਵਪਾਰੀ ਤੇ ਕੱਪੜਾ ਵਪਾਰੀ ਮਾਰਿਆ ਜਾਵੇਗਾ। ਸੋ ਮੈਂ, ਇਹ ਜਿਹੜਾ ਮਤਾ ਆਇਆ ਹੈ, ਇਸ ਦੇ ਸਮਰਥਨ ਵਿੱਚ ਖੜ੍ਹਾ ਹੋਇਆ ਹਾਂ ਅਤੇ ਪੰਜਾਬ ਵੱਲੋਂ ਸਾਰੇ ਰਲ਼ ਕੇ ਵਾਰਨਿੰਗ ਦਿੰਦੇ ਹਾਂ ਕਿ ਜੇ ਅਮਰੀਕਾ ਨਾਲ ਹੋ ਰਹੇ ਇਸ ਸਮਝੌਤੇ ਤੇ ਦਸਤਖ਼ਤ ਕੀਤੇ ਤਾਂ ਪੰਜਾਬ ਦਾ ਕਿਸਾਨ, ਦੇਸ਼ ਦਾ ਕਿਸਾਨ, ਪੰਜਾਬ ਦਾ ਮਜ਼ਦੂਰ, ਦੇਸ਼ ਦਾ ਮਜ਼ਦੂਰ, ਛੋਟਾ ਵਪਾਰੀ ਇਨ੍ਹਾਂ ਗੱਲਾਂ ਨੂੰ ਕਦੇ ਸਵੀਕਾਰ ਨਹੀਂ ਕਰੇਗਾ। ਅਸੀਂ ਮੋਦੀ ਸਾਹਿਬ ਨੂੰ ਵਾਰਨਿੰਗ ਦਿੰਦੇ ਹਾਂ ਕਿ ਸਰਕਾਰ ਇਸ ਸਮਝੌਤੇ ਤੇ ਦਸਤਖ਼ਤ ਕਰਨ ਤੋਂ ਬਾਜ ਆਵੇ। ਆਪਣਾ ਨਾਂ ਫਾਈਲਾਂ ਤੋਂ ਕਢਵਾਉਣ ਵਾਸਤੇ, ਆਪਣਾ ਨਾਂ ਜਨਤਕ ਕਰਾਉਣ ਤੋਂ ਰੋਕਣ ਵਾਸਤੇ ਦੇਸ਼, ਕਿਸਾਨ ਅਤੇ ਪੰਜਾਬ ਦੇ ਹਿੱਤਾਂ ਨੂੰ ਗਹਿਣੇ ਨਾ ਰੱਖਿਆ ਜਾਵੇ। ਇੰਨਾ ਕਹਿੰਦਾ ਹੋਇਆ ਮੈਂ ਖਿਮਾ ਦਾ ਜਾਚਕ ਹਾਂ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਿਹ ॥

**ਸ੍ਰੀ ਅਮਨਸ਼ੇਰ ਸਿੰਘ (ਸ਼ੈਰੀ ਕਲਸੀ) (ਬਟਾਲਾ)**: ਧੰਨਵਾਦ ਸਪੀਕਰ ਸਾਹਿਬ, ਅੱਜ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਅਮਰੀਕਾ ਨਾਲ ਜਿਹੜਾ ਮੋਦੀ ਸਾਹਿਬ ਸਮਝੌਤਾ ਕਰ ਰਹੇ ਹਨ, ਤੁਸੀਂ ਦੇਖਿਆ ਹੋਵੇਗਾ ਕਿ ਪਹਿਲਾਂ ਵੀ ਕਿਸਾਨ ਜਿਹੜੇ ਹਨ, ਉਹ ਸੈਂਟਰ ਦੀਆਂ ਨੀਤੀਆਂ ਕਰਕੇ ਸੜਕਾਂ ਤੇ ਉੱਤਰੇ ਸਨ। ਸਾਡੇ ਕਿਸਾਨ ਪਹਿਲਾਂ ਵੀ ਦਿੱਲੀ ਜਾ ਕੇ ਸ਼ਹੀਦ ਹੋਏ ਹਨ। ਪਹਿਲਾਂ ਵੀ ਕਈ ਮਾਵਾਂ ਦੀਆਂ ਕੁੱਖਾਂ ਰੋਲੀਆਂ ਗਈਆਂ ਹਨ। ਸੋ, ਵਾਰ-ਵਾਰ ਸੈਂਟਰ ਸਰਕਾਰ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਹੱਕ ਦੇਣ ਦੀ ਜਗ੍ਹਾ ਉਨ੍ਹਾਂ ਨੂੰ ਦੱਬਣ ਦੀ ਕੋਸ਼ਿਸ਼ ਕਰ ਰਹੀ ਹੈ। ਸੋ, ਮੇਰੀ ਬੇਨਤੀ ਵੀ ਹੈ ਅਤੇ ਗੁਜ਼ਾਰਿਸ਼ ਵੀ ਹੈ ਕਿ ਜਿਹੜਾ ਸੈਂਟਰ ਸਰਕਾਰ ਇਹ ਬਿਲ ਪਾਸ ਕਰਨਾ ਚਾਹੁੰਦੀ ਹੈ, ਇਸ ਦਾ ਡੱਟ ਕੇ ਸਾਨੂੰ ਵਿਰੋਧ ਕਰਨਾ ਚਾਹੀਦਾ ਹੈ। ਇਨ੍ਹਾਂ ਦੇ ਖ਼ਿਲਾਫ਼ ਡੱਟ ਕੇ ਖੜ੍ਹਨਾ ਚਾਹੀਦਾ ਹੈ। ਪੰਜਾਬ ਹਮੇਸ਼ਾ ਹੱਕਾਂ ਲਈ ਲੜਿਆ ਹੈ ਅਤੇ ਇੱਕ ਵਾਰ ਫਿਰ ਸੈਂਟਰ ਸਰਕਾਰ ਸਾਨੂੰ ਚੁਣੌਤੀਆਂ ਦੇ ਰਹੀ ਹੈ। ਇਨ੍ਹਾਂ ਚੁਣੌਤੀਆਂ ਵਾਸਤੇ ਸਾਨੂੰ ਸਾਰਿਆਂ ਨੂੰ ਇੱਕ ਵਾਰ ਫਿਰ ਇਕੱਠੇ ਹੋ ਕੇ ਵਿਰੋਧ ਕਰਨਾ ਚਾਹੀਦਾ ਹੈ ਤਾਂ ਜੋ ਇਨ੍ਹਾਂ ਦੀਆਂ ਨੀਤੀਆਂ ਹੋਰ ਕਾਮਯਾਬ ਨਾ ਹੋਣ। ਧੰਨਵਾਦ ਜੀ।

**ਸ਼੍ਰੀ ਨਰਿੰਦਰ ਪਾਲ ਸਿੰਘ ਸਵਨਾ (ਫਾਜ਼ਿਲਕਾ) :** ਸਪੀਕਰ ਸਾਹਿਬ, ਧੰਨਵਾਦ। ਤੁਸੀਂ ਮੈਨੂੰ ਭਾਰਤ-ਅਮਰੀਕਾ ਸਮਝੌਤੇ ਖਿਲਾਫ ਜੋ ਮਤਾ ਆਇਆ ਹੈ, ਉਸ ਤੇ ਬੋਲਣ ਦਾ ਮੌਕਾ ਦਿੱਤਾ ਹੈ। ਅੱਜ ਭਾਰਤ ਦਾ ਕਿਸਾਨ, ਪੰਜਾਬ ਦਾ ਕਿਸਾਨ, ਦੇਸ਼ ਦਾ ਮਜ਼ਦੂਰ ਮੋਦੀ ਸਰਕਾਰ ਦੀਆਂ ਗਲਤ, ਮਾਰੂ ਨੀਤੀਆਂ ਦਾ ਸ਼ਿਕਾਰ ਹੋ ਰਿਹਾ ਹੈ। ਪਹਿਲਾਂ ਕੇਂਦਰ ਦੀ ਮੋਦੀ ਸਰਕਾਰ ਨੇ ਦੇਸ਼ ਦੇ ਕਿਸਾਨਾਂ ਦੇ ਖਿਲਾਫ ਕਾਲੇ ਕਾਨੂੰਨ ਲਿਆਂਦੇ। ਫਿਰ ਸਾਡੇ ਦੇਸ਼ ਦੇ ਮਜ਼ਦੂਰਾਂ ਵਾਸਤੇ ਮਗਨਰੇਗਾ ਖਤਮ ਕੀਤੀ। ਹੁਣ ਫਿਰ ਮੋਦੀ ਸਰਕਾਰ ਸਾਡੇ ਕਿਸਾਨਾਂ ਦੇ ਹੱਕਾਂ, ਕਿਸਾਨੀ ਤੇ ਆਰਾ ਫੇਰਨ ਜਾ ਰਹੀ ਹੈ, ਇਸ ਨੂੰ ਅਸੀਂ ਬਰਦਾਸ਼ਤ ਨਹੀਂ ਕਰਾਂਗੇ। ਕੇਂਦਰ ਸਰਕਾਰ ਜਿਹੜਾ ਬੀਜ ਬਿਲ ਲਿਆ ਰਹੀ ਹੈ ਜਾਂ ਜਿਹੜੇ ਨਵੇਂ ਟ੍ਰੇਡ ਸਮਝੌਤੇ ਕੀਤੇ ਜਾ ਰਹੇ ਹਨ, ਇਨ੍ਹਾਂ ਨਾਲ ਸਾਡੇ ਪੰਜਾਬ ਸਮੇਤ ਸਮੁੱਚੇ ਭਾਰਤ ਦੇਸ਼ ਦੇ ਕਿਸਾਨਾਂ ਦਾ ਬਹੁਤ ਵੱਡਾ ਨੁਕਸਾਨ ਹੋਣ ਜਾ ਰਿਹਾ ਹੈ। ਇਹ ਬੀਜ ਬਿਲ ਅਮਰੀਕਾ ਲਈ ਭਾਰਤ ਵਿੱਚ ਬਜ਼ਾਰ ਖੋਲ੍ਹਣ ਦੀਆਂ ਤਿਆਰੀਆਂ ਵਜੋਂ ਲਿਆਂਦਾ ਜਾ ਰਿਹਾ ਹੈ, ਜਿਸ ਨਾਲ ਅਮਰੀਕਾ ਨੂੰ ਬਹੁਤ ਵੱਡਾ ਫਾਇਦਾ ਹੋਵੇਗਾ ਅਤੇ ਭਾਰਤ ਦੇ ਕਿਸਾਨਾਂ ਦਾ ਬਹੁਤ ਵੱਡਾ ਨੁਕਸਾਨ ਹੋਵੇਗਾ। ਇਸ ਬਿਲ ਵਿੱਚ ਭਾਰਤ ਦੇ ਕਿਸਾਨਾਂ ਲਈ ਬਹੁਤ ਵੱਡੇ ਨਿਯਮ ਥੋਪੇ ਗਏ ਹਨ ਕਿ ਉਨ੍ਹਾਂ ਨੂੰ ਰਜਿਸਟਰ ਹੋਣ ਦੀ ਲੋੜ ਹੈ, ਲਾਇਸੰਸ ਲੈਣ ਦੀ ਲੋੜ ਹੈ, ਡਿਜੀਟਲ ਟ੍ਰੇਸੇਬਿਲਟੀ ਦੀ ਲੋੜ ਹੈ, ਕਿਊ.ਆਰ. ਕੋਡ ਦੀ ਜ਼ਰੂਰਤ ਹੈ। ਜੇ ਅਮਰੀਕਾ ਦੀ ਗੱਲ ਕਰੀਏ ਤਾਂ ਉਸ ਦੀਆਂ ਕੰਪਨੀਆਂ ਲਈ ਅਜਿਹਾ ਕੋਈ ਨਿਯਮ ਨਹੀਂ ਹੈ। ਕੇਂਦਰ ਦੀ ਮੋਦੀ ਸਰਕਾਰ ਇੱਕ ਨੋਟੀਫਿਕੇਸ਼ਨ ਰਾਹੀਂ ਇਨ੍ਹਾਂ ਨੂੰ ਅਨੁਮਤੀ ਦੇਵੇਗੀ। ਮੈਂ ਸਮਝਦਾ ਹਾਂ ਕਿ ਜਿੰਨੇ ਵੀ ਇਹ ਕਾਲੇ ਕਾਨੂੰਨ ਹਨ, ਇਹ ਦੇਸ਼ ਦੇ ਕਿਸਾਨਾਂ ਦੇ ਖਿਲਾਫ ਹਨ। ਅੱਜ ਅਮਰੀਕਾ ਮੋਦੀ ਸਰਕਾਰ ਤੇ ਆਪਣਾ ਦਬਾਅ ਬਣਾ ਰਿਹਾ ਹੈ, ਜਿਸ ਨਾਲ ਮੋਦੀ ਸਰਕਾਰ ਸਾਡੇ ਦੇਸ਼ ਦੇ ਕਿਸਾਨਾਂ ਨੂੰ ਬਰਬਾਦ ਕਰਨ ਵੱਲ ਚੱਲ ਰਹੀ ਹੈ। ਭਾਰਤ ਦੇ ਕਿਸਾਨਾਂ ਦੀ ਮਰਜ਼ੀ ਤੋਂ ਬਿਨਾ ਇਹ ਸਾਰੇ ਖੇਤੀ ਸਮਝੌਤੇ ਕੀਤੇ ਜਾ ਰਹੇ ਹਨ। ਜਿਸ ਨਾਲ ਕਿਸਾਨਾਂ ਦਾ ਬਹੁਤ ਵੱਡਾ ਨੁਕਸਾਨ ਹੋ ਜਾਵੇਗਾ। ਇਨ੍ਹਾਂ ਟ੍ਰੇਡ ਡੀਲਜ਼ ਰਾਹੀਂ ਅਮਰੀਕਾ ਦੇ ਖੇਤੀ ਉਤਪਾਦਾਂ ਦੀ ਆਮਦ ਭਾਰਤ ਵਿੱਚ ਵਧੇਗੀ। ਮੈਂ ਸਮਝਦਾ ਹਾਂ ਕਿ ਇਸ ਨਾਲ ਭਾਰਤ ਦੀ ਸੋਇਆਬੀਨ, ਮੱਕੀ, ਕਪਾਹ ਅਤੇ ਡੇਅਰੀ ਸੈਕਟਰ ਤੇ ਬਹੁਤ ਵੱਡਾ ਪ੍ਰਭਾਵ ਪਵੇਗਾ, ਬਹੁਤ ਮਾੜਾ ਅਸਰ ਪਵੇਗਾ। ਇਨ੍ਹਾਂ ਟ੍ਰੇਡ ਡੀਲਜ਼ ਦੇ ਨਾਲ ਕਰੋੜਾਂ ਛੋਟੇ ਅਤੇ ਦਰਮਿਆਨੇ ਕਿਸਾਨਾਂ ਦਾ ਬਹੁਤ ਵੱਡਾ ਨੁਕਸਾਨ ਹੋਵੇਗਾ। ਭਾਰਤ ਦੀ 48% ਅਤੇ 65% ਅਬਾਦੀ ਖੇਤੀ ਅਤੇ ਸਹਾਇਕ ਖੇਤਰਾਂ ਤੇ ਨਿਰਭਰ ਕਰਦੀ ਹੈ। ਪੰਜਾਬ ਸਮੇਤ ਪੂਰੇ ਭਾਰਤ ਵਿੱਚ ਘੱਟ ਜ਼ਮੀਨ ਵਾਲੇ ਕਿਸਾਨ ਵੱਧ ਹਨ ਪਰੰਤੂ ਅਮਰੀਕਾ ਵਿੱਚ ਕਿਸਾਨ ਘੱਟ ਹਨ ਅਤੇ ਉਨ੍ਹਾਂ ਕੋਲ ਜ਼ਮੀਨਾਂ ਬਹੁਤ ਜ਼ਿਆਦਾ ਹਨ। ਉਨ੍ਹਾਂ ਕੋਲ ਸਹੂਲਤਾਂ ਵੀ ਬਹੁਤ ਜ਼ਿਆਦਾ ਹਨ ਅਤੇ ਸਬਸਿਡੀਜ਼ ਵੀ ਬਹੁਤ ਜ਼ਿਆਦਾ ਹਨ। ਭਾਰਤ ਦੀ 70 ਕਰੋੜ ਤੋਂ ਵੱਧ ਅਬਾਦੀ ਦੀ ਰੋਜ਼ੀ-ਰੋਟੀ ਖੇਤੀ ਨਾਲ ਜੁੜੀ ਹੋਈ ਹੈ। ਖੇਤੀ ਸੈਕਟਰ ਭਾਰਤ ਦੀ ਰੀੜ੍ਹ ਦੀ ਹੱਡੀ ਹੈ। ਭਾਰਤ ਸਰਕਾਰ ਦੇ ਪ੍ਰੈਸ ਇਨਫਰਮੇਸ਼ਨ ਬਿਊਰੋ ਮੁਤਾਬਿਕ ਸਾਲ 2023-24 ਦੌਰਾਨ ਭਾਰਤ ਨੇ 23 ਕਰੋੜ ਟਨ ਤੋਂ ਵੱਧ ਦੁੱਧ ਦਾ ਉਤਪਾਦਨ ਕੀਤਾ ਸੀ ਜੋ ਕਿ ਸਾਡੇ ਕਿਸਾਨਾਂ ਦੀ ਮਿਹਨਤ ਦਾ ਸਿੱਟਾ ਸੀ ਕਿ ਭਾਰਤ ਨੇ ਦੁਨੀਆ ਵਿੱਚ ਸਭ ਤੋਂ ਵੱਧ ਦੁੱਧ ਉਤਪਾਦਨ ਦਾ ਸਥਾਨ ਹਾਸਲ ਕੀਤਾ ਸੀ। ਭਾਰਤ ਦੇ 35% ਤੋਂ 40% ਕਿਸਾਨ ਡੇਅਰੀ ਉੱਪਰ ਨਿਰਭਰ ਕਰਦੇ ਹਨ। ਜੇਕਰ ਅਮਰੀਕੀ ਡੇਅਰੀ ਉਤਪਾਦ ਭਾਰਤ ਵਿੱਚ ਆਉਂਦੇ ਹਨ ਤਾਂ ਭਾਰਤ ਦੇ ਦੁੱਧ ਦੀ ਕੀਮਤ 15% ਤੋਂ 20% ਘਟੇਗੀ, ਜਿਸ ਨਾਲ ਸਾਡੇ ਕਿਸਾਨਾਂ ਦਾ ਬਹੁਤ ਵੱਡਾ ਨੁਕਸਾਨ ਹੋਵੇਗਾ। ਸਪੀਕਰ ਸਾਹਿਬ, ਇਨ੍ਹਾਂ ਨਵੇਂ ਬੀਜ ਬਿੱਲਾਂ ਅਤੇ ਨਵੀਆਂ ਟ੍ਰੇਡ ਡੀਲਜ਼ ਨਾਲ ਪੰਜਾਬ ਸਮੇਤ ਪੂਰੇ ਭਾਰਤ ਦੇ ਕਿਸਾਨ ਅੱਜ ਬੜੇ ਦੁਖੀ ਹਨ, ਧਰਨੇ ਲਗਾ ਰਹੇ ਹਨ ਅਤੇ ਕੇਂਦਰ ਸਰਕਾਰ ਦੀ ਮੁਰਦਾਬਾਦ ਕਰ ਰਹੇ ਹਨ। ਜਿਸ ਤਰ੍ਹਾਂ ਅੰਗਰੇਜ਼ਾਂ ਨੇ ਵਪਾਰ ਰਾਹੀਂ ਭਾਰਤ ਨੂੰ ਗੁਲਾਮ ਬਣਾ ਲਿਆ ਸੀ, ਉਸੇ ਤਰ੍ਹਾਂ ਅੱਜ ਮੋਦੀ ਸਰਕਾਰ ਅਮਰੀਕਾ ਦੇ ਦਬਾਅ ਹੇਠ ਆ ਕੇ ਦੇਸ਼ ਨੂੰ ਬਰਬਾਦ ਕਰਨ ਵਾਲੇ ਸਮਝੌਤੇ ਕਰ ਰਹੀ ਹੈ। ਅੱਜ ਮੋਦੀ ਸਰਕਾਰ ਨੇ ਜੇ ਰੂਸ ਤੋਂ ਤੇਲ ਲੈਣਾ ਹੈ ਤਾਂ ਅਮਰੀਕਾ

ਤੋਂ ਪੁੱਛਣਾ ਪੈਂਦਾ ਹੈ, ਉਨ੍ਹਾਂ ਤੋਂ ਆਦੇਸ਼ ਲੈਣਾ ਪੈਂਦਾ ਹੈ। ਮੋਦੀ ਸਰਕਾਰ ਦੇ ਜਿਹੜੇ ਇਹ ਫੈਸਲੇ ਹਨ, ਦੇਸ਼ ਨੂੰ ਮੁੜ ਗੁਲਾਮੀ ਵੱਲ ਧਕੇਲਣ ਦਾ ਕੰਮ ਕਰ ਰਹੇ ਹਨ, ਜਿਸ ਨੂੰ ਆਮ ਆਦਮੀ ਪਾਰਟੀ ਬਿਲਕੁਲ ਬਰਦਾਸ਼ਤ ਨਹੀਂ ਕਰੇਗੀ। ਜਿਹੜੀਆਂ ਕਿਸਾਨਾਂ ਦੇ ਖਿਲਾਫ ਟਰੇਡ ਡੀਲਜ਼ ਹੋ ਰਹੀਆਂ ਹਨ, ਮੈਂ ਉਨ੍ਹਾਂ ਵਿਰੁੱਧ ਹਾਂ। ਇਸ ਭਾਰਤ-ਅਮਰੀਕਾ ਸਮਝੌਤੇ ਦੇ ਖਿਲਾਫ ਜਿਹੜਾ ਇਹ ਮਤਾ ਆਇਆ ਹੈ, ਮੈਂ ਇਸ ਮਤੇ ਦੀ ਹਮਾਇਤ ਕਰਦਾ ਹਾਂ। ਆਮ ਆਦਮੀ ਪਾਰਟੀ ਅਤੇ ਅਸੀਂ ਸਾਰੇ ਸਾਡੇ ਪੰਜਾਬ ਦੇ ਅਤੇ ਦੇਸ਼ ਦੇ ਕਿਸਾਨਾਂ ਦੇ ਹੱਕ ਵਿੱਚ ਖੜ੍ਹੇ ਹਾਂ। ਭਾਰਤ ਅਮਰੀਕਾ ਵਪਾਰਕ ਸਮਝੌਤੇ ਦੇ ਖਿਲਾਫ ਜਿਹੜਾ ਪ੍ਰਸਤਾਵ ਆਇਆ ਹੈ, ਮੈਂ ਉਸ ਪ੍ਰਸਤਾਵ ਦੀ ਹਮਾਇਤ ਕਰਦਾ ਹਾਂ। ਧੰਨਵਾਦ ਜੀ।

**ਸ਼੍ਰੀ ਜਗਦੀਪ ਕੰਬੋਜ ਗੋਲਡੀ (ਜਲਾਲਾਬਾਦ):** ਧੰਨਵਾਦ ਸਪੀਕਰ ਸਾਹਿਬ, ਤੁਸੀਂ ਅੱਜ ਮੈਨੂੰ ਯੂ.ਐਸ.ਏ. ਅਤੇ ਇੰਡੀਆ ਦੇ ਖੇਤੀ ਸਮਝੌਤੇ ਵਿਰੁੱਧ ਲਿਆਂਦੇ ਮਤੇ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ। ਸਰ, ਪਹਿਲਾਂ ਤਾਂ ਇਸ ਗੱਲ ਦਾ ਧੰਨਵਾਦ ਹੈ, ਸ਼ੁਕਰ ਹੈ ਕਿ ਆਪੋਜ਼ੀਸ਼ਨ ਬੈਂਚਿਜ਼ ਨੇ ਵੀ ਇਸ ਮਤੇ ਦੀ ਹਮਾਇਤ ਕੀਤੀ ਹੈ। ਸਾਰੇ ਰਲ਼ੀਏ ਤਾਂ ਹੀ ਅਸੀਂ ਕਾਮਯਾਬ ਹੋ ਸਕਦੇ ਹਾਂ ਕਿਉਂਕਿ ਇਸ ਦਾ ਸਭ ਤੋਂ ਵੱਡਾ ਇਫੈਕਟ ਪੰਜਾਬ ਨੂੰ ਹੀ ਹੋਣਾ ਹੈ। ਭਾਰਤ ਵਿੱਚ ਪੰਜਾਬ ਹੀ ਇਹੋ ਜਿਹਾ ਸੂਬਾ ਹੈ ਜੋ ਖੇਤੀ ਪ੍ਰਧਾਨ ਹੈ। ਵੈਸੇ ਵੀ ਮੈਂ ਬਾਰਡਰ ਹਲਕੇ ਤੋਂ ਹਾਂ, ਜਿੱਥੋਂ ਪਾਕਿਸਤਾਨ ਦੀ ਹੱਦ ਸਿਰਫ 25-30 ਕਿਲੋਮੀਟਰ ਤੇ ਹੈ। ਮੇਰੇ ਹਲਕੇ ਦੇ ਬਿਲਕੁਲ ਨਾਲ ਬਾਰਡਰ ਲੱਗਦਾ ਹੈ। ਸਾਡੇ ਬਾਰਡਰ ਉੱਤੇ ਤਕਰੀਬਨ ਗਰੀਬ ਤਬਕਾ ਵਸਦਾ ਹੈ, ਜਿਨ੍ਹਾਂ ਵਿੱਚੋਂ ਕਿਸੇ ਕੋਲ ਇੱਕ ਕਿੱਲਾ ਜ਼ਮੀਨ ਹੈ ਅਤੇ ਕਿਸੇ ਕੋਲ ਦੋ ਕਿੱਲੇ ਜ਼ਮੀਨ ਹੈ। ਉਨ੍ਹਾਂ ਦਾ ਗੁਜ਼ਾਰਾ ਜਾਂ ਕਣਕ ਨਾਲ ਹੁੰਦਾ ਹੈ ਜਾਂ ਝੋਨੇ ਨਾਲ ਹੁੰਦਾ ਹੈ ਜਾਂ ਫਿਰ ਉਹ ਸਬਜ਼ੀਆਂ ਪੈਦਾ ਕਰਕੇ ਗੁਜ਼ਾਰਾ ਕਰਦੇ ਹਨ। ਪਰ ਜੇ ਇਹ ਸਮਝੌਤਾ ਸਿਰੇ ਚੜ੍ਹ ਗਿਆ ਤਾਂ ਮੈਨੂੰ ਨਹੀਂ ਲੱਗਦਾ ਕਿ ਉਹ ਆਪਣੀ ਮਰਜ਼ੀ ਨਾਲ ਕਣਕ ਜਾਂ ਝੋਨਾ ਬੀਜ ਸਕਣਗੇ। ਹਰ ਜ਼ਿਮੀਂਦਾਰ ਆਪਣੇ ਆੜ੍ਹਤੀ ਕੋਲੋਂ ਆਪਣੇ ਛੋਟੇ-ਮੋਟੇ ਕੰਮ ਕਰਨ ਲਈ ਪੈਸੇ ਲੈਂਦਾ ਹੈ। ਇਸ ਸਮਝੌਤੇ ਤੋਂ ਬਾਅਦ ਨਾ ਆੜ੍ਹਤੀਏ ਰਹਿਣੇ ਹਨ ਅਤੇ ਨਾ ਹੀ ਕਿਸਾਨਾਂ ਕੋਲ ਨਿੱਜੀ ਜ਼ਮੀਨ ਰਹਿਣੀ ਹੈ। ਆਪਾਂ ਦੇਖਿਆ ਹੀ ਹੈ ਕਿ ਦੇਸ਼ ਵਿੱਚ ਹਰ ਅਦਾਰਾ ਪ੍ਰਾਈਵੇਟ ਹੱਥਾਂ ਵਿੱਚ ਜਾ ਰਿਹਾ ਹੈ। ਮੋਦੀ ਸਾਹਿਬ ਨੇ ਏਅਰਪੋਰਟ ਵੀ ਸੇਲ ਤੇ ਲਗਾ ਦਿੱਤੇ ਹਨ। ਰੇਲਵੇ ਵੀ ਸਾਡੀ ਵੇਚ ਦਿੱਤੀ ਹੈ। ਜਿਹੜਾ ਕਿਸਾਨਾਂ ਦਾ ਮਸਲਾ ਸੀ, ਜੋ ਕਿਸਾਨਾਂ ਦੇ ਖਿਲਾਫ ਖੇਤੀ ਕਾਨੂੰਨ ਲਿਆਂਦੇ ਗਏ ਸੀ, ਉਹ ਯੁੱਧ ਆਪਾਂ ਸਾਰਿਆਂ ਨੇ ਰਲ਼ ਕੇ ਲੜਿਆ ਹੈ। ਉਸ ਦੇ ਅਗੇਂਸਟ ਮੋਦੀ ਸਾਹਿਬ ਨੂੰ ਹੋਰ ਕੁਝ ਤਾਂ ਲੱਭਿਆ ਨਹੀਂ ਪਰ 56 ਇੰਚ ਦੀ ਛਾਤੀ ਵਾਲੇ ਇਸ ਸਮਝੌਤੇ ਰਾਹੀਂ ਸਾਨੂੰ ਫਿਰ ਅੰਗਰੇਜ਼ਾਂ ਦੇ ਗੁਲਾਮ ਬਣਾ ਰਹੇ ਹਨ। ਮੇਰੀ ਤੁਹਾਨੂੰ ਸਾਰਿਆਂ ਨੂੰ ਅਤੇ ਖਾਸ ਕਰਕੇ ਆਪੋਜ਼ੀਸ਼ਨ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਆਪਾਂ ਇਕੱਠੇ ਹੋਈਏ। ਅੱਜ ਤਾਂ ਖੈਰ ਬਾਜਵਾ ਸਾਹਿਬ ਨੇ ਵੱਡਾ ਦਿਲ ਕੀਤਾ ਹੈ। ਜੇ ਆਪਾਂ ਸਾਰੇ ਇਸੇ ਤਰ੍ਹਾਂ ਹੀ ਇਕੱਠੇ ਪੰਜਾਬ ਦੇ ਲਈ ਲੜੀਏ ਤਾਂ ਚੰਗੀ ਗੱਲ ਹੈ ਜੀ। ਮੇਰੀ ਤੁਹਾਨੂੰ ਇਹੀ ਬੇਨਤੀ ਹੈ ਕਿ ਸਾਨੂੰ ਸਾਰਿਆਂ ਨੂੰ ਇਕੱਠੇ ਹੋਣ ਦੀ ਲੋੜ ਹੈ। ਸੋ, ਖੇਤੀਬਾੜੀ ਮੰਤਰੀ ਖੁੱਡੀਆਂ ਸਾਹਿਬ ਜੋ ਇਹ ਪ੍ਰਸਤਾਵ ਲੈ ਕੇ ਆਏ ਹਨ, ਮੈਂ ਇਸ ਪ੍ਰਸਤਾਵ ਦੀ ਹਮਾਇਤ ਵੀ ਕਰਦਾ ਹਾਂ ਅਤੇ ਸਾਨੂੰ ਇਕੱਠੇ ਹੋ ਕੇ ਇਸ ਸਮਝੌਤੇ ਖਿਲਾਫ ਲੜਾਈ ਵੀ ਲੜਨੀ ਚਾਹੀਦੀ ਹੈ। ਸਭ ਦਾ ਧੰਨਵਾਦ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਮੈਨੂੰ ਇਹ ਲੱਗਦਾ ਹੈ ਕਿ ਇਨ੍ਹਾਂ ਨੇ ਹਿੰਦੁਸਤਾਨ ਨੂੰ ਹੀ ਗਿਰਵੀ ਰੱਖ ਦਿੱਤਾ ਹੈ। ਉਹ ਫਾਈਲਾਂ ਜਿਹੀਆਂ ਕਵਰ-ਅੱਪ ਕਰਵਾਉਣ ਵਾਸਤੇ, ਜਿਹੜੇ ਇਨ੍ਹਾਂ ਦੇ ਆਪਣੇ ਸਾਥੀ ਹਨ, ਜਿਨ੍ਹਾਂ ਖਿਲਾਫ ਉਥੇ ਅਮਰੀਕਾ ਵਿੱਚ ਪਰਚੇ ਦਰਜ ਹੋਏ ਹਨ, ਉਨ੍ਹਾਂ ਨੂੰ ਬਚਾਉਣ ਵਾਸਤੇ ਹਿੰਦੁਸਤਾਨ ਨੂੰ ਹੀ ਇਨ੍ਹਾਂ ਨੇ ਗਿਰਵੀ ਰੱਖ ਦਿੱਤਾ ਹੈ। ਉਹ ਸਾਡੇ ਨਾਲ ਕਲੋਨੀ ਵਾਂਗ ਬਿਹੇਵ ਕਰ ਰਹੇ ਹਨ, ਜਿਵੇਂ ਹਿੰਦੁਸਤਾਨ ਉਨ੍ਹਾਂ ਦੀ ਕਲੋਨੀ ਹੁੰਦਾ ਹੈ। ਸੋ, ਇੱਕ-ਦੋ ਹੋਰ ਸਾਥੀ ਇੱਧਰੋਂ ਬੋਲ ਲੈਣ।

**ਸ੍ਰੀ ਦਿਨੇਸ਼ ਕੁਮਾਰ ਚੱਢਾ (ਰੂਪਨਗਰ):** ਮਾਣਯੋਗ ਸਪੀਕਰ ਸਾਹਿਬ, ਮਾਣਯੋਗ ਖੇਤੀਬਾੜੀ ਮੰਤਰੀ ਸਾਹਿਬ ਜੋ ਭਾਰਤ- ਅਮਰੀਕਾ ਟਰੇਡ ਡੀਲ ਦੇ ਵਿਰੋਧ ਵਿੱਚ ਮਤਾ ਲੈ ਕੇ ਆਏ ਹਨ, ਜਿਵੇਂ ਕਿ ਪਹਿਲਾਂ ਵੀ ਕਈ ਮੈਂਬਰਜ਼ ਨੇ ਕਾਫ਼ੀ ਫੈਕਟਸ ਰੱਖੇ ਹਨ, ਮੈਂ ਵੀ ਇਸ ਮਤੇ ਦਾ ਸਮਰਥਨ ਕਰਦਾ ਹਾਂ। ਸਭ ਤੋਂ ਜ਼ਿਆਦਾ ਸ਼ੱਕੀ ਅਤੇ ਇੰਪਾਰਟੈਂਟ ਚੀਜ਼ ਇਹ ਹੈ ਕਿ ਕਿਹੜੇ ਹਾਲਾਤਾਂ ਵਿੱਚ ਇਹ ਟਰੇਡ ਡੀਲ ਕੀਤੀ ਗਈ ਹੈ? ਜਿਸ ਤਰੀਕੇ ਨਾਲ ਇਸ ਸਮਝੌਤੇ ਦੀ ਜਾਣਕਾਰੀ ਜਨਤਕ ਹੋਈ ਹੈ ਕਿ ਮੁਲਕ ਦੇ ਸੰਸਦ ਮੈਂਬਰਾਂ ਨੂੰ, ਲੋਕ ਸਭਾ ਅਤੇ ਰਾਜ ਸਭਾ ਮੈਂਬਰਾਂ ਨੂੰ ਇਸ ਦੀ ਕੋਈ ਜਾਣਕਾਰੀ ਨਹੀਂ ਹੈ ਕਿ ਇੰਟਰਨੈਸ਼ਨਲੀ ਕੋਈ ਅਜਿਹਾ ਸਮਝੌਤਾ ਹੋਣ ਜਾ ਰਿਹਾ ਹੈ, ਜਿਸ ਨਾਲ ਸਾਡੇ ਦੇਸ਼ ਦੀ ਖੇਤੀਬਾੜੀ ਪ੍ਰਭਵਿਤ ਹੋਣ ਜਾ ਰਹੀ ਹੈ, ਡੇਅਰੀ ਫਾਰਮਿੰਗ ਪ੍ਰਭਾਵਿਤ ਹੋਣ ਜਾ ਰਹੀ ਹੈ ਅਤੇ ਹਰੀ ਕ੍ਰਾਂਤੀ ਵਿੱਚ ਸਭ ਤੋਂ ਵੱਡਾ ਰੋਲ ਅਦਾ ਕਰਨ ਵਾਲੇ ਪੰਜਾਬ ਨੂੰ, ਦੇਸ਼ ਦੇ ਅੰਨ ਭੰਡਾਰ ਵਿੱਚ ਸਭ ਤੋਂ ਵੱਡਾ ਕੰਟਰੀਬਿਊਸ਼ਨ ਕਰਨ ਵਾਲੇ ਪੰਜਾਬ ਨੂੰ, ਪੰਜਾਬ ਦੇ ਨੁਮਾਇੰਦਿਆਂ ਨੂੰ ਕੋਈ ਜਾਣਕਾਰੀ ਨਹੀਂ ਹੈ ਕਿ ਉਨ੍ਹਾਂ ਦੀ ਖੇਤੀਬਾੜੀ ਨੂੰ ਅਤੇ ਉਨ੍ਹਾਂ ਦੀ ਕਿਸਾਨੀ ਨੂੰ ਪ੍ਰਭਾਵਿਤ ਕਰਨ ਲਈ ਕੋਈ ਅਜਿਹਾ ਅੰਤਰਰਾਸ਼ਟਰੀ ਸਮਝੌਤਾ ਹੋਣ ਜਾ ਰਿਹਾ ਹੈ। ਜੇਕਰ ਪਤਾ ਲੱਗਦਾ ਹੈ, ਜਾਣਕਾਰੀ ਜਨਤਕ ਹੁੰਦੀ ਹੈ ਤਾਂ ਉਹ ਸਿਰਫ਼ ਮੋਦੀ ਸਾਹਿਬ ਦੇ ਡੀਅਰ ਫਰੈਂਡ ਟਰੰਪ ਜੀ ਮਿਤੀ 02 ਫਰਵਰੀ ਨੂੰ ਟਵੀਟ ਕਰਦੇ ਹਨ, ਉਸ ਨਾਲ ਪਤਾ ਲੱਗਦਾ ਹੈ ਕਿ ਸਾਡੀ ਕਿਸਾਨੀ ਤੇ ਡੇਅਰੀ ਫਾਰਮਿੰਗ ਲੁੱਟੀ ਜਾ ਸਕਦੀ ਹੈ। ਮੁਲਕ ਦੇ ਹੱਕ ਦੇ ਵਿੱਚ ਵੀ ਸਮਝੌਤਾ ਕੀਤਾ ਜਾ ਸਕਦਾ ਹੈ, ਜਿਸ ਤਰੀਕੇ ਦੇ ਨਾਲ ਟਰੰਪ ਜੀ ਦੇ ਟਵੀਟ ਨਾਲ ਇਹ ਸਮਝੌਤਾ ਜਨਤਕ ਹੋਇਆ, ਉਸ ਚੀਜ਼ ਨਾਲ ਇਹ ਗੱਲ ਜ਼ਿਆਦਾ ਕਲੀਅਰ ਹੋ ਜਾਂਦੀ ਹੈ ਕਿ ਸਮਝੌਤਾ ਸਾਡੇ ਦੇਸ਼ ਦੇ ਖਿਲਾਫ ਹੋਣ ਜਾ ਰਿਹਾ ਹੈ। ਵੈਸੇ ਵੀ ਜਿਸ ਤਰੀਕੇ ਨਾਲ ਟਵੀਟ ਕਰਕੇ ਸਮਝੌਤਾ ਥੋਪਣ ਦੀ ਕੋਸ਼ਿਸ਼ ਕੀਤੀ ਗਈ, ਇਹ ਉਸੇ ਤਰ੍ਹਾਂ ਲੱਗਿਆ ਜਿਵੇਂ ਤੇਲ ਖਰੀਦਣ ਲਈ ਸਾਨੂੰ 30 ਦਿਨਾਂ ਦੀ ਮੁਹਲਤ ਦਿੱਤੀ ਗਈ ਹੈ। ਉਨ੍ਹਾਂ ਨੇ ਕਿਹਾ we are issuing a temporary thirty days waiver to allow India to purchase Russion oil. ਸੋ, ਜੇਕਰ ਅਜਿਹੇ ਤਰਸਯੋਗ ਹਾਲਾਤਾਂ ਵਿੱਚ ਸਾਡੀ ਕੇਂਦਰ ਦੀ ਸਰਕਾਰ ਕੋਈ ਸਮਝੌਤਾ ਕਰਨ ਜਾ ਰਹੀ ਹੈ ਤਾਂ ਉਹ ਸਾਡੀ ਕਿਸਾਨੀ ਦੇ ਖਿਲਾਫ਼ ਹੈ। ਮੈਨੂੰ ਤਾਂ ਇਹ ਵੀ ਲੱਗਦਾ ਹੈ ਕਿ ਜਿਸ ਤਰੀਕੇ ਨਾਲ ਉਹ ਇਸ ਸਮਝੌਤੇ ਤੇ ਦਸਤਖਤ ਕਰਨਾ ਚਾਹੁੰਦੇ ਹਨ, ਉਸੇ ਤਰੀਕੇ ਨਾਲ ਟਵੀਟ ਕਰਕੇ ਸਾਨੂੰ ਖੇਤੀਬਾੜੀ ਲਈ ਵੀ, ਡੇਅਰੀ ਲਈ ਵੀ ਇੱਕ ਤਰ੍ਹਾਂ ਨਾਲ ਉਦੋਂ ਤੱਕ ਮੁਹਲਤ ਦਿੱਤੀ ਹੈ। ਜੇਕਰ ਅਸੀਂ ਤਕੜੇ ਹੋ ਕੇ ਇਸ ਦਾ ਵਿਰੋਧ ਨਾ ਕੀਤਾ ਤਾਂ ਇਹ ਸਾਡੇ ਲਈ ਮਾੜਾ ਹੋਵੇਗਾ। ਸੋ, ਸਾਨੂੰ ਸਭ ਨੂੰ ਇਸ ਦਾ ਵਿਰੋਧ ਕਰਨਾ ਚਾਹੀਦਾ ਹੈ ਕਿਉਂਕਿ ਜੇਕਰ ਅਸੀਂ ਇਸ ਦੀ ਪਿੱਠਭੂਮੀ ਵਿੱਚ ਜਾਈਏ ਤਾਂ ਖਾਸ ਤੌਰ ਤੇ ਪੰਜਾਬ ਖੇਤੀਬਾੜੀ ਅਧਾਰਤ ਸੂਬਾ ਹੈ ਅਤੇ ਐਮ.ਐਸ.ਪੀ. ਤੇ ਨਿਰਭਰ ਹੈ। ਐਮ.ਐਸ.ਪੀ. ਤੋਂ ਬਿਨਾ ਸਾਡੀ ਖੇਤੀ ਕਾਮਯਾਬ ਨਹੀਂ ਹੋ ਸਕਦੀ। ਲੰਬੇ ਸਮੇਂ ਤੋਂ ਕੇਂਦਰ ਸਰਕਾਰ ਅਤੇ ਉਸ ਦੇ ਮਿੱਤਰਾਂ ਦੀ ਪੰਜਾਬ ਦੀ ਖੇਤੀਬਾੜੀ ਤੇ, ਪੰਜਾਬੀ ਦੀ ਛੋਟੀ ਕਿਸਾਨੀ ਤੇ ਅਤੇ ਐਮ.ਐਸ.ਪੀ. ਤੇ ਅੱਖ ਰਹੀ ਹੈ ਕਿ ਇਨ੍ਹਾਂ ਨੂੰ ਕਿਵੇਂ ਖਤਮ ਕਰੀਏ। ਉਸੇ ਇਵਜ਼ ਵਿੱਚ ਕੋਵਿਡ ਦੌਰਾਨ ਲੁਕਵੇਂ ਤਰੀਕੇ ਨਾਲ ਕਾਲੇ ਕਾਨੂੰਨ ਲਿਆਂਦੇ ਗਏ ਤਾਂ ਕਿ ਛੋਟੇ ਕਿਸਾਨਾਂ ਨੂੰ ਖਤਮ ਕੀਤਾ ਜਾ ਸਕੇ, ਮੰਡੀਕਰਨ ਸਿਸਟਮ ਨੂੰ ਖਤਮ ਕੀਤਾ ਜਾ ਸਕੇ, ਐਮ.ਐਸ.ਪੀ. ਨੂੰ ਖਤਮ ਕੀਤਾ ਜਾ ਸਕੇ। ਪਰ ਉਦੋਂ ਪੰਜਾਬ ਦੇ ਕਿਸਾਨਾਂ ਨੇ ਇਸ ਦਾ ਕਰੜਾ ਜਵਾਬ ਦਿੱਤਾ ਅਤੇ ਕੇਂਦਰ ਨੂੰ ਉਹ ਕਾਲੇ ਕਾਨੂੰਨ ਵਾਪਸ ਲੈਣੇ ਪਏ। ਹੁਣ ਆਪਣੇ ਅੰਤਰਰਾਸ਼ਟਰੀ ਮਿੱਤਰਾਂ ਰਾਹੀਂ ਇਹ ਟਰੇਡ ਡੀਲ ਪੰਜਾਬ ਅਤੇ ਮੁਲਕ ਦੇ ਕਿਸਾਨਾਂ ਤੇ ਥੋਪਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਿਸੇ ਵੀ ਤਰੀਕੇ ਦੇ ਨਾਲ ਜੇਕਰ ਖੁੱਲ੍ਹੀ ਮੰਡੀ ਵਿੱਚ ਪੰਜਾਬ ਦੀ ਖੇਤੀਬਾੜੀ ਅਤੇ ਡੇਅਰੀ ਨੂੰ ਲਿਆਂਦਾ ਗਿਆ ਤਾਂ ਪੰਜਾਬ ਦਾ ਕਿਸਾਨ ਜਿਹੜਾ ਐਮ.ਐਸ.ਪੀ. ਤੇ ਨਿਰਭਰ ਹੈ, ਉਹ ਕੰਪੀਟ ਨਹੀਂ ਕਰ ਸਕੇਗਾ ਕਿਉਂਕਿ ਅਮਰੀਕਾ ਦੇ ਜਿੰਨੇ ਫਾਰਮ ਹਨ, ਚਾਹੇ ਖੇਤੀਬਾੜੀ ਦੇ ਹਨ, ਚਾਹੇ ਡੇਅਰੀ ਫਾਰਮਿੰਗ ਦੇ ਹਨ, ਉਹ ਵੱਡੇ ਅਤੇ

ਐਡਵਾਂਸ ਮਸ਼ੀਨਰੀ ਵਾਲੇ ਫਾਰਮ ਹਨ। ਪਹਿਲਾਂ ਕਈ ਮੈਂਬਰ ਸਾਹਿਬ ਨੇ ਬੋਲਦੇ ਹੋਏ ਅੰਕੜੇ ਪੇਸ਼ ਕੀਤੇ ਹਨ ਕਿ ਅਮਰੀਕਾ ਵਿੱਚ ਜਿੰਨੀ ਸਬਸਿਡੀ ਖੇਤੀਬਾੜੀ ਅਤੇ ਡੇਅਰੀ ਫਾਰਮਿੰਗ ਵਿੱਚ ਦਿੱਤੀ ਜਾਂਦੀ ਹੈ, ਉਹ ਸਾਡੇ ਨਾਲੋਂ ਕਈ ਗੁਣਾ ਜ਼ਿਆਦਾ ਹੈ। ਅਸੀਂ ਉਸ ਦਾ ਮੁਕਾਬਲਾ ਨਹੀਂ ਕਰ ਸਕਦੇ ਕਿਉਂਕਿ ਸਾਡੇ ਛੋਟੇ ਕਿਸਾਨ ਰਵਾਇਤੀ ਤੌਰ ਤੇ ਕੰਮ ਕਰਦੇ ਹਨ, ਛੋਟੇ ਫਾਰਮ ਹਨ, ਇੰਡੀਆ ਦੇ ਵਿੱਚ ਪਸ਼ੂਆਂ ਦੇ ਐਵਰੇਜ ਫਾਰਮ ਦੋ ਤੋਂ ਪੰਜ ਪਸ਼ੂਆਂ ਵਾਲੇ ਹਨ ਪਰ ਅਮਰੀਕਾ ਵਿੱਚ ਇਹ ਐਵਰੇਜ 337 ਪਸ਼ੂਆਂ ਵਾਲਾ ਫਾਰਮ ਹੈ ਅਤੇ ਪ੍ਰੋਡਕਸ਼ਨ ਦੇ ਮਾਮਲੇ ਵਿੱਚ ਵੀ ਅਮਰੀਕਾ ਦੇ ਡੇਅਰੀ ਫਾਰਮ ਸਾਡੇ ਨਾਲੋਂ ਬਹੁਤ ਅੱਗੇ ਹਨ। ਕਰੀਬ ਕਰੀਬ ਛੇ ਸੱਤ ਗੁਣਾ ਦਾ ਫਰਕ ਹੈ। ਸਾਡੀ ਪ੍ਰਤੀ ਗਊ ਪ੍ਰਤੀ ਸਾਲ ਦੁੱਧ ਦੀ ਐਵਰੇਜ 1200-1300 ਕਿੱਲੋ ਹੈ ਪਰ ਅਮਰੀਕਾ ਵਿੱਚ 9,000 ਤੋਂ ਜ਼ਿਆਦਾ ਐਵਰੇਜ ਹੈ। ਸਾਡੀ ਡੇਅਰੀ ਫਾਰਮਿੰਗ ਰਵਾਇਤੀ ਤੌਰ ਤੇ ਹੁੰਦੀ ਹੈ ਕਿਉਂਕਿ ਅਸੀ ਧਾਰਮਿਕ ਤੌਰ ਤੇ ਵੀ ਦੇਖਦੇ ਹਾਂ। ਬੇਸ਼ੱਕ ਅਸੀਂ ਡੇਅਰੀ ਫਾਰਮਿੰਗ ਲਈ ਗਊਆਂ ਰੱਖਦੇ ਹਾਂ ਪਰ ਨਾਲ ਹੀ ਗਊਆਂ ਨੂੰ ਮਾਤਾ ਵੀ ਮੰਨਦੇ ਹਾਂ। ਇਸ ਅੰਤਰਰਾਸ਼ਟਰੀ ਟਰੇਡ ਡੀਲ ਵਾਸਤੇ ਕਿਸ ਨਾਲ ਚਰਚਾ ਕੀਤੀ ਗਈ, ਕਿਹੜੇ ਰਾਜ ਸਭਾ ਜਾਂ ਲੋਕ ਸਭਾ ਮੈਂਬਰਾਂ ਨਾਲ ਚਰਚਾ ਕੀਤੀ ਗਈ, ਇਹ ਸਾਰੀਆਂ ਗੱਲਾਂ ਚਰਚਾ, ਵਿਚਾਰ ਕਰਨ ਵਾਲੀਆਂ ਹਨ। ਜੇਕਰ ਕਾਲੇ ਕਾਨੂੰਨ ਜ਼ਮੀਨਾਂ ਵਿਕਾਉਣ ਵਾਲੇ ਸਨ ਤਾਂ ਇਹ ਟਰੇਡ ਡੀਲ ਜ਼ਮੀਨਾਂ ਦੇ ਨਾਲ ਨਾਲ ਸਾਡੀਆਂ ਗਊਆਂ ਅਤੇ ਮੱਝਾਂ ਵਿਕਾਉਣ ਵਾਲੀ ਸਾਬਤ ਹੋਵੇਗੀ। ਇਹ ਗੱਲ ਸਾਨੂੰ ਭੁੱਲਣੀ ਨਹੀਂ ਚਾਹੀਦੀ ਅਤੇ ਕੇਂਦਰ ਸਰਕਾਰ ਨੂੰ ਵੀ ਇਹ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਪਿਛਲੇ ਦਹਾਕਿਆਂ ਦੌਰਾਨ ਜਦੋਂ ਪੰਜਾਬ ਵਿੱਚ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ ਤਾਂ ਉਸ ਸਮੇਂ ਜੇਕਰ ਕਿਸਾਨਾਂ ਨੂੰ ਖੁਦਕੁਸ਼ੀਆਂ ਤੋਂ ਕੋਈ ਬਚਾ ਸਕਿਆ ਹੈ ਤਾਂ ਉਹ ਡੇਅਰੀ ਫਾਰਮਿੰਗ ਸੈਕਟਰ ਬਚਾ ਸਕਿਆ ਹੈ। ਹਰ ਘਰ ਦੇ ਵਿੱਚ, ਖਾਸ ਤੌਰ ਤੇ ਸਾਡੇ ਰੋਪੜ ਵਰਗੇ ਜ਼ਿਲ੍ਹੇ ਵਿੱਚ ਘਰਾਂ ਵਿੱਚ ਇੱਕ-ਇੱਕ, ਦੋ-ਦੋ ਪਸ਼ੂ ਹੀ ਹਨ, ਜਿਸ ਨਾਲ ਸਾਡੇ ਕਿਸਾਨ ਰੋਜ਼ੀ ਰੋਟੀ ਚਲਾਉਂਦੇ ਹਨ। ਜੇਕਰ ਉਹ ਇੱਕ-ਇੱਕ, ਦੋ-ਦੋ ਪਸ਼ੂਆਂ ਵਾਲੇ ਕਿਸਾਨਾਂ ਨੂੰ ਅਮਰੀਕਾ ਦੇ ਵੱਡੇ ਕਿਸਾਨਾਂ ਨਾਲ ਖੁੱਲ੍ਹੀ ਮੰਡੀ ਵਿੱਚ ਸੁੱਟੋਗੇ ਤਾਂ ਸਾਡੀ ਕਿਸਾਨੀ ਦੀ ਹਾਲਤ ਬੜੀ ਮਾੜੀ ਹੋਵੇਗੀ ਅਤੇ ਤੁਸੀਂ ਵੇਖਿਆ ਹੋਣਾ ਹੈ ਕਿ ਜਿਹੜੇ ਸਾਡੇ ਵੇਰਕਾ ਵਰਗੇ ਕੋਆਪਰੇਟਿਵ ਅਦਾਰੇ ਹਨ, ਉਹ ਜਦੋਂ ਮੌਕੇ ਦੇ ਹਾਲਾਤਾਂ ਮੁਤਾਬਿਕ ਆਪਣਾ ਇੱਕ-ਦੋ ਰੁਪਿਆ ਰੇਟ ਘਟਾ ਦਿੰਦੇ ਹਨ ਤਾਂ ਸਾਡੇ ਕਿਸਾਨਾਂ ਨੂੰ ਉਹ ਝੱਲਣਾ ਔਖਾ ਹੋ ਜਾਂਦਾ ਹੈ। ਉਨ੍ਹਾਂ ਦੀ ਦੁੱਧ ਤੇ ਇੰਨੀ ਜ਼ਿਆਦਾ ਡਿਪੈਂਡੈਂਸੀ ਹੈ। ਜਿਹੜੇ ਸਾਡੇ ਕਿਸਾਨ ਇਸ ਰੇਟ ਦੀ ਵੇਰੀਏਸ਼ਨ ਨਹੀਂ ਝੱਲ ਸਕਦੇ, ਉਹ ਖੁੱਲ੍ਹੀ ਮੰਡੀ ਵਿੱਚ ਅਮਰੀਕਾ ਦੇ ਨਾਲ ਕਿਵੇਂ ਕੰਪੀਟ ਕਰ ਸਕਦੇ ਹਨ? ਸਾਡੀ ਤਾਂ ਇਹੀ ਮੰਗ ਰਹਿੰਦੀ ਹੈ ਅਤੇ ਹੁਣ ਵੀ ਇਹੀ ਮੰਗ ਹੈ ਕਿ ਸਰਦੀਆਂ ਵਿੱਚ ਦੁੱਧ ਦਾ ਭਾਅ ਨਾ ਘਟਾਇਆ ਜਾਵੇ। ਇਸ ਨਾਲ ਕਿਸਾਨਾਂ ਨੂੰ ਬਹੁਤ ਵੱਡਾ ਘਾਟਾ ਪੈਂਦਾ ਹੈ। ਸਾਨੂੰ ਪਤਾ ਹੈ ਕਿ ਅਮਰੀਕਾ ਦੇ ਨਾਲ ਡੇਅਰੀ ਫਾਰਮਿੰਗ ਅਤੇ ਖੇਤੀ ਦੇ ਮਾਮਲੇ ਵਿੱਚ ਇਨ੍ਹਾਂ ਸਮਝੌਤਿਆਂ ਦੇ ਮੁਤਾਬਿਕ ਅਸੀਂ ਕੰਪੀਟ ਨਹੀਂ ਕਰ ਸਕਦੇ। ਸਾਡੇ ਕੋਆਪਰੇਟਿਵ ਅਦਾਰੇ ਪੂਰੀ ਤਰ੍ਹਾਂ ਖਤਮ ਹੋ ਜਾਣਗੇ।

ਪਹਿਲਾਂ ਸਾਡੀ ਥੋੜ੍ਹੀ-ਬਹੁਤੀ ਫਾਰਮਾ ਇੰਡਸਟਰੀ ਪੰਜਾਬ ਵਿੱਚ ਚੱਲਦੀ ਸੀ ਪ੍ਰੰਤੂ ਜਦੋਂ ਤੋਂ ਇੰਟਰਨੈਸ਼ਨਲੀ ਅਸੀਂ ਕੰਪਨੀਆਂ ਨੂੰ ਇੱਥੇ ਲਿਆਉਣਾ ਸ਼ੁਰੂ ਕੀਤਾ, ਸਾਡੀ ਫਾਰਮਾ ਇੰਡਸਟਰੀ ਬਿਲਕੁਲ ਖਤਮ ਹੋ ਗਈ ਹੈ ਕਿਉਂਕਿ ਇੰਟਰਨੈਸ਼ਨਲ ਸੇਫਟੀ ਕਨਸਰਨਜ਼ ਐਸੇ ਬਣਾਏ ਜਾਂਦੇ ਹਨ ਕਿ ਸਾਡੇ ਆਪਣੇ ਸੇਫਟੀ ਸਟੈਂਡਰਡਜ਼ ਖਤਮ ਹੋ ਜਾਂਦੇ ਹਨ। ਇਸ ਕਰਕੇ ਜਦੋਂ ਤੋਂ ਅਸੀਂ ਫਾਰਮਾ ਇੰਡਸਟਰੀ ਵਿੱਚ ਇੰਪੋਰਟ ਕਰਨ ਲੱਗ ਪਏ ਤਾਂ ਸਾਡੀ ਫਾਰਮਾ ਇੰਡਸਟਰੀ ਵੱਡੇ ਤੌਰ ਤੇ ਖਤਮ ਹੋਈ ਹੈ। ਸਾਨੂੰ ਖੇਤੀਬਾੜੀ ਸੈਕਟਰ ਵਿੱਚ ਵੀ ਇਸ ਉਦਾਹਰਣ ਰਾਹੀਂ ਇਹ ਗੱਲ ਸਮਝ ਲੈਣੀ ਚਾਹੀਦੀ ਹੈ। ਖੇਤੀਬਾੜੀ ਵਿੱਚ ਵੀ ਅਜਿਹਾ ਹੀ ਹੋਵੇਗਾ। ਜਿਵੇਂ ਹੁਣ ਸਰਕਾਰ ਕੋਸ਼ਿਸ਼ ਕਰ ਰਹੀ ਹੈ ਕਿ ਡਾਕਟਰ ਜੈਨਰਿਕ ਦਵਾਈਆਂ ਹੀ ਲਿਖਣ, ਦੂਜੀਆਂ ਨਾ ਲਿਖਣ ਪਰ ਫਿਰ ਵੀ ਲਿਖੀ ਜਾਂਦੇ ਹਨ, ਜੈਨਰਿਕ ਦਵਾਈਆਂ ਨਹੀਂ

ਲਿਖੀਆਂ ਜਾਂਦੀਆਂ। ਐਸਾ ਅੰਤਰਰਾਸ਼ਟਰੀ ਤਾਣਾ-ਬਾਣਾ ਪਰੋਇਆ ਗਿਆ ਹੈ। ਇਹੀ ਹਾਲ ਸਾਡੇ ਮਿਲਕ ਪ੍ਰੋਡਕਟਸ ਅਤੇ ਖੇਤੀਬਾੜੀ ਪ੍ਰੋਡਕਟਸ ਦਾ ਵੀ ਹੋਵੇਗਾ ਜੇਕਰ ਇਹੋ ਜਿਹੇ ਸਮਝੌਤੇ ਕੀਤੇ ਜਾਂਦੇ ਹਨ। ਜੇਕਰ ਅੱਜ ਵਿਦੇਸ਼ਾਂ ਦੇ ਵਿੱਚੋਂ ਇੱਕ ਟਵੀਟ ਦੇ ਨਾਲ ਸਮਝੌਤੇ ਥੋਪੇ ਜਾਂਦੇ ਹਨ, ਜੇਕਰ ਆਪਰੇਸ਼ਨ ਸਿੰਧੂਰ ਵਰਗੇ ਅਪ੍ਰੇਸ਼ਨ ਸਬੰਧੀ ਅਮਰੀਕਾ ਦੇ ਵੱਲੋਂ ਇੱਕ ਟਵੀਟ ਰਾਹੀਂ ਸੀਜ਼ਫਾਇਰ ਦਾ ਐਲਾਨ ਕਰ ਦਿੱਤਾ ਜਾਂਦਾ ਹੈ, ਇਨ੍ਹਾਂ ਹਾਲਾਤਾਂ ਦੇ ਵਿੱਚ ਜਦੋਂ ਇਹੋ ਜਿਹੇ ਅੰਤਰਰਾਸ਼ਟਰੀ ਸਮਝੌਤੇ ਪੰਜਾਬ ਦੇ ਉੱਪਰ ਥੋਪਣੇ ਹਨ ਤਾਂ ਇਨ੍ਹਾਂ ਕੋਲੋਂ ਕਿਸਾਨੀ ਦੇ ਭਲੇ ਦੀ ਆਸ ਬਿਲਕੁਲ ਨਹੀਂ ਰੱਖੀ ਜਾ ਸਕਦੀ। ਵੈਸੇ ਵੀ ਅਮਰੀਕਾ ਵੱਲੋਂ ਕੀਤੇ ਗਏ ਟਵੀਟ ਵਿੱਚ ਜਿਹੜੀ ਰਕਮ ਦੀ ਗੱਲ ਕੀਤੀ ਗਈ ਹੈ ਕਿ 500 ਬਿਲੀਅਨ ਡਾਲਰ ਦਾ ਇੰਪੋਰਟ ਭਾਰਤ ਕਰੇਗਾ, ਇਹ ਤਾਂ ਸਾਰਾ ਹੀ ਹੋ ਗਿਆ, ਜਿੰਨਾ ਭਾਰਤ ਨੇ ਇੰਪੋਰਟ ਕਰਨਾ ਹੈ। 70% ਤੋਂ ਜ਼ਿਆਦਾ ਤਾਂ ਇੰਪੋਰਟ ਹੁਣ ਯੂ.ਐਸ.ਏ. ਤੋਂ ਹੀ ਹੋਵੇਗਾ। ਇਹ ਬਹੁਤ ਗਲਤ ਤਰੀਕੇ ਦੇ ਨਾਲ ਅਮਰੀਕਾ ਵੱਲੋਂ ਸਮਝੌਤੇ ਦਾ ਐਲਾਨ ਕੀਤਾ ਗਿਆ ਹੈ। ਵਿਦੇਸ਼ ਨੀਤੀ ਦੇ ਮਾਮਲੇ ਵਿੱਚ ਖਾਸ ਤੌਰ ਤੇ ਇਹ ਵੀ ਘੋਖਣ ਦੀ ਲੋੜ ਹੈ, ਵਿਚਾਰਨ ਦੀ ਲੋੜ ਹੈ ਕਿ ਜਿਹੜੇ ਵੀ ਮੁਲਕ ਦੌੜ-ਦੌੜ ਕੇ ਸਾਡੀ ਕੇਂਦਰ ਦੀ ਸਰਕਾਰ ਵੱਲੋਂ ਅਮਰੀਕਾ ਦੇ ਅਲਾਈਡ ਬਣੇ ਹਨ, ਉਨ੍ਹਾਂ ਦੀ ਬਾਅਦ ਵਿੱਚ ਹਾਲਤ ਕੀ ਹੋਈ ਹੈ, ਯੂਕਰੇਨ ਵਰਗੀਆਂ ਉਦਾਹਰਣਾਂ ਸਾਨੂੰ ਜ਼ਰੂਰ ਦੇਖ ਲੈਣੀਆਂ ਚਾਹੀਦੀਆਂ ਹਨ। ਸੋ, ਖੇਤੀਬਾੜੀ ਮੰਤਰੀ ਸਾਹਿਬ ਜੋ ਇਹ ਮਤਾ ਇੰਡੀਆ- ਯੂ.ਐਸ.ਏ. ਟਰੇਡ ਡੀਲ ਦੇ ਵਿਰੋਧ ਦੇ ਵਿੱਚ ਲੈ ਕੇ ਆਏ ਹਨ, ਮੈਂ ਇਸ ਮਤੇ ਦਾ ਪੂਰਨ ਸਮਰਥਨ ਕਰਦਾ ਹਾਂ। ਮੈਂ ਸਾਰੇ ਹੀ ਮੈਂਬਰ ਸਾਹਿਬਾਨ ਨੂੰ ਇਹ ਅਪੀਲ ਵੀ ਕਰਦਾ ਹਾਂ ਕਿ ਜਿਵੇਂ ਅਸੀਂ ਸਾਰੇ ਕਾਲੇ ਕਾਨੂੰਨਾਂ ਦੇ ਖਿਲਾਫ ਲੜੇ ਸੀ, ਸਾਨੂੰ ਇਸ ਟਰੇਡ ਡੀਲ ਨੂੰ ਰੋਕਣ ਦੇ ਲਈ ਵੀ ਲੜਨਾ ਚਾਹੀਦਾ ਹੈ ਤਾਂ ਕਿ ਸਾਡਾ ਸੂਬਾ ਤੇ ਸਾਡਾ ਦੇਸ਼ ਅਮਰੀਕਾ ਦੇ ਲਈ ਸਿਰਫ ਇੱਕ ਲੇਬਰ ਦੀ ਮੰਡੀ ਬਣ ਕੇ ਨਾ ਰਹਿ ਜਾਵੇ। ਬਹੁਤ-ਬਹੁਤ ਧੰਨਵਾਦ।

**ਮਾਣਯੋਗ ਸਪੀਕਰ :** ਮੇਰੇ ਖਿਆਲ ਨਾਲ ਇਹ ਡੀਲ ਨਹੀਂ ਹੈ, ਇਹ ਤਾਂ ਧੱਕੇਸ਼ਾਹੀ ਹੀ ਹੈ। ਡੀਲ ਤਾਂ ਬਰਾਬਰ ਦੀ ਹੁੰਦੀ ਹੈ। ਉਹ ਕਹਿੰਦੇ ਇੰਡੀਆ ਨੂੰ ਕੰਸੈਸ਼ਨ ਦੇ ਰਹੇ ਹਾਂ and India is committed. ਇੰਡੀਆ ਦੀਆਂ commitments immediate ਹਨ ਤੇ ਜਿਹੜਾ ਅਮਰੀਕਾ ਦੇ ਕਰਨ ਵਾਲਾ ਹੈ ਉਹ concessional ਹੈ, ਉਸ ਦੀ ਮਰਜ਼ੀ ਹੈ, ਜਦੋਂ ਮਰਜ਼ੀ ਵਾਪਸ ਲੈ ਲੈਣ। ਹੁਣ ਮੈਂ, ਮੁਹੰਮਦ ਜਮੀਲ ਉਰ ਰਹਿਮਾਨ ਜੀ ਨੂੰ ਵੱਖਰੇ ਅੰਦਾਜ਼ ਵਿੱਚ ਗੱਲ ਬਿਆਨ ਕਰਨ ਦੀ ਬੇਨਤੀ ਕਰਦਾ ਹਾਂ।

**ਡਾ. ਮੁਹੰਮਦ ਜਮੀਲ ਉਰ ਰਹਿਮਾਨ (ਮਲੇਰਕੋਟਲਾ)** : ਮਾਣਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਆਪ ਜੀ ਦਾ ਦਿਲ ਦੀਆਂ ਗਹਿਰਾਈਆਂ ਤੋਂ ਸ਼ੁਕਰੀਆ ਅਦਾ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਬਹੁਤ ਹੀ ਅਹਿਮ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਭਾਰਤ-ਅਮਰੀਕਾ ਵਪਾਰਕ ਸਮਝੌਤਾ ਦੇਸ਼ ਲਈ ਬਹੁਤ ਹੀ ਖਤਰਨਾਕ ਹੈ। ਵੈਸੇ ਤਾਂ ਮੋਦੀ ਸਰਕਾਰ ਸਾਰੇ ਕੰਮ ਹੀ ਦੇਸ਼ ਲਈ ਖਤਰਨਾਕ ਕਰ ਰਹੀ ਹੈ। ਪਹਿਲਾਂ ਮੋਦੀ ਸਰਕਾਰ ਨੇ ਪੂਰੇ ਦੇਸ਼ ਵਿੱਚ ਨਫ਼ਰਤ ਦੀ ਰਾਜਨੀਤੀ ਕੀਤੀ। ਦੇਸ਼ ਅੰਦਰ ਆਪਸ ਵਿੱਚ ਵੰਡੀਆਂ ਪਾ ਕੇ ਦੇਸ਼ ਦੇ ਲੋਕਾਂ ਨੂੰ ਲੜਾਉਣ ਦਾ ਤੇ ਵੰਡਣ ਦਾ ਕੰਮ ਕੀਤਾ। ਪੰਜਾਬ ਦਾ ਕਿਸਾਨ, ਦੇਸ਼ ਦਾ ਕਿਸਾਨ, ਜੋ ਦੇਸ਼ ਦੀ ਤਰੱਕੀ ਦਾ ਜ਼ਾਮਿਨ ਹੈ, ਉਸ ਖਿਲਾਫ ਹਮੇਸ਼ਾ ਮੋਦੀ ਸਰਕਾਰ ਨੇ ਗਲਤ ਫ਼ੈਸਲੇ ਲਏ ਹਨ। ਦੇਸ਼ ਦੇ ਕਿਸਾਨ ਨੂੰ ਹਮੇਸ਼ਾ ਪਰੇਸ਼ਾਨ ਕੀਤਾ ਗਿਆ ਹੈ।

हाकम ए वक़्त पे जिस वक़्त मैं तनक़ीद करूँ
हाथ उस वक़्त न यारो मेरे मुँह पर रखना
उस से खूंरेज़ी की लत भी नहीं छोड़ी जाती
तमगा ए अमन भी चाहे वोह सितमगर रखना

ਇਹ ਸਮਝੌਤਾ ਅਮਰੀਕਾ ਦੇ ਦਬਾਅ ਵਿੱਚ ਕੀਤਾ ਗਿਆ ਹੈ। ਇਹ ਸਮਝੌਤਾ ਦੇਸ਼ ਦੇ ਕਿਸਾਨਾਂ, ਪੰਜਾਬ ਦੇ ਕਿਸਾਨਾਂ ਦੇ ਖਿਲਾਫ ਹੈ, ਪੰਜਾਬ ਦੇ ਮਜ਼ਦੂਰਾਂ ਖਿਲਾਫ ਹੈ, ਵਪਾਰੀਆਂ ਦੇ ਖਿਲਾਫ ਹੈ। ਸਾਡਾ ਦੇਸ਼ ਖੇਤੀ ਪ੍ਰਧਾਨ ਦੇਸ਼ ਹੈ। ਸਾਡੀ ਕਿਸਾਨੀ ਅਤੇ ਖੇਤੀ ਤੇ ਦੂਜੇ ਵਰਗ ਵੀ ਇਸ ਉਤੇ ਨਿਰਭਰ ਕਰਦੇ ਹਨ। ਸੋ, ਮੈਂ ਬਹੁਤ ਹੀ ਸਖਤ ਸ਼ਬਦਾਂ ਵਿੱਚ ਇਸ ਸਮਝੌਤੇ ਨੂੰ ਕੰਡੈਮ ਕਰਦਾ ਹਾਂ। ਜੋ ਮਤਾ ਮਾਣਯੋਗ ਖੇਤੀਬਾੜੀ ਮੰਤਰੀ ਸਾਹਿਬ ਨੇ ਇਸ ਦੇ ਵਿਰੋਧ ਵਿੱਚ ਪੇਸ਼ ਕੀਤਾ ਹੈ, ਮੈਂ ਉਸ ਦੀ ਤਾਈਦ ਕਰਦਾ ਹਾਂ, ਉਸ ਦੀ ਹਮਾਇਤ ਕਰਦਾ ਹਾਂ। ਇਸ ਸਮਝੌਤੇ ਨਾਲ ਜਿੱਥੇ ਖੇਤੀਬਾੜੀ ਦਾ, ਬੀਜ ਪ੍ਰਣਾਲੀ ਦਾ ਸਾਰਾ ਪ੍ਰਬੰਧ ਸੈਂਟਰ ਸਰਕਾਰ ਦੇ ਕੰਟਰੋਲ ਵਿੱਚ ਆ ਜਾਵੇਗਾ, ਉਥੇ ਹੀ ਪੰਜਾਬ ਦੇ ਅਤੇ ਦੇਸ਼ ਦੇ ਕਿਸਾਨਾਂ ਨੂੰ ਇਸ ਦਾ ਬੜਾ ਨੁਕਸਾਨ ਹੋਣਾ ਹੈ। ਸੂਬਿਆਂ ਦੇ ਵਿਚਾਰਾਂ ਨੂੰ ਸਰਾਸਰ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ। ਦੇਸ਼ ਦੀ ਮੋਦੀ ਸਰਕਾਰ ਦੇਸ਼ ਅੰਦਰ ਰਹਿਣ ਵਾਲੇ ਸਾਰੇ ਲੋਕਾਂ ਨੂੰ ਕਿਸੇ ਨਾ ਕਿਸੇ ਢੰਗ ਨਾਲ ਪਰੇਸ਼ਾਨ ਕਰਦੀ ਆ ਰਹੀ ਹੈ। ਪੰਜਾਬ ਦਾ ਕਿਸਾਨ ਜਿਹੜਾ ਕਿ ਮਿੱਟੀ ਨਾਲ ਮਿੱਟੀ ਹੋ ਕੇ ਅੰਨ ਉਗਾ ਕੇ ਦੇਸ਼ ਦੇ ਅੰਨ ਦੇ ਭੰਡਾਰ ਭਰਦਾ ਹੈ, ਉਸ ਕਿਸਾਨ ਨੂੰ ਤਰ੍ਹਾਂ ਤਰ੍ਹਾਂ ਦੇ ਬਿਲ ਲਿਆ ਕੇ, ਤਰ੍ਹਾਂ ਤਰ੍ਹਾਂ ਦੇ ਕਾਨੂੰਨ ਬਣਾ ਕੇ ਪਰੇਸ਼ਾਨ ਕੀਤਾ ਜਾ ਰਿਹਾ ਹੈ। ਮੈਂ ਮੋਦੀ ਸਰਕਾਰ ਨੂੰ ਇਹ ਵਾਰਨਿੰਗ ਦੇਣਾ ਚਾਹਾਂਗਾ ਕਿ ਇਸ ਸਮਝੌਤੇ ਨੂੰ ਤੁਰੰਤ ਰੱਦ ਕੀਤਾ ਜਾਵੇ, ਇਸ ਤੇ ਬਿਲਕੁਲ ਵੀ ਸਾਈਨ ਨਾ ਕੀਤੇ ਜਾਣ ਤਾਂ ਕਿ ਪੰਜਾਬ ਦਾ ਅਤੇ ਦੇਸ਼ ਦਾ ਕਿਸਾਨ ਸੁਰੱਖਿਅਤ ਰਹਿ ਸਕੇ ਅਤੇ ਸਾਡੀ ਬੀਜਾਂ ਦੀ ਖੁਦਮੁਖਤਿਆਰੀ ਤੇ ਕਿਸੇ ਕਿਸਮ ਦੀ ਆਂਚ ਨਾ ਆਵੇ। ਬੜੀ ਅਜੀਬ ਗੱਲ ਹੈ ਕਿ ਇਸ ਸਮਝੌਤੇ ਤਹਿਤ ਸਾਡੇ ਜਿਹੜੇ ਬੀਜ ਪੈਦਾ ਕਰਨ ਵਾਲੇ ਅਦਾਰੇ ਹਨ, ਚਾਹੇ ਪੰਜਾਬ ਦੇ ਹਨ ਜਾਂ ਦੇਸ਼ ਦੇ ਦੂਸਰੇ ਹਿੱਸਿਆਂ ਦੇ ਅਦਾਰੇ ਹਨ, ਉਨ੍ਹਾਂ ਨੂੰ ਲਾਇਸੰਸ ਲੈਣਾ ਪਵੇਗਾ, ਰਜਿਸਟਰੇਸ਼ਨ ਕਰਵਾਉਣੀ ਪਵੇਗੀ ਜਦੋਂ ਕਿ ਵਿਦੇਸ਼ੀ ਬੀਜਾਂ ਲਈ ਵਿਦੇਸ਼ੀ ਅਦਾਰਿਆਂ ਵੱਲੋਂ ਜੋ ਟੈਸਟ ਹੋ ਕੇ ਆਉਣਗੇ, ਉਨ੍ਹਾਂ ਨੂੰ ਇੱਕ ਨੋਟੀਫਿਕੇਸ਼ਨ ਜਾਰੀ ਕਰਕੇ ਰਜਿਸਟਰੇਸ਼ਨ ਅਤੇ ਲਾਇਸੰਸ ਲੈਣ ਦੀ ਛੋਟ ਹੋਵੇਗੀ। ਇਹ ਕਿੰਨੀ ਅਜੀਬ ਗੱਲ ਹੈ? ਸਾਡੇ ਦੇਸ਼ ਦੇ ਕਿਸਾਨਾਂ ਲਈ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ ਅਤੇ ਗੈਰ ਮੁਲਕ ਦੀਆਂ ਕੰਪਨੀਆਂ ਨੂੰ ਦੇਸ਼ ਅੰਦਰ ਬੀਜ ਵੇਚਣ ਦੀ ਖੁੱਲ੍ਹੀ ਛੋਟ ਦਿੱਤੀ ਜਾ ਰਹੀ ਹੈ। ਸੋ, ਅਸੀਂ ਜਿਵੇਂ ਨਫਰਤ ਦੇਸ਼ ਵਿੱਚ ਬੀਜਣ ਦੀ ਸਖਤ ਸ਼ਬਦਾਂ ਵਿੱਚ ਹਮੇਸ਼ਾ ਵਿਰੋਧਤਾ ਕੀਤੀ ਹੈ, ਇਸੇ ਤਰ੍ਹਾਂ ਹੀ ਅਸੀਂ ਗੈਰ ਮੁਲਕੀ ਬੀਜ ਦੇਸ਼ ਵਿੱਚ ਜਾਂ ਪੰਜਾਬ ਦੇ ਖੇਤਾਂ ਵਿੱਚ ਬੀਜਣ ਦੀ ਆਗਿਆ ਨਹੀਂ ਦੇਵਾਂਗੇ। ਮੈਂ ਤੁਹਾਡਾ ਸਾਰਿਆਂ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ। ਸਪੀਕਰ ਸਾਹਿਬ, ਮਿਹਰਬਾਨੀ ਜੀ। (ਥੰਪਿੰਗ)

**ਮਾਣਯੋਗ ਸਪੀਕਰ** : ਧੰਨਵਾਦ ਜੀ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ (ਅਜਨਾਲਾ)** : ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਸਾਡੇ ਖੇਤੀਬਾੜੀ ਮੰਤਰੀ, ਸਰਦਾਰ ਗੁਰਮੀਤ ਸਿੰਘ ਖੁੱਡੀਆਂ ਜੀ ਵੱਲੋਂ ਅਮਰੀਕਾ ਨਾਲ ਜਿਹੜਾ ਕੇਂਦਰ ਸਰਕਾਰ ਟਰੇਡ ਸਮਝੌਤਾ ਕਰ ਰਹੀ ਹੈ, ਉਸ ਤੇ ਗੱਲ ਕਰਨ ਦਾ ਮੌਕਾ ਦਿੱਤਾ ਹੈ।

**ਮਾਣਯੋਗ ਸਪੀਕਰ** : ਪੂਰੇ ਜੋਸ਼ ਨਾਲ ਇਸ ਟਰੇਡ ਸਮਝੌਤੇ ਦਾ ਵਿਰੋਧ ਕਰਨਾ ਹੈ, ਬਾਜਵਾ ਸਾਹਿਬ ਇੱਥੇ ਨਹੀਂ ਹਨ।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ** : ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਇਸ ਮਤੇ ਦੀ ਹਮਾਇਤ ਵਿੱਚ ਮੈਨੂੰ ਬੋਲਣ ਦਾ ਟਾਈਮ ਦਿੱਤਾ ਹੈ। ਗੱਲ ਮੁਕਦੀ ਹੈ ਕਿ ਮੇਰੇ ਸਾਹਮਣੇ ਅਤੇ ਇੱਧਰ ਵੀ ਅਸੀਂ ਜਿੰਨੇ ਲੋਕ ਹਾਊਸ ਵਿੱਚ ਬੈਠੇ ਹਾਂ, ਅਸੀਂ ਸਭ ਜਾਣਦੇ ਹਾਂ ਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਖੇਤੀ ਤੇ ਨਿਰਭਰ ਹੈ। ਮੇਰੇ ਤੋਂ ਪਹਿਲਾਂ ਜਿਹੜੇ ਮੈਂਬਰ ਸਾਹਿਬਾਨ ਬੋਲੇ ਹਨ, ਉਨ੍ਹਾਂ ਨੇ ਬਹੁਤ ਵਧੀਆ ਵਧੀਆ ਦਲੀਲਾਂ ਦਿੱਤੀਆਂ ਹਨ, ਇਸ ਸਮਝੌਤੇ ਨਾਲ ਦੇਸ਼ ਦੇ ਉਤੇ, ਪੰਜਾਬ ਦੇ ਉਤੇ ਜਿਹੜਾ ਮਾਰੂ ਅਸਰ ਪੈਣਾ ਹੈ, ਉਸ ਬਾਰੇ ਬੜੀ ਡਿਟੇਲ ਨਾਲ ਦੱਸਿਆ ਹੈ। ਮੈਂ ਬੱਸ ਇੰਨਾ ਕਹਿਣਾ

ਚਾਹੁੰਦਾ ਹਾਂ ਕਿ ਜਦੋਂ ਮੋਦੀ ਸਰਕਾਰ ਕਾਲੇ ਕਾਨੂੰਨ ਲੈ ਕੇ ਆਈ ਸੀ ਤਾਂ ਉਸ ਸਮੇਂ ਵੀ ਬਹੁਤ ਵੱਡੀ ਜੰਗ ਹੋਈ ਸੀ। ਪੰਜਾਬ ਦੇ ਬਹੁਤ ਲੋਕ, ਸਾਡੇ ਕਿਸਾਨ, ਤੁਸੀਂ ਵੀ ਸਪੀਕਰ ਸਾਹਿਬ ਅਤੇ ਅਸੀਂ ਵੀ ਸਾਰੇ ਦਿੱਲੀ ਵਿੱਚ ਮਹੀਨਾ-ਮਹੀਨਾ, ਦੋ-ਦੋ ਮਹੀਨੇ ਕਿਸਾਨਾਂ ਨਾਲ ਸੜਕਾਂ ਤੇ ਬੈਠੇ ਰਹੇ। ਸਾਡੀ ਆਮ ਆਦਮੀ ਪਾਰਟੀ ਉਸ ਸਮੇਂ ਵੀ ਖੁੱਲ੍ਹ ਕੇ ਕਿਸਾਨਾਂ ਦੇ ਹੱਕ ਵਿਚ ਬੋਲੀ ਸੀ ਅਤੇ ਹੁਣ ਜਿਸ ਦਿਨ ਟਰੰਪ ਨੇ ਟਵੀਟ ਕੀਤਾ, ਉਸੇ ਵੇਲੇ ਵੀ ਅਸੀਂ ਖੁੱਲ੍ਹ ਕੇ ਬੋਲੇ ਤੇ ਇਸ ਦਾ ਵਿਰੋਧ ਕੀਤਾ। ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਹੁਣ ਤੱਕ ਇਸ ਸਮਝੌਤੇ ਬਾਰੇ ਜੋ ਕੁਝ ਵੀ ਬਾਹਰ ਆਇਆ ਹੈ, ਉਹ ਟਰੰਪ ਨੇ ਦੱਸਿਆ ਹੈ, ਸਾਨੂੰ ਅਮਰੀਕਾ ਤੋਂ ਪਤਾ ਲੱਗਿਆ ਹੈ ਪਰ ਸਾਡੀ ਬੀ.ਜੇ.ਪੀ. ਦੀ ਸਰਕਾਰ ਨੇ, ਕੇਂਦਰ ਦੀ ਸਰਕਾਰ ਨੇ ਅੱਜ ਤੱਕ ਦੇਸ਼ ਵਾਸੀਆਂ ਨੂੰ, ਲੋਕ ਸਭਾ ਨੂੰ, ਰਾਜ ਸਭਾ ਨੂੰ ਇਸ ਸਮਝੌਤੇ ਬਾਰੇ ਬਿਲਕੁਲ ਦੋ ਲਾਈਨਾਂ ਵੀ ਨਹੀਂ ਦੱਸੀਆਂ ਹਨ ਕਿ ਇਹ ਸਮਝੌਤਾ ਅਸਲ ਵਿੱਚ ਕੀ ਹੈ। ਸਪੀਕਰ ਸਾਹਿਬ, ਗੱਲ ਇਹ ਹੈ ਕਿ ਦੇਸ਼ ਦੇ ਪਹਿਲਾਂ ਵੀ ਕਈ ਪ੍ਰਧਾਨ ਮੰਤਰੀਆਂ ਦੇ ਉਤੇ ਇਸ ਗੱਲ ਦਾ ਦਬਾਅ ਸੀ ਤੇ ਅਮਰੀਕਾ ਨੇ ਕਈ ਵਾਰ ਦਬਾਅ ਪਾਇਆ ਸੀ। ਜਿਸ ਤਰ੍ਹਾਂ ਪਹਿਲਾਂ ਵੀ ਮੇਰੇ ਇੱਕ ਦੋਸਤ ਨੇ ਦੱਸਿਆ ਹੈ ਤੇ ਮੈਂ ਵੀ ਸਟੱਡੀ ਕੀਤਾ ਹੈ ਕਿ ਇਹ ਦਬਾਅ ਉਸ ਸਮੇਂ ਵੀ ਪਿਆ ਜਦੋਂ ਵਾਜਪਾਈ ਸਾਹਿਬ ਪ੍ਰਧਾਨ ਮੰਤਰੀ ਸਨ, ਉਸ ਸਮੇਂ ਵੀ ਦਬਾਅ ਪਿਆ ਜਦੋਂ ਵੀ.ਪੀ. ਸਿੰਘ ਦੇਸ਼ ਦੇ ਪ੍ਰਧਾਨ ਮੰਤਰੀ ਸਨ, ਜਦੋਂ ਚੰਦਰ ਸ਼ੇਖਰ ਜੀ ਪ੍ਰਧਾਨ ਮੰਤਰੀ ਸਨ ਔਰ ਜਦੋਂ ਡਾਕਟਰ ਮਨਮੋਹਨ ਸਿੰਘ ਜੀ ਪ੍ਰਧਾਨ ਮੰਤਰੀ ਸਨ। ਪਹਿਲਾਂ ਦੇਸ਼ ਦਾ ਕੋਈ ਵੀ ਪ੍ਰਧਾਨ ਮੰਤਰੀ ਅਮਰੀਕਾ ਦੇ ਅੱਗੇ ਨਹੀਂ ਝੁਕਿਆ ਸੀ। ਜਿਸ ਢੰਗ ਨਾਲ ਅੱਜ ਮੋਦੀ ਜੀ ਅਮਰੀਕਾ ਦੇ ਅੱਗੇ ਝੁਕੇ ਹਨ, ਜਿਸ ਢੰਗ ਨਾਲ ਅੱਜ ਮੋਦੀ ਜੀ ਨੇ ਇਸ ਦੇਸ਼ ਨੂੰ ਅਮਰੀਕਾ ਦੇ ਕੋਲ ਗਹਿਣੇ ਧਰ ਦਿੱਤਾ ਹੈ, ਬਹੁਤ ਸਾਰੇ ਦੋਸਤ ਇਸ ਬਾਰੇ ਇਕੱਲੀ-ਇਕੱਲੀ ਦਲੀਲ ਦੇ ਰਹੇ ਹਨ ਕਿ ਇਸ ਦਾ ਡੇਅਰੀ ਫਾਰਮਿੰਗ ਤੇ ਕੀ ਅਸਰ ਪਵੇਗਾ, ਖੇਤੀ ਤੇ ਕੀ ਅਸਰ ਪਵੇਗਾ, ਕਿਹੜੀ ਚੀਜ਼ ਤੇ ਕੀ ਅਸਰ ਪਵੇਗਾ। ਸਪੀਕਰ ਸਾਹਿਬ, ਮੈਂ ਹਾਊਸ ਨੂੰ ਕਹਿਣਾ ਚਾਹੁੰਦਾ ਹਾਂ, ਪੰਜਾਬੀਆਂ ਨੂੰ ਕਹਿਣਾ ਚਾਹੁੰਦਾ ਹਾਂ, ਦੇਸ਼ ਵਾਸੀਆਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇ ਇਹ ਸਮਝੌਤਾ ਲਾਗੂ ਹੋ ਗਿਆ ਤਾਂ ਹਿੰਦੁਸਤਾਨ ਦੀ ਹੋਂਦ ਦਾ ਸਵਾਲ ਖੜ੍ਹਾ ਹੋ ਜਾਵੇਗਾ। ਅਮਰੀਕਾ ਹਿੰਦੁਸਤਾਨ ਨੂੰ ਖਾ ਜਾਵੇਗਾ। ਅਮਰੀਕਾ ਲਈ ਦੇਸ਼ ਦੇ ਦਰਵਾਜ਼ੇ ਖੋਲ੍ਹਣ ਦਾ ਮਤਲਬ ਦੇਸ਼ ਦੇ ਗਰੀਬ ਕਿਸਾਨਾਂ ਨੂੰ, ਦੇਸ਼ ਦੇ ਗਰੀਬ ਮਜ਼ਦੂਰਾਂ ਨੂੰ ਭੁੱਖੇ ਮਾਰਨ ਵਾਲੀ ਗੱਲ ਹੈ। ਮੋਦੀ ਜੀ ਨੇ ਬਹੁਤ ਢੀਠਤਾਈ ਦੇ ਨਾਲ, ਬਹੁਤ ਬੇਸ਼ਰਮੀ ਦੇ ਨਾਲ ਇਸ ਦੇਸ਼ ਨੂੰ ਅੱਜ ਤੱਕ ਬਿਲਕੁਲ ਇੱਕ ਸ਼ਬਦ ਤੱਕ ਨਹੀਂ ਦੱਸਿਆ। ਸੋ, ਮੈਂ ਸਮਝਦਾ ਹਾਂ ਕਿ ਇਸ ਦੇਸ਼ ਵਿੱਚ ਹਰ ਬੱਚੇ ਨੂੰ ਅਮਰੀਕਾ ਖਿਲਾਫ਼ ਖੜ੍ਹਨਾ ਪਵੇਗਾ। ਜੇ ਆਪਾਂ ਚੁੱਪ ਰਹਿ ਗਏ ਤਾਂ ਅਮਰੀਕਾ ਆਪਣੇ ਦੇਸ਼ ਨੂੰ ਖਾ ਜਾਵੇਗਾ ਤੇ ਪੂਰੀ ਮੰਡੀ ਤੇ ਕੰਟਰੋਲ ਕਰ ਲਵੇਗਾ। ਆਪਣੀ ਅਬਾਦੀ 140 ਕਰੋੜ ਤੋਂ ਉੱਪਰ ਹੈ, ਅਮਰੀਕਾ ਨੂੰ ਪਤਾ ਹੈ ਕਿ ਇੱਥੇ ਦੁਨੀਆ ਦੀ ਸਭ ਤੋਂ ਵੱਡੀ ਮੰਡੀ ਹੈ ਤੇ ਉਸ ਦਾ ਸਭ ਤੋਂ ਜ਼ਿਆਦਾ ਮਾਲ ਇੱਥੇ ਵਿਕਣਾ ਹੈ। ਸਰ, ਮੈਂ ਅਮਰੀਕਾ ਦੇ ਵਿੱਚ ਰਿਹਾ ਹਾਂ, ਮੇਰੇ ਕਈ ਸਾਥੀ ਵੀ ਗਏ ਹੋਣਗੇ, ਕੈਲੇਫੋਰਨੀਆ ਵਿੱਚ ਮੇਰਾ ਪਰਿਵਾਰ ਰਹਿੰਦਾ ਹੈ, ਇਸ ਵਿੱਚ ਜਿਹੜਾ ਮੱਕੀ ਦਾ ਸਮਝੌਤਾ ਹੈ, ਉੱਥੇ ਢੇਰਾਂ ਦਾ ਢੇਰ ਲੱਗਿਆ ਹੈ ਕਿ ਉਹ ਫਰੀ ਦੇ ਕੇ ਵੀ ਸਾਡੇ ਕੋਲੋਂ ਖੱਟ ਜਾਣਗੇ। ਸਰ, ਰਾਣਾ ਜੀ ਨੂੰ ਪਤਾ ਹੈ ਕਿ ਜੇ ਅਮਰੀਕਾ ਸਾਨੂੰ ਫਰੀ ਦਿੰਦਾ ਹੈ, ਉਹ ਤਾਂ ਵੀ ਖੱਟ ਜਾਣਗੇ ਤਾਂ ਵੀ ਸਾਡੇ ਨਾਲ ਠੱਗੀ ਮਾਰ ਜਾਣਗੇ। ਉਹ ਕਿਸ ਤਰ੍ਹਾਂ ਖੱਟ ਜਾਣਗੇ? ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਉਨ੍ਹਾਂ ਦਾ ਮਾਲ ਇੱਥੇ ਆਇਆ, ਸਾਡੀ ਮੱਕੀ ਜਿਸ ਤੇ ਸਬਸਿਡੀ ਦੇ ਰਹੇ ਹਨ, ਜਿੱਥੇ ਕਿਸਾਨਾਂ ਨੂੰ ਕਹਿ ਰਹੇ ਹਨ ਕਿ ਮੈਂ ਐਮ.ਐਸ.ਪੀ. ਦਿੰਦਾ ਹਾਂ, ਉਹ ਸਭ ਤਬਾਹ ਹੋ ਜਾਵੇਗਾ। ਸੋ, ਮੈਂ ਹਾਊਸ ਨੂੰ ਕਹਿਣਾ ਚਾਹੁੰਦਾ ਹਾਂ, ਮੈਂ ਦੇਸ਼ ਵਾਸੀਆਂ ਨੂੰ, ਕਿਸਾਨਾਂ ਨੂੰ ਗੱਲ ਕਹਿਣੀ ਚਾਹੁੰਦਾ ਹਾਂ ਕਿ ਅਸੀਂ ਕਿਸਾਨ ਹਾਂ ਤੇ ਅਸੀਂ ਕਿਸਾਨਾਂ ਦੇ ਨਾਲ ਹਾਂ। ਜਦੋਂ ਅਸੀਂ ਵਿਰੋਧ ਸ਼ੁਰੂ ਕੀਤਾ ਹੈ ਤਾਂ ਬਹੁਤ ਸਾਰੇ ਮੀਡੀਆ ਵਾਲੇ ਪੁੱਛਦੇ ਸੀ ਕਿ ਕੀ ਤੁਸੀਂ ਵਿਧਾਨ ਸਭਾ ਵਿੱਚ ਮਤੇ ਲੈ ਕੇ ਆਉਗੇ ਤੇ ਮੈਂ ਉਦੋਂ ਹੀ ਕਿਹਾ ਸੀ, ਅੱਜ ਤੋਂ ਇੱਕ ਮਹੀਨਾ

ਪਹਿਲਾਂ ਕਿਹਾ ਸੀ ਕਿ ਮੇਰੀ ਪਾਰਟੀ ਦੇ ਮੁੱਖ ਮੰਤਰੀ, ਮੇਰੀ ਪਾਰਟੀ ਦੇ ਨੈਸ਼ਨਲ ਕਨਵੀਨਰ, ਸ਼੍ਰੀ ਅਰਵਿੰਦ ਕੇਜਰੀਵਾਲ ਜੀ ਦਾ ਸਿੱਧਾ ਜਿਹਾ ਇੱਕ ਫਾਰਮੂਲਾ ਹੈ ਕਿ ਇਸ ਸਮਝੌਤੇ ਦੇ ਖਿਲਾਫ ਜਿਸ ਤਰ੍ਹਾਂ ਦੀ ਵੀ ਲੜਾਈ ਲੜਨੀ ਪਈ, ਆਮ ਆਦਮੀ ਪਾਰਟੀ ਉਹ ਲੜਾਈ ਲੜੇਗੀ। ਸਾਡੀ ਪਾਰਟੀ ਪਹਿਲਾਂ ਵੀ ਦੇਸ਼ ਦੇ ਕਿਸਾਨਾਂ ਨਾਲ ਸੀ, ਅੱਜ ਵੀ ਦੇਸ਼ ਦੇ ਕਿਸਾਨਾਂ ਦੇ ਨਾਲ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਅਸੀਂ ਉਹ ਸਮਝੌਤਾ ਕਦੇ ਵੀ ਪੰਜਾਬ ਦੀ ਜਾਂ ਦੇਸ਼ ਦੀ ਧਰਤੀ ਤੇ ਲਾਗੂ ਨਹੀਂ ਹੋਣ ਦਿਆਂਗੇ। ਸਾਡੀ ਪਾਰਟੀ ਨੇ ਗੁਜਰਾਤ, ਗੋਆ, ਕੇਰਲਾ, ਮੱਧ ਪ੍ਰਦੇਸ਼ ਵਿੱਚ ਇਸ ਦਾ ਵਿਰੋਧ ਕੀਤਾ ਹੈ ਅਤੇ ਯੂ.ਪੀ. ਵਿੱਚ ਸੰਜੇ ਸਿੰਘ ਹੁਰਾਂ ਨੇ ਇਸ ਦਾ ਡੱਟ ਕੇ ਵਿਰੋਧ ਕੀਤਾ ਹੈ। ਸੋ, ਜਿਹੜਾ ਮਤਾ ਖੁੱਡੀਆਂ ਸਾਹਿਬ ਲੈ ਕੇ ਆਏ ਹਨ, ਮੈਂ ਇਸ ਦੀ ਹਮਾਇਤ ਕਰਦਾ ਹਾਂ, ਇਹ ਸਮਝੌਤਾ ਰੱਦ ਹੋਣਾ ਚਾਹੀਦਾ ਹੈ। ਕਿਸੇ ਵੀ ਕੀਮਤ ਤੇ ਜੋ ਮਰਜ਼ੀ ਹੋ ਜਾਵੇ, ਸਾਡਾ ਬਲੀਦਾਨ ਹੋ ਜਾਵੇ, ਸਾਨੂੰ ਜੇਲ੍ਹਾਂ ਵਿੱਚ ਜਾਣਾ ਪੈ ਜਾਵੇ, ਸਾਨੂੰ ਫਾਂਸੀ ਦੇ ਫੰਦਿਆਂ ਉੱਤੇ ਚੜ੍ਹਨਾ ਪੈ ਜਾਵੇ, ਅਸੀਂ ਇਸ ਦਾ ਵਿਰੋਧ ਕਰਾਂਗੇ ਕਿਉਂਕਿ ਇਸ ਸਮਝੌਤੇ ਨਾਲ ਦੇਸ਼ ਦੁਬਾਰਾ ਗੁਲਾਮ ਹੋ ਜਾਵੇਗਾ। ਮੈਂ ਹਾਊਸ ਦੇ ਸਾਰੇ ਮੈਂਬਰਾਂ ਨੂੰ ਕਹਿੰਦਾ ਹਾਂ ਕਿ ਜੇ ਇਹ ਸਮਝੌਤਾ ਲਾਗੂ ਹੁੰਦਾ ਹੈ ਤਾਂ ਭੁਲੇਖੇ ਵਿੱਚ ਨਾ ਰਹਿਣਾ, ਤੁਹਾਡਾ ਦੇਸ਼ ਅਮਰੀਕਾ ਦੇ ਅੱਗੇ ਬੀ.ਜੇ.ਪੀ. ਨੇ ਗੁਲਾਮ ਕਰ ਦੇਣਾ ਹੈ। ਜਿਸ ਤਰ੍ਹਾਂ ਤਿੰਨ ਕਾਲੇ ਕਾਨੂੰਨਾਂ ਉੱਤੇ ਅਕਾਲੀ ਦਲ ਬੜੀ ਬੇਸ਼ਰਮੀ ਨਾਲ ਕੇਂਦਰ ਸਰਕਾਰ ਦੀ ਮਦਦ ਕਰਦਾ ਸੀ, ਉਸੇ ਬੇਸ਼ਰਮੀ ਨਾਲ ਅੱਜ ਪੰਜਾਬ ਦੀ ਬੀ.ਜੇ.ਪੀ. ਮਦਦ ਕਰਦੀ ਹੈ। ਮੈਨੂੰ ਸ਼ਰਮ ਆਉਂਦੀ ਹੈ ਕਿ ਉਹ ਬੰਦੇ ਕਿਸ ਤਰ੍ਹਾਂ ਬਿਆਨ ਦਿੰਦੇ ਹਨ, ਇਸ ਸਮਝੌਤੇ ਦੇ ਹੱਕ ਵਿੱਚ ਕਿਸ ਤਰ੍ਹਾਂ ਬੋਲਦੇ ਹਨ? ਕੀ ਉਹ ਪੰਜਾਬ ਅਤੇ ਦੇਸ਼ ਦੇ ਲੋਕਾਂ ਨੂੰ ਦੱਸ ਸਕਦੇ ਹਨ? ਇੱਕ ਪਾਸੇ ਜ਼ੀਰੋ ਪਰਸੈਂਟ ਅਤੇ ਦੂਜੇ ਪਾਸੇ 18 ਪਰਸੈਂਟ ਟੈਰਿਫ ਹੈ, ਇਹ ਕਿਸ ਤਰ੍ਹਾਂ ਦਾ ਸਮਝੌਤਾ ਹੈ? ਕਿਸ ਤਰ੍ਹਾਂ ਦੀਆਂ ਦਲੀਲਾਂ ਦਿੱਤੀਆਂ ਜਾ ਰਹੀਆਂ ਹਨ? ਅਸੀਂ ਅਮਰੀਕਾ ਦੀ ਮੰਡੀ ਵਿੱਚ ਕਿਸ ਤਰ੍ਹਾਂ ਖੜ੍ਹਾਂਗੇ? ਅਸੀਂ ਖੜ੍ਹ ਹੀ ਨਹੀਂ ਸਕਦੇ, ਅਸੀਂ ਗਰੀਬ ਕਿਸਾਨ ਹਾਂ। ਸਾਡਾ ਜ਼ੀਰੋ ਪਰਸੈਂਟ ਅਤੇ ਉਨ੍ਹਾਂ ਦਾ 18 ਪਰਸੈਂਟ ਟੈਰਿਫ ਹੈ, ਇਹ ਕਿਹੜਾ ਸਮਝੌਤਾ ਹੈ? ਆਪਾਂ ਨੂੰ ਸਿੱਧਾ ਸਮਝ ਜਾਣਾ ਚਾਹੀਦਾ ਹੈ ਕਿ ਆਪਾਂ ਲੰਮੇ ਪੈ ਗਏ ਹਾਂ, ਕਿਹੜੀਆਂ ਫਾਈਲਾਂ ਵਿਚ ਕੀ ਹੈ, ਉਸ ਦਾ ਤਾਂ ਮੈਨੂੰ ਪਤਾ ਨਹੀਂ, ਅਸੀਂ ਪੜ੍ਹਦੇ ਹੀ ਹਾਂ ਕਿ ਫਾਈਲਾਂ ਆਉਂਦੀਆਂ ਹਨ, ਫਾਈਲਾਂ ਦਾ ਰੱਫੜ ਪੈ ਗਿਆ ਜੀ, ਮੋਦੀ ਦੇ ਖਿਲਾਫ਼ ਜਿਹੜੀਆਂ ਫਾਈਲਾਂ ਆਈਆਂ ਹਨ, ਪੁਰੀ ਸਾਹਿਬ ਦੇ ਖਿਲਾਫ਼ ਜਿਹੜੀਆਂ ਫਾਈਲਾਂ ਆਈਆਂ ਹਨ। ਸਰ, ਇਹ ਸਾਡੇ ਗਲ ਵਿੱਚ ਫੰਦਾ ਪਾਉਣ ਨੂੰ ਫਿਰਦੇ ਹਨ। ਇਨ੍ਹਾਂ ਦੀਆਂ ਕਮਜ਼ੋਰੀਆਂ ਦੇਸ਼ ਦੇ ਗਰੀਬ ਕਿਸਾਨ ਨੂੰ ਖੁਦਕੁਸ਼ੀ ਦੇ ਰਾਹ ਪਾ ਦੇਣਗੀਆਂ। ਇਸ ਕਰਕੇ ਇਸ ਦਾ ਡੱਟ ਕੇ ਵਿਰੋਧ ਕਰੋ। ਇਹ ਸਮਝੌਤਾ ਦੇਸ਼ ਦੀ ਧਰਤੀ ਤੇ ਲਾਗੂ ਨਹੀਂ ਹੋਣਾ ਚਾਹੀਦਾ, ਨਹੀਂ ਤਾਂ ਜਿਹੜਾ ਦੇਸ਼ ਸ਼ਹੀਦ-ਏ-ਆਜ਼ਮ, ਸਰਦਾਰ ਭਗਤ ਸਿੰਘ ਜੀ, ਸਰਦਾਰ ਕਰਤਾਰ ਸਿੰਘ ਸਰਾਭਾ, ਸ਼ਹੀਦ ਊਧਮ ਸਿੰਘ ਜੀ ਨੇ ਆਜ਼ਾਦ ਕਰਵਾਇਆ ਸੀ, ਉਸ ਦੇਸ਼ ਨੂੰ ਮੁੜ ਅਮਰੀਕਾ ਦੇ ਅੱਗੇ ਬੀ.ਜੇ.ਪੀ. ਗੁਲਾਮ ਕਰਨ ਨੂੰ ਫਿਰਦੀ ਹੈ। ਬੀ.ਜੇ.ਪੀ. ਦੇ ਖਿਲਾਫ਼ ਡਟੋ, ਪੰਜਾਬੀਓ ਬੀ.ਜੇ.ਪੀ. ਦੇ ਖਿਲਾਫ਼ ਖੜ੍ਹ ਜਾਓ, ਦੇਸ਼ ਵਾਸੀਓ ਬੀ.ਜੇ.ਪੀ. ਦੇ ਖਿਲਾਫ਼ ਖੜ੍ਹ ਜਾਓ, ਤੁਹਾਨੂੰ ਮੌਤ ਦੇ ਰਾਹ ਪਾ ਦਿੱਤਾ ਹੈ, ਤੁਹਾਨੂੰ ਅਮਰੀਕਾ ਅੱਗੇ ਸੁੱਟ ਦਿੱਤਾ, ਸਾਨੂੰ ਟਰੰਪ ਦੇ ਅੱਗੇ ਸੁੱਟ ਦਿੱਤਾ। ਕੀ ਤੁਸੀਂ ਦੇਖ ਰਹੇ ਹੋ ਕਿ ਈਰਾਨ ਵਿੱਚ ਕੀ ਹੋ ਰਿਹਾ ਹੈ, ਕੀ ਇਹ ਦੇਖ ਰਹੇ ਹੋ ਕਿ ਜਿੱਥੇ-ਜਿੱਥੇ ਅਮਰੀਕਾ ਜਾਂਦਾ ਹੈ, ਉੱਥੇ ਕੀ-ਕੀ ਤਬਾਹੀ ਮਚ ਜਾਂਦੀ ਹੈ। ਇਹ ਸਾਨੂੰ ਵੀ ਮਾਰ ਦੇਣਗੇ। ਮੈਂ ਇਸ ਕਰਕੇ ਦੱਸ ਰਿਹਾ ਹਾਂ, ਮੈਂ ਇੱਕ ਗਰੀਬ ਕਿਸਾਨ ਦਾ ਪੁੱਤ ਹਾਂ, ਪੰਜ ਕਿੱਲਿਆਂ ਵਾਲਾ ਹਾਂ, ਮੈਨੂੰ ਪਤਾ ਹੈ ਕਿ ਮੈਂ ਮਰ ਜਾਵਾਂਗਾ। ਇਸ ਕਰਕੇ ਖੁੱਡੀਆਂ ਸਾਹਿਬ ਨੇ ਜਿਹੜਾ ਮਤਾ ਲਿਆਂਦਾ ਹੈ, ਮੈਂ ਇਸ ਮਤੇ ਦੀ ਡੱਟ ਕੇ ਸਪੋਰਟ ਕਰਦਾ ਹਾਂ, ਇਹ ਸਮਝੌਤਾ ਰੱਦ ਹੋਣਾ ਚਾਹੀਦਾ ਹੈ। ਇਕੱਲਾ ਰੱਦ ਹੀ ਨਹੀਂ, ਦੇਸ਼ ਦੇ ਲੋਕਾਂ ਨੂੰ ਬੀ.ਜੇ.ਪੀ. ਦੇ ਖਿਲਾਫ਼ ਡੱਟਣਾ ਚਾਹੀਦਾ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ। (ਥੰਪਿੰਗ)

**ਮਾਣਯੋਗ ਸਪੀਕਰ :** ਬਹੁਤ ਧੰਨਵਾਦ ਜੀ। ਜਿਹੜੀ ਅਮਰੀਕਾ ਦੀ ਮਨਸ਼ਾ ਹੈ ਅਤੇ ਮੋਦੀ ਸਾਹਿਬ ਡੋਨਾਲਡ ਟਰੰਪ ਦੇ ਪੈਰਾਂ ਵਿੱਚ ਬਹਿ ਗਏ ਹਨ, ਉਸ ਦੇ ਨਾਲ ਹੋਣਾ ਕੀ ਹੈ? ਜਿਹੜੀਆਂ ਸਾਡੀਆਂ ਛੋਟੀਆਂ-ਛੋਟੀਆਂ ਇੰਡਸਟਰੀਆਂ ਹਨ ਜਿਵੇਂ ਪੰਜਾਬ ਦੀ ਫੀਡ ਇੰਡਸਟਰੀ ਹੈ, ਉਹ ਬਿਲਕੁਲ ਹੀ ਖਤਮ ਹੋ ਜਾਣੀ ਹੈ। ਇਸ ਦੇ ਨਾਲ ਹੀ ਜਿਹੜੇ ਲੋਕ ਇੱਥੇ ਸ਼ਾਕਾਹਾਰੀ ਹਨ, ਉਨ੍ਹਾਂ ਦੀ ਤਾਂ ਕਹਾਣੀ ਹੀ ਖਤਮ ਹੋ ਜਾਵੇਗੀ। ਅਮਰੀਕਾ ਵਿੱਚ ਸਾਰਾ ਕੁਝ ਜੀ.ਐਮ.ਓ. ਹੈ, ਉੱਥੇ ਸ਼ਾਕਾਹਾਰੀ ਕੁਝ ਨਹੀਂ ਹੈ। ਸੋ, ਇਨ੍ਹਾਂ ਚੀਜ਼ਾਂ ਨੂੰ ਪੂਰੀ ਸਮਝ ਨਾਲ, ਪੂਰੇ ਧਿਆਨ ਅਤੇ ਹੋਸ਼ ਨਾਲ ਵਿਚਾਰਨਾ ਚਾਹੀਦਾ ਹੈ, ਇਹ ਦੇਸ਼ ਬਚਾਉਣ ਵਾਲੀ ਗੱਲ ਹੈ। ਦੇਸ਼ ਦਾ ਕਿਸਾਨ ਬਚਾਉਣ ਦੀ ਗੱਲ ਹੈ, ਪੰਜਾਬ ਬਚਾਉਣ ਦੀ ਗੱਲ ਹੈ ਅਤੇ ਪੰਜਾਬ ਦਾ ਕਿਸਾਨ ਬਚਾਉਣ ਵਾਲੀ ਗੱਲ ਹੈ। ਹਾਂ ਜੀ, ਰਾਣਾ ਗੁਰਜੀਤ ਸਿੰਘ ਜੀ।

**ਰਾਣਾ ਗੁਰਜੀਤ ਸਿੰਘ (ਕਪੂਰਥਲਾ) :** ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਇਸ ਅਹਿਮ ਮਸਲੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਜੋ ਮਤਾ ਖੇਤੀਬਾੜੀ ਮੰਤਰੀ ਜੀ ਇੰਡੋ-ਅਮਰੀਕਾ ਟ੍ਰੇਡ ਦੇ ਖਿਲਾਫ਼ ਲੈ ਕੇ ਆਏ ਹਨ, ਮੈਂ ਉਸ ਦੀ ਤਾਈਦ ਕਰਦਾ ਹਾਂ, ਮੈਂ ਇਸ ਮਤੇ ਦੀ ਸਪੋਰਟ ਵਿੱਚ ਬੋਲਣ ਲਈ ਖੜ੍ਹਾ ਹੋਇਆ ਹਾਂ। ਸਰ, ਗੱਲ ਇਹ ਹੈ ਕਿ ਕਾਟਨ ਅੱਜ ਜ਼ੀਰੋ ਪਰਸੈਂਟ ਡਿਊਟੀ ਉਤੇ ਸਾਡੇ ਆ ਰਹੀ ਹੈ। ਸਪੀਕਰ ਸਾਹਿਬ, ਜਿਹੜੀਆਂ ਕਾਟਨ ਦੀਆਂ ਸਟੇਟਸ ਹਨ, ਉਨ੍ਹਾਂ ਦਾ ਬੜਾ ਭਾਰੀ ਨੁਕਸਾਨ ਹੋਣਾ ਹੈ, ਉੱਥੋਂ ਦੇ ਕਿਸਾਨਾਂ ਨੂੰ ਨੁਕਸਾਨ ਹੋਵੇਗਾ। ਜਿੱਥੋਂ ਤੱਕ ਪੰਜਾਬ ਦੀ ਗੱਲ ਕਰੀਏ, ਅਸੀਂ ਤਾਂ ਕਾਟਨ ਬੈੱਲਟ ਗਵਾ ਲਈ ਹੈ। ਮੇਰੇ ਇੱਕ ਵੀਰ ਨੇ ਹੁਣੇ ਕਿਹਾ ਹੈ ਕਿ ਬੀ.ਟੀ. ਕਾਟਨ ਆਉਣ ਨਾਲ ਬੜਾ ਭਾਰੀ ਨੁਕਸਾਨ ਹੋਇਆ ਹੈ। ਖੈਰ, ਵਿਚਾਰ ਆਪਣੇ-ਆਪਣੇ ਹਨ, ਮੈਂ ਉਸ ਗੱਲ ਨਾਲ ਬਿਲਕੁਲ ਸਹਿਮਤ ਨਹੀਂ ਹਾਂ। ਸਪੀਕਰ ਸਾਹਿਬ, American bollworm ਨੇ ਕਾਟਨ ਦੀ ਖੇਤੀ ਤਬਾਹ ਕਰ ਦਿੱਤੀ ਸੀ। ਬਦਕਿਸਮਤੀ ਸਾਡੀ ਕੀ ਰਹੀ, ਅੱਜ ਤੋਂ ਵੀਹ ਸਾਲ ਪਹਿਲਾਂ BT cotton bollgard 2 ਆਈ ਪਰ ਅਸੀਂ bollgard 3 ਦੀ ਗੱਲ ਹੀ ਨਹੀਂ ਕੀਤੀ। ਗੁਲਾਬੀ ਸੁੰਡੀ ਬਾਰੇ ਮੰਤਰੀ ਜੀ ਮੇਰੇ ਨਾਲ ਐਗਰੀ ਕਰਨਗੇ। ਗੁਲਾਬੀ ਸੁੰਡੀ ਸਾਡੀ ਫਸਲ ਨੂੰ ਤਬਾਹ ਕਰ ਗਈ। ਜੇ bollgard 3 ਲਿਆਂਦੀ ਹੁੰਦੀ ਤਾਂ ਉਹ ਨੁਕਸਾਨ ਨਹੀਂ ਹੋਣਾ ਸੀ । ਮੈਂ ਤੁਹਾਡੀ ਜਾਣਕਾਰੀ ਲਈ ਇਹ ਵੀ ਦੱਸ ਦਿੰਦਾ ਹਾਂ ਕਿ ਗੁਜਰਾਤ ਵਿੱਚ bollgard 3 ਵੀ ਆ ਗਈ ਹੈ। ਉਹ ਕਿਵੇਂ ਆ ਗਈ ਹੈ? ਇਸ ਬਾਰੇ ਤਾਂ ਮੈਂ ਨਹੀਂ ਕਹਿ ਸਕਦਾ ਹਾਂ ਲੇਕਿਨ bollgard 3 ਆ ਗਈ ਹੈ। ਸਪੀਕਰ ਸਾਹਿਬ, ਅਮਰੀਕਾ ਜਿਸ ਨਾਲ ਅਸੀਂ ਕੰਪੀਟ ਕਰਦੇ ਹਾਂ, ਉਹ bollgard 3 ਯੂਜ਼ ਕਰ ਰਿਹਾ ਹੈ, ਜਿਹੜੀ ਕਿ ਕੈਮੀਕਲਜ਼ ਨੂੰ ਰਜਿਸਟੈਂਸ ਕਰਦੀ ਹੈ, herbicide and weedicide resistance in cotton ਹੈ। ਇਸ ਨੂੰ ਕਿਸੇ ਕਿਸਮ ਦਾ ਕੋਈ ਕੀੜਾ ਨਹੀਂ ਲੱਗਦਾ ਹੈ। ਜਿਹੜੀ ਸਾਡੀ yield ਹੈ, ਉਹ 400 lint ਦੀ ਹੈ, 490 ਪ੍ਰਤੀ ਕਿੱਲੋ ਹੈਕਟੇਅਰ ਹੈ ਲੇਕਿਨ ਅਮਰੀਕਾ ਦੀ ਯੀਲਡ 950 ਹੈ। ਜਿੱਥੇ ਉਨ੍ਹਾਂ ਦੀ ਫਾਰਮਿੰਗ ਵੱਡੀ ਹੈ, ਉਥੇ ਸਾਰੇ operations mechanised ਹਨ, ਉੱਥੇ irrigation drip ਹੈ ਜਾਂ sprinkler ਹੈ। ਸੋ, ਸਾਡਾ ਉਨ੍ਹਾਂ ਨਾਲ ਕੋਈ ਮੁਕਾਬਲਾ ਨਹੀਂ ਹੈ but at the same time ਕੁਝ ਗੱਲਾਂ ਹੋਣਗੀਆਂ ਪਰੰਤੂ ਸਿਆਣੇ ਲੋਕ ਸਮੇਂ ਤੋਂ ਪਹਿਲਾਂ ਉਨ੍ਹਾਂ ਦਾ ਪ੍ਰਬੰਧ ਕਰਦੇ ਹਨ। ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਅਮਰੀਕਾ ਵਿੱਚ ਇੱਕ pima cotton ਹੈ, ਜਿਸ ਦਾ ਉਹ ਪ੍ਰੀਮੀਅਮ ਲੈਂਦਾ ਹੈ, ਉਸ ਦੀ ਕੀ ਕੁਆਲਿਟੀ ਹੈ? ਇੱਕ ਤਾਂ ਉਸ ਦਾ ਸਟੈਪਲ ਲੰਬਾ ਹੈ, ਦੂਜਾ, ਉਸ ਦੀ ਫੀਲ silky ਹੈ। ਸਾਨੂੰ ਇਨ੍ਹਾਂ ਗੱਲਾਂ ਉੱਤੇ ਕੰਮ ਕਰਨ ਦੀ ਲੋੜ ਹੈ ਤਾਂ ਕਿ ਸਮੇਂ ਨਾਲ ਉਨ੍ਹਾਂ ਦਾ ਮੁਕਾਬਲਾ ਕਰ ਸਕੀਏ। ਸੋ, ਜਿੱਥੋਂ ਤੱਕ ਕਾਟਨ ਦੀ ਗੱਲ ਹੈ, ਉਹ ਤੁਹਾਡੇ ਸਾਹਮਣੇ ਹੈ, ਉਹ ਡਿਊਟੀ ਫਰੀ ਆ ਰਹੀ ਹੈ ਔਰ ਇੰਡਸਟਰੀਜ਼ ਨੂੰ ਐਪਰੀਸ਼ੀਏਟ ਕਰ ਰਹੀ ਹੈ ਅਤੇ ਕਿਸਾਨ ਦਾ ਨੁਕਸਾਨ ਹੋ ਰਿਹਾ

ਹੈ। ਸਪੀਕਰ ਸਾਹਿਬ, ਅਗਰ ਅਸੀਂ ਇਕੱਲੀ ਕਿਸਾਨੀ ਦੀ ਗੱਲ ਕਰੀਏ ਤਾਂ 5 ਲੱਖ ਟਨ ਡੀ.ਡੀ.ਜੀ.ਐਸ. ਮੱਕੀ ਦਾ ਇੰਪੋਰਟ ਜ਼ੀਰੋ ਪਰਸੈਂਟ ਡਿਊਟੀ ਉੱਤੇ ਹੋ ਗਿਆ ਹੈ। ਇੱਥੇ ਤਾਰਾ ਫੀਡ ਵਾਲੇ ਬੈਠੇ ਹੋਣਗੇ।

**ਮਾਣਯੋਗ ਸਪੀਕਰ:** ਬੈਠੇ ਹਨ ਜੀ। ਗੱਜਣਮਾਜਰਾ ਜੀ ਬੈਠੇ ਹਨ।

**ਰਾਣਾ ਗੁਰਜੀਤ ਸਿੰਘ :** ਸਪੀਕਰ ਸਾਹਿਬ, ਗੱਜਣਮਾਜਰਾ ਸਾਹਿਬ ਫੀਡ ਦਾ ਕੰਮ ਕਰਦੇ ਹਨ। ਹੁਣ ਇਨ੍ਹਾਂ ਨੂੰ ਪਤਾ ਹੈ ਕਿ ਜਿਹੜੀ ਪੰਜਾਬ ਦੀ ਫੀਡ ਹੈ, ਉਹ ਸਾਊਥ ਇੰਡੀਆ ਤੱਕ ਜਾਂਦੀ ਹੈ। we are the biggest producer of animal feed, poultry feed, ਸਾਡਾ ਮਾਲ ਸਾਊਥ ਇੰਡੀਆ ਤੱਕ ਜਾਂਦਾ ਹੈ। ਜਿਹੜੀ ਹੁਣ ਡੀ.ਡੀ.ਜੀ.ਐਸ. (Distillers Dried Grains with Solubles) ਫੀਡ ਆਉਣੀ ਹੈ, ਇਸ ਨੇ ਤੁਹਾਡਾ ਧੰਦਾ ਬੰਦ ਕਰਵਾ ਕੇ, round the ports ਤੇ ਸਾਰਾ ਧੰਦਾ ਚੱਲਣਾ ਹੈ। ਸਪੀਕਰ ਸਾਹਿਬ, ਇਸ ਨਾਲ ਜੋ ਨੁਕਸਾਨ ਹੋਵੇਗਾ, ਕਿੰਨਾ ਹੋਵੇਗਾ, ਇਹ ਸਮਾਂ ਹੀ ਦੱਸੇਗਾ। ਜੇਕਰ ਆਪਾਂ Red Sorghum or Red Char ਦੀ ਗੱਲ ਕਰੀਏ। ਮੱਕੀ ਦੀ ਇੰਪੋਰਟ ਹਾਲੇ ਇੱਧਰ ਅਲਾਊਡ ਨਹੀਂ ਹੋਈ ਹੈ। ਹਾਲੇ ਡੀ.ਡੀ.ਜੀ.ਐਸ. ਅਲਾਊਡ ਹੋਇਆ ਹੈ ਔਰ Red Sorghum ਅਲਾਊਡ ਹੋ ਰਹੀ ਹੈ। ਲਾਲ ਚਰ੍ਹੀ ਵਿੱਚ 72 ਪ੍ਰਤੀਸ਼ਤ ਸਟਾਰਚ ਹੈ। ਇੰਡੀਅਨ ਮੱਕੀ ਵਿੱਚ 58 ਪ੍ਰਤੀਸ਼ਤ ਹੈ। ਜੇਕਰ ਤੁਸੀਂ 58 ਪ੍ਰਤੀਸ਼ਤ ਨੂੰ 72 ਪ੍ਰਤੀਸ਼ਤ ਨਾਲ ਹਿਸਾਬ ਲਗਾਓਗੇ ਤਾਂ ਇਹ ਬੜੀ ਸਸਤੀ ਪਵੇਗੀ । ਜੇਕਰ ਇਹ ਸਸਤੀ ਪਵੇਗੀ ਤਾਂ ਇੰਡਸਟਰੀ ਸਸਤਾ ਸਮਾਨ ਯੂਜ਼ ਕਰੇਗੀ ਅਤੇ ਉਸ ਦਾ ਅਸਰ ਸਾਡੀ ਮੱਕੀ ਦੀ ਪ੍ਰਾਈਸ ਤੇ ਆਵੇਗਾ। ਸਰ, ਜੇ ਡੀ.ਡੀ.ਜੀ.ਐਸ. ਇੰਪੋਰਟ ਕਰ ਲਈ ਗਈ ਔਰ ਜੇਕਰ ਆਪਾਂ ਕਹੀਏ ਕਿ ਇਸ ਦਾ ਖਾਲੀ ਮੱਕੀ ਦੇ ਉੱਤੇ ਹੀ ਅਸਰ ਹੋਣਾ ਹੈ, ਨਹੀਂ, ਅਜਿਹਾ ਨਹੀਂ ਹੈ, ਸਗੋਂ ਉਸ ਦਾ ਅਸਰ ਕਾਟਨ ਉੱਤੇ ਵੀ ਆਵੇਗਾ ਕਿਉਂਕਿ ਕਾਟਨ ਸੀਡ ਆਇਲ ਵਿਕੇਗਾ। ਜੇਕਰ ਸਸਤਾ ਆਇਲ ਵਿਕੇਗਾ ਤਾਂ ਜ਼ਿਮੀਂਦਾਰ ਨੂੰ ਪੈਸੇ ਘੱਟ ਮਿਲਣਗੇ। ਇਸੇ ਤਰ੍ਹਾਂ ਜਿਹੜਾ ਸਾਡਾ rice bran ਹੈ, ਜਿਹੜਾ ਅੱਜ ਪੰਜਾਬ ਕਹਿੰਦਾ ਹੈ ਕਿ ਅਸੀਂ 35-40 ਪ੍ਰਤੀਸ਼ਤ ਹਿੰਦੁਸਤਾਨ ਦਾ food bowl ਹਾਂ ਔਰ ਜਿਹੜਾ food bowl ਵਿੱਚੋਂ rice bran ਨਿਕਲਦਾ ਹੈ, ਉਹ ਵੀ ਸਸਤਾ ਹੋਵੇਗਾ। ਜੇ ਉਹ ਸਸਤਾ ਹੋਵੇਗਾ ਤਾਂ ਸ਼ੈਲਰ ਵਾਲੇ ਆਨਾ-ਕਾਨੀ ਕਰਨਗੇ, ਉਨ੍ਹਾਂ ਦੀ ਬੱਚਤ ਘੱਟੇਗੀ। ਸੋ, ਮੇਰਾ ਕਹਿਣ ਦਾ ਭਾਵ ਹੈ ਕਿ ਇਸ ਦਾ ਇਫੈਕਟ ਬੜਾ ਜ਼ਬਰਦਸਤ ਪਵੇਗਾ। ਜਿਹੜੀ ਉਨ੍ਹਾਂ ਦੀ ਮੱਕੀ ਹੈ, ਉਹ ਜੀ.ਐਮ. ਮੱਕੀ ਹੈ। ਜੀ.ਐਮ. ਮੱਕੀ ਦੀ ਯੀਲਡ ਵੀ ਵੱਧ ਹੈ ਤੇ ਸਟਾਰਚ ਵੀ ਉਨ੍ਹਾਂ ਦੀ 70% ਹੈ। ਇਹ ਜੇਕਰ ਕੱਲ੍ਹ ਨੂੰ ਇੰਪੋਰਟ ਹੁੰਦੀ ਹੈ, ਤਾਂ ਸਿਰਫ ਮੱਕੀ ਤੇ ਹੀ ਨਹੀਂ ਬਲਕਿ ਹੋਰ ਚੀਜ਼ਾਂ ਤੇ ਵੀ ਅਸਰ ਪਵੇਗਾ। ਹੁਣ ਇੰਡਸਟਰੀ ਚਾਵਲ ਯੂਜ਼ ਕਰ ਰਹੀ ਹੈ। ਜਿੰਨੀ ਹਿੰਦੁਸਤਾਨ ਵਿੱਚ ਮੱਕੀ ਪੈਦਾ ਹੁੰਦੀ ਹੈ, ਉਹ ਯੂਜ਼ ਕਰ ਰਹੀ ਹੈ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਜੇਕਰ ਅੱਜ ਸਾਡੇ ਚਾਵਲ ਦੇ ਸਟਾਕ ਪਾਇਲੋਨ ਹੋਏ ਪਏ ਹਨ, ਸਟੇਟ ਵਿਚੋਂ ਚਾਵਲ ਦੀ ਮੂਵਮੈਂਟ ਨਹੀਂ ਹੋ ਰਹੀ, ਕਣਕ ਆਉਣ ਵਾਲੀ ਹੈ, ਸਾਡੇ ਕੋਲ ਸਪੇਸ ਨਹੀਂ ਹੈ। ਇਸੇ ਤਰ੍ਹਾਂ ਮੰਨ ਲਓ, ਜੇਕਰ ਉਹ ਆ ਜਾਂਦੀ ਹੈ ਅਤੇ ਇੰਡਸਟਰੀਅਲ ਪਰਪਜ਼ ਲਈ ਉਹ ਸੋਰਗਮ ਨੂੰ ਯੂਜ਼ ਕਰਨ ਲੱਗ ਪੈਂਦੇ ਹਨ ਤਾਂ ਆਉਣ ਵਾਲੇ ਸਮੇਂ ਵਿੱਚ ਚੌਲਾਂ ਲਈ ਵੀ ਬਹੁਤ ਭਾਰੀ ਸੰਕਟ ਖੜ੍ਹਾ ਹੋ ਜਾਣਾ ਹੈ। ਜੇਕਰ ਆਪਾਂ ਡੀ.ਡੀ.ਜੀ.ਐਸ. ਇੰਪੋਰਟ ਦੀ ਗੱਲ ਕਰਦੇ ਹਾਂ, ਉਹ ਖਾਲੀ ਇਸ ਤੇ ਹੀ ਨਹੀਂ ਬਲਕਿ ਕਾਟਨ ਸੀਡ ਤੇ ਵੀ ਅਸਰ ਆਵੇਗਾ। ਜਿਹੜੀ ਸਰ੍ਹੋਂ ਦੀ ਖਲ੍ਹ ਹੈ, ਉਹ ਵੀ ਫੀਡ ਇੰਡਸਟਰੀ ਘੱਟ ਇਸਤੇਮਾਲ ਕਰੇਗੀ, ਜੇਕਰ ਕੋਈ ਹੋਰ ਸਬਸੀਚਿਊਟ ਸਸਤਾ ਮਿਲਦਾ ਹੋਇਆ। ਆਪਾਂ 22 ਪ੍ਰੋਡਕਟਸ ਦੀ ਗੱਲ ਕਰਦੇ ਹਾਂ। ਇਹ 22 ਪ੍ਰੋਡਕਟਸ ਬਣੇ ਹਨ, ਜਿਨ੍ਹਾਂ ਤੇ ਬਹੁਤ ਲੰਬੀ ਬਹਿਸ ਕੀਤੀ ਜਾ ਸਕਦੀ ਹੈ। ਫਿਲਹਾਲ ਮੈਂ ਇੰਨਾ ਕਹਿਣਾ ਚਾਹੁੰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਫਾਰਮਰ ਦਾ ਭਾਰੀ ਨੁਕਸਾਨ ਹੋਣ ਵਾਲਾ ਹੈ। ਸਾਨੂੰ ਨੁਕਸਾਨ ਦਿਸਦਾ ਹੈ। ਅਸੀਂ ਮਤਾ ਪਾਸ ਕਰ ਦੇਣਾ ਹੈ।

ਲੇਕਿਨ ਗੱਲ ਇਹ ਹੈ, ਇਹ ਤਾਂ ਕਿਸਾਨ ਵੀ ਕਹਿ ਰਿਹਾ ਹੈ ਅਤੇ ਹਿੰਦੁਸਤਾਨ ਵੀ ਕਹਿ ਰਿਹਾ ਹੈ। ਲੇਕਿਨ ਸਰਕਾਰਾਂ ਦਾ ਕੰਮ ਉਸ ਦਾ ਇਲਾਜ ਕਰਨਾ ਹੈ। ਸਪੀਕਰ ਸਾਹਿਬ, ਪਹਿਲਾਂ ਵਿਚਾਰ-ਵਿਮਰਸ਼ ਹੋਵੇ ਫਿਰ ਡਿਸਕਸ਼ਨ not in this budget but after this ਵੀ ਹੁੰਦੀ ਰਹੇ। ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਸ ਤੇ ਸਟੱਡੀ ਕਰਵਾਓ। ਜਿਸ ਕਸਾਵੇ ਦੀ ਮੈਂ ਗੱਲ ਕਰਦਾ ਹਾਂ, ਕੀ ਉਹ ਅਮਰੀਕਨ ਮੱਕੀ ਨੂੰ ਜਵਾਬ ਦੇਵੇਗਾ? ਕੀ ਉਹ ਸੋਰਗਮ ਨੂੰ ਜਵਾਬ ਦੇਵੇਗਾ? ਕੀ ਕਿਸਾਨ ਨੂੰ ਆਮਦਨ ਹੋਵੇਗੀ? ਇਨ੍ਹਾਂ ਸਾਰੀਆਂ ਚੀਜ਼ਾਂ ਦੀ ਸਟੱਡੀ ਕਰਵਾਈ ਜਾਵੇ। ਜੇਕਰ ਆਮਦਨ ਹੋਵੇਗੀ ਤਾਂ ਹਾਊਸ ਵਿੱਚ ਆ ਕੇ ਕਹਿ ਦੇਣ ਕਿ ਠੀਕ ਹੈ। ਜੇਕਰ ਜ਼ਿਮੀਂਦਾਰ ਨੂੰ ਤਿਆਰ ਹੀ ਨਹੀਂ ਕਰਾਂਗੇ ਤਾਂ ਕਿਵੇਂ ਚੱਲੇਗਾ? ਸੋ, ਮੈਂ ਇਸ ਮਤੇ ਦੀ ਤਾਈਦ ਕਰਦਾ ਹਾਂ ਅਤੇ ਨਾਲ ਦੀ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਸ ਸਮਝੌਤੇ ਕਾਰਨ ਕਿਸਾਨ ਨੇ ਮਰਨਾ ਹੈ, ਉਸ ਦੇ ਮਰਨ ਦਾ ਪੂਰਾ ਬੰਦੋਬਸਤ ਇਨ੍ਹਾਂ ਨੇ ਕੀਤਾ ਹੈ। ਇਹ ਫਾਰਮਰ ਨੂੰ ਇਸ ਸਮਝੌਤੇ ਰਾਹੀਂ ਮਾਰਨਾ ਚਾਹੁੰਦੇ ਹਨ, ਜੇਕਰ ਕਿਸਾਨ ਮਰ ਗਿਆ ਤਾਂ ਪੰਜਾਬ ਦਾ ਨੁਕਸਾਨ ਹੋਵੇਗਾ। ਹਿੰਦੁਸਤਾਨ ਦੇ ਜ਼ਿਆਦਾਤਰ ਲੋਕ ਇਸ ਕਿੱਤੇ ਨਾਲ ਜੁੜੇ ਹੋਏ ਹਨ। ਮੇਰੇ ਤੋਂ ਪਹਿਲਾਂ ਡੇਅਰੀ ਦੀ ਗੱਲ ਵੀ ਕੀਤੀ ਗਈ ਹੈ। ਮੈਂ ਉਸ ਗੱਲ ਨੂੰ ਰਿਪੀਟ ਨਹੀਂ ਕਰਨਾ ਚਾਹੁੰਦਾ। ਇਸ ਦਾ ਅਸਰ ਹਰ ਵਰਗ ਤੇ ਹੋਣਾ ਹੈ। ਸੋ, ਮੈਂ ਇੱਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਇਹ ਵੀ ਜ਼ਰੂਰ ਸੋਚਿਆ ਜਾਵੇ ਕਿ ਜੇਕਰ ਅਸੀਂ ਜੀ.ਐਮ. ਫੂਡ ਦੇ ਉਲਟ ਹਾਂ ਤਾਂ ਸਹੀ ਨਹੀਂ ਹੈ। ਤੁਸੀਂ ਅੱਜ ਵੀ ਜਿਹੜਾ ਸੋਇਆਬੀਨ ਦਾ ਤੇਲ ਖਾਂਦੇ ਹੋ, ਉਹ ਅਮਰੀਕਾ ਵਿੱਚ ਬਣਿਆ ਹੈ ਜਾਂ ਕਿਸੇ ਹੋਰ ਦੇਸ਼ ਦਾ ਜੀ.ਐਮ. ਵਾਲਾ ਤੇਲ ਹੈ। ਤੇਲ ਇੰਪੋਰਟ ਅਲਾਊਡ ਹੈ ਲੇਕਿਨ ਸਿੱਧਾ ਜੀ.ਐਮ. ਅਸੀਂ ਅਲਾਓ ਨਹੀਂ ਕਰਦੇ। ਮੱਕੀ ਦਾ ਤੇਲ ਵੀ ਆ ਰਿਹਾ ਹੈ, ਉਹ ਵੀ ਜੀ.ਐਮ. ਦਾ ਹੀ ਤੇਲ ਹੈ। ਸੋ, ਇਸ ਉੱਤੇ ਬਹੁਤ ਵੱਡੀ ਚਰਚਾ ਦੀ ਲੋੜ ਹੈ। ਅੱਜ ਹਾਊਸ ਵਿੱਚ ਇਸ ਦੀ ਚਰਚਾ ਨਹੀਂ ਹੋ ਸਕਦੀ ਲੇਕਿਨ ਜੀ.ਐਮ. ਤੇ ਵੀ ਚਰਚਾ ਹੋਣੀ ਚਾਹੀਦੀ ਹੈ। ਜੇਕਰ ਅਮਰੀਕਾ ਨਾਲ ਕੰਪੀਟ ਕਰਨਾ ਹੈ ਤਾਂ ਸਾਨੂੰ ਜੀ.ਐਮ. ਦੀਆਂ ਗੱਲਾਂ ਕਰਨੀਆਂ ਪੈਣਗੀਆਂ। ਧੰਨਵਾਦ ਜੀ।

**ਮਾਣਯੋਗ ਸਪੀਕਰ :** ਮੈਨੂੰ ਇਹ ਲੱਗਦਾ ਹੈ ਕਿ ਇਹ ਜਿਹੜਾ ਸਮਝੌਤਾ ਹੈ This is for the Corporate and by the Corporate, ਇਹ ਕਾਰਪੋਰੇਟ ਫਰੈਂਡਲੀ ਹੈ। ਇਹ ਕਿਸਾਨ ਦੇ ਅਗੇਂਸਟ ਹੈ। ਦੁਨੀਆ ਤੇ ਉਸ ਦਾ ਰਾਜ ਹੋਵੇਗਾ, ਜਿਸ ਦਾ ਬੀਜ ਵਿਕੇਗਾ। ਇਹ ਅਮਰੀਕਨ ਕਾਰਪੋਰੇਟ ਕੰਪਨੀਆਂ ਦਾ ਬੀਜ ਹਿੰਦੁਸਤਾਨ ਵਿੱਚ ਵੇਚਣ ਦੀ ਇੱਕ ਤਰ੍ਹਾਂ ਦੀ ਸਾਜ਼ਿਸ਼ ਹੈ, ਜਿੱਥੇ ਕਿ ਇੱਕ ਬਹੁਤ ਵੱਡੀ ਮੰਡੀ ਹੈ।

**ਸਰਦਾਰ ਸਰਵਨ ਸਿੰਘ ਧੁੰਨ (ਖੇਮਕਰਨ) :** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਅਹਿਮ ਮਤੇ ਤੇ ਬੋਲਣ ਦਾ ਮੌਕਾ ਦਿੱਤਾ। ਮਾਣਯੋਗ ਸਪੀਕਰ ਸਾਹਿਬ, ਜਿਹੜਾ ਇਹ ਸਮਝੌਤਾ ਹੈ, ਇਹ ਭਾਰਤ ਅਤੇ ਅਮਰੀਕਾ ਦੇ ਦਰਮਿਆਨ ਮੋਦੀ ਸਰਕਾਰ ਨੇ ਕੀਤਾ ਹੈ, ਇਹ ਸਰਾਸਰ ਸਾਡੇ ਦੇਸ਼ ਦੇ, ਸਾਡੇ ਪੰਜਾਬ ਦੇ ਕਿਸਾਨਾਂ ਨਾਲ ਧੋਖਾ ਹੈ। ਸਰ, ਇਸ ਸਮਝੌਤੇ ਨੇ ਸਾਡੇ ਕਿਸਾਨੀ ਨੂੰ ਡੂੰਘੀਆਂ ਸੋਚਾਂ ਵਿੱਚ ਪਾ ਦਿੱਤਾ ਹੈ। ਇਸ ਪਿੱਛੇ ਕਾਰਪੋਰੇਟ ਘਰਾਣਿਆਂ ਦੀ ਮਨਸ਼ਾ ਪੰਜਾਬ ਦੀਆਂ ਜ਼ਮੀਨਾਂ ਖੋਹਣ ਦੀ ਹੈ। ਉਹ ਮੋਦੀ ਸਰਕਾਰ ਦੀ ਹਮਾਇਤ ਲੈ ਕੇ ਵਾਰ-ਵਾਰ ਕੋਸ਼ਿਸ਼ਾਂ ਕਰ ਰਹੇ ਹਨ। ਜਿਵੇਂ ਪਿਛਲੇ ਸਮੇਂ ਵਿੱਚ ਤਿੰਨ ਕਾਲੇ ਕਾਨੂੰਨ ਵੀ ਇਸੇ ਕੜੀ ਦਾ ਹਿੱਸਾ ਸਨ ਤਾਂ ਕਿ ਸਾਡੇ ਕਿਸਾਨਾਂ ਨੂੰ ਕਿਵੇਂ ਨਾ ਕਿਵੇਂ ਲਿਤਾੜਿਆ ਜਾਵੇ। ਸਪੀਕਰ ਸਾਹਿਬ, ਕਦੇ ਸਾਡੇ ਦੇਸ਼ ਵਿੱਚ ਨਾਅਰਾ ਚੱਲਦਾ ਹੁੰਦਾ ਸੀ, 'ਜੈ ਜਵਾਨ, ਜੈ ਕਿਸਾਨ'। ਬੜੇ ਅਫਸੋਸ ਦੀ ਗੱਲ ਹੈ ਕਿ ਅੱਜ ਸਾਡੇ ਜਵਾਨਾਂ ਦੇ ਹੱਕਾਂ ਤੇ ਵੀ ਡਾਕਾ ਮਾਰਿਆ ਜਾ ਰਿਹਾ ਹੈ, ਸਾਡੇ ਕਿਸਾਨਾਂ ਦੇ ਹੱਕਾਂ ਤੇ ਵੀ ਡਾਕਾ ਮਾਰਿਆ ਜਾ ਰਿਹਾ ਹੈ। ਕੇਂਦਰ ਸਰਕਾਰ ਨੇ ਅਗਨੀਵੀਰ ਵਰਗੀ ਫੋਰਸ ਬਣਾ ਕੇ ਜਵਾਨਾਂ ਦੇ ਹੱਕ ਖੋਹ ਲਏ ਤੇ ਸਾਡੇ ਕਿਸਾਨਾਂ ਦੇ ਲਈ ਨਵੇਂ-ਨਵੇਂ ਕਾਨੂੰਨ ਲਿਆ ਕੇ ਹੱਕ ਖੋਹੇ ਜਾ ਰਹੇ ਹਨ। ਸਪੀਕਰ

ਸਾਹਿਬ, ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਿਹੜੇ ਦੇਸ਼ ਦਾ ਖਾਈਏ, ਉਸ ਦੇਸ਼ ਦੀ ਹੀ ਗੱਲ ਕਰਨੀ ਚਾਹੀਦੀ ਹੈ ਪਰ ਜਿਹੜੀ ਅੱਜ ਦੀ ਹਿੰਦੁਸਤਾਨ ਦੀ ਹਾਕਮ ਧਿਰ ਹੈ, ਉਹ ਸਾਡੇ ਕਿਸਾਨਾਂ ਵੱਲੋਂ ਪੈਦਾ ਕੀਤਾ ਹੋਇਆ ਅੰਨ ਖਾ ਕੇ ਜਵਾਨ ਹੋਏ ਹਨ, ਪਲੇ ਹਨ ਪਰ ਅੱਜ ਉਹ ਉਨ੍ਹਾਂ ਕਿਸਾਨਾਂ ਨਾਲ ਹੀ, ਉਸ ਦੇਸ਼ ਨਾਲ ਹੀ ਗੱਦਾਰੀ ਕਰ ਰਹੀ ਹੈ। ਮੈਂ ਇਹ ਸਮਝਦਾ ਹਾਂ ਕਿ ਇਹ ਜਿਹੜਾ ਕਾਨੂੰਨ ਹੈ, ਸਾਡੇ ਕਿਸਾਨਾਂ ਨੂੰ ਸੰਘਰਸ਼ ਦੇ ਰਾਹ ਪਾ ਦੇਵੇਗਾ। ਜਦੋਂ ਪਿਛਲੇ ਸਮੇਂ ਵਿੱਚ ਤਿੰਨ ਕਾਨੂੰਨ ਆਏ, ਜਿੰਨਾ ਨੁਕਸਾਨ ਸਾਡੇ ਕਿਸਾਨ ਭਰਾਵਾਂ ਦਾ ਹੋਇਆ, ਜਿੰਨੇ ਸਾਡੇ ਕਿਸਾਨ ਭਰਾ ਸ਼ਹੀਦ ਹੋਏ, ਅਸੀਂ ਉਨ੍ਹਾਂ ਦੀ ਭਰਪਾਈ ਅਜੇ ਤੱਕ ਨਹੀਂ ਕਰ ਸਕੇ। ਮੈਂ ਸਮਝਦਾ ਹਾਂ ਕਿ ਸੈਂਟਰ ਸਰਕਾਰ ਨੇ ਅੱਜ ਫਿਰ ਨਵੀਂ ਸੱਟ ਸਾਡੇ ਸਿਰ ਤੇ ਮਾਰੀ ਹੈ। ਸਪੀਕਰ ਸਾਹਿਬ, ਜਿਹੜਾ ਮਤਾ ਖੁੱਡੀਆਂ ਸਾਹਿਬ ਲੈ ਕੇ ਆਏ ਹਨ, ਮੈਂ ਇਸ ਮਤੇ ਦੀ ਹਮਾਇਤ ਕਰਦਾ ਹਾਂ ਅਤੇ ਜਿਹੜਾ ਇਹ ਸਮਝੌਤਾ ਹੈ, ਇਸ ਦੀ ਨਿੰਦਾ ਕਰਦਾ ਹਾਂ। ਬਹੁਤ-ਬਹੁਤ ਧੰਨਵਾਦ।

**ਟਰਾਂਸਪੋਰਟ ਮੰਤਰੀ (ਸਰਦਾਰ ਲਾਲਜੀਤ ਸਿੰਘ ਭੁੱਲਰ) :** ਮਾਣਯੋਗ ਸਪੀਕਰ ਸਾਹਿਬ, ਭਾਰਤ ਸਰਕਾਰ ਇਹ ਜਿਹੜਾ ਯੂ.ਐਸ.ਏ.-ਇੰਡੀਆ ਟ੍ਰੇਡ ਡੀਲ ਵਪਾਰਕ ਸਮਝੌਤਾ ਲੈ ਕੇ ਆਈ ਹੈ, ਇਸ ਸਬੰਧੀ ਸਾਡੇ ਖੇਤੀਬਾੜੀ ਮੰਤਰੀ, ਸਰਦਾਰ ਗੁਰਮੀਤ ਸਿੰਘ ਖੁੱਡੀਆਂ ਜੀ, ਵਿਰੋਧ ਵਿੱਚ ਮਤਾ ਲੈ ਕੇ ਆਏ ਹਨ। ਇਸ ਖਾਸ ਮੁੱਦੇ ਤੇ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਇਹ ਜਿਹੜੀ ਯੂ.ਐਸ.ਏ.-ਇੰਡੀਆ ਟ੍ਰੇਡ ਡੀਲ ਹੈ, ਇਸ ਨਾਲ ਇਕੱਲਾ ਪੰਜਾਬ ਦਾ ਕਿਸਾਨ ਹੀ ਨਹੀਂ, ਇਸ ਨਾਲ ਵਪਾਰੀ, ਆੜ੍ਹਤੀਆ, ਡੇਅਰੀ ਫਾਰਮਿੰਗ ਵਾਲਾ, ਦੁਕਾਨਦਾਰ ਹਰੇਕ ਵਰਗ ਬਰਬਾਦੀ ਦੇ ਕੰਢੇ ਤੇ ਚਲਾ ਜਾਵੇਗਾ। ਸਾਡੀ ਜਿਹੜੀ ਫਸਲ ਐਮ.ਐਸ.ਪੀ. ਤੇ ਵਿਕਦੀ ਹੈ, ਸਾਡੀ ਕਣਕ ਨੂੰ ਜੇਕਰ ਸਾਰੇ ਖਰਚੇ ਪਾ ਕੇ ਗਿਣੀਏ ਤਾਂ ਸਰਕਾਰ ਨੂੰ 2600-2700 ਰੁਪਏ ਪ੍ਰਤੀ ਕੁਇੰਟਲ ਪੈਂਦੀ ਹੈ, ਜਿਹੜੀ ਕਿ ਪੰਜਾਬ ਦੇ ਵਿੱਚ ਹੀ ਲੱਗਦੀ ਹੈ। ਅਮਰੀਕਾ ਦੇ ਵਿੱਚੋਂ ਉਹੀ ਕਣਕ ਅੱਧੇ ਰੇਟ ਤੇ 1200-1300 ਰੁਪਏ ਕੁਇੰਟਲ ਤੇ ਆਵੇਗੀ ਕਿਉਂਕਿ ਉੱਥੇ ਖੁੱਲ੍ਹੇ ਫਾਰਮ ਹਨ, ਉਨ੍ਹਾਂ ਦੀਆਂ ਸਬਸਿਡੀਆਂ ਸਾਡੇ ਨਾਲੋਂ ਕਿਤੇ ਵੱਧ ਹਨ। ਉੱਥੋਂ ਦੇ ਕਿਸਾਨ ਨੂੰ ਵੱਧ ਜ਼ਮੀਨ ਹੋਣ ਕਰਕੇ ਵਾਰਾ ਖਾ ਜਾਂਦੀ ਹੈ ਅਤੇ ਜਿਹੜਾ ਸਾਡਾ ਕਿਸਾਨ ਹੈ, ਉਹ ਵੱਧ ਰੇਟ ਤੇ ਵੇਚ ਕੇ ਵੀ ਬੈਂਕਾਂ ਦੀਆਂ ਲਿਮਟਾਂ, ਆੜ੍ਹਤੀਆਂ ਦੇ ਕਰਜ਼ੇ, ਹੋਰ ਕਈ ਥਾਵਾਂ ਤੋਂ ਕਰਜ਼ੇ ਚੁੱਕ-ਚੁੱਕ ਕੇ ਪੁੱਤਾਂ ਵਾਂਗੂੰ ਆਪਣੀਆਂ ਫਸਲਾਂ ਪਾਲਦੇ ਹਨ। ਆਪਾਂ ਪਿਛਲੇ ਦਿਨੀਂ ਸੋਸ਼ਲ ਮੀਡੀਆ ਤੇ ਦੇਖਿਆ ਹੈ ਕਿ ਸ਼੍ਰੀ ਨਰਿੰਦਰ ਮੋਦੀ ਜੀ, ਸ਼੍ਰੀ ਹਰਦੀਪ ਪੁਰੀ ਸਾਹਿਬ ਤੇ ਹੋਰ ਵੀ ਹਿੰਦੁਸਤਾਨ ਦੇ ਵੱਡੇ ਵੱਡੇ ਲੀਡਰਾਂ ਦੀਆਂ ਵੀਡੀਓਜ਼ ਲੀਕ ਹੋਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਉਸੇ ਦਬਾਅ ਦੇ ਹੇਠ ਆ ਕੇ ਮੋਦੀ ਸਰਕਾਰ ਵੱਲੋਂ ਅਮਰੀਕਾ ਸਰਕਾਰ ਦੇ ਨਾਲ ਸਮਝੌਤਾ ਕੀਤਾ ਗਿਆ ਹੈ। ਇਹ ਕਿਤੇ ਨਾ ਕਿਤੇ ਜਿਹੜੀ ਪਹਿਲਾਂ ਈਸਟ ਇੰਡੀਆ ਕੰਪਨੀ ਸਾਡੇ ਦੇਸ਼ ਦੇ ਉੱਤੇ ਰਾਜ ਕਰਦੀ ਰਹੀ ਹੈ, ਬਸ ਇਸ ਦਾ ਨਾਂ ਬਦਲਿਆ ਜਾਣਾ ਹੈ, ਮੋਦੀ ਕੰਪਨੀ ਤੇ ਟਰੰਪ ਕੰਪਨੀ ਨੇ ਰਲ਼ ਕੇ ਉਹੀ ਈਸਟ ਇੰਡੀਆ ਕੰਪਨੀ ਦਾ ਕੰਮ ਕਰਨਾ ਹੈ। ਜਿਹੜਾ ਬੀਜ ਅਮਰੀਕਾ ਵਿੱਚੋਂ ਆ ਕੇ ਸਾਡੇ ਇੱਥੇ ਪੰਜਾਬ ਵਿੱਚ ਵਿਕਣਾ ਹੈ, ਜਿਸ ਨਾਲ ਬਿਜਾਈ ਹੋਣੀ ਹੈ, ਸਾਡਾ ਵਾਤਾਵਰਣ ਹੋਰ ਹਿਸਾਬ ਦਾ ਹੈ, ਅਮਰੀਕਾ ਦਾ ਵਾਤਾਵਰਣ ਹੋਰ ਹਿਸਾਬ ਦਾ ਹੈ। ਜਦੋਂ ਸਾਡੀਆਂ ਯੂਨੀਵਰਸਿਟੀਆਂ ਉੱਤੇ ਅਮਰੀਕਾ ਦੇ ਬੀਜਾਂ ਦਾ ਕਬਜ਼ਾ ਹੋ ਗਿਆ ਤਾਂ ਹੌਲੀ-ਹੌਲੀ ਉਸ ਬੀਜ ਦੀ ਬਿਜਾਈ ਹੋਣੀ ਸ਼ੁਰੂ ਹੋ ਜਾਣੀ ਹੈ। ਅੱਜ ਵੀ ਸਾਡੀਆਂ ਯੂਨੀਵਰਸਿਟੀਆਂ ਬੀਜ ਤਿਆਰ ਕਰਦੀਆਂ ਹਨ, ਉਹ ਭਾਰਤ ਸਰਕਾਰ ਦੀ ਡਾਇਰੈਕਸ਼ਨ ਤੇ ਹੀ ਤਿਆਰ ਕਰਦੀਆਂ ਹਨ। ਜਦੋਂ ਇਹ ਸਮਝੌਤਾ ਨੇਪਰੇ ਚੜ੍ਹ ਗਿਆ ਤਾਂ ਭਾਰਤ ਸਰਕਾਰ ਦੀ ਡਾਇਰੈਕਸ਼ਨ ਤੇ ਅਮਰੀਕਾ ਦਾ ਬੀਜ ਸਾਡੀਆਂ ਯੂਨੀਵਰਸਿਟੀਆਂ ਵਿੱਚ ਆ ਜਾਵੇਗਾ ਅਤੇ ਸਾਡੇ ਖੇਤਾਂ ਵਿੱਚ ਉਸ ਬੀਜ ਦੀ ਬਿਜਾਈ ਹੋਣ ਲੱਗ ਪਵੇਗੀ। ਇਹ ਉਹ 3 ਕਾਲੇ ਕਾਨੂੰਨਾਂ ਵਾਲਾ ਹੀ ਕੰਮ ਹੈ ਕਿਉਂਕਿ ਅਮਰੀਕਾ ਵਰਗੇ ਦੇਸ਼ ਨੂੰ ਕੋਈ ਫਰਕ ਨਹੀਂ ਪੈਂਦਾ ਹੈ। ਸਾਡੇ ਦੇਸ਼ ਦੀ ਸਭ ਤੋਂ ਕੀਮਤੀ ਜ਼ਮੀਨ ਅਤੇ ਸਭ ਤੋਂ

ਵਧੀਆ ਪਾਣੀ ਪੰਜਾਬ ਦਾ ਹੈ। ਇਸ ਤੇ ਸਮੇਂ-ਸਮੇਂ ਦੀਆਂ ਸੈਂਟਰ ਦੀਆਂ ਸਰਕਾਰਾਂ ਅਤੇ ਦੂਜੇ ਦੇਸ਼ਾਂ ਦੀਆਂ ਵੀ ਨਜ਼ਰਾਂ ਰਹਿੰਦੀਆਂ ਹਨ। ਇਹ ਕਿਤੇ ਨਾ ਕਿਤੇ ਸੈਂਟਰ ਸਰਕਾਰ ਵੱਲੋਂ ਸਾਡੇ ਪੰਜਾਬ ਦੇ ਕਿਸਾਨ ਦੀ ਜ਼ਮੀਨ ਹਥਿਆਉਣ ਦਾ ਅਤੇ ਸਾਡੇ ਪੰਜਾਬ ਦਾ ਪਾਣੀ ਹਥਿਆਉਣ ਦਾ ਇੱਕ ਕੋਝਾ ਤਰੀਕਾ ਵਰਤਿਆ ਜਾ ਰਿਹਾ ਹੈ। ਵੇਖੋ, ਜਿਹੜਾ ਰਾਜਾ ਹੁੰਦਾ ਹੈ, ਉਸ ਦਾ ਫਰਜ਼ ਹੈ ਕਿ ਉਹ ਦੇਸ਼ ਦੀ ਰੱਖਿਆ ਕਰੇ। ਸਾਡੀ ਪ੍ਰਜਾ ਸਾਡੇ ਕਿਸਾਨ ਹਨ ਅਤੇ ਇਹ ਕਿਸਾਨੀ ਤੋਂ ਤੁਰਦੀ ਹੈ। ਮੈਂ ਤਾਂ ਇਹ ਹੀ ਬੇਨਤੀ ਕਰਾਂਗਾ, ਜਿਹੜੇ ਆਪੋਜ਼ੀਸ਼ਨ ਵਿੱਚ ਵੀ ਸਾਡੇ ਭਰਾ ਬੈਠੇ ਹਨ ਕਿਉਂਕਿ ਇਹ ਲੜਾਈ ਕਿਸੇ ਇਕੱਲੇ ਬੰਦੇ ਦੀ ਲੜਾਈ ਨਹੀਂ ਹੈ। ਇਹ ਸਾਡੇ ਪੰਜਾਬ ਦੀ, ਪੰਜਾਬੀਅਤ ਦੀ ਅਤੇ ਸਾਡੇ ਹਰੇਕ ਵਰਗ ਦੀ ਲੜਾਈ ਹੈ। ਜੇ ਆੜ੍ਹਤੀਆ ਹੈ ਤਾਂ ਕਿਸਾਨ ਹੈ, ਜੇ ਕਿਸਾਨ ਹੈ ਤਾਂ ਦੁਕਾਨਦਾਰ ਹੈ, ਜੇ ਦੁਕਾਨਦਾਰ ਹੈ ਤਾਂ ਵਪਾਰੀ ਹੈ। ਹਰ ਵਰਗ ਕਿਸਾਨੀ, ਆੜ੍ਹਤੀਏ ਅਤੇ ਦੁਕਾਨਦਾਰ ਦੇ ਨਾਲ ਹੀ ਚਲਦਾ ਹੈ। ਸਾਡਾ ਸੂਬਾ ਖੇਤੀ ਪ੍ਰਧਾਨ ਸੂਬਾ ਹੈ ਅਤੇ ਜੇ ਇਹ ਸਮਝੌਤਾ ਸਿਰੇ ਚੜ੍ਹਦਾ ਹੈ ਤਾਂ ਆਉਣ ਵਾਲੇ ਸਮੇਂ ਵਿੱਚ ਸਾਡੀਆਂ ਜਿਹੜੀਆਂ ਜ਼ਮੀਨਾਂ ਹਨ, ਇਹ ਵੀ ਕਾਰਪੋਰੇਟ ਕੰਪਨੀਆਂ ਦੇ ਹੱਥ ਵਿੱਚ ਜਾਣ ਦਾ ਖਦਸ਼ਾ ਹੈ। ਵੇਖੋ, ਜੇ ਸਾਡੇ ਦੇਸ਼ ਦੇ ਹਾਕਮਾਂ ਨੇ ਗਲਤੀਆਂ ਕੀਤੀਆਂ ਹਨ ਤਾਂ ਉਨ੍ਹਾਂ ਗਲਤੀਆਂ ਦੀ ਸਜ਼ਾ ਪ੍ਰਜਾ ਨਾ ਭੁਗਤੇ। ਜਿਹੜਾ ਸਾਡੇ ਮਾਣਯੋਗ ਖੁੱਡੀਆਂ ਸਾਹਿਬ ਇਹ ਮਤਾ ਲੈ ਕੇ ਆਏ ਹਨ, ਇਹ ਮਤਾ ਸਾਰਿਆਂ ਦੇ ਹੱਕ ਵਿੱਚ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਆਪਾਂ ਨੂੰ ਪਤਾ ਹੈ ਕਿ ਸਾਡਾ ਕਿਸਾਨ ਜਿਹੜਾ ਕਿ ਡੇਅਰੀ ਫਾਰਮਿੰਗ ਦੇ ਨਾਲ ਆਪਣੇ ਕਈ ਕੰਮ ਚਲਾਉਂਦਾ ਹੈ ਅਤੇ ਆਪਣਾ ਪਰਿਵਾਰ ਪਾਲਦਾ ਹੈ। ਆਪਣੀ ਫਸਲ ਦੀ ਬਿਜਾਈ ਕਰਦਾ ਹੈ। ਆਪਣੇ ਬੱਚਿਆਂ ਦੀਆਂ ਫੀਸਾਂ ਭਰਦਾ ਹੈ। ਉਹ ਕਿਸਾਨ ਕੋਈ ਜ਼ਮੀਨ ਜਾਂ ਕੋਈ ਬੱਚੇ ਦਾ ਵਿਆਹ ਕਰਨ ਲਈ ਜਾਂ ਕੋਈ ਘਰ ਬਣਾਉਣ ਲਈ ਜਾਂ ਆਪਣੇ ਬੱਚਿਆਂ ਦੀਆਂ ਫੀਸਾਂ ਦੇਣ ਲਈ ਫਸਲ ਦੇ ਪੈਸੇ ਵਰਤ ਲੈਂਦਾ ਹੈ। ਜੇ ਇਹ ਡੀਲ ਨੇਪਰੇ ਚੜ੍ਹਦੀ ਹੈ ਤਾਂ ਸਾਡੀ ਡੇਅਰੀ ਫਾਰਮਿੰਗ, ਦੁੱਧ, ਦਹੀਂ, ਪਨੀਰ, ਜਿਹੜਾ ਕਿ ਸਾਡੇ ਪੰਜਾਬ ਦੇ ਕਿਸਾਨ ਪੈਦਾ ਕਰਦੇ ਹਨ, ਡੇਅਰੀ ਫਾਰਮਿੰਗ ਵਾਲੇ ਪੈਦਾ ਕਰਦੇ ਹਨ, ਉਹ ਵੀ ਜਦੋਂ ਅਮਰੀਕਾ ਵਿੱਚੋਂ ਘੱਟ ਰੇਟ ਤੇ ਆ ਗਿਆ ਤਾਂ ਸਾਡੇ ਡੇਅਰੀ ਫਾਰਮਿੰਗ ਦਾ ਕੰਮ ਵੀ ਸਾਡੇ ਕਿਸਾਨ ਛੱਡ ਜਾਣਗੇ। ਸਾਡਾ ਡੇਅਰੀ ਫਾਰਮਿੰਗ ਦਾ ਧੰਦਾ ਵੀ ਖਤਮ ਹੋ ਜਾਵੇਗਾ, ਸਾਡੀ ਖੇਤੀ ਵੀ ਖਤਮ ਹੋ ਜਾਵੇਗੀ। ਸਾਡੇ ਪੰਜਾਬ ਦਾ ਕਿਸਾਨ ਹੀ ਨਹੀਂ, ਸਾਡਾ ਸਾਰਾ ਪੰਜਾਬ ਹੀ ਅਮਰੀਕਾ ਦੇ ਹੱਥਾਂ ਵਿੱਚ ਚਲਾ ਜਾਵੇਗਾ। ਖੇਤੀਬਾੜੀ ਮੰਤਰੀ, ਸਰਦਾਰ ਗੁਰਮੀਤ ਸਿੰਘ ਖੁੱਡੀਆਂ ਸਾਹਿਬ ਯੂ.ਐਸ.ਏ.-ਇੰਡੀਆ ਟਰੇਡ ਡੀਲ ਦੇ ਵਿਰੋਧ ਵਿੱਚ ਇਹ ਮਤਾ ਲੈ ਕੇ ਆਏ ਹਨ, ਮੈਂ ਇਸ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਜਿਹੜੇ ਸਾਡੇ ਹਾਕਮਾਂ ਨੇ ਸਾਡੀ ਧੌਣ ਤੇ ਗੋਡਾ ਰੱਖਿਆ ਹੈ, ਪੰਜਾਬ ਦੇ ਕਿਸਾਨਾਂ ਨੇ ਅੱਗੇ ਵੀ ਜਦੋਂ ਤਿੰਨ ਕਾਲੇ ਕਾਨੂੰਨ ਸੈਂਟਰ ਸਰਕਾਰ ਲੈ ਕੇ ਆਈ ਸੀ, ਉਹ ਗੋਡਾ ਪਾਸੇ ਕਰਕੇ ਮੁੜ ਕੇ ਕਿਸਾਨਾਂ ਨੇ ਧੌਣ ਤੇ ਗੋਡਾ ਰੱਖ ਕੇ ਉਹ ਕਾਨੂੰਨ ਵਾਪਸ ਕਰਵਾਏ ਸਨ। ਮੈਂ ਫਿਰ ਆਪਣੇ ਕਿਸਾਨ ਵੀਰਾਂ ਨੂੰ ਇਹ ਬੇਨਤੀ ਕਰਾਂਗਾ ਕਿ ਆਪਾਂ ਫਿਰ ਤੋਂ ਵਹੀਰਾਂ ਘੱਤ ਕੇ ਦਿੱਲੀ ਵੱਲ ਨੂੰ ਜਾਣਾ ਹੈ ਅਤੇ ਅੱਗੇ ਅਸੀਂ ਲੱਗਾਂਗੇ। ਆਮ ਆਦਮੀ ਪਾਰਟੀ ਪੂਰੇ ਦੇਸ਼ ਵਿੱਚ ਸ੍ਰੀ ਅਰਵਿੰਦ ਕੇਜਰੀਵਾਲ ਜੀ ਦੀ ਅਗਵਾਈ ਵਿੱਚ ਗੋਆ, ਰਾਜਸਥਾਨ, ਹਰਿਆਣਾ ਹਰ ਥਾਂ ਤੇ ਜਿਹੜੀ ਇਹ ਡੀਲ ਹੋਈ ਹੈ, ਉਸ ਦਾ ਵਿਰੋਧ ਕਰ ਰਹੀ ਹੈ। ਆਮ ਆਦਮੀ ਪਾਰਟੀ ਪੰਜਾਬ ਦੇ ਅਤੇ ਪੂਰੇ ਦੇਸ਼ ਦੇ ਕਿਸਾਨਾਂ ਦੇ ਹੱਕ ਵਿੱਚ ਹੈ, ਸ੍ਰੀ ਅਰਵਿੰਦ ਕੇਜਰੀਵਾਲ ਜੀ ਦੀ ਅਗਵਾਈ ਵਿੱਚ ਖੜ੍ਹੀ ਹੈ ਅਤੇ ਪੰਜਾਬ ਵਿੱਚੋਂ ਵੀ ਅਸੀਂ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਆਪਣੇ ਹੱਕ ਲਈ ਇਹ ਲੜਾਈ ਲੜਾਂਗੇ। ਇਹ ਲੜਾਈ ਕੋਈ ਕਿਸਾਨ ਦੀ ਲੜਾਈ ਨਹੀਂ ਹੈ ਸਗੋਂ ਇਹ ਸਾਡੀ ਸਾਰਿਆਂ ਦੀ ਲੜਾਈ ਹੈ ਕਿਉਂਕਿ ਆਪਾਂ ਵੀ ਬਹੁਤੇ ਕਿਸਾਨੀ ਨਾਲ ਸਬੰਧਤ ਹਾਂ। ਆਪਾਂ ਵੀ ਕਿਸਾਨਾਂ ਦੇ ਪੁੱਤ ਹਾਂ। ਆਪਾਂ ਇਸ ਲੜਾਈ ਵਿੱਚ ਅੱਗੇ ਲੜ ਕੇ ਜਿੱਤਾਂਗੇ, ਭਾਵੇਂ ਸਾਨੂੰ ਕੈਦ ਕੱਟਣੀ ਪਵੇ, ਭਾਵੇਂ ਸਾਨੂੰ ਕੁਰਬਾਨੀਆਂ ਦੇਣੀਆਂ ਪੈਣ ਅਤੇ ਭਾਵੇਂ ਸਾਨੂੰ ਆਪਣੀਆਂ ਜਾਨਾਂ ਦੇਣੀਆਂ ਪੈਣ। ਅਸੀਂ ਪੰਜਾਬ ਦੇ ਕਿਸਾਨਾਂ ਨਾਲ ਖੜ੍ਹੇ ਹਾਂ। ਅਸੀਂ ਡਟੇ ਹਾਂ ਅਤੇ

ਡਟਦੇ ਰਹਾਂਗੇ। ਮੈਂ, ਜਿਹੜਾ ਮਤਾ ਖੁੱਡੀਆਂ ਸਾਹਿਬ ਲੈ ਕੇ ਆਏ ਹਨ, ਇਸ ਮਤੇ ਦੇ ਹੱਕ ਵਿੱਚ ਇਸ ਦੀ ਪ੍ਰੋੜ੍ਹਤਾ ਕਰਦਾ ਹਾਂ। ਬਹੁਤ-ਬਹੁਤ ਧੰਨਵਾਦ, ਸਪੀਕਰ ਸਾਹਿਬ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਮਾਣਯੋਗ ਸਪੀਕਰ :** ਜਦੋਂ ਕੋਈ ਮਾੜ੍ਹਕੁ ਕਿਸੇ ਵੱਡੇ ਬੰਦੇ ਨਾਲ ਮੁਕਾਬਲੇ ਵਿੱਚ ਪੈ ਜਾਵੇ ਤਾਂ ਉਸ ਦਾ ਕੁਝ ਵੀ ਵੱਟਿਆ ਨਹੀਂ ਜਾਂਦਾ। ਉਹੀ ਹਾਲਾਤ ਆਪਣੇ ਬਣਨੇ ਹਨ। ਪੰਜਾਬ ਵਿੱਚ ਐਵਰੇਜ ਲੈਂਡ ਹੋਲਡਿੰਗ 9 ਏਕੜ ਹੈ, ਅਮਰੀਕਾ ਵਿੱਚ ਐਵਰੇਜ ਲੈਂਡ ਹੋਲਡਿੰਗ 450 ਏਕੜ ਹੈ। ਉੱਥੋਂ ਦੇ ਕਿਸਾਨ ਨਾਲ ਜਿਸ ਦੀ ਲੈਂਡ ਹੋਲਡਿੰਗ ਹੀ ਇੰਨੀ ਵੱਡੀ ਹੈ ਅਤੇ ਉੱਥੇ ਤਕਰੀਬਨ 400% ਸਬਸਿਡੀ ਹੈ। ਆਪਣੇ ਇੱਥੇ ਜਿਹੜੀ ਸਬਸਿਡੀ ਹੈ, ਉਹ ਵੀ ਬੰਦ ਕਰਨ ਨੂੰ ਫਿਰਦੇ ਹਨ। ਮੁਕਾਬਲਾ ਪੈ ਗਿਆ ਤਾਂ ਵੱਟਿਆ ਕੁਝ ਨਹੀਂ ਜਾਣਾ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ (ਨਕੋਦਰ)** : ਧੰਨਵਾਦ, ਸਪੀਕਰ ਸਾਹਿਬ, ਤੁਸੀਂ ਮੈਨੂੰ ਅੱਜ ਮਾਣਯੋਗ ਖੇਤੀਬਾੜੀ ਮੰਤਰੀ, ਸਰਦਾਰ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਅਮਰੀਕਾ-ਭਾਰਤ ਖੇਤੀਬਾੜੀ ਸਮਝੌਤੇ ਦੇ ਵਿਰੋਧ ਵਿੱਚ ਲਿਆਂਦੇ ਗਏ ਮਤੇ ਤੇ ਬੋਲਣ ਦਾ ਮੌਕਾ ਦਿੱਤਾ। ਮਾਣਯੋਗ ਸਪੀਕਰ ਸਾਹਿਬ, ਭਾਰਤ ਅਤੇ ਅਮਰੀਕਾ ਨਾਲ ਕੀਤੇ ਗਏ ਤਾਜ਼ੇ ਸਮਝੌਤੇ ਨੇ ਇਹ ਬਿਲਕੁਲ ਸਪੱਸ਼ਟ ਕਰ ਦਿੱਤਾ ਹੈ ਕਿ ਕੇਂਦਰ ਵਿੱਚ ਸਾਡੀ ਸਰਕਾਰ ਹੀ ਨਹੀਂ ਹੈ। ਹਰ ਫੈਸਲਾ ਵਾਸ਼ਿੰਗਟਨ ਤੋਂ ਹੁੰਦਾ ਹੈ, ਸਗੋਂ ਫੈਸਲਾ ਹੀ ਨਹੀਂ, ਐਲਾਨ ਵੀ ਵਾਸ਼ਿੰਗਟਨ ਤੋਂ ਹੁੰਦਾ ਹੈ। ਭਾਰਤ ਦੀ ਮੋਦੀ ਸਰਕਾਰ ਵੱਲੋਂ ਅਮਰੀਕਾ ਨਾਲ ਕੀਤਾ ਗਿਆ ਇਹ ਤਾਜ਼ਾ ਸਮਝੌਤਾ ਉਸੇ ਘਿਨਾਉਣੀ ਕੜੀ ਦਾ ਇੱਕ ਹਿੱਸਾ ਹੈ, ਜੋ ਸਾਡੇ ਕਿਸਾਨਾਂ ਨੂੰ ਖੇਤੀ ਵਿੱਚੋਂ ਬਾਹਰ ਕਰਨ ਸਬੰਧੀ ਇੱਕ ਸਾਜ਼ਿਸ਼ ਹੈ। ਅਮਰੀਕਾ ਦੀਆਂ ਮਲਟੀਨੈਸ਼ਨਲ ਕੰਪਨੀਆਂ ਦੀਆਂ ਸਸਤੀਆਂ ਖੇਤੀ ਜਿਣਸਾਂ ਅਤੇ ਡੇਅਰੀ ਪ੍ਰੋਡਕਟ ਜਦੋਂ ਸਾਡੀਆਂ ਮੰਡੀਆਂ ਵਿੱਚ ਆਉਣਗੇ ਅਤੇ ਵਿਕਣਗੇ ਤਾਂ ਸਾਡੇ ਕਿਸਾਨ ਆਪਣੇ ਆਪ ਮੰਡੀ ਵਿੱਚੋਂ ਬਾਹਰ ਹੋ ਜਾਣਗੇ। ਉਨ੍ਹਾਂ ਦੀਆਂ ਡੇਅਰੀਆਂ ਉਜੜ ਜਾਣਗੀਆਂ। ਇਹ ਅਮਰੀਕਨ ਕੰਪਨੀਆਂ ਦੀਆਂ ਸੰਸਾਰ ਵਿਆਪੀ ਨੀਤੀਆਂ ਹਨ ਕਿ ਕਿਸਾਨਾਂ ਨੂੰ ਖੇਤੀ ਵਿੱਚੋਂ ਉਜਾੜ ਕੇ ਸ਼ਹਿਰਾਂ ਵੱਲ ਧੱਕਣਾ ਹੈ ਤਾਂ ਕਿ ਉਹ ਸ਼ਹਿਰਾਂ ਦੇ ਲੇਬਰ ਚੌਂਕਾਂ ਤੇ ਖੜ੍ਹੇ ਹੋਣ ਤੇ ਉਨ੍ਹਾਂ ਦੀਆਂ ਕੰਪਨੀਆਂ ਵਾਸਤੇ ਮਜ਼ਦੂਰੀ ਕਰਨ। ਭਾਰਤ ਸਰਕਾਰ ਭਾਰਤ ਵਿੱਚ ਅਮਰੀਕਾ ਦੀਆਂ ਨੀਤੀਆਂ ਨੂੰ ਲਾਗੂ ਕਰ ਰਹੀ ਹੈ ਜਾਂ ਇਹ ਕਹਿ ਲਵੋ ਕਿ ਉਨ੍ਹਾਂ ਦਾ ਕੰਨ ਮਰੋੜ ਕੇ ਲਾਗੂ ਕਰਵਾਈਆਂ ਜਾ ਰਹੀਆਂ ਹਨ। ਪੰਜਾਬ ਇਸ ਸਮਝੌਤੇ ਨੂੰ ਰੱਦ ਕਰਵਾਉਣ ਲਈ, ਅੱਡੀ ਚੋਟੀ ਦਾ ਜ਼ੋਰ ਲਗਾ ਕੇ ਇਸ ਦੇ ਖਿਲਾਫ ਖੜ੍ਹਾ ਹੋਵੇਗਾ। ਉਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਜਿਹੜੀ ਈਸਟ ਇੰਡੀਆ ਕੰਪਨੀ ਸੀ, ਉਹ ਲੁਕਵੇਂ ਢੰਗ ਨਾਲ ਦੇਸ਼ ਦੇ ਅੰਦਰ ਦਾਖਲ ਹੋਈ ਸੀ ਅਤੇ ਉਸ ਨੇ ਭਾਰਤ ਉੱਤੇ ਕਬਜ਼ਾ ਕੀਤਾ ਸੀ। ਅਮਰੀਕਾ ਡੰਕੇ ਦੀ ਚੋਟ ਤੇ ਮੋਦੀ ਸਰਕਾਰ ਨਾਲ ਰਲ਼ ਕੇ ਭਾਰਤ ਵਿੱਚ ਦਾਖਲਾ ਲੈ ਰਿਹਾ ਹੈ ਔਰ ਆਉਣ ਵਾਲਾ ਸਮਾਂ ਸਾਡੇ ਦੇਸ਼ ਵਾਸਤੇ ਘਾਤਕ ਹੋਵੇਗਾ। ਇਸ ਕਰਕੇ ਜਿਹੜੇ ਸਾਡੇ 5-7 ਹਾਕਮ ਹਨ, ਉਨ੍ਹਾਂ ਦੀਆਂ ਪਰਸਨਲ ਕਮਜ਼ੋਰੀਆਂ ਦੇਸ਼ ਨੂੰ ਵੱਡੇ ਪੱਧਰ ਤੇ ਢਾਅ ਲਗਾਉਣ ਜਾ ਰਹੀਆਂ ਹਨ। ਹਮੇਸ਼ਾ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸ਼ਾਸਕ ਕਮਜ਼ੋਰ ਹੋਇਆ ਹੈ ਜਾਂ ਸ਼ਾਸਕ ਦੀਆਂ ਕਮਜ਼ੋਰੀਆਂ ਕਿਸੇ ਹੋਰ ਦੇ ਹੱਥ ਲੱਗੀਆਂ ਹਨ ਤਾਂ ਉਸ ਦਾ ਰਾਜ ਤਬਾਹ ਹੁੰਦਾ ਵੇਖਿਆ ਹੈ, ਕੋਈ ਬਚਦਾ ਨਹੀਂ ਵੇਖਿਆ। ਇਹੀ ਹਾਲ ਸਾਡੇ ਮੁਲਕ ਦਾ ਹੋਣ ਜਾ ਰਿਹਾ ਹੈ। ਇਸ ਕਰਕੇ ਸਾਨੂੰ ਸਾਰਿਆਂ ਨੂੰ ਲਾਮਬੰਦ ਹੋ ਕੇ, ਪੂਰੇ ਦੇਸ਼ ਦੇ ਨਾਲ ਰਲ਼ ਕੇ ਇਸ ਸਮਝੌਤੇ ਦੀ ਵਿਰੋਧਤਾ ਕਰਨੀ ਪੈਣੀ ਹੈ, ਇਸ ਤੋਂ ਬਿਨਾਂ ਸਾਡਾ ਗੁਜ਼ਾਰਾ ਨਹੀਂ ਕਿਉਂਕਿ ਪੰਜਾਬ ਦਾ ਜਿਹੜਾ ਕਿਸਾਨ ਹੈ, ਉਹ 2-2, 4-4 ਏਕੜ ਵਾਲਾ ਕਿਸਾਨ ਹੈ। ਇਸ ਸਮਝੌਤੇ ਕਾਰਨ ਸਭ ਤੋਂ ਵੱਧ ਉਜਾੜਾ ਪੰਜਾਬ ਦੇ ਕਿਸਾਨਾਂ ਦਾ ਹੋਵੇਗਾ। ਵੈਸੇ ਵੀ ਮੋਦੀ ਸਾਹਿਬ ਦੇ ਏਜੰਡੇ ਤੇ ਪੰਜਾਬ ਦਾ ਕਿਸਾਨ ਹੈ। ਸਾਡੀਆਂ 750 ਕੁਰਬਾਨੀਆਂ, ਜਿਹੜੀਆਂ ਸਾਡੇ ਕਿਸਾਨਾਂ ਨੇ ਪਿਛਲੇ ਸਮੇਂ ਵਿੱਚ ਦਿੱਤੀਆਂ, ਲੰਮਾ ਸਮਾਂ ਬਾਰਡਰਾਂ ਤੇ ਰਹਿ ਕੇ ਸੰਤਾਪ ਭੋਗਿਆ, ਉਹ

ਸਮਝੌਤੇ ਕਰਕੇ ਜਿਹੜੀ ਮੋਦੀ ਸਰਕਾਰ ਮੁੱਕਰੀ, ਉਹ ਇਸੇ ਕੜੀ ਦਾ ਹਿੱਸਾ ਸੀ। ਅਮਰੀਕਾ ਨੇ ਹੀ ਆਪਣਾ ਦਬਾਅ ਪਾ ਕੇ ਐਮ.ਐਸ.ਪੀ. ਦੇਣ ਤੋਂ ਰੋਕਿਆ। ਇਸ ਕਰਕੇ ਆਉਣ ਵਾਲਾ ਸਮਾਂ ਦੇਸ਼ ਵਾਸਤੇ ਬੜਾ ਘਾਤਕ ਹੋਵੇਗਾ। ਸਾਨੂੰ ਸਭ ਨੂੰ, ਸਾਰੇ ਦੇਸ਼ ਨੂੰ ਪੰਜਾਬ ਦੀ ਕਿਸਾਨੀ ਨੂੰ ਬਚਾਉਣ ਵਾਸਤੇ, ਮਜ਼ਦੂਰਾਂ ਨੂੰ ਬਚਾਉਣ ਵਾਸਤੇ, ਡੇਅਰੀ ਨੂੰ ਬਚਾਉਣ ਵਾਸਤੇ ਰਲ਼ ਕੇ ਇਸ ਦਾ ਵਿਰੋਧ ਕਰਨਾ ਚਾਹੀਦਾ ਹੈ ਕਿਉਂਕਿ ਅਜੇ ਵੀ ਪਿੰਡਾਂ ਵਿੱਚ ਦੋ-ਦੋ, ਚਾਰ-ਚਾਰ ਲੀਟਰ ਦੁੱਧ ਵੇਚ ਕੇ ਗੁਜ਼ਾਰਾ ਕਰਨ ਵਾਲੇ ਪਰਿਵਾਰ ਹਨ। ਅਸੀਂ ਰੋਜ਼ ਦੇਖਦੇ ਹਾਂ ਕਿ ਉਹ ਇੰਨਾ ਦੁੱਧ ਵੇਚ ਕੇ ਆਪਣੇ ਪਰਿਵਾਰ ਨੂੰ ਪਾਲ ਰਹੇ ਹਨ। ਇਸ ਕਰਕੇ ਆਉਣ ਵਾਲੇ ਸਮੇਂ ਵਿੱਚ ਬਹੁਤ ਵੱਡੀ ਪੱਧਰ ਦੇ ਉਪਰ ਇਸ ਲਈ ਲਾਮਬੰਦ ਹੋਣਾ ਪਵੇਗਾ। ਮੈਂ ਮਾਨ ਸਰਕਾਰ ਦਾ, ਮਾਣਯੋਗ ਖੇਤੀਬਾੜੀ ਮੰਤਰੀ, ਸਰਦਾਰ ਗੁਰਮੀਤ ਸਿੰਘ ਖੁੱਡੀਆਂ ਜੀ ਦਾ ਬਹੁਤ-ਬਹੁਤ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਇਹ ਮਤਾ ਲਿਆਂਦਾ ਹੈ। ਮੈਂ ਇਸ ਦੀ ਪ੍ਰੋੜ੍ਹਤਾ ਕਰਦੀ ਹਾਂ। ਧੰਨਵਾਦ ਜੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ)** : ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਸਾਡੇ ਬਹੁਤ ਹੀ ਸਤਿਕਾਰਯੋਗ ਖੇਤੀਬਾੜੀ ਮੰਤਰੀ, ਸਰਦਾਰ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਭਾਰਤ ਅਮਰੀਕਾ ਵਪਾਰਕ ਸਮਝੌਤੇ ਨਾਲ ਪੰਜਾਬ ਦੀ ਖੇਤੀਬਾੜੀ ਨਾਲ ਧੋਖਾ ਮਾਮਲੇ ਤੇ ਲਿਆਂਦੇ ਗਏ ਮਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਇਸ ਮਤੇ ਦੇ ਹੱਕ ਵਿੱਚ ਅਤੇ ਇਸ ਸਮਝੌਤੇ ਦੇ ਵਿਰੋਧ ਵਿੱਚ ਬੋਲਣ ਲਈ ਖੜ੍ਹਾ ਹੋਇਆ ਹਾਂ। ਕੇਂਦਰ ਵਿੱਚ ਭਾਜਪਾ ਦੀ ਸਰਕਾਰ ਹੈ। ਇਹ ਜਦੋਂ ਦੀ ਵੀ ਆਈ ਹੈ ਅਤੇ ਇਨ੍ਹਾਂ ਨੇ ਜਿੰਨੇ ਵੀ ਫੈਸਲੇ ਲਏ ਹਨ, ਉਹ ਸਾਰੇ ਹੀ ਕਿਸਾਨ ਵਿਰੋਧੀ ਹਨ। ਇਹੀ ਕਾਰਨ ਹੈ ਕਿ ਅੱਜ ਸਮੁੱਚੇ ਪੰਜਾਬ ਦਾ ਕਿਸਾਨ ਅਤੇ ਦੇਸ਼ ਦਾ ਕਿਸਾਨ ਸੈਂਟਰ ਸਰਕਾਰ ਦੇ ਵਿਰੋਧ ਵਿੱਚ ਹੈ ਕਿਉਂਕਿ ਜਿਹੜੇ ਤਿੰਨ ਕਾਲੇ ਕਾਨੂੰਨ ਇਨ੍ਹਾਂ ਵੱਲੋਂ ਲਿਆਂਦੇ ਗਏ ਸਨ, ਉਸ ਦੇ ਖਿਲਾਫ਼ ਬਹੁਤ ਵੱਡਾ ਅੰਦੋਲਨ ਪੰਜਾਬ ਦੀ ਧਰਤੀ ਤੋਂ ਸ਼ੁਰੂ ਹੋਇਆ ਅਤੇ ਬੜਾ ਲੰਮਾ ਸਮਾਂ ਧਰਨਾ ਚੱਲਿਆ, ਜਿਸ ਵਿੱਚ 700 ਦੇ ਕਰੀਬ ਸਾਡੇ ਕਿਸਾਨ ਸ਼ਹੀਦ ਹੋਏ ਅਤੇ ਇਸ ਵਿੱਚ ਬਹੁਤ ਵੱਡੀ ਕਾਮਯਾਬੀ ਕਿਸਾਨਾਂ ਨੂੰ ਹਾਸਲ ਹੋਈ ਅਤੇ ਉਹ ਜਿਹੜੇ ਤਿੰਨ ਕਾਲੇ ਕਾਨੂੰਨ ਸਨ, ਉਹ ਸਰਕਾਰ ਨੂੰ ਵਾਪਸ ਲੈਣੇ ਪਏ। ਸੋ, ਉਦੋਂ ਹੀ ਸਾਬਤ ਹੋ ਗਿਆ ਸੀ ਕਿ ਜਿਹੜੀ ਇਹ ਸਰਕਾਰ ਹੈ, ਇਹ ਕਿਸਾਨ ਵਿਰੋਧੀ ਹੈ। ਉਸ ਤੋਂ ਬਾਅਦ ਮਗਨਰੇਗਾ ਵਿੱਚ ਵੱਡੀ ਤਬਦੀਲੀ ਲਿਆ ਕੇ ਇਹ ਸਾਬਤ ਕਰ ਦਿੱਤਾ ਕਿ ਸੈਂਟਰ ਸਰਕਾਰ ਕਿਸਾਨਾਂ ਦੇ ਨਾਲ-ਨਾਲ ਮਜ਼ਦੂਰ ਵਿਰੋਧੀ ਵੀ ਹੈ। ਸੋ, ਜੇ ਪੰਜਾਬ ਦੀ ਗੱਲ ਕਰੀਏ, ਪੰਜਾਬ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਇਹ ਪੰਜਾਬ ਦੇ ਕਿਸਾਨ ਦੀ ਖੁਸ਼ਹਾਲੀ, ਹਰ ਵਰਗ ਦੀ ਖੁਸ਼ਹਾਲੀ ਹੈ, ਚਾਹੇ ਉਹ ਆੜ੍ਹਤੀਆ ਹੈ, ਚਾਹੇ ਦੁਕਾਨਦਾਰ ਹੈ, ਚਾਹੇ ਸ਼ੈਲਰ ਦਾ ਮਾਲਕ ਹੈ ਜਾਂ ਕੋਲਡ ਸਟੋਰ ਦਾ ਮਾਲਕ ਹੈ। ਐਗਰੋ ਬੇਸਡ ਇੰਡਸਟਰੀ ਸਾਰੀ ਕਿਸਾਨੀ ਤੇ ਨਿਰਭਰ ਕਰਦੀ ਹੈ। ਜੇ ਪੰਜਾਬ ਦਾ ਕਿਸਾਨ ਖੁਸ਼ਹਾਲ ਹੈ ਤਾਂ ਹਰ ਵਰਗ ਖੁਸ਼ਹਾਲ ਹੈ। ਇਸ ਦੇ ਨਾਲ ਹੀ ਪੰਜਾਬ ਦਾ ਕਿਸਾਨ ਡੇਅਰੀ ਨਾਲ ਵੀ ਜੁੜਿਆ ਹੋਇਆ ਹੈ। ਚਾਹੇ ਕੋਈ ਛੋਟਾ ਮਜ਼ਦੂਰ ਹੈ, ਦਿਹਾੜੀ ਕਰਦਾ ਹੈ, ਚਾਹੇ ਨੌਕਰੀ ਕਰਦਾ ਹੈ, ਚਾਹੇ ਛੋਟਾ ਕਿਸਾਨ ਹੈ, ਹਰੇਕ ਨੇ ਆਪਣੇ ਘਰ ਡੇਅਰੀ ਦਾ ਸਹਾਇਕ ਧੰਦਾ ਅਪਣਾਇਆ ਹੋਇਆ ਹੈ। ਕਿਸੇ ਨੇ ਦੋ ਮੱਝਾਂ ਜਾਂ ਗਾਂਵਾਂ ਰੱਖੀਆਂ ਹਨ ਜਾਂ ਉਸ ਦੀ ਮੀਡੀਅਮ ਡੇਅਰੀ ਹੈ, ਵੱਡੀ ਡੇਅਰੀ ਹੈ, ਸਭ ਦੀ ਖੁਸ਼ਹਾਲੀ ਖੇਤੀ ਅਤੇ ਡੇਅਰੀ ਨਾਲ ਜੁੜੀ ਹੋਈ ਹੈ। ਜਿਸ ਤਰ੍ਹਾਂ ਪਹਿਲਾਂ ਸਾਰੇ ਮੈਂਬਰ ਸਾਹਿਬਾਨ ਨੇ ਬਹੁਤ ਵਧੀਆ ਵਿਚਾਰ ਰੱਖੇ ਹਨ ਕਿ ਅਮਰੀਕਾ ਅਤੇ ਸਾਡਾ ਬਹੁਤ ਜ਼ਿਆਦਾ ਫਰਕ ਹੈ। ਜਿਸ ਤਰ੍ਹਾਂ ਸਪੀਕਰ ਸਾਹਿਬ, ਤੁਸੀਂ ਵੀ ਦੱਸਿਆ ਹੈ ਕਿ ਸਾਡੇ ਕੋਲ ਐਵਰੇਜ ਲੈਂਡ ਹੋਲਡਿੰਗ 7-8 ਏਕੜ ਹੈ। ਅਮਰੀਕਾ ਵਿੱਚ ਐਵਰੇਜ ਲੈਂਡ ਹੋਲਡਿੰਗ 450 ਏਕੜ ਜਾਂ 500 ਏਕੜ ਹੈ। ਟੈਕਸਾਸ ਵਿੱਚ ਇੱਕ ਕਿੰਗ ਰੈਂਚ ਫਾਰਮ ਹੈ, ਉਸ ਫਾਰਮ ਦਾ ਏਰੀਆ 9 ਲੱਖ ਏਕੜ ਹੈ। ਮੈਂ ਲੁਧਿਆਣਾ ਨਾਲ ਕੰਪੇਅਰ ਕਰ ਰਿਹਾ ਸੀ ਕਿ ਉਥੇ 916 ਪਿੰਡ ਹਨ ਅਤੇ ਜੇਕਰ ਸਾਰੇ ਲੁਧਿਆਣੇ ਦੀ ਜ਼ਮੀਨ ਦੇਖੀਏ ਤਾਂ 7.38 ਲੱਖ ਏਕੜ ਬਣਦੀ ਹੈ। ਮੋਗਾ

ਵਰਗੇ ਦੋ-ਤਿੰਨ ਜ਼ਿਲ੍ਹੇ ਅਤੇ ਫਤਹਿਗੜ੍ਹ ਸਾਹਿਬ ਲੈ ਕੇ ਵੀ ਇੰਨੀ ਜ਼ਮੀਨ ਦਾ ਇੱਕ ਬੰਦਾ ਮਾਲਕ ਹੈ। ਸੋ, ਇੰਨੇ ਵੱਡੇ ਫਾਰਮ ਹਨ ਅਤੇ ਉਨ੍ਹਾਂ ਦਾ ਸਾਰਾ ਖੇਤੀਬਾੜੀ ਵਾਲਾ ਸਿਸਟਮ ਮਸ਼ੀਨਰੀ ਤੇ ਨਿਰਭਰ ਹੈ, ਸਪਰਿੰਕਲਰ ਸਿਸਟਮ ਲੱਗਿਆ ਹੋਇਆ ਹੈ। ਉਨ੍ਹਾਂ ਦੇ ਖਰਚੇ ਘੱਟ ਹਨ ਅਤੇ ਸਬਸਿਡੀਜ਼ ਬਹੁਤ ਜ਼ਿਆਦਾ ਹਨ। ਜਦੋਂ ਉਨ੍ਹਾਂ ਦਾ ਸਾਰਾ ਉਤਪਾਦ ਸਾਡੀਆਂ ਮੰਡੀਆਂ ਵਿੱਚ ਆਵੇਗਾ ਤਾਂ ਅੱਧ ਰੇਟਾਂ ਤੇ ਆਵੇਗਾ। ਜਿਸ ਨਾਲ ਸਾਡੀ ਕਿਸਾਨੀ ਦਾ ਬਹੁਤ ਵੱਡਾ ਨੁਕਸਾਨ ਹੋਣਾ ਹੈ। ਇਸ ਦੇ ਨਾਲ ਹੀ ਡੇਅਰੀ ਪ੍ਰੋਡਕਟ ਜਿਵੇਂ ਸੁੱਕਾ ਦੁੱਧ ਵਗੈਰਾ ਇੱਥੇ ਆਉਣਗੇ ਤਾਂ ਸਾਡੀ ਡੇਅਰੀ ਨੂੰ ਬਹਤ ਵੱਡਾ ਨੁਕਸਾਨ ਹੋਣਾ ਹੈ। ਇਹ ਜੋ ਸਾਨੂੰ ਪਤਾ ਲੱਗਿਆ ਹੈ, ਇਸ ਗੱਲ ਦਾ ਖੁਲਾਸਾ ਸਾਡੀ ਸਰਕਾਰ ਨੇ ਨਹੀਂ ਕੀਤਾ ਲੇਕਿਨ ਜਿਹੜਾ ਯੂ.ਐਸ. ਦਾ ਐਗਰੀਕਲਚਰ ਸੈਕਟਰੀ ਹੈ, ਉਸ ਨੇ ਟਵੀਟ ਕੀਤਾ ਹੈ, ਜਿਸ ਤੋਂ ਪਤਾ ਲੱਗਿਆ ਹੈ ਕਿ ਇਸ ਪ੍ਰਕਾਰ ਦਾ ਸਮਝੌਤਾ ਕਰਨ ਜਾ ਰਹੇ ਹਨ। ਸੋ, ਇਸ ਨਾਲ ਪੰਜਾਬ ਦਾ ਬਹੁਤ ਵੱਡਾ ਨੁਕਸਾਨ ਹੋਵੇਗਾ। ਛੋਟੇ ਕਿਸਾਨਾਂ ਦਾ, ਮਜ਼ਦੂਰ ਦਾ, ਹਰ ਵਰਗ ਜੋ ਖੇਤੀਬਾੜੀ ਨਾਲ ਜੁੜਿਆ ਹੋਇਆ ਹੈ, ਉਸ ਦਾ ਨੁਕਸਾਨ ਹੈ। ਇਹ ਸਮਝੌਤਾ ਸਿਰੇ ਚੜ੍ਹੇ, ਇਸ ਤੋਂ ਪਹਿਲਾਂ ਹੀ ਇਸ ਨੂੰ ਰੋਕਣ ਲਈ ਸਾਨੂੰ ਸਾਰਿਆਂ ਨੂੰ ਸਿਰ ਜੋੜ ਕੇ, ਪਾਰਟੀਬਾਜ਼ੀ ਜਾਂ ਧੜੇਬੰਦੀਆਂ ਤੋਂ ਉੱਪਰ ਉੱਠਣਾ ਚਾਹੀਦਾ ਹੈ। ਜਿਸ ਤਰ੍ਹਾਂ ਪਹਿਲਾਂ ਕਿਸਾਨ ਅੰਦੋਲਨ ਲੜਿਆ ਗਿਆ, ਜਿਸ ਵਿੱਚ ਸਾਨੂੰ ਵੱਡੀ ਕਾਮਯਾਬੀ ਹਾਸਲ ਹੋਈ ਹੈ, ਉਸ ਪ੍ਰਕਾਰ ਇਸ ਸਮਝੌਤੇ ਖਿਲਾਫ਼ ਵੀ ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਲੜਾਈ ਲੜਨ ਦੀ ਲੋੜ ਹੈ ਤਾਂ ਜੋ ਇਸ ਸਮਝੌਤੇ ਨੂੰ ਰੋਕਿਆ ਜਾ ਸਕੇ ਅਤੇ ਪੰਜਾਬ ਦੇ ਕਿਸਾਨਾਂ ਦੇ ਉਜਾੜੇ ਨੂੰ ਰੋਕਿਆ ਜਾਵੇ। ਮੈਂ ਇਸ ਮਤੇ ਦੇ ਹੱਕ ਵਿੱਚ ਹਾਂ ਅਤੇ ਸਮਝੌਤੇ ਦਾ ਡੱਟ ਕੇ ਵਿਰੋਧ ਕਰਦਾ ਹਾਂ। ਧੰਨਵਾਦ, ਤੁਸੀਂ ਇਸ ਮਤੇ ਤੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ।

**ਸਿੱਖਿਆ ਮੰਤਰੀ (ਸਰਦਾਰ ਹਰਜੋਤ ਸਿੰਘ ਬੈਂਸ):** ਮਾਣਯੋਗ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਸਾਡੀ ਸਰਕਾਰ ਅਤੇ ਇਸ ਵਿਧਾਨ ਸਭਾ ਦਾ ਧੰਨਵਾਦ ਕਰਦਾ ਹਾਂ ਕਿ ਦੇਸ਼ ਦੇ ਇੱਕ ਬਹੁਤ ਹੀ ਗੰਭੀਰ ਮਸਲੇ ਉੱਤੇ ਇਹ ਹਾਊਸ ਮਤਾ ਲੈ ਕੇ ਆਇਆ ਹੈ। ਅੱਜ ਬੜੇ ਵੱਡੇ ਸਵਾਲ ਸਿਰਫ਼ ਪੰਜਾਬ ਹੀ ਨਹੀਂ, ਪੂਰੇ ਦੇਸ਼ ਸਾਮ੍ਹਣੇ ਖੜ੍ਹੇ ਹਨ। ਸਰ, ਮੈਂ ਆਪ ਜੀ ਨੂੰ 18ਵੀਂ ਸਦੀ ਵੱਲ ਲਿਜਾਉਣਾ ਚਾਹੁੰਦਾ ਹਾਂ। ਉਸ ਵੇਲੇ ਕੁਝ ਮੁਲਕ ਬੜੀ ਤੇਜ਼ੀ ਨਾਲ ਗਰੋਅ ਕਰ ਰਹੇ ਸਨ, ਉਥੇ ਇੰਡਸਟਰੀਜ਼ ਗਰੋਅ ਕਰ ਰਹੀਆਂ ਸਨ ਅਤੇ ਉਨ੍ਹਾਂ ਨੂੰ ਬਜ਼ਾਰ ਚਾਹੀਦੇ ਸਨ, ਮਾਰਕੀਟਸ ਚਾਹੀਦੀਆਂ ਸਨ। ਉਥੋਂ ਕਾਲੋਨੀਅਲ ਰੂਲ ਦੀ ਸ਼ੁਰੂਆਤ ਹੋਈ। ਈਸਟ ਇੰਡੀਆ ਕੰਪਨੀ ਰਾਹੀਂ ਸਾਡੇ ਮੁਲਕ ਤੇ 200 ਸਾਲ ਕਬਜ਼ਾ ਰਿਹਾ ਅਤੇ ਅਸੀਂ ਉਨ੍ਹਾਂ ਤੋਂ ਅਜ਼ਾਦੀ ਬਹੁਤ ਮਹਿੰਗੀ ਲਈ। ਇਸ ਅਜ਼ਾਦੀ ਨੂੰ ਲੈਣ ਲਈ ਕਿੰਨੀਆਂ ਕੁਰਬਾਨੀਆਂ ਤੇ ਸ਼ਹਾਦਤਾਂ ਹੋਈਆਂ ਅਤੇ ਪੰਜਾਬ ਨੇ ਨਿੱਜੀ ਤੌਰ ਤੇ ਬਹੁਤ ਕੁਝ ਸਹਿਆ, ਪੰਜਾਬ ਦਾ ਬਟਵਾਰਾ ਹੋਇਆ। ਅਸੀਂ ਅੱਜ 75 ਸਾਲਾਂ ਬਾਅਦ "ਵਿਸ਼ਵ ਗੁਰੂ" ਬਣਨ ਚੱਲੇ ਸੀ ਪਰ ਜਿਵੇਂ ਸਾਡੇ ਮੁੱਖ ਮੰਤਰੀ ਸਾਹਿਬ ਨੇ ਕਿਹਾ ਹੈ, ਅਸੀਂ ਵਿਸ਼ਵ ਚੇਲਾ ਬਣ ਗਏ। ਅਸੀਂ ਇੱਕ ਤਰੀਕੇ ਨਾਲ ਦੁਬਾਰਾ ਅਮਰੀਕਾ ਦੀ ਕਲੋਨੀ ਬਣਨ ਜਾ ਰਹੇ ਹਾਂ। ਕੁਝ ਚੀਜ਼ਾਂ ਪਿਛਲੇ ਸਮਿਆਂ ਵਿੱਚ ਹੋਈਆਂ ਹਨ। ਸਰ, ਪਾਕਿਸਤਾਨ ਨੇ ਕਸ਼ਮੀਰ ਵਿੱਚ ਸਾਡੇ ਟੂਰਿਸਟ ਚੁਣ-ਚੁਣ ਕੇ ਮਾਰੇ। ਆਪਰੇਸ਼ਨ ਸਿੰਧੂਰ ਹੋਇਆ ਤਾਂ ਹਰ ਭਾਰਤੀ ਨੂੰ ਲੱਗਿਆ ਕਿ ਹੁਣ ਅਸੀਂ ਬਦਲਾ ਲਵਾਂਗੇ ਅਤੇ ਹੁਣ ਆਪਣੇ ਹਿੱਸੇ ਦਾ ਕਸ਼ਮੀਰ ਵੀ ਲੈ ਕੇ ਆਵਾਂਗੇ। ਪ੍ਰੰਤੂ ਇੱਕ ਤੀਜੇ ਮੁਲਕ ਦਾ ਪ੍ਰੈਜ਼ੀਡੈਂਟ ਸਾਨੂੰ ਦੱਸਦਾ ਹੈ ਕਿ ਤੁਹਾਡਾ ਸਮਝੌਤਾ ਹੋ ਗਿਆ ਹੈ। ਸਾਡੇ ਦੇਸ਼ ਦੇ ਕਿਸੇ ਮੰਤਰੀ, ਕਿਸੇ ਡਿਫੈਂਸ ਮਨਿਸਟਰ ਨੂੰ ਕੋਈ ਧਿਆਨ ਨਹੀਂ। Not only this, Sir, recently ਇੱਕ ਸ਼ਿੱਪ ਆਉਂਦਾ ਹੈ। ਸਾਡੀ ਨੇਵੀ 17 ਮੁਲਕਾਂ ਨੂੰ ਇਨਵਾਈਟ ਕਰਦੀ ਹੈ। ਉਸ ਵਿੱਚ ਈਰਾਨ ਦਾ ਵੀ ਇੱਕ ਸ਼ਿੱਪ IRIS Dena ਨਾਮ ਦਾ ਆਉਂਦਾ ਹੈ। ਸਿਰਫ ਕੁਝ ਘੰਟੇ ਹੀ ਉਸ ਨੂੰ ਰਵਾਨਾ ਹੋਏ ਹੁੰਦੇ ਹਨ, ਉਨ੍ਹਾਂ ਨੂੰ ਮਾਰ ਦਿੱਤਾ ਜਾਂਦਾ ਹੈ ਪ੍ਰੰਤੂ ਉਸ ਸਬੰਧੀ ਕੋਈ

ਸਟੇਟਮੈਂਟ ਨਹੀਂ ਆਉਂਦੀ। ਅਸੀਂ ਤੇਲ ਕਿਸ ਤੋਂ ਖਰੀਦਣਾ ਹੈ, ਕਦੋਂ ਖਰੀਦਣਾ ਹੈ, ਕਿੰਨਾ ਖਰੀਦਣਾ ਹੈ, ਉਸ ਬਾਰੇ ਅਮਰੀਕਾ ਸਾਨੂੰ ਦੱਸ ਰਿਹਾ ਹੈ, ਉਨ੍ਹਾਂ ਦੇ ਅਧਿਕਾਰੀ ਦੱਸ ਰਹੇ ਹਨ ਕਿ ਕਦੋਂ ਤੁਸੀਂ ਰੂਸ ਤੋਂ ਤੇਲ ਖਰੀਦ ਨਹੀਂ ਸਕਦੇ ਅਤੇ ਕਦੋਂ ਖਰੀਦ ਸਕਦੇ ਹੋ। Not only this. Sir, ਹੁਣ ਸਭ ਤੋਂ ਵੱਡਾ ਗਲਤ ਕਦਮ ਉਠਾਉਣ ਲੱਗੇ ਹਨ, ਜਿਸ ਉੱਤੇ ਅੱਜ ਅਸੀਂ ਬਹਿਸ ਕਰ ਰਹੇ ਹਾਂ। ਉਹ ਹੈ U.S India Trade Deal and this Seed Bill. ਸਰ, ਤੁਸੀਂ ਵੀ ਕਿਸਾਨ ਪਰਿਵਾਰ ਤੋਂ ਆਉਂਦੇ ਹੋ ਅਤੇ ਮੈਂ ਵੀ ਕਿਸਾਨ ਪਰਿਵਾਰ ਤੋਂ ਹਾਂ। ਬੀਜ ਤੋਂ ਹੀ ਸਭ ਕੁਝ ਹੁੰਦਾ ਹੈ। ਜੋ ਬੀਜ ਨੂੰ ਕੰਟਰੋਲ ਕਰੇਗਾ, ਉਹੀ ਖੇਤੀ ਕੰਟਰੋਲ ਕਰੇਗਾ। ਜੋ ਖੇਤੀ ਨੂੰ ਕੰਟਰੋਲ ਕਰੇਗਾ, ਉਹ ਮਾਰਕੀਟ ਨੂੰ ਕੰਟਰੋਲ ਕਰੇਗਾ। Direct under the pressure of U.S ਭਾਰਤ ਸਰਕਾਰ ਇਹ ਟਰੇਡ ਡੀਲ ਕਰ ਰਹੀ ਹੈ, ਉਸ ਵਿੱਚ ਐਗਰੀਕਲਚਰ ਸੈਕਟਰ ਪਾਇਆ ਹੈ। ਅੱਜ ਤੱਕ ਟਰੇਡ ਡੀਲ ਇਸੇ ਕਰਕੇ ਨਹੀਂ ਹੁੰਦੀ ਸੀ ਕਿਉਂਕਿ ਅਸੀਂ ਕਹਿੰਦੇ ਸੀ ਕਿ ਇਸ ਵਿੱਚ ਖੇਤੀ ਸੈਕਟਰ ਨਹੀਂ ਪਾਵਾਂਗੇ। ਅਸੀਂ ਆਪਣੇ ਬਜ਼ਾਰ ਅਤੇ ਆਪਣੇ ਕਿਸਾਨਾਂ ਦੇ ਨਾਲ ਨਾ-ਇਨਸਾਫੀ ਨਹੀਂ ਕਰਾਂਗੇ। ਪਰ ਹੁਣ ਇਹ ਸੀਡ ਬਿਲ ਲੈ ਕੇ ਆ ਗਏ ਹਨ। ਇਸ ਸੀਡ ਬਿਲ ਦੀਆਂ ਕੁਝ ਗੱਲਾਂ ਬਾਰੇ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ। ਇਹ ਕਲੀਅਰ ਹੈ ਕਿ ਪੂਰੇ ਦੇਸ਼ ਦਾ ਅਧਿਕਾਰ ਹੁਣ ਅਮਰੀਕਨ ਕੰਪਨੀਆਂ ਲਈ ਖੋਲ੍ਹਿਆ ਜਾਵੇਗਾ। ਇਸ ਤਰ੍ਹਾਂ ਦੀਆਂ ਸ਼ਰਤਾਂ ਅਤੇ ਕਾਨੂੰਨ ਤੇ ਨਿਯਮ ਲਿਆਂਦੇ ਜਾਣਗੇ ਕਿ ਸਿਰਫ ਅਮਰੀਕੀ ਕੰਪਨੀਆਂ ਹੀ ਉਨ੍ਹਾਂ ਨੂੰ ਪੂਰਾ ਕਰ ਸਕਣ। ਭਾਰਤੀ ਕਿਸਾਨ ਅਤੇ ਭਾਰਤੀ ਛੋਟੀਆਂ ਕੰਪਨੀਆਂ ਉਨ੍ਹਾਂ ਸ਼ਰਤਾਂ ਨੂੰ ਪੂਰੀਆਂ ਹੀ ਨਹੀਂ ਕਰ ਪਾਉਣਗੀਆਂ। ਜਿਵੇਂ ਕਿ ਲਾਇਸੰਸ ਲੈਣਾ ਪਵੇਗਾ, ਰਜਿਸਟ੍ਰੇਸ਼ਨ ਕਰਵਾਉਣੀ ਪਵੇਗੀ, ਰਿਕਾਰਡ ਰੱਖਣਾ ਪਵੇਗਾ ਅਤੇ ਕਿਊ.ਆਰ. ਕੋਡ ਰੱਖਣਾ ਪਵੇਗਾ। ਸਾਡੇ ਕਿਸਾਨ ਕਿਊ.ਆਰ. ਕੋਡ ਕਿੱਥੋਂ ਰੱਖਣਗੇ ਜੀ? ਫੇਰ ਸਰ, ਪੂਰੀ 100 ਪਰਸੈਂਟ ਸੰਭਾਵਨਾ ਹੈ ਕਿ ਜੀ.ਐਮ.ਓ. ਐਂਡ ਪੇਟੈਂਟ ਸੀਡ ਆ ਜਾਣਗੇ ਕਿਉਂਕਿ ਉਨ੍ਹਾਂ ਦੀਆਂ ਕੰਪਨੀਆਂ ਕੋਲ ਰਿਸਰਚ ਵਾਸਤੇ ਕਾਫ਼ੀ ਪੈਸਾ ਹੈ and they deal in Billions and Trillions. ਅਸੀਂ ਉਸ ਤਰ੍ਹਾਂ ਦੀ ਰਿਸਰਚ ਕਿੱਥੇ ਕਰ ਪਾਵਾਂਗੇ? ਇਸ ਦਾ ਮਤਲਬ ਇਹ ਹੈ ਕਿ ਹੁਣ ਸਾਡੇ ਕਿਸਾਨ ਖਤਮ ਹੋ ਜਾਣਗੇ ਅਤੇ ਸਾਨੂੰ ਸਿਰਫ਼ ਪੇਟੈਂਟ ਸੀਡਜ਼ ਹੀ ਲੈਣੇ ਪੈਣਗੇ। ਪੰਜਾਬ ਵਿੱਚ ਅਸੀਂ ਆਪਣੀ ਮਰਜ਼ੀ ਦਾ ਝੋਨਾ ਨਹੀਂ ਬੀਜ ਸਕਾਂਗੇ, ਅਸੀਂ ਆਪਣੀ ਮਰਜ਼ੀ ਦੀ ਕਣਕ ਨਹੀਂ ਬੀਜ ਸਕਾਂਗੇ ਅਤੇ ਅਸੀਂ ਆਪਣੀ ਮਰਜ਼ੀ ਦੀਆਂ ਹੋਰ ਫਸਲਾਂ ਵੀ ਨਹੀਂ ਬੀਜ ਸਕਾਂਗੇ। ਇਹੀ ਨਹੀਂ, ਅਸੀਂ ਹਮੇਸ਼ਾ ਬੜੇ ਸਤਿਕਾਰ ਨਾਲ ਕਹਿੰਦੇ ਹਾਂ, ਕਿੰਨਾ ਸੀਰੀਅਸ ਮਸਲਾ ਹੈ, ਕਿਸਾਨ ਜਿਹੜਾ ਕਿ ਅੰਨ ਦਾਤਾ ਹੈ, ਪਹਿਲੀ ਵਾਰੀ ਹੈ ਕਿ ਸੀਡ ਬਿਲ ਦੇ ਰਾਹੀਂ ਕਿਸਾਨਾਂ ਨੂੰ ਅੰਨ ਦਾਤਾ ਤੋਂ ਅੰਨ ਭਿਖਾਰੀ ਬਣਾਉਣ ਦੀ ਕੋਸ਼ਿਸ ਕੀਤੀ ਗਈ ਹੈ ਕਿ ਤੁਸੀਂ ਹੁਣ ਆਪਣੀਆਂ ਫਸਲਾਂ ਲਈ ਆਪਣਾ ਬੀਜ ਵੀ ਮੁੱਲ ਖਰੀਦੋਗੇ। ਤੁਸੀਂ ਅੰਨ ਦਾਤਾ ਫਿਰ ਰਹੋਗੇ ਹੀ ਨਹੀਂ, ਜੇਕਰ ਅੰਨਦਾਤਾ ਨੂੰ ਬੀਜ ਮੁੱਲ ਖਰੀਦਣਾ ਪੈ ਗਿਆ। ਉਸ ਦੀ ਕਹਾਣੀ ਤਾਂ ਖਤਮ ਹੋ ਜਾਣੀ ਹੈ। ਫਿਰ ਉਸ ਤੋਂ ਬਾਅਦ ਪੰਜਾਬ ਦੇ ਲਈ ਬਾਕੀ ਸਟੇਟਸ ਦੇ ਲਈ ਹੋਰ ਸੀਰੀਅਸ ਮਸਲਾ ਹੈ। ਮੈਂ ਕਹਿੰਦਾ ਹਾਂ ਕਿ ਇੱਥੇ ਪੰਜਾਬ ਦੇ ਹੀ ਨਹੀਂ ਸਗੋਂ ਪੂਰੇ ਦੇਸ਼ ਦੇ ਕਿਸਾਨਾਂ ਲਈ ਖਤਰਾ ਹੈ। ਹਿਮਾਚਲ ਦੇ ਸੇਬ ਉਗਾਉਣ ਵਾਲੇ ਕਿਸਾਨ, ਹਰਿਆਣਾ ਦੇ ਕਿਸਾਨ, ਗੁਜਰਾਤ ਦੀ ਜਿਹੜੀ ਕਾਟਨ ਦੀ ਖੇਤੀ ਹੈ, ਯੂ.ਪੀ., ਬਿਹਾਰ ਅਤੇ ਮਹਾਰਾਸ਼ਟਰਾ ਦੀ ਸ਼ੂਗਰਕੇਨ ਦੀ ਜਿਹੜੀ ਖੇਤੀ ਹੈ, ਸਾਊਥ ਸਟੇਟਾਂ ਦੀ ਜਿਹੜੀ ਫੁੱਲਾਂ ਦੀ ਖੇਤੀ ਹੈ, ਪੂਰੇ ਦੇਸ਼ ਦਾ ਕਿਸਾਨ ਅੱਜ ਚਿੰਤਾ ਦੇ ਵਿੱਚ ਹੈ। ਸਰ, ਇਸ ਤਰ੍ਹਾਂ ਹੀ ਸਟੇਟਸ ਦੀ ਗੱਲ ਹੈ, ਜਦੋਂ ਪੂਰਾ ਬਿਲ ਦੇਸ਼ ਉੱਤੇ ਡਿਸਾਈਡ ਹੋਵੇਗਾ ਤਾਂ ਸਟੇਟਾਂ ਦਾ ਅਧਿਕਾਰ ਖਤਮ ਹੋ ਜਾਵੇਗਾ। ਜਿਹੜਾ ਵੀ ਕਿਸੇ ਕਿਸਮ ਦਾ ਬੀਜ ਹੈ, ਇਹ ਅਜਿਹੀ ਚੀਜ਼ ਹੈ ਕਿ ਪੰਜਾਬ ਦੇ ਵਿੱਚ ਵੀ ਜਿਹੜਾ ਬੀਜ ਸਾਡੇ ਰੋਪੜ ਦੇ ਜ਼ਿਲ੍ਹੇ ਨੂੰ ਸੂਟ ਕਰਦਾ ਹੋਵੇ, ਹੋ ਸਕਦਾ ਹੈ ਕਿ ਬਠਿੰਡੇ ਜ਼ਿਲ੍ਹੇ ਵਾਸਤੇ ਕੋਈ ਹੋਰ ਬੀਜ ਸੂਟ ਕਰਦਾ ਹੋਵੇ, ਇੰਨਾ ਡਾਈਵਰਸੀਫਾਈ ਤਾਂ ਏਰੀਆ ਵਾਈਜ਼ ਹੋ ਜਾਂਦਾ ਹੈ। ਫਿਰ ਪੂਰੇ ਦੇਸ਼ ਵਾਸਤੇ ਇੱਕੋ ਹੀ ਤਰ੍ਹਾਂ ਦਾ ਬੀਜ ਕਿਵੇਂ ਡਿਸਾਈਡ ਹੋ ਜਾਵੇਗਾ? ਕੀ ਪਤਾ ਕਿਹੜਾ

ਬੀਜ ਸਾਡੇ ਦੇਸ਼ ਦੇ ਕਿਹੜੇ ਹਿੱਸੇ ਲਈ ਵਧੀਆ ਹੋਵੇ ਅਤੇ ਕਿਹੜੇ ਲਈ ਵਧੀਆ ਨਾ ਹੋਵੇ। ਸਰ, ਮੇਨ ਗੱਲ ਇਹ ਹੈ ਕਿ ਸਾਰਾ ਕੁਝ ਯੂ.ਐਸ.ਏ. ਦੇ ਦਬਾਅ ਹੇਠ ਹੋ ਰਿਹਾ ਹੈ। ਮੈਂ ਇਸ ਹਾਊਸ ਦੇ ਰਾਹੀਂ ਦੇਸ਼ ਨੂੰ ਯਾਦ ਕਰਵਾਉਣਾ ਚਾਹਾਂਗਾ ਕਿ ਜਿਹੜਾ ਸੀਡ ਬਿਲ ਅਤੇ ਜਿਹੜਾ ਟਰੇਡ ਐਗਰੀਮੈਂਟ ਤੁਸੀਂ ਯੂ.ਐਸ.ਏ. ਦੇ ਕਹਿਣ ਤੇ ਕਰ ਰਹੇ ਹੋ, ਤੁਸੀਂ 1960 ਦਾ ਦਸ਼ਕ ਯਾਦ ਕਰੋ। ਸਰ, ਉਦੋਂ ਦੇਸ਼ ਵਿੱਚ ਭੁੱਖਮਰੀ ਹੋ ਗਈ ਸੀ। ਸਾਡੇ ਪ੍ਰਧਾਨ ਮੰਤਰੀ ਅਮਰੀਕਾ ਦੀਆਂ ਮਿੰਨਤਾਂ ਕਰਦੇ ਸੀ ਕਿ ਸਾਡੇ ਦੇਸ਼ ਵਿੱਚ ਕਣਕ ਭੇਜ ਦਿਉ ਪ੍ਰੰਤੂ ਅਮਰੀਕਾ ਨੇ ਆਪਣੀ ਕਣਕ ਸਮੁੰਦਰ ਵਿੱਚ ਵਹਾ ਦਿੱਤੀ ਸੀ, ਹਿੰਦੁਸਤਾਨ ਵਿੱਚ ਨਹੀਂ ਭੇਜੀ ਸੀ। ਸਰ, this is about seed sovereignty about food sovereignty. ਸਰ, ਉਸ ਤੋਂ ਬਾਅਦ ਪੰਜਾਬ ਅੱਗੇ ਆ ਗਿਆ। ਪੰਜਾਬ ਨੇ ਕਿਹਾ ਕਿ ਅੱਜ ਤੋਂ ਬਾਅਦ ਤੁਹਾਨੂੰ ਕਿਤੋਂ ਬਾਹਰੋਂ ਮੰਗਣ ਦੀ ਲੋੜ ਨਹੀਂ ਪਵੇਗੀ for a matter of fact ਕਿ ਦੇਸ਼ ਦਾ three percent cultivated area ਹੈ ਲੇਕਿਨ ਅਸੀਂ 40 ਪਰਸੈਂਟ ਕਣਕ ਦਿੰਦੇ ਹਾਂ ਅਤੇ 31 ਪਰਸੈਂਟ ਝੋਨਾ ਵੀ ਅਸੀਂ ਦਿੰਦੇ ਹਾਂ, ਸਾਡਾ ਤਿੰਨ ਪਰਸੈਂਟ ਕਲਟੀਵੇਟਿਡ ਏਰੀਆ ਹੋਣ ਦੇ ਬਾਵਜੂਦ ਅਸੀਂ ਸੀਡ ਸੋਵਰੇਨਿਟੀ ਅਤੇ ਫੂਡ ਸੋਵਰੇਨਿਟੀ ਦਿੱਤੀ। ਮੁੱਕਦੀ ਗੱਲ ਅਸੀਂ ਆਪਣਾ ਸਾਰਾ ਕੁਝ ਹੀ ਗਿਰਵੀ ਰੱਖ ਦੇਵਾਂਗੇ? ਮੈਂ ਜਿੱਥੇ ਇਸ ਮਤੇ ਦਾ ਪੁਰਜ਼ੋਰ ਸਮਰਥਨ ਕਰਦਾ ਹਾਂ, ਉਥੇ ਇਸ ਵਕਤ ਦੇਸ਼ ਦੀ ਪਾਰਲੀਮੈਂਟ ਵੀ ਚੱਲ ਰਹੀ ਹੈ, Sir, on this matter a White Paper is needed. ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਦੇਸ਼ ਦੇ ਕਿਸਾਨਾਂ ਨੂੰ ਇਸ ਸਬੰਧ ਵਿੱਚ ਦੱਸਣਾ ਚਾਹੀਦਾ ਹੈ ਕਿਉਂਕਿ ਇਹ ਇਕੱਲੇ ਪੰਜਾਬ ਦੀ ਗੱਲ ਨਹੀਂ ਹੈ ਬਲਕਿ ਹਰ ਭਾਰਤੀ ਨਾਲ ਜੁੜਿਆ ਹੋਇਆ ਮਸਲਾ ਹੈ। ਸਾਡੀ ਫੂਡ ਸਕਿਉਰਿਟੀ ਦਾ ਮਸਲਾ ਹੈ। ਅਸੀਂ ਆਪਣੇ ਕਿਸਾਨਾਂ ਨੂੰ ਅਮਰੀਕਨ ਕੰਪਨੀਆਂ ਕੋਲ ਗਿਰਵੀ ਨਹੀਂ ਰੱਖ ਸਕਦੇ। ਅੰਤ ਵਿੱਚ ਦੋ ਹੋਰ ਵੱਡੀਆਂ ਇੰਪਾਰਟੈਂਟ ਚੀਜ਼ਾਂ ਮੈਂ ਦੱਸਣਾ ਚਾਹੁੰਦਾ ਹਾਂ । Sir, due to this ਇੰਨਾ ਵੱਡਾ ਸੰਕਟ ਸਾਡੇ ਵੱਲ ਆਉਣ ਵਾਲਾ ਹੈ, ਉਸ ਵੱਲ ਇਸ ਸਦਨ ਨੂੰ ਧਿਆਨ ਦੇਣਾ ਚਾਹੀਦਾ ਹੈ। ਐਲ.ਐਨ.ਜੀ. ਗੈਸ ਦੀ ਸ਼ਾਰਟੇਜ ਕਰਕੇ ਜਿੰਨੇ ਫਰਟੀਲਾਈਜ਼ਰ ਪਲਾਂਟਸ ਹਨ, ਉਨ੍ਹਾਂ ਦੀ ਪ੍ਰੋਡਕਸ਼ਨ ਘੱਟ ਗਈ ਹੈ। ਪਰਸੋਂ ਟ੍ਰਿਬਿਊਨ ਅਖਬਾਰ ਦੇ ਸੀਨੀਅਰ ਜਰਨਲਿਸਟ ਨੇ ਬਹੁਤ ਵਧੀਆ ਸਟੋਰੀ ਕਵਰ ਕੀਤੀ ਹੈ। ਇਹ ਸਾਡੇ ਸਾਹਮਣੇ ਹੈ ਕਿ ਇਸ ਗੈਸ ਦੀ ਸਪਲਾਈ 40 ਫੀਸਦੀ ਤੱਕ ਘੱਟ ਜਾਵੇਗੀ। ਉਸ ਸਟੋਰੀ ਵਿੱਚ ਦੱਸਿਆ ਗਿਆ ਹੈ ਕਿ systematicaly Punjab is being hit more. ਐਲ.ਐਨ.ਜੀ. ਗੈਸ ਬਾਕੀ NFL Plants ਨੂੰ ਵੱਧ ਦੇ ਰਹੇ ਹਨ ਪ੍ਰੰਤੂ ਪੰਜਾਬ ਦੇ ਪਲਾਂਟਸ ਨੂੰ ਘੱਟ ਦੇ ਰਹੇ ਹਨ। ਇਸ ਦਾ ਖਮਿਆਜ਼ਾ ਸਾਨੂੰ ਭੁਗਤਣਾ ਪਵੇਗਾ। Another serious issue is the LPG Shortage. ਇਹ ਸਵਾਲ ਵੀ ਦੇਸ਼ ਦੇ ਸਾਹਮਣੇ ਖੜ੍ਹੇ ਹਨ, ਜਿਨ੍ਹਾਂ ਦਾ ਜਵਾਬ ਸਾਰਾ ਦੇਸ਼ ਜਾਣਨਾ ਚਾਹੁੰਦਾ ਹੈ। ਧੰਨਵਾਦ ਜੀ। (ਥੰਪਿੰਗ)

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ (ਸ਼੍ਰੀ ਅਮਨ ਅਰੋੜਾ) :** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਤੁਸੀਂ ਇੱਕ ਬੜੇ ਅਹਿਮ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਇਸ ਨਾਲ ਆਪਣੇ ਸਾਥੀ ਖੁੱਡੀਆਂ ਸਾਹਿਬ ਦਾ ਵੀ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਇੱਕ ਬਹੁਤ ਅਹਿਮ ਪ੍ਰਸਤਾਵ ਦੇਸ਼ ਅਤੇ ਪੰਜਾਬ ਦੀ ਕਿਸਾਨੀ ਨੂੰ ਬਚਾਉਣ ਲਈ ਪੇਸ਼ ਕੀਤਾ ਹੈ। ਸਪੀਕਰ ਸਾਹਿਬ, ਮੈਂ ਆਪਣੀ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਟਵੀਟ ਦਾ ਥੋੜ੍ਹਾ ਜਿਹਾ ਹਿੱਸਾ ਪੜ੍ਹ ਕੇ ਸੁਣਾਉਣਾ ਚਾਹੁੰਦਾ ਹਾਂ। ਇਸ ਵਿੱਚ ਲਿਖਿਆ ਹੈ-

> "It was an honour to speak with Prime Minister Modi. Out of our friendship and respect for Prime Minister Modi and as per his request effective immediately we agreed to a trade deal between the United States and India whereby the United States will charge a reduced reciprocal tariff lowering it from 25 per cent to 18 per cent. They will likewise move forward to reduce their tariffs and

> non-tariff barriers against the United States to zero. The Prime Minister also committed to 'BUY AMERICAN', at a much higher level in an addition to over $500 BILLION DOLLARS of U.S. Energy, Technology, Agricultural, Coal and many other products out of our amazing relationship with India. We will be even stronger going forward. Prime Minister Modi and I are two people that get things done."

ਸਪੀਕਰ ਸਾਹਿਬ, ਆਪਣੇ ਵਿੱਚੋਂ ਉਸ ਸਮੇਂ ਇਸ ਦੁਨੀਆ ਉਤੇ ਤਾਂ ਕੋਈ ਨਹੀਂ ਸੀ ਪਰ ਮੈਨੂੰ ਮਹਿਸੂਸ ਹੁੰਦਾ ਹੈ ਕਿ 1757 ਤੋਂ ਈਸਟ ਇੰਡੀਆ ਕੰਪਨੀ ਨੇ ਸਾਡੇ ਮੁਲਕ ਤੇ ਰਾਜ ਕੀਤਾ ਹੈ, ਉਸ ਸਮੇਂ ਵੀ ਸ਼ਾਇਦ ਇਹੋ ਜਿਹੇ ਆਰਡਰਜ਼, ਡਿਕਟੇਟਸ, ਹੁਕਮਨਾਮੇ ਲੰਡਨ ਤੋਂ, ਇੰਗਲੈਂਡ ਤੋਂ ਆਉਂਦੇ ਹੋਣਗੇ, ਜਿਹੋ ਜਿਹਾ ਹੁਕਮ ਹੁਣ ਉਨ੍ਹਾਂ ਨੇ ਯੂਨੀਲੈਟਰਲੀ ਭੇਜਿਆ ਹੈ। ਮੇਰੇ ਕਈ ਸਾਥੀਆਂ ਨੇ ਈਸਟ ਇੰਡੀਆ ਕੰਪਨੀ ਦੀ ਗੱਲ ਕੀਤੀ, ਉਹ ਵੀ ਐਲਿਜ਼ਾਬੈਥ -1 ਦੀ ਰੋਇਲ ਚਾਰਟਰ ਕੰਪਨੀ ਸੀ। ਉਨ੍ਹਾਂ ਨੇ ਵੀ ਪਹਿਲਾਂ ਸਾਡੇ ਦੇਸ਼ ਦੇ ਬਜ਼ਾਰ ਤੇ ਹੀ ਕਬਜ਼ਾ ਕੀਤਾ ਸੀ ਅਤੇ ਅੱਜ ਇਸ ਟਰੇਡ ਅਤੇ ਸੀਡ ਬਿਲ ਦੇ ਜ਼ਰੀਏ ਅਮਰੀਕਾ ਸਾਡੇ ਦੇਸ਼ ਨੂੰ ਫਿਰ ਆਪਣੀ ਬਸਤੀ ਬਣਾਉਣ ਦੇ ਕੰਮ ਵਿੱਚ ਪੈ ਚੁੱਕਾ ਹੈ ਅਤੇ ਇਸ ਨਾਲ ਅਮਰੀਕਾ ਮੂਹਰੇ ਗੋਡੇ ਟੇਕਣ ਦਾ ਕੰਮ ਦੇਸ਼ ਦੇ ਪ੍ਰਧਾਨ ਮੰਤਰੀ ਨੇ ਕੀਤਾ ਹੈ, ਜੋ ਕਿਸੇ ਸਮੇਂ ਕਿਹਾ ਕਰਦੇ ਸੀ "140 करोड़ की आबादी है, कोई हम पर प्रेशर कैसे डाल लेगा, हिंदुस्तान दुनिया पर प्रेशर डालने की कपैसिटी में है।" ਇਹ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਦੀਆਂ ਗੱਲਾਂ ਸਨ ਅਤੇ ਅੱਜ ਗੋਢੇ ਟੇਕੀ ਖੜ੍ਹੇ ਹਨ। ਕਦੇ 56 ਇੰਚ ਦੀ ਛਾਤੀ ਦੀਆਂ ਗੱਲਾਂ ਕਰਦੇ ਸਨ ਅਤੇ ਅੱਜ 56 ਇੰਚ ਦੀ ਛਾਤੀ ਮੈਂ ਸਮਝਦਾ ਹਾਂ ਕਿ ਚੂਹੇ ਦੀ ਛਾਤੀ ਤੋਂ ਛੋਟੀ ਹੋਈ ਦੇਸ਼ ਨੂੰ ਨਜ਼ਰ ਆ ਰਹੀ ਹੈ। ਚੰਗਾ ਹੁੰਦਾ ਕਿ ਜਿਹੜੇ ਬੀ.ਜੇ.ਪੀ. ਦੇ ਇੱਕ-ਦੋ ਸਾਥੀ ਹਨ, ਉਹ ਇੱਥੇ ਹੁੰਦੇ ਤਾਂ ਉਨ੍ਹਾਂ ਨੂੰ ਸਵਾਲ ਕੀਤਾ ਜਾਂਦਾ ਪਰ ਉਹ ਪਿੱਠ ਦਿਖਾ ਕੇ ਭੱਜ ਗਏ ਹਨ। ਪਤਾ ਨਹੀਂ ਦਾਲ ਵਿੱਚ ਕਾਲਾ ਹੈ ਜਾਂ ਸਾਰੀ ਦਾਲ ਹੀ ਕਾਲੀ ਹੈ। ਸਪੀਕਰ ਸਾਹਿਬ, ਚਾਣਕਿਆ ਨੇ ਕਿਸੇ ਸਮੇਂ ਕਿਹਾ ਸੀ ਕਿ ਜਿਸ ਦੇਸ਼ ਦਾ ਰਾਜਾ ਵਪਾਰੀ ਬਣ ਜਾਵੇ, ਉਸ ਦੇਸ਼ ਦੀ ਜਨਤਾ ਭਿਖਾਰੀ ਬਣ ਜਾਂਦੀ ਹੈ। ਸਪੀਕਰ ਸਾਹਿਬ, ਬਦਕਿਸਮਤੀ ਨਾਲ ਸਾਡੇ ਦੇਸ਼ ਦਾ ਰਾਜਾ, ਜਿਸ ਤੇ ਦੇਸ਼ ਦੇ ਲੋਕਾਂ ਨੇ ਤਿੰਨ ਵਾਰੀ ਬਹੁਤ ਵੱਡਾ ਵਿਸ਼ਵਾਸ ਕਰਕੇ ਆਪਣੇ ਸਿਰ ਦਾ ਤਾਜ ਸਜਾਇਆ, ਉਹ ਆਪਣੇ ਸਾਥੀਆਂ ਲਈ ਇਕੱਲਾ ਵਪਾਰੀ ਨਹੀਂ ਬਣਿਆ ਸਗੋਂ ਇਹੋ ਜਿਹਾ ਵਪਾਰੀ ਬਣ ਗਿਆ ਜਿਸ ਨੂੰ ਯੂ.ਐਸ. ਦੇ ਟਰੰਪ ਨੇ ਜੈਫਰੀ ਐਪਸਟੀਨ ਦੇ ਗੋਡੇ ਥੱਲੇ ਲੈ ਲਿਆ। ਇਸ ਤੋਂ ਵੀ ਸ਼ਰਮਨਾਕ ਗੱਲ ਪ੍ਰਧਾਨ ਮੰਤਰੀ ਜੀ ਲਈ ਇਹ ਹੈ ਕਿ ਇਸ ਮਾਮਲੇ ਵਿੱਚ ਉਨ੍ਹਾਂ ਦੇ 4-5 ਸਾਥੀ ਵੀ ਉਨ੍ਹਾਂ ਦੇ ਨਾਲ ਹਨ। ਇਸ ਤੋਂ ਵੱਡੀ ਬੀ.ਜੇ.ਪੀ. ਲਈ ਹੋਰ ਸ਼ਰਮਨਾਕ ਗੱਲ ਕੀ ਹੋ ਸਕਦੀ ਹੈ? ਵੈਸੇ ਤਾਂ ਸਾਰੇ ਸਾਥੀਆਂ ਨੇ ਗੱਲ ਕੀਤੀ ਹੈ। ਅੱਜ 150 ਕਰੋੜ ਪਾਪੂਲੇਸ਼ਨ ਵਾਲਾ ਮੁਲਕ ਹੋਵੇ, ਪਲੈਨਟ ਦੇ ਉੱਪਰ ਹਰ 7ਵਾਂ ਬੰਦਾ ਇੰਡੀਅਨ ਹੋਵੇ ਤੇ ਆਰਡਰ ਯੂ.ਐਸ.ਏ. ਤੋਂ ਆਉਂਦੇ ਹੋਣ ਕਿ ਤੁਸੀਂ ਰਸ਼ੀਆ ਤੋਂ ਤੇਲ ਨਹੀਂ ਲੈਣਾ। ਜੇ ਲਉਗੇ ਤਾਂ ਸਾਡੇ ਤਿੰਨ ਸੈਕਟਰੀ ਤੁਹਾਡੇ ਤੇ ਨਿਗ੍ਹਾ ਰੱਖਣਗੇ। ਜੇ ਲਉਗੇ ਤਾਂ 50% ਟੈਰਿਫ ਲਗਾ ਦਿਆਂਗੇ। ਜਦੋਂ ਈਰਾਨ ਨਾਲ ਜੰਗ ਛਿੜ ਜਾਂਦੀ ਹੈ, ਉਦੋਂ ਕਿਹਾ ਜਾਂਦਾ ਹੈ ਕਿ ਹੁਣ ਤੁਸੀਂ ਤਿੰਨ ਮਹੀਨੇ ਲਈ ਲੈ ਸਕਦੇ ਹੋ। This is ridiculous ਕਿ ਇੱਕ ਮਹੀਨੇ ਲਈ ਲੈ ਸਕਦੇ ਹੋ, ਤਿੰਨ ਮਹੀਨੇ ਲਈ ਲੈ ਸਕਦੇ ਹੋ। ਇਸ ਤੋਂ ਵੱਡੀ ਸ਼ਰਮਨਾਕ ਗੱਲ ਕੀ ਹੋ ਸਕਦੀ ਹੈ ਜੋ ਅੱਜ ਪੂਰੇ ਦੇਸ਼ ਦਾ ਸਿਰ ਨੀਵਾਂ ਕਰਨ ਲਈ ਮੋਦੀ ਸਾਹਿਬ ਤੇ ਬੀ.ਜੇ.ਪੀ. ਵਾਲੇ ਲੱਗੇ ਹੋਏ ਹਨ। ਸਰ, ਟਰੇਡ ਡੀਲ ਇਹ ਕਹਿੰਦੇ ਕਿਸ ਨੂੰ ਹਨ? ਮੈਨੂੰ ਤਾਂ ਇਹ ਸਮਝ ਨਹੀਂ ਆਉਂਦੀ ਕਿ ਇਸ ਨੂੰ ਆਪਾਂ ਡੀਲ ਵੀ ਕਿਉਂ ਕਹਿੰਦੇ ਹਾਂ। ਉਨ੍ਹਾਂ ਬੇਸ਼ਰਮਾਂ ਦੀ ਲੈਂਗੂਏਜ਼ ਦੇ ਵਿੱਚ ਇਹ ਡੀਲ ਹੋਵੇਗੀ। ਡੀਲ ਤਾਂ ਇਹ ਹੁੰਦੀ ਹੈ ਕਿ ਜਦੋਂ 2 ਬੰਦੇ ਬਰਾਬਰ ਬੈਠ ਕੇ ਗੱਲਬਾਤ ਕਰਦੇ ਹੋਣ, ਕੁਝ ਲੈਣ ਦੀ ਗੱਲ ਹੋਵੇ, ਕੁਝ ਦੇਣ ਦੀ ਗੱਲ ਹੋਵੇ। ਇਹ ਡੀਲ ਕੀ ਕਹਿੰਦੀ ਹੈ? ਇਹ ਕਹਿੰਦੀ ਹੈ ਕਿ ਤੁਸੀਂ ਸਾਡੇ ਤੇ ਕੋਈ ਟੈਰਿਫ ਨਹੀਂ ਲਗਾ ਸਕਦੇ। ਅਸੀਂ ਤੁਹਾਡੇ ਤੇ ਮਨਮਰਜ਼ੀ ਦਾ

ਟੈਰਿਫ ਲਗਾਵਾਂਗੇ। ਸਰ, ਪਹਿਲਾਂ ਇਹ 2% ਸੀ, ਫਿਰ 9% ਸੀ, ਫਿਰ 25% ਕਰ ਦਿੱਤਾ, ਫਿਰ 50% ਕਰ ਦਿੱਤਾ, ਫਿਰ 50% ਤੋਂ ਫਿਰ ਘਟਾ ਕੇ 2% ਕਰ ਦਿੱਤਾ। ਇਸ ਨੂੰ ਇਹ ਕਹਿੰਦੇ ਹਨ ਕਿ Mother of all Deals. ਕਮਾਲ ਹੀ ਹੋਈ ਪਈ ਹੈ। ਮੈਨੂੰ ਤਾਂ ਬੀ.ਜੇ.ਪੀ. ਵਾਲਿਆਂ ਦੀ ਸਮਝ ਨਹੀਂ ਆਉਂਦੀ ਹੈ, ਹਾਲੇ ਵੀ ਉਹ ਡੰਕੇ ਦੀ ਚੋਟ ਤੇ ਕਹੀ ਜਾਂਦੇ ਹਨ ਕਿ ਮੋਦੀ ਸਾਹਿਬ ਨੇ ਕਮਾਲ ਕਰ ਦਿੱਤੀ ਹੈ। ਮੈਨੂੰ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ "ਬੇਸ਼ਰਮਾਂ ਦੀ ਦਾਲ ਡੁੱਲ ਗਈ ਤੇ ਉਹ ਕਹਿੰਦੇ ਅਸੀਂ ਤਾਂ ਭੁੰਜੇਂ ਹੀ ਚੱਟ ਕੇ ਖਾਂਦੇ ਹਾਂ"। ਇਹ ਬੀ.ਜੇ.ਪੀ. ਵਾਲਿਆਂ ਦਾ ਹਾਲ ਹੋਇਆ ਪਿਆ ਹੈ। ਇਸ ਡੀਲ ਦੇ ਵਿੱਚ ਕਿਹਾ ਹੈ ਕਿ 500 ਬਿਲੀਅਨ ਡਾਲਰ ਅਸੀਂ ਪੰਜ ਸਾਲਾਂ ਦੇ ਵਿੱਚ ਪੂਰਾ ਕਰ ਦਿਆਂਗੇ। ਹੁਣ ਅਸੀਂ 40-50 ਬਿਲੀਅਨ ਡਾਲਰ ਦਾ ਬਿਜ਼ਨਸ ਕਰਦੇ ਹਾਂ। ਇਸ ਦਾ ਮਤਲਬ ਢਾਈ ਤਿੰਨ ਗੁਣਾ ਹੋਰ ਕਰ ਦੇਣਗੇ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਮੈਂ ਆਪਣੇ ਸਾਥੀ ਦੇ ਘਰ ਗਿਆ ਹੋਇਆ ਸੀ। ਉਨ੍ਹਾਂ ਨੇ ਮੈਨੂੰ ਦਿਖਾਇਆ ਕਿ ਇਹ Emmerson Family, Sacramento ਦੀ ਹੈ, ਇਨ੍ਹਾਂ ਕੋਲ 25 ਲੱਖ ਏਕੜ ਦੀ ਲੈਂਡ ਹੋਲਡਿੰਗ ਹੈ। ਯੂ.ਐਸ.ਏ. ਦੇ ਵਿੱਚ ਇਹ ਤੀਜੇ ਵੱਡੇ ਲੈਂਡ ਓਨਰ ਹਨ, ਯਾਨੀ ਕਿ ਇਸ ਤੋਂ 2 ਹੋਰ ਵੱਡੇ ਲੈਂਡ ਓਨਰ ਹਨ। ਆਪਣੇ ਇੱਥੇ ਤੁਸੀਂ ਹੁਣੇ ਹੀ ਦੱਸ ਕੇ ਹਟੇ ਹੋ ਕਿ 8-9 ਏਕੜ ਦੀ ਮੈਕਸੀਮਮ land holding ਹੈ। NCRB ਦਾ ਡਾਟਾ ਚੁੱਕ ਲਉ, ਸਾਲ 2022 ਦੇ ਵਿੱਚ 11,290 ਕਿਸਾਨਾਂ ਨੇ ਮੁਲਕ ਦੇ ਵਿੱਚ suicide ਕੀਤੀ ਹੈ। ਯਾਨੀ ਕਿ ਹਰ ਇੱਕ ਘੰਟੇ ਦੇ ਵਿੱਚ ਇਸ ਮੁਲਕ ਦੇ ਵਿੱਚ ਕਿਸਾਨ suicide ਕਰ ਰਿਹਾ ਹੈ। ਇਹ ਸਾਲ 2014 ਤੋਂ ਪਹਿਲਾਂ ਕੀ ਕਿਹਾ ਕਰਦੇ ਸੀ ਕਿ ਅਸੀਂ ਕਿਸਾਨ ਦੀ ਇਨਕਮ ਦੁੱਗਣੀ ਕਰ ਦਿਆਂਗੇ। ਸਾਲ 2024-25 ਵਿੱਚ ਜਦੋਂ ਹਾਲੇ ਟਰੇਡ ਡੀਲ ਤੇ ਗੱਲ ਨਹੀਂ ਹੋਈ ਸੀ, 34% ਇੰਪੋਰਟ ਆਲਰੇਡੀ ਵੱਧ ਚੁੱਕਿਆ ਹੈ। ਸਰਦਾਰ ਹਰਜੋਤ ਸਿੰਘ ਜੀ ਨੇ ਵੀ ਗੱਲ ਕੀਤੀ ਹੈ, ਇੱਕ ਸਮਾਂ ਅਜਿਹਾ ਸੀ ਜਦੋਂ ਦੇਸ਼ ਭੁੱਖਾ ਮਰਦਾ ਸੀ, ਫਿਰ ਅਸੀਂ ਪੈਡੀ ਦੇ ਸਭ ਤੋਂ ਵੱਡੇ ਗਰੋਅਰ ਬਣ ਗਏ। ਅੱਜ ਜਿੱਥੇ ਜ਼ਰੂਰਤ ਸੀ ਕਿ ਉਸ ਸਾਈਕਲ ਦੇ ਵਿੱਚੋਂ ਨਿਕਲ ਕੇ ਡਾਈਵਰਸੀਫਾਈ ਕੀਤਾ ਜਾਵੇ। ਡਾਈਵਰਸੀਫਾਈ ਮੱਕੀ ਵਿੱਚ ਕਰਨਾ ਸੀ, ਜਵਾਰ ਵਿੱਚ ਕਰਨਾ ਸੀ, ਸੋਇਆਬੀਨ ਵਿੱਚ ਕਰਨਾ ਸੀ, ਇਨ੍ਹਾਂ ਚੀਜ਼ਾਂ ਦੇ ਉੱਪਰ ਐਮ.ਐਸ.ਪੀ. ਦੇਣ ਦੀ ਲੋੜ ਸੀ। ਯੂ.ਐਸ.ਏ ਦਾ ਸੀਡ ਬਿਲ ਕੀ ਕਹਿੰਦਾ ਹੈ ਕਿ ਜੋ ਅਸੀਂ ਬਣਾ ਦਿੱਤਾ, ਉਹ ਮੁਲਕ ਦੇ ਵਿੱਚ ਬਿਨਾ ਕਿਸੇ ਸਟੇਟ ਦੀ ਇੰਟਰਵੈਨਸ਼ਨ ਦੇ ਤੁਸੀਂ ਬੀਜੀ ਚੱਲੋ, ਯਾਨੀ ਕਿ ਉਹ ਸਾਨੂੰ ਭੇਜਣਗੇ ਅਤੇ ਜੋ ਅਸੀਂ ਇੱਧਰੋਂ ਭੇਜਾਂਗੇ, ਫਿਰ ਸਾਡੇ ਤੇ ਟੈਰਿਫ ਲੱਗੇਗਾ। ਜੇਕਰ Cotton ਦੀ ਗੱਲ ਕਰ ਲਈਏ ਤਾਂ ਕਹਿੰਦੇ ਹਨ ਕਿ ਇੰਪੋਰਟ ਡਿਊਟੀ ਜ਼ੀਰੋ ਕਰ ਦਿਉ। ਇਸ ਦਾ ਮਤਲਬ ਪ੍ਰੋਡਿਊਸ ਉਥੇ ਹੋਵੇਗੀ, ਕੰਜ਼ਿਊਮ ਉਥੇ ਹੋਵੇਗੀ, ਇੰਡੀਆ ਦੀ ਮਾਰਕੀਟ ਨੂੰ ਸਿਰਫ਼ ਚੀਪ ਲੇਬਰ ਵਾਸਤੇ ਵਰਤਿਆ ਜਾਵੇਗਾ। ਸਰ, ਇਹ ਆਪਾਂ ਗੁਲਾਮੀ ਵੱਲ ਹੀ ਜਾ ਰਹੇ ਹਾਂ, ਮੁੜ ਕੇ ਕਾਲੋਨੀ ਬਣਾਉਣ ਦੀਆਂ ਗੱਲਾਂ ਹੋ ਰਹੀਆਂ ਹਨ। ਸੋ, ਸਪੀਕਰ ਸਾਹਿਬ, ਮੇਰੀ ਤੁਹਾਡੇ ਜ਼ਰੀਏ ਬੇਨਤੀ ਹੈ ਕਿ ਪਹਿਲਾਂ ਵੀ ਜਦੋਂ ਬੀ.ਜੇ.ਪੀ. ਵਾਲਿਆਂ ਨੇ, ਮੋਦੀ ਸਾਹਿਬ ਨੇ ਇੱਕ ਨਾਦਰਸ਼ਾਹੀ ਹੁਕਮ ਕੀਤਾ ਸੀ ਤੇ ਤਿੰਨ ਕਾਲੇ ਕਾਨੂੰਨ ਲਿਆਂਦੇ ਸਨ, ਉਦੋਂ ਵੀ ਬੀ.ਜੇ.ਪੀ ਦਾ, ਕੇਂਦਰ ਸਰਕਾਰ ਦਾ ਮੋਦੀ ਸਾਹਿਬ ਦਾ ਜਿਹੜਾ ਮੂੰਹ ਮੋੜਿਆ ਗਿਆ ਸੀ, ਉਹ ਪੰਜਾਬੀਆਂ ਨੇ ਹੀ ਮੋੜਿਆ ਸੀ ਅਤੇ ਅੱਜ ਫਿਰ ਲੋੜ ਹੈ ਕਿ ਆਪਾਂ ਸਾਰੇ ਮੁੜ ਦੁਬਾਰਾ ਉਠੀਏ। ਪਹਿਲਾਂ ਵਾਲੇ ਜਿਹੜੇ ਤਿੰਨ ਬਿਲ ਸਨ, ਉਨ੍ਹਾਂ ਦਾ ਫਰਕ ਸਿਰਫ ਇੰਨਾ ਹੀ ਹੈ ਕਿ ਉਹ ਝਟਕਾ ਸੀ ਅਤੇ ਹੁਣ ਇਹ ਹਲਾਲ ਹੈ। ਕਿਸਾਨਾਂ ਦੀ ਮੌਤ ਦਾ ਵਾਰੰਟ ਭਾਜਪਾ ਨੇ, ਮੋਦੀ ਸਾਹਿਬ ਨੇ ਇਸ so called trade deal ਜ਼ਰੀਏ ਲਿਖ ਦਿੱਤਾ ਹੈ। ਸੋ, ਮੈਂ ਅੱਜ ਜਿੱਥੇ ਪੂਰੇ ਪੰਜਾਬ ਦੇ ਤਿੰਨ ਕਰੋੜ ਲੋਕਾਂ ਨੂੰ ਖਾਸ ਕਰਕੇ ਕਿਸਾਨ ਭਰਾਵਾਂ ਨੂੰ ਅਪੀਲ ਕਰਨੀ ਚਾਹੁੰਦਾ ਹਾਂ, ਮੈਂ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਆਮ ਆਦਮੀ ਪਾਰਟੀ ਦੀ ਸਰਕਾਰ, ਸ੍ਰੀ ਭਗਵੰਤ ਮਾਨ ਜੀ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ, ਇਕੱਲੇ ਪੰਜਾਬ ਵਿੱਚ ਹੀ ਨਹੀਂ ਸਗੋਂ ਪੂਰੇ ਮੁਲਕ ਵਿੱਚ ਜਿੱਥੇ ਸ੍ਰੀ ਅਰਵਿੰਦ ਕੇਜਰੀਵਾਲ ਜੀ ਦੀ ਅਗਵਾਈ ਇੱਕ ਵਾਰ ਫਿਰ ਤੋਂ ਮੋਦੀ ਦਾ ਅਤੇ ਭਾਜਪਾ ਦਾ ਮੂੰਹ

ਮੋੜਨ ਲਈ ਤਿਆਰ ਬਰ ਤਿਆਰ ਖੜ੍ਹੀ ਹੈ, ਉਥੇ ਇੱਕ ਵਾਰ ਫਿਰ ਪੰਜਾਬੀਆਂ ਨੂੰ ਉਠਣਾ ਪਵੇਗਾ ਤਾਂ ਕਿ ਇਸ ਮੌਤ ਦੇ ਵਾਰੰਟ ਨੂੰ ਫਾੜ ਕੇ ਭਾਜਪਾ ਦੇ ਗਲ਼ ਵਿੱਚ ਪਾ ਸਕੀਏ। ਬਹੁਤ-ਬਹੁਤ ਧੰਨਵਾਦ ਜੀ। (ਥੰਪਿੰਗ)

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ) :** ਧੰਨਵਾਦ ਸਪੀਕਰ ਸਾਹਿਬ। ਸਾਡੇ ਬਹੁਤ ਹੀ ਸਤਿਕਾਰਯੋਗ ਖੇਤੀਬਾੜੀ ਮੰਤਰੀ, ਸਰਦਾਰ ਗੁਰਮੀਤ ਸਿੰਘ ਖੁੱਡੀਆਂ ਜੀ ਜਿਹੜਾ ਮਤਾ ਲੈ ਕੇ ਆਏ ਹਨ, ਮੈਂ ਉਸ ਦੇ ਹੱਕ ਵਿੱਚ ਬੋਲਣ ਲਈ ਖੜ੍ਹਾ ਹੋਇਆ ਹਾਂ। ਤੁਸੀਂ ਮੈਨੂੰ ਭਾਰਤ ਅਮਰੀਕਾ ਵਪਾਰਕ ਸਮਝੌਤੇ ਨਾਲ ਪੰਜਾਬ ਦੀ ਖੇਤੀਬਾੜੀ ਨਾਲ ਧੋਖੇ ਦੀ ਬਹਿਸ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਮਾਣਯੋਗ ਸਪੀਕਰ ਸਾਹਿਬ, ਫਰਵਰੀ, 2026 ਵਿੱਚ ਭਾਰਤ ਅਮਰੀਕੀ ਅੰਤਰਿਮ ਵਪਾਰ ਸਮਝੌਤੇ ਦੀ ਪੰਜਾਬ ਵਿੱਚ ਅਤੇ ਪੰਜਾਬੀਆਂ ਵੱਲੋਂ ਤਿੱਖੀ ਆਲੋਚਨਾ ਕੀਤੀ ਜਾ ਰਹੀ ਹੈ। ਪੰਜਾਬ ਦੇ ਆਰਥਿਕ ਮਾਹਿਰ ਇਸ ਨੂੰ ਪੰਜਾਬ ਦੀ ਖੇਤੀਬਾੜੀ, ਡੇਅਰੀ ਖੇਤਰ, ਉਦਯੋਗ ਅਤੇ ਰੁਜ਼ਗਾਰ ਲਈ ਇੱਕ ਬਹੁਤ ਵੱਡਾ ਖਤਰਾ ਮੰਨ ਰਹੇ ਹਨ। ਅਮਰੀਕਾ ਦੇ ਉਤਪਾਦ ਭਾਰਤ ਵਿੱਚ 0% ਡਿਊਟੀ ਤੇ ਅਤੇ ਭਾਰਤ ਦੇ ਉਤਪਾਦ ਉਥੇ 18% ਟੈਕਸ ਨਾਲ ਜਾਣਗੇ। ਅਮਰੀਕਾ ਆਪਣੇ ਕਿਸਾਨਾਂ ਨੂੰ ਭਾਰੀ ਸਬਸਿਡੀਆਂ ਦਿੰਦਾ ਹੈ। ਉਹ ਆਪਣਾ ਸਾਮਾਨ ਭਾਰਤ ਭੇਜੇਗਾ ਅਤੇ ਵੱਡੇ-ਵੱਡੇ ਗੋਦਾਮ ਬਣਾ ਕੇ ਸਟੋਰ ਕਰੇਗਾ ਅਤੇ ਘੱਟ ਰੇਟਾਂ ਤੇ ਵੇਚੇਗਾ, ਜਿਸ ਨਾਲ ਸਾਡੀ ਆਰਥਿਕਤਾ ਤੇ ਦਬਾਅ ਵੱਧ ਜਾਵੇਗਾ। ਸਾਡੀ ਆਰਥਿਕਤਾ ਤਬਾਹ ਹੋ ਜਾਵੇਗੀ। ਪੰਜਾਬ ਦਾ ਡੇਅਰੀ ਖੇਤਰ ਜਿਹੜਾ ਕਿਸਾਨ ਦੀ ਆਜੀਵਿਕਾ ਦਾ ਮੁੱਖ ਸਾਧਨ ਹੈ, ਅਮਰੀਕਾ ਤੋਂ ਆਏ ਸੁੱਕੇ ਦੁੱਧ ਨਾਲ ਸਾਡੇ ਡੇਅਰੀ ਕਿਸਾਨ ਅਤੇ ਕੋਆਪਰੇਟਿਵ ਅਦਾਰੇ ਤਹਿਸ-ਨਹਿਸ ਹੋ ਜਾਣਗੇ। ਨਰਮਾ, ਕਪਾਹ, ਮੱਕੀ, ਸੋਇਆਬੀਨ, ਖਾਣ ਵਾਲੇ ਤੇਲ ਦੀਆਂ ਕੀਮਤਾਂ ਵਿੱਚ ਵੱਡੀ ਗਿਰਾਵਟ ਆਵੇਗੀ। ਜਦੋਂ ਵਿਦੇਸ਼ੀ ਸਾਮਾਨ ਸਸਤਾ ਮਿਲੇਗਾ ਤਾਂ ਕਿਸਾਨਾਂ ਨੂੰ ਮਿਲ ਰਹੀ ਐਮ.ਐਸ.ਪੀ. ਵੀ ਘੱਟ ਕਰਨ ਦਾ ਦਬਾਅ ਬਣੇਗਾ, ਜਿਸ ਨਾਲ ਸਾਡੇ ਝੋਨੇ, ਕਣਕ ਅਤੇ ਹੋਰ ਫਸਲਾਂ ਦੀ ਖਰੀਦ ਵਿੱਚ ਫਰਕ ਪੈਣ ਨਾਲ ਸਾਡੀ ਮੰਡੀ ਪ੍ਰਣਾਲੀ, ਮੰਡੀ ਫੀਸ, ਆਰ.ਡੀ.ਐਫ. ਦੀ ਹੋਣ ਵਾਲੀ ਆਮਦਨ ਨੂੰ ਨੁਕਸਾਨ ਹੋਵੇਗਾ ਅਤੇ ਸਾਡੇ ਵਿਕਾਸ ਦੇ ਕਾਰਜ ਰੁਕਣਗੇ। ਅਮਰੀਕੀ ਕਾਰਪੋਰੇਟ ਕੰਪਨੀਆਂ ਆਉਣ ਨਾਲ ਪੰਜਾਬ ਦੇ ਸਨਅਤਕਾਰ, ਵਪਾਰੀ ਅਤੇ ਦੁਕਾਨਦਾਰ ਅਤੇ ਮਜ਼ਦੂਰਾਂ ਵਿੱਚ ਬੇਰੁਜ਼ਗਾਰੀ ਵਧੇਗੀ।

ਮਾਣਯੋਗ ਸਪੀਕਰ ਸਾਹਿਬ, ਪਹਿਲਾਂ ਤਾਂ ਅਮਰੀਕਾ ਸਸਤਾ ਸਾਮਾਨ ਦੇਵੇਗਾ ਪਰ ਜਦੋਂ ਉਸ ਦੀ ਮਨੋਪਲੀ ਬਣ ਗਈ ਤਾਂ ਉਸੇ ਸਾਮਾਨ ਦੀਆਂ ਕੀਮਤਾਂ ਵਧਾ ਕੇ ਸਾਡੀ ਲੁੱਟ ਕਰੇਗਾ। ਇਹ ਵਪਾਰਕ ਸਮਝੌਤਾ ਫਿਰ ਤੋਂ ਸਾਨੂੰ ਗੁਲਾਮੀ ਵੱਲ ਲਿਜਾ ਰਿਹਾ ਹੈ। ਇਸ ਕਰਕੇ ਮੈਂ ਮਾਣਯੋਗ ਖੁੱਡੀਆਂ ਸਾਹਿਬ ਵੱਲੋਂ ਲਿਆਂਦੇ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ। ਧੰਨਵਾਦ, ਬਹੁਤ-ਬਹੁਤ ਮਿਹਰਬਾਨੀ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ। ਪੂਰੇ ਦੇਸ਼ ਭਰ ਵਿੱਚ ਇੱਕ ਬਹੁਤ ਵੱਡੀ ਚਰਚਾ ਛਿੜੀ ਹੋਈ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਮੋਦੀ ਸਾਹਿਬ ਅਤੇ ਭਾਰਤੀ ਜਨਤਾ ਪਾਰਟੀ ਦੇਸ਼ ਨੂੰ ਅਮਰੀਕਾ ਦਾ ਗੁਲਾਮ ਬਣਾਉਣਾ ਚਾਹੁੰਦੀ ਹੈ। ਦੇਸ਼ ਨੂੰ ਅਮਰੀਕਾ ਦੀ ਮੰਡੀ ਬਣਾਉਣਾ ਚਾਹੁੰਦੀ ਹੈ। ਦੇਸ਼ ਦੇ ਹਰ ਇੱਕ ਨਾਗਰਿਕ ਨੂੰ ਅਮਰੀਕਾ ਵਿੱਚ ਵੇਚਣਾ ਚਾਹੁੰਦੀ ਹੈ। ਅਮਰੀਕਾ ਇੰਡੀਆ ਡੀਲ ਬਾਰੇ ਬਹੁਤ ਸਾਰੀਆਂ ਗੱਲਾਂ ਸਾਡੇ ਮੈਂਬਰ ਸਾਹਿਬਾਨਾਂ ਵੱਲੋਂ ਕੀਤੀਆਂ ਗਈਆਂ ਹਨ ਕਿ ਇਸ ਦਾ ਬੀ.ਟੀ. ਕਾਟਨ ਤੇ ਕੀ ਅਸਰ ਪਵੇਗਾ, ਇਸ ਦਾ ਵੱਖ-ਵੱਖ ਖੇਤਰਾਂ ਤੇ ਕੀ ਅਸਰ ਪਵੇਗਾ। ਮੈਂ ਜ਼ਿਆਦਾ ਨਹੀਂ ਬੋਲਾਂਗਾ। ਜਿਹੜਾ 2 ਫਰਵਰੀ, 2026 ਨੂੰ ਡੋਨਾਲਡ ਟਰੰਪ ਜੀ ਨੇ ਟਵੀਟ ਕੀਤਾ ਸੀ, ਮੈਂ ਉਸ ਨੂੰ ਕੋਟ ਕਰਦਾ ਹਾਂ, ਅਮਰੀਕਾ ਦੀ ਸੈਕਟਰੀ, ਐਗਰੀਕਲਚਰ ਸੈਕਟਰੀ Brooke Rollins ਨੇ ਲਿਖਿਆ ਹੈ –

> Thank you@POTUS for ONCE AGAIN delivering for our American farmers. New US-India deal will export more American farm products to India's massive market, lifting prices, and pumping cash into rural America. In 2024, America's agricultural trade deficit with India was $1.3 billion. India's growing population is an important market for American agricultural products and today's deal will go a long way to reducing this deficit.

ਸਰ, ਇਹ ਗੱਲਾਂ ਜਿਹੜੀਆਂ ਲਿਖੀਆਂ ਹਨ, ਮੈਂ ਅੱਜ ਭਾਰਤੀ ਜਨਤਾ ਪਾਰਟੀ ਦੇ ਪੰਜਾਬ ਦੇ ਸਾਰੇ ਨੇਤਾਵਾਂ ਤੋਂ, ਦੇਸ਼ ਦੇ ਪ੍ਰਧਾਨ ਮੰਤਰੀ ਮੋਦੀ ਸਾਹਿਬ ਤੋਂ, ਦੇਸ਼ ਦੇ ਐਗਰੀਕਲਚਰ ਮਨਿਸਟਰ ਸਾਹਿਬ ਤੋਂ, ਦੇਸ਼ ਦੇ ਟਰੇਡ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਇਨ੍ਹਾਂ ਗੱਲਾਂ ਨੂੰ quote ਕਰਕੇ ਲਿਖ ਸਕਦੇ ਹੋ ਕਿ ਇਹ ਘਟਨਾਵਾਂ ਨਹੀਂ ਹੋਣਗੀਆਂ? ਜਿਹੜਾ ਉਨ੍ਹਾਂ ਨੇ ਟਵੀਟ ਕੀਤਾ ਹੈ, ਕੀ ਉਸ ਨੂੰ quote ਕਰਕੇ ਪੰਜਾਬ ਦੇ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਲਿਖ ਸਕਦੇ ਹਨ? ਕੀ ਜਿਹੜੇ ਪੰਜਾਬ ਵਿੱਚੋਂ ਐਡਹਾਕ ਤੇ ਰਾਜਸਥਾਨ ਵਿੱਚ ਮੰਤਰੀ ਭੇਜੇ ਹਨ, ਕੀ ਉਹ ਇਸ ਦਾ condemn ਕਰ ਸਕਦੇ ਹਨ? ਅੱਜ ਦੇਸ਼ ਦੇ ਪੂਰੇ 140 ਕਰੋੜ ਭਾਰਤੀਆਂ ਨੂੰ ਯੂ.ਐਸ.ਏ. ਦੀ ਮੰਡੀ ਵਿੱਚ ਵੇਚਣ ਲਈ ਭਾਰਤੀ ਜਨਤਾ ਪਾਰਟੀ ਕਾਹਲੀ ਪਈ ਹੋਈ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਮੋਦੀ ਸਾਹਿਬ ਨੇ ਦੇਸ਼ ਨੂੰ ਵੇਚਣ ਦਾ ਪਲਾਨ ਆਪਣੇ ਕਾਰਪੋਰੇਟ ਸਾਥੀਆਂ ਰਾਹੀਂ ਯੂ.ਐਸ.ਏ. ਨਾਲ ਕੀਤਾ ਹੈ। ਪੂਰਾ ਦੇਸ਼ ਜਾਣਦਾ ਹੈ ਕਿ ਜਦੋਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਥੋੜ੍ਹੀ ਜਿਹੀ ਟੈਨਸ਼ਨ ਪੈਦਾ ਹੋਈ ਸੀ ਤਾਂ ਟਰੰਪ ਸਾਹਿਬ ਦੇ ਇੱਕ ਟਵੀਟ ਨੇ ਉਹ ਬੰਦ ਕਰਵਾ ਦਿੱਤੀ ਸੀ। ਕਿਸ ਤਰ੍ਹਾਂ ਸਾਡੀਆਂ ਮਾਵਾਂ, ਭੈਣਾਂ ਦੇ ਸੁਹਾਗ ਲੁੱਟੇ ਗਏ ਸੀ। ਕਿਸ ਤਰ੍ਹਾਂ ਸ਼ਰੇਆਮ ਪਾਕਿਸਤਾਨ ਦੇ ਅਤਿਵਾਦੀਆਂ ਨੇ ਆ ਕੇ ਜੰਮੂ ਕਸ਼ਮੀਰ ਵਿੱਚ ਹਮਲਾ ਕਰਕੇ ਸਾਡੀਆਂ ਮਾਵਾਂ ਭੈਣਾਂ ਦਾ ਸੁਹਾਗ ਲੁੱਟਿਆ ਸੀ। ਜਿਹੜਾ ਆਪਰੇਸ਼ਨ ਸਿੰਧੂਰ ਚਲਾਇਆ ਸੀ, ਉਸ ਵਿੱਚ ਵੀ ਟਰੰਪ ਸਾਹਿਬ ਦੀ ਇੱਕ ਘੁਰਕੀ ਨਾਲ ਮੋਦੀ ਸਾਹਿਬ ਡਰ ਗਏ ਸਨ। ਇਸ ਤੋਂ ਪਤਾ ਲਗਦਾ ਹੈ ਕਿ ਅੱਜ ਦੇਸ਼ ਨੂੰ ਖਤਰਾ ਹੈ ਤੇ ਅੱਜ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੁਆਰਾ ਬਣਾਏ ਦੇਸ਼ ਦੇ ਸੰਵਿਧਾਨ ਨੂੰ ਖਤਰਾ ਹੈ, ਅੱਜ ਸੰਵਿਧਾਨ ਦੀ ਇੱਕ-ਇੱਕ ਮੱਦ ਨੂੰ ਤੋੜਿਆ ਜਾ ਰਿਹਾ ਹੈ। ਜੋ ਸੰਵਿਧਾਨ ਦੇ ਤਹਿਤ ਪ੍ਰੋਟੈਕਸ਼ਨ ਦੇਸ਼ ਦੇ ਨਾਗਰਿਕਾਂ ਨੂੰ ਮਿਲੀ ਹੋਈ ਸੀ, ਦੇਸ਼ ਦੇ ਖੇਤੀਬਾੜੀ ਸੈਕਟਰ ਨੂੰ ਮਿਲੀ ਹੋਈ ਸੀ, ਦੇਸ਼ ਦੇ ਮਜ਼ਦੂਰ ਨੂੰ ਮਿਲੀ ਹੋਈ ਸੀ, ਦੇਸ਼ ਦੇ ਵਪਾਰੀ ਨੂੰ ਮਿਲੀ ਹੋਈ ਸੀ, ਅੱਜ ਉਸ ਪ੍ਰੋਟੈਕਸ਼ਨ ਨੂੰ ਖਤਮ ਕਰਨ ਦਾ ਕੰਮ ਭਾਰਤੀ ਜਨਤਾ ਪਾਰਟੀ ਕਰ ਰਹੀ ਹੈ। ਅੱਜ ਭਾਰਤੀ ਜਨਤਾ ਪਾਰਟੀ ਔਰ ਖਾਸ ਕਰਕੇ ਪ੍ਰਧਾਨ ਮੰਤਰੀ ਮੋਦੀ ਸਾਹਿਬ ਇੰਨੇ ਕਮਜ਼ੋਰ ਪੈ ਚੁੱਕੇ ਹਨ ਕਿ ਉਨ੍ਹਾਂ ਨੇ ਯੂ.ਐਸ.ਏ. ਦੇ ਸਾਹਮਣੇ ਗੋਡੇ ਟੇਕ ਦਿੱਤੇ ਹਨ ਤੇ ਅੱਜ ਜੋ ਹੁਕਮ ਟਰੰਪ ਸਾਹਿਬ ਕਰਦੇ ਹਨ, ਮੋਦੀ ਸਾਹਿਬ ਉਸ ਨੂੰ ਹਿੰਦੁਸਤਾਨ ਵਿੱਚ ਲਾਗੂ ਕਰਦੇ ਹਨ। ਜਦੋਂ ਦੇਸ਼ ਆਜ਼ਾਦ ਹੋਇਆ ਸੀ, 100 ਸਾਲ ਲੰਮਾ ਸੰਘਰਸ਼ ਦੇਸ਼ ਦੇ ਲੋਕਾਂ ਨੇ ਕੀਤਾ ਸੀ। ਮੈਂ ਸਮਝਦਾ ਹਾਂ ਕਿ ਦੇਸ਼ ਨੂੰ ਆਜ਼ਾਦ ਕਰਵਾਉਣ ਵਿੱਚ ਸਭ ਤੋਂ ਵੱਡਾ ਯੋਗਦਾਨ ਪੰਜਾਬੀਆਂ ਨੇ ਪਾਇਆ ਸੀ। ਸਭ ਤੋਂ ਵੱਡੀਆਂ ਕੁਰਬਾਨੀਆਂ ਸ਼ਹੀਦ-ਏ-ਆਜ਼ਮ, ਸਰਦਾਰ ਭਗਤ ਸਿੰਘ ਤੋਂ ਲੈ ਕੇ ਸ਼ਹੀਦ ਊਧਮ ਸਿੰਘ, ਸੁਨਾਮ ਤੱਕ ਬਹੁਤ ਵੱਡੀ ਇੱਕ ਲੰਮੀ ਲਾਈਨ ਹੈ, ਜੋ ਪੰਜਾਬੀਆਂ ਦੇ ਨਾਂ ਤੇ ਬੋਲਦੀ ਹੈ ਤੇ ਹੁਣ ਅਸੀਂ ਦੇਸ਼ ਨੂੰ ਗੁਲਾਮ ਨਹੀਂ ਹੋਣ ਦਿਆਂਗੇ। ਸਾਨੂੰ ਜਿੰਨੀਆਂ ਮਰਜ਼ੀ ਕੁਰਬਾਨੀਆਂ ਕਰਨੀਆਂ ਪੈਣ ਪਰ ਇਹ ਦੇਸ਼ ਯੂ.ਐਸ.ਏ. ਕੋਲ ਗੁਲਾਮ ਨਹੀਂ ਹੋਵੇਗਾ। ਮੋਦੀ ਸਾਹਿਬ, ਕੰਨ੍ਹ ਖੋਲ੍ਹ ਕੇ ਸੁਣ ਲਓ, ਭਾਰਤੀ ਜਨਤਾ ਪਾਰਟੀ ਵਾਲਿਓ, ਕੰਨ੍ਹ ਖੋਲ੍ਹ ਕੇ ਸੁਣ ਲਓ, ਤੁਹਾਡੇ ਤੋਂ ਦੇਸ਼ ਜਵਾਬ ਮੰਗਦਾ ਹੈ ਕਿ ਤੁਸੀਂ ਕਿਸ ਡੀਲ ਦੇ ਤਹਿਤ ਇਸ ਦੇਸ਼ ਨੂੰ ਵੇਚਣਾ ਚਾਹੁੰਦੇ ਹੋ, ਇਸ ਦੇਸ਼ ਨੂੰ ਬਰਬਾਦ ਕਰਨਾ ਚਾਹੁੰਦੇ ਹੋ? ਸਾਡੇ ਲੋਕਾਂ ਨੇ ਕੁਰਬਾਨੀਆਂ ਦੇ ਕੇ ਭਾਰਤ ਦੇਸ਼ ਨੂੰ ਮਹਾਨ ਬਣਾਇਆ ਹੈ। ਇਸ ਦੇਸ਼ ਦੇ ਅੰਦਰ ਬਹੁਤ ਡਿਫਰੈਂਟ ਧਰਮ ਹਨ, ਬਹੁਤ ਸਾਰੇ ਧਰਮ ਹਨ, ਬਹੁਤ ਸਾਰੀਆਂ

ਜਾਤਾਂ ਹਨ, ਸਭ ਦੀ ਪ੍ਰੋਟੈਕਸ਼ਨ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੇ ਬਣਾਏ ਸੰਵਿਧਾਨ ਵਿੱਚ ਦਿੱਤੀ ਗਈ ਹੈ ਲੇਕਿਨ ਅੱਜ ਭਾਰਤੀ ਜਨਤਾ ਪਾਰਟੀ ਸੰਵਿਧਾਨ ਨੂੰ ਤਾਰ-ਤਾਰ ਕਰ ਰਹੀ ਹੈ। ਮੈਂ ਸਮਝਦਾ ਹਾਂ ਕਿ ਅੱਜ ਸੰਵਿਧਾਨ ਨੂੰ ਵਿੰਗੇ-ਟੇਢੇ ਤਰੀਕੇ ਨਾਲ ਖਤਮ ਕਰਕੇ ਯੂ.ਐਸ.ਏ. ਕੋਲ ਗੁਲਾਮ ਬਣਾਉਣ ਦੀ ਪ੍ਰਥਾ ਭਾਰਤੀ ਜਨਤਾ ਪਾਰਟੀ ਨੇ ਸ਼ੁਰੂ ਕੀਤੀ ਹੈ, ਇਹ ਬਿਲਕੁਲ ਬਰਦਾਸ਼ਤ ਨਹੀਂ ਹੈ। ਜੋ ਮਤਾ ਖੁੱਡੀਆਂ ਸਾਹਿਬ ਲੈ ਕੇ ਆਏ ਹਨ, ਮੈਂ ਉਸ ਦੀ ਪ੍ਰੋੜਤਾ ਕਰਦਾ ਹਾਂ ਔਰ ਇਸ ਦੇਸ਼ ਦੀ ਹਕੂਮਤ ਨੂੰ ਵਾਰਨਿੰਗ ਦਿੰਦਾ ਹਾਂ, ਮੋਦੀ ਸਾਹਿਬ ਨੂੰ ਔਰ ਖਾਸ ਕਰਕੇ ਪੰਜਾਬ ਵਿੱਚ ਰਹਿੰਦੇ ਉਨ੍ਹਾਂ ਦੇ ਚੇਲਿਆਂ ਨੂੰ, ਮਿਸਟਰ ਜਾਖੜ, ਮਿਸਟਰ ਬਿੱਟੂ, ਅਸ਼ਵਨੀ ਜੀ, ਦੋ-ਤਿੰਨ ਐਮ.ਐਲ.ਏ. ਸੀ, ਹੁਣ ਚਲੇ ਗਏ ਹਨ, ਪਤਾ ਨਹੀਂ ਡਰ ਦੇ ਮਾਰੇ ਕਿੱਧਰ ਭੱਜ ਗਏ, ਕਿਉਂ ਚਲੇ ਜਾਂਦੇ ਹਨ, ਇਨ੍ਹਾਂ ਨੂੰ ਵਾਰਨਿੰਗ ਦਿੰਦਾ ਹਾਂ ਕਿ ਪੰਜਾਬ ਦਾ ਬੱਚਾ-ਬੱਚਾ ਇਸ ਯੂ.ਐਸ.ਏ.-ਇੰਡੀਆ ਡੀਲ ਦੇ ਖਿਲਾਫ਼ ਹੈ। ਅਸੀਂ ਡੱਟ ਕੇ ਲੜਾਈ ਲੜਾਂਗੇ। ਸਾਡੇ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਅਗਵਾਈ ਕਰਨਗੇ, ਬਿਲਕੁਲ ਜਿਹੜੀ ਵੀ ਕੁਰਬਾਨੀ ਦੇਣੀ ਪਈ, ਦੇਵਾਂਗੇ। ਆਮ ਆਦਮੀ ਪਾਰਟੀ ਪੂਰੇ ਦੇਸ਼ ਅੰਦਰ ਅਤੇ ਪੰਜਾਬ ਅੰਦਰ ਇੱਕ ਵੱਡੀ ਮੁਹਿੰਮ ਖੜ੍ਹੀ ਕਰੇਗੀ। ਮੈਂ ਸਾਰੇ ਪੰਜਾਬ ਦੇ ਤਿੰਨ ਕਰੋੜ ਲੋਕਾਂ ਨੂੰ ਅਪੀਲ ਕਰਦਾ ਹਾਂ ਕਿ ਆਓ ਇਕੱਠੇ ਹੋ ਕੇ ਭਾਰਤੀ ਜਨਤਾ ਪਾਰਟੀ ਨੂੰ ਮੂੰਹ ਤੋੜ ਜਵਾਬ ਦੇਈਏ ਜਿਹੜੀ ਕਿ ਦੇਸ਼ ਨੂੰ ਬਰਬਾਦ ਕਰਨਾ ਚਾਹੁੰਦੀ ਹੈ ਅਤੇ ਦੇਸ਼ ਨੂੰ ਯੂ.ਐਸ.ਏ. ਕੋਲ ਵੇਚਣਾ ਚਾਹੁੰਦੀ ਹੈ। ਬਹੁਤ-ਬਹੁਤ ਧੰਨਵਾਦ ਜੀ, ਬਹੁਤ-ਬਹੁਤ ਸ਼ੁਕਰੀਆ ਜੀ।

**ਮਾਣਯੋਗ ਸਪੀਕਰ:** ਬਹੁਤ ਧੰਨਵਾਦ ਜੀ। ਸਦਨ ਦੇ ਨੇਤਾ, ਸਰਦਾਰ ਭਗਵੰਤ ਸਿੰਘ ਮਾਨ ਜੀ, ਮੁੱਖ ਮੰਤਰੀ ਸਾਹਿਬ।

**ਮੁੱਖ ਮੰਤਰੀ (ਸ਼੍ਰੀ ਭਗਵੰਤ ਮਾਨ) :** ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ। ਅੱਜ ਬਹੁਤ ਹੀ ਗੰਭੀਰ ਵਿਸ਼ੇ ਤੇ ਬਹਿਸ ਚੱਲ ਰਹੀ ਹੈ, ਜੋ ਖੇਤੀਬਾੜੀ ਮੰਤਰੀ ਸਾਹਿਬ ਇੱਕ ਨਿੰਦਾ ਪ੍ਰਸਤਾਵ ਲੈ ਕੇ ਆਏ ਹਨ, ਜਿਸ ਰਾਹੀਂ ਮੈਂ ਕਹਾਂਗਾ ਕਿ ਸਾਡਾ ਦੇਸ਼ ਯੂ.ਐਸ.ਏ. ਨਾਲ ਇੱਕ ਗੁਪਤ ਸਮਝੌਤਾ ਕਰ ਰਿਹਾ ਹੈ, ਇੰਡੋ-ਯੂ.ਐਸ.ਏ. ਟ੍ਰੀਟੀ, ਜਿਸ ਬਾਰੇ ਅਜੇ ਤੱਕ ਨਾ ਦੇਸ਼ ਦੀ ਪਾਰਲੀਮੈਂਟ ਵਿੱਚ ਦੱਸਿਆ ਗਿਆ ਹੈ ਅਤੇ ਨਾ ਹੀ ਕਿਸੇ ਸਟੇਟ ਦੀ ਵਿਧਾਨ ਸਭਾ ਨੂੰ ਇਸ ਬਾਰੇ ਆਗਾਹ ਕੀਤਾ ਗਿਆ ਹੈ, ਨਾ ਹੀ ਕਿਸੇ ਸਟੈਂਡਿੰਗ ਕਮੇਟੀ ਨਾਲ ਕੋਈ ਸਲਾਹ-ਮਸ਼ਵਰਾ ਹੋਇਆ ਹੈ, ਨਾ ਆਲ ਪਾਰਟੀ ਮੀਟਿੰਗ ਬੁਲਾ ਕੇ ਇਸ ਬਾਰੇ ਸਲਾਹ ਕੀਤੀ ਗਈ ਜਾਂ ਇਸ ਬਾਰੇ ਕੋਈ ਲੋਕ ਰਾਏ ਮੰਗੀ ਗਈ ਹੈ। ਇਹ ਇੱਕ ਸਿੱਧਮ-ਸਿੱਧਾ ਐਲਾਨ ਹੋਇਆ। ਪਤਾ ਨਹੀਂ ਪ੍ਰਧਾਨ ਮੰਤਰੀ, ਸ਼੍ਰੀ ਨਰਿੰਦਰ ਮੋਦੀ ਜੀ ਦੀ ਕਿਹੜੀ ਕਮਜ਼ੋਰੀ ਹੈ, ਜਿਹੜੀ ਉਨ੍ਹਾਂ ਦੇ ਹੱਥ ਵਿੱਚ ਆ ਗਈ ਹੈ ਅਤੇ ਉਹ ਆਪਣੇ ਹਿਸਾਬ ਨਾਲ ਰਿਮੋਟ ਵਾਂਗ ਸਾਡੇ ਦੇਸ਼ ਨੂੰ ਚਲਾ ਰਹੇ ਹਨ। ਉਸ ਵੇਲੇ ਦੁੱਖ ਹੋਇਆ, ਜਦੋਂ ਪਰਸੋਂ ਦੇ ਅਖਬਾਰਾਂ ਅਤੇ ਟੀ.ਵੀ. ਵਿੱਚ ਸੁਰਖੀਆਂ ਸਨ, ਉਹ ਬਿਲਕੁਲ ਇਸ ਤਰ੍ਹਾਂ ਦਾ ਝਲਕਾਰਾ ਦੇ ਰਹੀਆਂ ਸੀ, ਜਿਸ ਵਿੱਚ ਲਿਖਿਆ ਹੋਇਆ ਸੀ ਕਿ ਭਾਰਤ ਨੂੰ ਰਸ਼ੀਆ ਤੋਂ ਤੇਲ ਖਰੀਦਣ ਦੀ ਇੱਕ ਮਹੀਨੇ ਦੀ ਮੁਹਲਤ ਟਰੰਪ ਨੇ ਦਿੱਤੀ, ਅਮਰੀਕਾ ਦੇ ਰਾਸ਼ਟਰਪਤੀ ਨੇ ਇੱਕ ਮਹੀਨੇ ਦੀ ਇਜਾਜ਼ਤ ਦਿੱਤੀ। ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਆਪਣਾ ਦੇਸ਼ ਵ੍ਹਾਈਟ ਹਾਊਸ, ਵਾਸ਼ਿੰਗਟਨ ਤੋਂ ਚੱਲ ਰਿਹਾ ਹੈ? ਕੀ ਹੁਣ ਉਹ ਇਜਾਜ਼ਤਾਂ ਦੇਣਗੇ? ਐਸੀ ਮੋਦੀ ਸਾਹਿਬ ਦੀ ਕਿਹੜੀ ਕਮਜ਼ੋਰੀ ਹੈ, ਜਿਹੜੀ ਉਨ੍ਹਾਂ ਦੇ ਹੱਥ ਵਿੱਚ ਆ ਗਈ ਹੈ ਅਤੇ ਉਹ ਕੁਝ ਵੀ ਕਰਵਾ ਲੈਂਦੇ ਹਨ ਅਤੇ ਸਾਨੂੰ ਦੱਸਿਆ ਵੀ ਨਹੀਂ ਜਾਂਦਾ। ਟਰੰਪ ਜਿਹੜਾ ਅਮਰੀਕਾ ਦਾ ਰਾਸ਼ਟਰਪਤੀ ਹੈ ਅਤੇ ਪੂਰੀ ਦੁਨੀਆ ਨਾਲ ਲੜਾਈ ਮੁੱਲ ਲੈ ਰਿਹਾ ਹੈ, ਜਦੋਂ ਆਪਰੇਸ਼ਨ ਸਿੰਧੂਰ ਹੋਇਆ ਤਾਂ ਉਹ ਟਵੀਟ ਕਰਕੇ ਕਹਿ ਰਿਹਾ ਹੈ ਕਿ ਮੈਂ ਇਨ੍ਹਾਂ ਦਾ ਸਮਝੌਤਾ ਕਰਵਾ ਦਿੱਤਾ, ਉਸ ਤੋਂ ਅੱਧੇ ਘੰਟੇ ਬਾਅਦ ਸਾਡੀ ਗੌਰਮਿੰਟ ਦੱਸ ਰਹੀ ਹੈ ਕਿ ਸਮਝੌਤਾ ਹੋ ਗਿਆ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਆਲ ਪਾਰਟੀ ਮੀਟਿੰਗ ਗਵਰਨਰ ਸਾਹਿਬ ਦੇ ਘਰ ਵਿੱਚ ਚੱਲ ਰਹੀ ਸੀ, ਮੇਰੇ ਵਿਰੋਧੀ ਪਾਰਟੀ ਦੇ ਸਾਰੇ ਸਾਥੀ ਵੀ ਉੱਥੇ ਹੀ ਸੀ। ਅਸੀਂ ਤਾਂ ਵਿਰੋਧ ਕਰਨ ਗਏ ਸੀ ਕਿ ਭਾਈ ਲੜਾਈ ਕਿਤੇ ਹੋਰ ਹੋਈ ਹੈ, ਤੁਸੀਂ

ਸਾਡੇ ਫਾਜ਼ਿਲਕਾ ਦੇ 532.5 ਕਿਲੋਮੀਟਰ ਉਤੇ ਜਿਹੜੇ ਬਾਰਡਰ ਉੱਤੇ ਪਿੰਡ ਪੈਂਦੇ ਹਨ, ਉਨ੍ਹਾਂ ਨੂੰ ਉਜਾੜੀ ਜਾਂਦੇ ਹੋ, ਡਰੋਨ ਜਾਂ ਉਨ੍ਹਾਂ ਦੀਆਂ ਮਿਜ਼ਾਈਲਾਂ ਅਤੇ ਰਾਕੇਟ ਸਾਡੇ ਵੱਲ ਡਿੱਗ ਰਹੇ ਹਨ ਪਰ ਅਚਾਨਕ ਪਤਾ ਲੱਗਿਆ ਕਿ ਟਰੰਪ ਨੇ ਟਵੀਟ ਕਰ ਦਿੱਤਾ ਅਤੇ ਲੜਾਈ ਰੁਕਵਾ ਦਿੱਤੀ। ਉਸ ਨੇ ਇਕੱਲਾ ਇੱਕ ਵਾਰ ਹੀ ਨਹੀਂ, ਉਸ ਨੇ 25-30 ਵਾਰ ਇੰਟਰਨੈਸ਼ਨਲ ਕਾਨਫਰੰਸ ਵਿੱਚ ਬੋਲਿਆ ਹੈ ਕਿ ਇਨ੍ਹਾਂ ਦਾ ਸਮਝੌਤਾ ਮੈਂ ਕਰਵਾਇਆ ਸੀ। ਉਸ ਬਾਰੇ ਕਿਸੇ ਨੂੰ ਕਝ ਨਹੀਂ ਦੱਸਿਆ ਗਿਆ, ਨਾ ਸਦਨ ਨੂੰ ਦੱਸਿਆ ਗਿਆ ਹੈ, ਪ੍ਰਧਾਨ ਮੰਤਰੀ ਪ੍ਰੈਸ ਕਾਨਫਰੰਸ ਤਾਂ ਕਰਦੇ ਹੀ ਨਹੀਂ, ਪਤਾ ਨਹੀਂ ਕਿਉਂ ਡਰ ਲੱਗਦਾ ਹੈ। 12 ਸਾਲ ਹੋ ਗਏ ਹਨ ਜੀ, ਸਾਲ 2014 ਤੋਂ ਲੈ ਕੇ 12 ਸਾਲ ਹੋ ਗਏ ਹਨ, ਪ੍ਰਧਾਨ ਮੰਤਰੀ ਨੇ ਇੱਕ ਪ੍ਰੈਸ ਕਾਨਫਰੰਸ ਨਹੀਂ ਕੀਤੀ। ਜਦ ਕਿ ਇਸ ਤੋਂ ਪਹਿਲਾਂ ਵੀ ਪ੍ਰਧਾਨ ਮੰਤਰੀ ਸੀ, ਉਹ ਹਰ ਸਾਲ 2-3 ਬਹੁਤ ਵੱਡੀਆਂ ਮੈਗਾ ਪ੍ਰੈਸ ਕਾਨਫਰੰਸ ਕਰਦੇ ਹੁੰਦੇ ਸੀ। ਇਹ ਮੀਡੀਆ ਸਾਹਮਣੇ ਆਉਂਦੇ ਹੀ ਨਹੀਂ। ਇਹ ਨਹੀਂ ਹੈ ਕਿ ਉਹ ਮੀਡੀਆ ਦਾ ਸਾਹਮਣਾ ਨਹੀਂ ਕਰ ਸਕਦੇ। ਮੀਡੀਆ ਤਾਂ ਉਨ੍ਹਾਂ ਕੋਲ ਹੈ, ਹਰ ਰੋਜ਼ ਉਨ੍ਹਾਂ ਨੂੰ ਹੈੱਡਲਾਈਨਜ਼ ਜਾਂਦੀਆਂ ਹਨ, ਹਰ ਰੋਜ਼ ਪਾਰਟੀ ਬਾਰੇ ਜਾਂ ਕਿਹੜੀ ਹੈੱਡਲਾਈਨ ਚਲਾਉਣੀ ਹੈ, ਉਹ ਉਨ੍ਹਾਂ ਨੂੰ ਪੀ.ਐਮ.ਓ. ਤੋਂ ਆਰਡਰ ਜ਼ਰੂਰ ਜਾਂਦੇ ਹਨ ਪਰ ਆਪ ਸਾਹਮਣਾ ਨਹੀਂ ਕਰਦੇ। ਉਹ ਕੀ ਕਰਦੇ ਹਨ? ਜੇ ਲੜਾਈ ਲੱਗ ਜਾਵੇ ਤਾਂ ਉਹ ਵੀ ਮਾਸਟਰ-ਸਟ੍ਰੋਕ ਹੈ, ਜੇ ਲੜਾਈ ਹਟ ਜਾਵੇ ਤਾਂ ਉਹ ਵੀ ਮਾਸਟਰ-ਸਟ੍ਰੋਕ ਹੈ। ਜੇ ਮੋਦੀ ਦੀ ਟਰੰਪ ਨਾਲ ਜੱਫੀ ਪੈ ਗਈ, my friend Donald Trump ਤਾਂ ਵੀ ਮਾਸਟਰ-ਸਟ੍ਰੋਕ ਹੈ। ਜੇ ਟਰੰਪ ਕੋਈ ਚਿਤਾਵਨੀ ਦੇ ਦੇਵੇ ਕਿ ਇਵੇਂ ਨਹੀਂ ਕਰ ਸਕਦੇ, ਇਵੇਂ ਕਰੋਗੇ, ਇਹ ਵੀ ਮਾਸਟਰ-ਸਟ੍ਰੋਕ ਹੈ। ਇੱਥੋਂ ਤੱਕ ਤਾਂ ਮੀਡੀਆ ਉਨ੍ਹਾਂ ਦਾ ਗੁਲਾਮ ਬਣਿਆ ਪਿਆ ਹੈ। ਸੋ, ਇਹ ਜਿਹੜਾ ਹੁਣ ਸਮਝੌਤਾ ਕਰ ਰਹੇ ਹਨ, ਇਸ ਦਾ ਪੰਜਾਬ ਦੀ ਖੇਤੀਬਾੜੀ ਤੇ ਅਸਰ ਹੈ। ਸਰ, ਸੋਇਆ ਮੀਲ ਦਾ ਐਗਰੀਮੈਂਟ ਹੈ ਕਿ ਜਿਹੜਾ ਸੋਇਆ ਮੀਲ ਹੈ, ਉਹ ਉੱਥੋਂ ਆਵੇਗਾ, ਉਸ ਵਿੱਚ ਕੋਈ ਪੌਸ਼ਟਿਕ ਤੱਤ ਨਹੀਂ ਹਨ। ਉਹ ਉਨ੍ਹਾਂ ਦਾ ਬਚਿਆ-ਖੁਚਿਆ ਰਹਿੰਦ-ਖੂੰਹਦ ਹੈ, ਜੋ ਮੁਰਗੀਆਂ-ਬੱਕਰੀਆਂ ਪਸ਼ੂਆਂ ਦੀ ਰਹਿੰਦ-ਖੂੰਹਦ ਹੀ ਹੋਵੇਗਾ। ਇਨ੍ਹਾਂ ਪਸ਼ੂਆਂ ਦੀ ਰਹਿੰਦ-ਖੂੰਹਦ ਨਾਲ ਕੈਟਲ ਫੀਡ ਬਣੇਗੀ ਕਿਉਂਕਿ ਉਨ੍ਹਾਂ ਦੀ ਮਿਕਦਾਰ ਬਹੁਤ ਹੋਵੇਗੀ, ਅਸੀਂ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਾਂਗੇ। ਜਿਹੜਾ ਸਾਡਾ ਮੱਕੀ ਦਾ ਕਾਸ਼ਤਕਾਰ ਹੈ, ਉਹ ਡੁੱਬ ਜਾਵੇਗਾ। ਰਾਣਾ ਜੀ, ਇੱਥੇ ਬੈਠੇ ਹਨ। ਇਹ ਆਪਣੇ ਬਿਜ਼ਨਸ ਵਿੱਚ ਮੱਕੀ ਦੇ ਪ੍ਰੋਡਕਟਸ ਨੂੰ ਤਰਜੀਹ ਦਿੰਦੇ ਹਨ। ਸੋ, ਸਵਾ ਲੱਖ ਹੈਕਟੇਅਰ ਮੱਕੀ ਪੰਜਾਬ ਵਿੱਚ ਬੀਜੀ ਜਾਂਦੀ ਹੈ, ਫਿਰ ਅਸੀਂ ਉਨ੍ਹਾਂ ਦਾ ਕਿਵੇਂ ਮੁਕਾਬਲਾ ਕਰ ਲਵਾਂਗੇ? ਉਨ੍ਹਾਂ ਨੇ ਤਾਂ ਆਪਣੀ ਰਹਿੰਦ-ਖੂੰਹਦ ਹੀ ਵੇਚਣੀ ਹੈ। ਉਨ੍ਹਾਂ ਨੇ ਤਾਂ ਕਬਾੜ ਹੀ ਵੇਚਣਾ ਹੈ। ਉਹ ਸਾਨੂੰ ਇੱਥੇ ਮਹਿੰਗਾ ਵੇਚਣਗੇ ਅਤੇ ਉਨ੍ਹਾਂ ਦੀ ਮਿਕਦਾਰ ਇੰਨੀ ਜ਼ਿਆਦਾ ਹੋਵੇਗੀ ਕਿ ਅਸੀਂ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਾਂਗੇ। ਸਪੀਕਰ ਸਾਹਿਬ, ਇਸ ਕਾਰਨ ਪੰਜਾਬ ਦੀ ਮੱਕੀ ਅਤੇ ਸੋਇਆਬੀਨ ਦੀ ਫਸਲ ਪ੍ਰਭਾਵਿਤ ਹੋਵੇਗੀ। ਫਿਰ ਹੁਣ ਨਰਮੇ ਤੇ ਆ ਜਾਂਦੇ ਹਾਂ। ਸਪੀਕਰ ਸਾਹਿਬ, ਐਗਰੀਮੈਂਟ ਇਹ ਹੈ ਕਿ ਅਮਰੀਕਾ ਕਾਟਨ ਭੇਜੇਗਾ, ਅਸੀਂ ਉਸ ਕਾਟਨ ਦੇ ਗਾਰਮੈਂਟਸ ਬਣਾ ਕੇ ਅਮਰੀਕਾ ਨੂੰ ਵੇਚਾਂਗੇ ਤਾਂ ਹੀ ਉਹ ਟੈਕਸ ਮੁਆਫ ਕਰੇਗਾ। ਸਪੀਕਰ ਸਾਹਿਬ, ਇਸੇ ਲਈ ਟੈਰਿਫ ਨਹੀਂ ਲੱਗੇਗਾ। ਜੇਕਰ ਅਸੀਂ ਆਪਣੇ ਨਰਮੇ, ਕਪਾਹ ਦੇ ਗਾਰਮੈਂਟਸ ਬਣਾ ਕੇ ਭੇਜਾਂਗੇ ਤਾਂ ਉਹ ਸਾਨੂੰ ਟੈਰਿਫ ਲਗਾਏਗਾ। ਫਿਰ ਅਸੀਂ ਉਨ੍ਹਾਂ ਦਾ ਕਿਵੇਂ ਮੁਕਾਬਲਾ ਕਰ ਲਵਾਂਗੇ? ਸਪੀਕਰ ਸਾਹਿਬ, ਸਾਡੇ ਕੋਲ ਨਰਮੇ ਦੇ ਥੱਲੇ ਇੱਕ ਲੱਖ ਹੈਕਟੇਅਰ ਰਕਬਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ 2.5 ਕਿੱਲਿਆਂ ਦਾ ਇੱਕ ਹੈਕਟੇਅਰ ਹੁੰਦਾ ਹੈ। ਇੱਕ ਲੱਖ ਹੈਕਟੇਅਰ ਦਾ ਮਤਲਬ 2.5 ਲੱਖ ਕਿੱਲੇ ਹੋ ਗਿਆ, ਫਿਰ ਅਸੀਂ ਉਨ੍ਹਾਂ ਦਾ ਕਿਵੇਂ ਮੁਕਾਬਲਾ ਕਰ ਲਵਾਂਗੇ? ਸਰ, ਜਿਹੜਾ ਅਮਰੀਕਾ ਦਾ ਕਿਸਾਨ ਹੈ, ਉਸ ਦਾ ਖੇਤੀ ਕਰਨ ਦਾ ਔਸਤ ਸਾਈਜ਼ ਪੰਜ ਸੌ ਏਕੜ ਦਾ ਹੈ। ਉਥੇ ਪੰਜ ਸੌ ਏਕੜ ਦੀ ਐਵਰੇਜ ਆਉਂਦੀ ਹੈ। ਕਿਸੇ ਕੋਲ ਦਸ ਹਜ਼ਾਰ ਏਕੜ ਵੀ ਹੈ ਕਿਉਂਕਿ ਉਥੇ ਬੜੇ-ਬੜੇ ਧਨਾਢ ਕਿਸਾਨ ਹਨ। ਸਪੀਕਰ ਸਾਹਿਬ, ਉਨ੍ਹਾਂ ਕੋਲ ਤੀਹ-ਤੀਹ ਹਜ਼ਾਰ ਏਕੜ

ਵੀ ਹੈ ਪਰ ਉਨ੍ਹਾਂ ਦੀ ਪੰਜ ਸੌ ਏਕੜ ਦੀ ਐਵਰੇਜ ਆਉਂਦੀ ਹੈ ਔਰ ਸਾਡੇ 2.5 ਏਕੜ ਦੀ ਐਵਰੇਜ ਆਉਂਦੀ ਹੈ। ਉਨ੍ਹਾਂ ਦੀ ਪ੍ਰੋਡਕਸ਼ਨ ਦਾ ਅਸੀਂ ਕਿਵੇਂ ਮੁਕਾਬਲਾ ਕਰ ਲਵਾਂਗੇ? ਅਮਰੀਕਾ ਵਾਲੇ ਇੰਡੀਆ ਤੋਂ ਆਪਣੇ ਕਿਸਾਨਾਂ ਨੂੰ 35 ਗੁਣਾ ਵੱਧ ਸਬਸਿਡੀ ਦਿੰਦੇ ਹਨ। ਸੋ, ਉਨ੍ਹਾਂ ਨੂੰ ਸਸਤਾ ਪੈਂਦਾ ਹੈ। ਜਦੋਂ ਉਨ੍ਹਾਂ ਦਾ ਮਾਲ ਇੱਥੇ ਆ ਗਿਆ ਤਾਂ ਅਸੀਂ ਬਿਲਕੁਲ ਵੀ ਕਿਸੇ ਜੋਗੇ ਨਹੀਂ ਰਹਾਂਗੇ। ਜਦੋਂ ਪ੍ਰਾਈਵੇਟ ਮੰਡੀ ਹੀ ਖੋਲ੍ਹ ਦਿੱਤੀ। ਇਹ ਸਮਝੌਤਾ ਤਾਂ ਜਿਹੜੇ ਤਿੰਨ ਕਾਲੇ ਕਾਨੂੰਨ ਲੈ ਕੇ ਆ ਰਹੇ ਸਨ, ਉਨ੍ਹਾਂ ਤੋਂ ਵੀ ਖਤਰਨਾਕ ਹੈ। ਇਹ ਦੂਸਰੇ ਪਾਸੇ ਦੀ ਆ ਕੇ ਥੋੜ੍ਹਾ ਜਿਹਾ ਹੱਥ ਘੁੰਮਾ ਕੇ ਕੰਨ ਫੜਨਾ ਚਾਹੁੰਦੇ ਹਨ।

ਸੋ, ਇਸ ਤੋਂ ਬਾਅਦ ਬੀਜ ਐਕਟ ਆਵੇਗਾ। ਬੀਜ ਐਕਟ ਵੀ ਉਨ੍ਹਾਂ ਦੇ ਮੁਤਾਬਿਕ ਬਣੇਗਾ। ਅਸੀਂ ਆਪਣੇ ਕੋਲ ਬੀਜ ਨਹੀਂ ਰੱਖ ਸਕਾਂਗੇ। ਜਿਵੇਂ ਹੁਣ ਕਣਕ ਆਵੇਗੀ। ਕੁਝ ਕਣਕ ਅਸੀਂ ਖਾਣ ਲਈ ਰੱਖ ਲਵਾਂਗੇ ਅਤੇ ਅਸੀਂ ਦੋ ਢੋਲ ਭਰ ਕੇ ਦਵਾਈ ਪਾ ਕੇ ਬੀਜ ਲਈ ਰੱਖ ਲਵਾਂਗੇ ਕਿ ਅਗਲੇ ਸਾਲ ਬੀਜਣਾ ਹੈ ਪਰੰਤੂ ਇਸ ਟ੍ਰੀਟੀ ਤੋਂ ਬਾਅਦ ਅਸੀਂ ਬੀਜ ਨਹੀਂ ਰੱਖ ਸਕਾਂਗੇ। ਸਾਨੂੰ ਬੀਜ ਉਥੋਂ ਖਰੀਦਣਾ ਪਵੇਗਾ। ਪੇਟੈਂਟਸ ਰਾਈਟ ਉਨ੍ਹਾਂ ਦੇ ਹੋ ਜਾਣਗੇ। ਹਰ ਇੱਕ ਬੀਜ ਸਾਨੂੰ ਮੰਡੀ ਵਿੱਚੋਂ ਖਰੀਦਣਾ ਪਵੇਗਾ, ਕਤਾਰ ਵਿੱਚੋਂ ਖਰੀਦਣਾ ਪਵੇਗਾ। ਚਿੰਤਾਜਨਕ ਪਹਿਲੂ ਇਹ ਹੈ ਕਿ ਜਿਹੜੇ ਛੋਟੇ ਬੀਜ ਉਤਪਾਦਕ ਹਨ, ਉਨ੍ਹਾਂ ਨੂੰ ਪਹਿਲਾਂ ਆਪਣੇ ਆਪ ਨੂੰ ਰਜਿਸਟਰਡ ਕਰਵਾਉਣਾ ਪਵੇਗਾ, ਉਨ੍ਹਾਂ ਨੂੰ ਲਾਇਸੰਸ ਲੈਣਾ ਪਵੇਗਾ, ਪੂਰਾ ਰਿਕਾਰਡ ਰੱਖਣਾ ਪਵੇਗਾ। Digital traceability or QR code ਵਰਗੀਆਂ ਸ਼ਰਤਾਂ ਪੂਰੀਆਂ ਕਰਨੀਆਂ ਪੈਣਗੀਆਂ। ਜੇ ਵਿਦੇਸ਼ੀ ਬੀਜ ਭਾਰਤ ਵਿੱਚ ਲਿਆਂਦੇ ਜਾਂਦੇ ਹਨ ਤਾਂ ਸਰਕਾਰ ਨੂੰ ਇੱਕ ਨੋਟੀਫਿਕੇਸ਼ਨ ਰਾਹੀਂ ਰਜਿਸਟਰੇਸ਼ਨ ਤੋਂ ਛੋਟ ਦੇਣੀ ਪਵੇਗੀ। ਇਸ ਦਾ ਮਤਲਬ ਇਹ ਹੋਵੇਗਾ ਕਿ ਭਾਰਤੀ ਕਿਸਾਨਾਂ ਲਈ ਨਿਯਮ ਹੋਣਗੇ ਅਤੇ ਵਿਦੇਸ਼ੀ ਕੰਪਨੀਆਂ ਲਈ ਖੁੱਲ੍ਹਾ ਦਰਵਾਜ਼ਾ ਹੋਵੇਗਾ। ਉਨ੍ਹਾਂ ਲਈ ਰਾਹ ਖੁੱਲ੍ਹ ਜਾਵੇਗਾ।

ਇਸੇ ਤਰ੍ਹਾਂ ਹੀ ਭਾਰਤ ਵਿੱਚ ਈਸਟ ਇੰਡੀਆ ਕੰਪਨੀ ਆਈ ਸੀ। ਹੋਰ ਇੱਥੇ ਕੀ ਕਰਨ ਆਈ ਸੀ? ਈਸਟ ਇੰਡੀਆ ਕੰਪਨੀ ਵਪਾਰ ਹੀ ਕਰਨ ਆਈ ਸੀ। ਬਸ ਵਪਾਰ ਤੋਂ ਵੱਧਦੇ-ਵੱਧਦੇ ਸਰਕਾਰ ਤੱਕ ਚਲੇ ਗਏ ਅਤੇ ਉਸ ਤੋਂ ਬਾਅਦ ਤਕਰੀਬਨ 200 ਸਾਲ ਰਾਜ ਕਰ ਗਏ। ਹੁਣ ਵੈਸਟ ਇੰਡੀਆ ਕੰਪਨੀ ਵਾਲੇ ਆ ਰਹੇ ਹਨ ਅਤੇ ਅਸੀਂ ਫਿਰ ਦੁਬਾਰਾ ਗੁਲਾਮੀ ਵੱਲ ਚੱਲੇ ਹਾਂ ਜੀ। ਹਰ ਚੌਥੇ ਜਾਂ ਪੰਜਵੇਂ ਦਿਨ ਸਾਡਾ ਪ੍ਰਧਾਨ ਮੰਤਰੀ ਕਿਸੇ ਨਾ ਕਿਸੇ ਮੁਲਕ ਵਿੱਚ ਜਾਂਦਾ ਹੈ। ਕੀ ਕੋਈ ਫਾਇਦਾ ਹੋਇਆ ਜੀ? ਪਤਾ ਨਹੀਂ ਪ੍ਰਧਾਨ ਮੰਤਰੀ ਜੀ ਕਿਹੜੇ-ਕਿਹੜੇ ਮੁਲਕਾਂ ਵਿੱਚ ਜਾਂਦੇ ਹਨ, ਅਸੀਂ ਤਾਂ ਕਦੇ ਉਨ੍ਹਾਂ ਦੇ ਨਾਂ ਹੀ ਨਹੀਂ ਸੁਣੇ ਹਨ। ਅਸੀਂ ਭੂਗੋਲ ਪੜ੍ਹੀ ਹੈ ਅਤੇ ਸਮਾਜਿਕ ਸਿੱਖਿਆ ਦਾ ਵਿਸ਼ਾ ਸਕੂਲਾਂ ਵਿੱਚ ਸਾਨੂੰ ਵੀ ਹੁੰਦਾ ਸੀ। ਸਾਨੂੰ ਵੀ ਰਾਜਧਾਨੀਆਂ ਯਾਦ ਸਨ। ਹੁਣ ਪਤਾ ਨਹੀਂ ਪਪੁਆ, ਕਿਨੂਆ, ਚਕੁਆ, ਪੁਛੁਆ, ਕਲਮੇਸ਼ੀਆ, ਮਗਨੇਸ਼ੀਆ, ਲਗਵੇਸ਼ੀਆ ਕਿਹੜੇ-ਕਿਹੜੇ ਮੁਲਕਾਂ ਵਿੱਚ ਪ੍ਰਧਾਨ ਮੰਤਰੀ ਜਾਂਦੇ ਹਨ। ਮੈਨੂੰ ਤਾਂ ਲੱਗਦਾ ਹੈ ਕਿ ਜਹਾਜ਼ ਵਿੱਚੋਂ ਹੀ ਥੱਲੇ ਲਾਈਟਾਂ ਲਗੀਆਂ ਦੇਖ ਕੇ ਜਹਾਜ਼ ਹੇਠਾਂ ਲਾਹ ਲੈਂਦੇ ਹਨ, ਸੋਚਦੇ ਹਨ ਕਿ ਲਾਈਟਾਂ ਲੱਗੀਆਂ ਹੋਈਆਂ ਹਨ, ਜਹਾਜ਼ ਲਾਹ ਲਓ, ਕੋਈ ਨਾ ਕੋਈ ਮੁਲਕ ਹੀ ਹੋਵੇਗਾ। ਉਨ੍ਹਾਂ ਲਈ ਕੋਈ ਵਿਦੇਸ਼ ਨੀਤੀ ਨਹੀਂ ਹੈ। ਜਿੱਥੇ ਜਾਂਦੇ ਹਨ, ਉਥੇ ਜੱਫੀ ਜਿਹੀ ਪਾ ਕੇ ਮੋਦੀ-ਮੋਦੀ, ਮੋਦੀ-ਮੋਦੀ ਹੋ ਜਾਂਦੀ ਹੈ। ਮੈਨੂੰ ਲੱਗਦਾ ਹੈ ਕਿ ਇਹ ਸਾਰੀ audience ਇੱਥੋਂ ਹੀ ਲੈ ਕੇ ਜਾਂਦੇ ਹਨ। ਸਪੀਕਰ ਸਾਹਿਬ, ਇਹ organised planned show ਇੱਥੋਂ ਹੀ ਲੈ ਕੇ ਜਾਂਦੇ ਹਨ। ਉਥੇ ਜਾ ਕੇ ਜਿਵੇਂ ਕੋਈ ਬਹੁਤ ਵੱਡਾ ਐਵਾਰਡ ਮੋਦੀ ਜੀ ਨੂੰ ਮਿਲ ਗਿਆ ਹੋਵੇ ਕਿ ਉਥੋਂ ਦੇ ਰਾਸ਼ਟਰਪਤੀ ਨੇ ਆਹ ਐਵਾਰਡ ਦਿੱਤਾ ਹੈ। ਉਨ੍ਹਾਂ ਮੁਲਕਾਂ ਦੀ ਆਬਾਦੀ ਕਿਸੇ ਦੀ 9200 ਹੈ ਅਤੇ ਕਿਸੇ ਦੀ 9500 ਹੈ। ਆਪਣੇ ਇੱਥੇ ਤਾਂ ਜਦੋਂ ਖੇਤਾਂ ਵਿੱਚ ਕੱਦੂ ਕਰਦਾ ਟਰੈਕਟਰ ਖੁੱਭ ਜਾਵੇ ਤਾਂ 9200-9500 ਲੋਕ ਦੇਖਣ ਲਈ ਹੀ ਇਕੱਠੇ ਹੋ ਜਾਂਦੇ ਹਨ ਕਿ ਹੁਣ ਕਿਵੇਂ ਟੋਚਨ ਪਾ ਕੇ ਟਰੈਕਟਰ ਨੂੰ ਬਾਹਰ ਕੱਢਣਗੇ। ਦੇਖੋ, ਜਿੱਥੇ 140 ਕਰੋੜ ਲੋਕ ਰਹਿੰਦੇ ਹਨ, ਤੁਸੀਂ ਉੱਥੇ ਰਹੋ।

ਉੱਥੇ ਤਾਂ ਰਹਿੰਦੇ ਨਹੀਂ ਹਨ। ਇਹ ਤਾਂ ਵਿੱਚ ਕਰੋਨਾ ਆ ਗਿਆ ਤਾਂ ਰੁਕ ਗਏ, ਨਹੀਂ ਤਾਂ ਉਹ ਧਰਤੀ ਦੇ ਚਾਰ-ਪੰਜ ਗੇੜੇ ਹੁਣ ਨੂੰ ਕੱਢ ਦਿੰਦੇ।

ਸਪੀਕਰ ਸਾਹਿਬ, ਹੁਣ ਤਾਂ ਡਿਸਕਵਰੀ ਚੈਨਲ ਤੇ ਵੀ ਉਹੀ ਦਿਖਦੇ ਹਨ। ਦੇਖੋ, ਉਹ ਜਾਨਵਰਾਂ ਦਾ ਚੈਨਲ ਹੈ, National Geographic Channel ਹੈ, ਉਸ ਨੂੰ ਤਾਂ ਛੱਡ ਦਿਓ, ਉਸ ਤੇ ਵੀ ਤੁਸੀਂ ਹੀ ਆਉਣਾ। (ਹਾਸਾ) ਜਿੱਥੇ ਉਹ ਕੋਈ ਪ੍ਰਧਾਨ ਮੰਤਰੀ ਤੇ ਡਾਕੂਮੈਂਟਰੀ ਬਣਾਉਣ, ਉੱਥੇ ਤੱਕ ਤਾਂ ਠੀਕ ਹੈ। ਜਿਹੜਾ ਕੀੜੇ ਖਾ ਜਾਂਦਾ ਹੈ, ਉਹ ਵੀ ਉਸ ਦੇ ਨਾਲ ਫਿਰਦਾ ਸੀ, ਜਿਹੜਾ ਛਿਪਕਲੀਆਂ ਜਿਹੀਆਂ ਖਾ ਜਾਂਦਾ ਹੈ, ਉਸ ਦੇ ਨਾਲ ਹੀ ਫਿਰਦਾ ਸੀ। ਉਸ ਦੀ ਤਲਾਸ਼ੀ ਲੈ ਕੇ ਜਾਣ ਦਿੰਦੇ ਸੀ। ਉਸ ਨੂੰ ਨਾਲ ਚਾਕੂ ਨਹੀਂ ਲੈ ਕੇ ਜਾਣ ਦਿੱਤਾ ਕਿ ਨਾ-ਨਾ ਪ੍ਰਧਾਨ ਮੰਤਰੀ ਨਾਲ ਬੈਠਾ ਹੈ, ਚਾਕੂ ਨਹੀਂ ਲੈ ਕੇ ਜਾਣਾ। ਪਤਾ ਨਹੀਂ ਉਨ੍ਹਾਂ ਨੂੰ ਕੀ ਫੋਬੀਆ ਹੋ ਗਿਆ ਟੀ.ਵੀ. ਤੇ ਆਉਣ ਦਾ? ਟੀ.ਵੀ. ਤੇ ਅਜਿਹਾ ਕੋਈ ਚੈਨਲ ਨਹੀਂ ਜਿੱਥੇ ਉਨ੍ਹਾਂ ਦੀਆਂ ਖਬਰਾਂ ਨਾ ਚੱਲਦੀਆਂ ਹੋਣ।

ਇਸ ਤਰ੍ਹਾਂ ਫਿਰ ਜੀ.ਐਮ.ਓ. ਅਤੇ ਪੇਟੈਂਟ ਕੀਤੇ ਬੀਜਾਂ ਦਾ ਰਾਹ ਖੁੱਲ੍ਹ ਜਾਵੇਗਾ। ਫਿਰ ਸਾਡੇ ਕਿਸਾਨ ਗ੍ਰਾਹਕ ਬਣ ਜਾਣਗੇ। ਅਸੀਂ ਗ੍ਰਾਹਕ ਬਣ ਜਾਵਾਂਗੇ। ਸਾਨੂੰ ਉਨ੍ਹਾਂ ਦੇ ਪੇਟੈਂਟ ਕੀਤੇ ਬੀਜ ਲੈਣੇ ਪੈਣੇ ਹਨ। ਮੈਂ ਹਰੀ ਕ੍ਰਾਂਤੀ ਤੋਂ ਪਹਿਲਾਂ ਦੀ ਗੱਲ ਕਰਦਾ ਹਾਂ, ਜਦੋਂ ਆਪਣੇ ਕੋਲ ਕਣਕ ਨਹੀਂ ਹੁੰਦੀ ਸੀ ਤਾਂ ਉਦੋਂ ਕਣਕ ਅਮਰੀਕਾ ਤੋਂ ਆਉਂਦੀ ਸੀ। ਉਨ੍ਹਾਂ ਨੇ ਮਾੜੀ ਕਣਕ ਭੇਜੀ ਅਤੇ ਉਸ ਕਣਕ ਵਿੱਚ ਕਾਂਗਰਸ ਘਾਹ ਸੀ, ਜਿਸ ਦੀ ਬੂਟੀ ਉਦੋਂ ਉਥੋਂ ਆਈ ਸੀ, ਇੱਕ ਵਾਰੀ ਆਈ ਸੀ। ਅੱਜ ਨਾ ਤਾਂ ਕਾਂਗਰਸ ਕਿਸੇ ਸਪਰੇਅ ਨਾਲ ਮਰਦੀ ਹੈ, ਨਾ ਕਾਂਗਰਸ ਘਾਹ ਮਰਦੀ ਹੈ। ਜੇਕਰ ਉਸ ਦੇ ਵਿੱਚੋਂ ਦੀ ਲੰਘ ਜਾਓ ਤਾਂ ਬਿਮਾਰੀਆਂ ਲੱਗ ਜਾਂਦੀਆਂ ਹਨ। ਦੋਨੋਂ ਹੀ ਕਾਂਗਰਸਾਂ ਹਨ। ਇਹ ਵੀ ਹੁਣ ਉਹੋ ਜਿਹੇ ਹੀ ਹਨ। ਇਨ੍ਹਾਂ ਨੇ ਚੰਗੀ ਭਲੀ ਫਸਲ ਨੂੰ ਖਰਾਬ ਕਰਨਾ ਹੁੰਦਾ ਹੈ, ਉਸ ਦੇ ਵਿੱਚ ਉੱਗ ਜਾਂਦੇ ਹਨ, ਫਿਰ ਨਾ ਕੋਈ ਸਪਰੇਅ ਚੱਲੇ, ਨਾ ਕੋਈ ਦਵਾਈ ਚੱਲੇ। ਇਨ੍ਹਾਂ ਤੇ ਕੁਝ ਨਹੀਂ ਚੱਲਦਾ। ਸੋ, ਕਾਂਗਰਸ ਘਾਹ ਵੀ ਉਹੀ ਲੈ ਕੇ ਆਏ ਹਨ, ਜਿਹੜੇ ਬੀਜ ਲੈ ਕੇ ਆਏ ਸੀ। ਉਸ ਵੇਲੇ ਉਸਨੂੰ ਕਾਂਗਰਸੀ ਹੀ ਲੈ ਕੇ ਆਏ ਸਨ। ਉਦੋਂ ਕਾਂਗਰਸ ਦੀ ਹੀ ਸਰਕਾਰ ਸੀ।

ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਲ 1952 ਤੋਂ ਲੈ ਕੇ 1966 ਤੱਕ ਦੇਸ਼ ਦਾ ਖੇਤੀ ਦਾ ਬਜਟ 25% ਸੀ ਯਾਨੀ ਕਿ ਕੁੱਲ ਬਜਟ ਦਾ ਚੌਥਾ ਹਿੱਸਾ ਹੁੰਦਾ ਸੀ। ਸਾਲ 2026-27 ਵਾਲੇ ਬਜਟ ਵਿੱਚ ਖੇਤੀ ਦਾ ਬਜਟ 7% ਹੀ ਰਹਿ ਗਿਆ। ਤੁਸੀਂ ਕਿੱਧਰ ਨੂੰ ਜਾ ਰਹੇ ਹੋ? ਤੁਸੀਂ ਥੱਲੇ ਨੂੰ ਆ ਰਹੇ ਹੋ। ਤੁਸੀਂ ਕਿਸਾਨਾਂ ਬਾਰੇ ਕੀ ਸੋਚ ਰਹੇ ਹੋ? ਉਹ ਕਿਸਾਨਾਂ ਨੂੰ ਤਾਂ ਕੁਝ ਸਮਝਦੇ ਹੀ ਨਹੀਂ ਹਨ। ਉਹ ਤਾਂ ਸਾਡੇ ਮੁਲਕ ਨੂੰ ਗਹਿਣੇ ਰੱਖੀ ਜਾਂਦੇ ਹਨ। ਜਿਹੜੇ ਦੇਸ਼ ਵਿੱਚ ਉਤਪਾਦ ਹੁੰਦੇ ਹਨ, ਜੇਕਰ ਉਨ੍ਹਾਂ ਨੂੰ ਵਧਾਉਣਾ ਹੈ ਤਾਂ ਸਾਨੂੰ ਤਰੀਕੇ ਨਾਲ ਚੱਲਣਾ ਪੈਣਾ ਹੈ। ਹੁਣ ਕਿਸਾਨ ਵਿਹਲਾ ਹੋਵੇਗਾ। ਮਾਰਕੀਟ ਵਿੱਚ ਸਾਡੇ ਫ਼ਲ, ਸਾਡੇ ਸੇਬ, ਪਹਾੜੀ ਇਲਾਕਿਆਂ ਵਿੱਚ ਜੋ ਸੇਬ ਉਧਰੋਂ ਆਉਣਗੇ, ਜਿਨ੍ਹਾਂ ਤੇ ਮੋਹਰ ਜਿਹੀ ਲੱਗੀ ਹੁੰਦੀ ਹੈ ਤਾਂ ਉਨ੍ਹਾਂ ਸੇਬਾਂ ਦਾ ਮੁਕਾਬਲਾ ਕਿਵੇਂ ਕਰ ਲਵੋਗੇ? ਸਾਡੇ ਫ਼ਲ ਉਨ੍ਹਾਂ ਦਾ ਕੁਆਲਿਟੀ ਵਾਈਜ਼ ਵੀ ਮੁਕਾਬਲਾ ਨਹੀਂ ਕਰ ਸਕਦੇ। ਜਿਹੜੀ ਉਨ੍ਹਾਂ ਦੀ ਲੈਬਾਰਟਰੀ ਵਿੱਚ ਚੈਕਿੰਗ ਹੋਵੇਗੀ, ਉਹ ਵੀ ਉੱਥੇ ਹੀ ਹੋਵੇਗੀ। ਉੱਥੋਂ ਉਹ ਜਿਹੜੇ ਮਰਜ਼ੀ ਬੀਜ ਨੂੰ ਗ੍ਰੀਨ ਸਿਗਨਲ ਦੇ ਕੇ ਇੱਥੇ ਭੇਜ ਦੇਣਗੇ। ਜਦੋਂ ਆਪਾਂ ਇੱਧਰੋਂ ਸਮਾਨ ਭੇਜਦੇ ਹਾਂ ਜਿਵੇਂ ਸਿੰਗਾਪੁਰ ਨੂੰ ਪਿੱਛੇ ਜਿਹੇ ਸ਼ਿਪ ਭੇਜਿਆ, ਜਦੋਂ ਉਨ੍ਹਾਂ ਨੇ ਚੈਕਿੰਗ ਕੀਤੀ ਤਾਂ ਜਿਹੜਾ ਸਮਾਨ ਉੱਥੇ ਗਿਆ ਸੀ, ਉਹ ਉਨ੍ਹਾਂ ਦੇ ਪੈਰਾਮੀਟਰ ਤੇ ਪੂਰਾ ਨਹੀਂ ਉਤਰਿਆ ਅਤੇ ਸਾਰਾ ਸਮਾਨ ਸਮੁੰਦਰ ਵਿੱਚ ਹੀ ਡੰਪ ਕਰ ਦਿੱਤਾ। ਉਹ ਆਪਣੀ ਚੈਕਿੰਗ ਕਰਦੇ ਹਨ। ਸਾਡੇ ਕੋਲ ਉਨ੍ਹਾਂ ਦੀ ਚੈਕਿੰਗ ਕੀਤੀ ਹੋਈ ਫਸਲ ਹੀ ਆਵੇਗੀ। ਕੋਈ ਪਤਾ ਨਹੀਂ, ਕੀ ਕੀ ਭੇਜਣਗੇ ਤੇ ਕਿਹੋ ਜਿਹਾ ਗਲਿਆ-ਸੜਿਆ ਮਾਲ ਇੱਥੇ ਭੇਜਿਆ ਜਾਵੇਗਾ।

ਸਭ ਤੋਂ ਮਾੜੀ ਗੱਲ ਇਹ ਹੈ ਕਿ ਜਿਹੜੇ ਸਾਡੇ ਡਿਸੀਜ਼ਨਜ਼ ਹਨ, ਜਿਸ ਤਰ੍ਹਾਂ ਪਾਰਲੀਮੈਂਟ ਵਿੱਚ ਰੌਲ਼ਾ ਪਿਆ, ਐਲ.ਓ.ਪੀ. ਰਾਹੁਲ ਗਾਂਧੀ ਜੀ ਨੇ ਇੱਕ ਕਿਤਾਬ ਦਾ ਹਵਾਲਾ ਦਿੱਤਾ। ਜਿਹੜੇ ਸਾਡੇ ਥਲ ਸੈਨਾ ਦੇ ਮੁੱਖੀ ਹਨ, ਉਨ੍ਹਾਂ ਨੇ ਰਿਟਾਇਰਮੈਂਟ ਤੋਂ ਬਾਅਦ ਕਿਤਾਬ ਲਿਖੀ ਹੈ ਕਿ ਚਾਈਨਾ ਦੇ ਟੈਂਕ ਆ ਗਏ ਸਨ ਤਾਂ ਉਸ ਨੇ ਰਾਜਨਾਥ ਸਿੰਘ ਜੀ ਨੂੰ ਫੋਨ ਕੀਤਾ ਕਿ ਉਨ੍ਹਾਂ ਦੇ ਟੈਂਕ ਆਪਣੀ ਧਰਤੀ ਤੇ ਆ ਰਹੇ ਹਨ, ਕੀ ਕੀਤਾ ਜਾਵੇ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਫੋਨ ਕੀਤਾ। ਉਨ੍ਹਾਂ ਨੂੰ ਕਿੰਨੇ ਘੰਟਿਆਂ ਬਾਅਦ ਇਹ ਆਰਡਰ ਮਿਲਿਆ ਕਿ ਜਿਵੇਂ ਤੁਸੀਂ ਚਾਹੁੰਦੇ ਹੋ, ਉਸ ਤਰ੍ਹਾਂ ਕਰ ਲਵੋ, ਸਾਨੂੰ ਨਹੀਂ ਪਤਾ ਕੀ ਕਰ ਲਵੋ। ਇਸ ਗੱਲ ਤੇ ਉਨ੍ਹਾਂ ਨੇ ਸਾਰੀ ਆਪੋਜ਼ੀਸ਼ਨ ਸਸਪੈਂਡ ਕਰਕੇ ਰੱਖ ਦਿੱਤੀ ਕਿ ਤੁਸੀਂ ਜਾਓ। ਤੁਸੀਂ ਤਾਂ ਸੱਚ ਬੋਲਣ ਲੱਗ ਗਏ। ਇਹ ਸਾਨੂੰ ਹਾਲੇ ਤੱਕ ਚਾਈਨਾ ਦੀ ਜ਼ਮੀਨ ਬਾਰੇ ਨਹੀਂ ਦੱਸ ਰਹੇ ਕਿ ਉਨ੍ਹਾਂ ਨੇ ਕਿੰਨੀ ਜ਼ਮੀਨ ਦੱਬ ਲਈ। ਨਾ ਇਸ ਸਮਝੌਤੇ ਬਾਰੇ ਦੱਸ ਰਹੇ ਹਨ। ਅਸੀਂ ਤਾਂ ਵਿਸ਼ਵ ਗੁਰੂ ਬਣਨ ਚੱਲੇ ਸੀ ਪਰ ਅਸੀਂ ਤਾਂ ਵਿਸ਼ਵ ਚੇਲੇ ਬਣ ਗਏ। ਅਸੀਂ ਹੁਣ ਉਨ੍ਹਾਂ ਦੇ ਚੇਲੇ ਬਣ ਗਏ। ਉਹ ਜਿਵੇਂ ਕਹਿੰਦੇ ਹਨ, ਸਾਡੇ ਤੋਂ ਉਸੇ ਤਰ੍ਹਾਂ ਹੀ ਕਰਵਾਉਂਦੇ ਹਨ। ਮੋਦੀ ਸਾਹਿਬ, ਵਿਸ਼ਵ ਗੁਰੂ ਬਣਨਾ ਸੀ, ਵਿਸ਼ਵ ਸ਼ਿਸ਼ਯ (ਚੇਲਾ) ਕਿਉਂ ਬਣ ਗਏ ਜੀ? ਹੁਣ 56 ਇੰਚ ਦਾ ਸੀਨਾ ਕਿੱਧਰ ਗਿਆ? ਉਦੋਂ ਤਾਂ ਗਾਲ੍ਹਾਂ ਕੱਢਦੇ ਸੀ ਕਿ ਰੁਪਈਆ ਇੰਨਾ ਡਿੱਗੀ ਜਾਂਦਾ ਹੈ। ਹੁਣ ਰੁਪਈਆ ਕਿੱਥੇ ਹੈ? ਉਦੋਂ ਕਹਿੰਦੇ ਸੀ ਕਿ ਤੇਲ ਦੀਆਂ ਕੀਮਤਾਂ ਕੰਟਰੋਲ ਕਿਉਂ ਨਹੀਂ ਹੁੰਦੀਆਂ। ਹੁਣ ਤੇਲ ਦੀਆਂ ਕੀਮਤਾਂ ਕਿੱਥੇ ਹਨ? ਆਪਰੇਸ਼ਨ ਸਿੰਧੂਰ ਵੇਲੇ ਇੱਕ ਵੀ ਮੁਲਕ ਨੇ ਆਪਣਾ ਸਾਥ ਦਿੱਤਾ ਹੋਵੇ, ਇਸ ਬਾਰੇ ਹੀ ਦੱਸ ਦੇਵੋ। ਕੀ ਸ੍ਰੀਲੰਕਾ ਨੇ ਸਾਥ ਦਿੱਤਾ, ਕੀ ਬੰਗਲਾ ਦੇਸ਼ ਨੇ ਸਾਥ ਦਿੱਤਾ, ਨੇਪਾਲ ਨੇ ਸਾਥ ਦਿੱਤਾ, ਚਾਈਨਾ ਨੇ ਸਾਥ ਦਿੱਤਾ? ਚਲੋ, ਚਾਈਨਾ ਨੇ ਤਾਂ ਕੀ ਸਾਥ ਦੇਣਾ ਹੈ। ਤੁਰਕੀ ਵਾਲੇ ਤੁਰਕੀ ਦੇ ਬਣੇ ਹੋਏ ਡਰੋਨ ਭੇਜਦੇ ਰਹਿੰਦੇ ਹਨ। ਅਸੀਂ ਉਨ੍ਹਾਂ ਤਾਲਿਬਾਨਾਂ ਨੂੰ ਤਾਂ ਭੂਚਾਲ ਦੇ ਪੈਸੇ ਦੇ ਰਹੇ ਹਾਂ ਕਿ ਉੱਥੇ ਭੂਚਾਲ ਆ ਗਿਆ, ਉਨ੍ਹਾਂ ਨੂੰ ਪੈਸੇ ਭੇਜ ਦਿਓ। ਸਾਡੇ ਇੱਥੇ ਹੜ੍ਹ ਆ ਗਿਆ ਤਾਂ ਇੱਥੇ ਪੈਸੇ ਨਹੀਂ ਦੇਣੇ। 1600 ਕਰੋੜ ਰੁਪਿਆ ਅਨਾਊਂਸ ਹੀ ਕਰਨਾ ਹੈ ਪਰ ਦੇਣਾ ਕੁਝ ਨਹੀਂ। ਇਹ ਕਿਹੜੀ ਵਿਦੇਸ਼ ਨੀਤੀ ਹੈ? ਅਸੀਂ ਦੇਸ਼ ਦੇ ਨਾਗਰਿਕ ਹਾਂ। ਸਾਨੂੰ ਵੀ ਪੁੱਛਣ ਦਾ ਹੱਕ ਹੈ। ਨਾ ਹੀ ਕਦੇ ਪਾਰਲੀਮੈਂਟ ਵਿੱਚ ਡਿਟੇਲ ਦਿੱਤੀ ਹੈ। ਇਹ ਪ੍ਰਧਾਨ ਮੰਤਰੀ ਪ੍ਰੋਟੋਕੋਲ ਹੈ। ਜਦੋਂ ਪ੍ਰਧਾਨ ਮੰਤਰੀ ਵਿਦੇਸ਼ ਜਾ ਕੇ ਆਉਂਦੇ ਹਨ ਤਾਂ ਉਸ ਦਾ ਸਾਰਾ ਬਿਊਰਾ ਪਾਰਲੀਮੈਂਟ ਵਿੱਚ ਦਿੰਦੇ ਹਨ ਕਿ ਇੱਥੇ ਗਏ ਸੀ, ਇਹ-ਇਹ ਸਮਝੌਤੇ ਹੋਏ ਹਨ, ਸਭ ਕੁਝ ਦੱਸਦੇ ਹਨ। ਇਹ ਵਿਦੇਸ਼ ਮੰਤਰੀ ਨੂੰ ਵੀ ਨਾਲ ਨਹੀਂ ਲੈ ਕੇ ਜਾਂਦੇ। ਵਿਦੇਸ਼ ਮੰਤਰੀ ਤਾਂ ਇਨ੍ਹਾਂ ਨੂੰ ਸਿਰਫ ਏਅਰਪੋਰਟ ਤੇ ਛੱਡਣ ਜਾਂ ਏਅਰਪੋਰਟ ਤੇ ਲੈਣ ਜਾਂਦੇ ਹਨ। ਇਹ ਕਿਸੇ ਵਿਦੇਸ਼ ਮੰਤਰੀ ਨੂੰ ਨਾਲ ਲੈ ਕੇ ਹੀ ਨਹੀਂ ਜਾਂਦੇ, ਇਹ ਇਕੱਲੇ ਹੀ ਜਾਂਦੇ ਹਨ।

ਇਹ ਜਿਹੜੀਆਂ ਐਪਸਟੀਨ ਦੀਆਂ ਫਾਈਲਾਂ ਆਈਆਂ ਹਨ, ਹੁਣ ਉਸ ਵਿੱਚ 2-3 ਦਿਨ ਤੋਂ ਨਾਮ ਬੋਲਦੇ ਹਨ। ਪਤਾ ਨਹੀਂ ਹੁਣ ਕਿਹੜੀ ਮਜਬੂਰੀ ਹੈ। ਅਮਰੀਕਾ ਵਾਲੇ ਤਾਂ ਕਹਿ ਦਿੰਦੇ ਹਨ ਕਿ ਜੇ ਉਹ ਬੋਲ ਪਏ ਤਾਂ ਮੋਦੀ ਜੀ ਦਾ ਪੁਲੀਟੀਕਲ ਕੈਰੀਅਰ ਬਰਬਾਦ ਹੋ ਜਾਵੇਗਾ। ਇਸ ਦਾ ਮਤਲਬ ਉਨ੍ਹਾਂ ਕੋਲ ਕੁਝ ਹੈ। ਇਸ ਦਾ ਮਤਲਬ ਉਨ੍ਹਾਂ ਕੋਲ ਇਨ੍ਹਾਂ ਵਿਰੁੱਧ ਕੁਝ ਤਾਂ ਹੈ, ਜਿਸ ਕਰਕੇ ਸਾਰੀਆਂ ਗੱਲਾਂ ਮੰਨਣੀਆਂ ਪੈਂਦੀਆਂ ਹਨ। ਹਰ ਇੱਕ ਨੂੰ ਕਹਿ ਦਿੰਦਾ ਹੈ, ਮੇਰਾ ਫਰੈਂਡ, ਮੇਰਾ ਫਰੈਂਡ। 2-3 ਵਾਰੀ ਇਜ਼ਰਾਇਲ ਜਾ ਆਇਆ, ਉੱਥੋਂ ਕੀ ਲੈ ਕੇ ਆਇਆ ਹੈ? ਇਜ਼ਰਾਇਲ ਖੇਤੀ ਵਿੱਚ ਅੱਗੇ ਹੈ ਜੀ, ਉਨ੍ਹਾਂ ਦੀ ਜਿਹੜੀ ਡਰਿੱਪ ਇਰੀਗੇਸ਼ਨ ਹੈ, ਉਹ ਦੁਨੀਆ ਵਿੱਚ ਕਮਾਲ ਦੀ ਹੈ, ਉੱਥੋਂ ਕੁਝ ਲੈ ਕੇ ਤਾਂ ਆਓ। ਕੋਈ ਕਿਸਾਨਾਂ ਦੇ ਵਫਦ ਨੂੰ ਨਾਲ ਲੈ ਜਾਵੋ। ਹਰ ਇੱਕ ਚੀਜ਼ ਦਾ ਸਪੈਸ਼ਲਿਸਟ ਆਪ ਹੀ ਹੈ ਜੀ ਕਿਉਂਕਿ ਨਾਨ-ਬਾਇਓਲਾਜੀਕਲ ਹੈ, ਉਹ ਕਹਿੰਦਾ ਹੈ ਕਿ ਮੈਂ ਤਾਂ ਬਾਇਓਲਾਜੀਕਲ ਹੈ ਹੀ ਨਹੀਂ। ਪਤਾ ਨਹੀਂ ਉਨ੍ਹਾਂ ਨੇ ਕਿੱਥੋਂ ਅਤੇ ਕਿਸ ਤਰ੍ਹਾਂ ਅਵਤਾਰ ਧਾਰਿਆ ਹੈ? ਮੈਨੂੰ ਨਹੀਂ ਪਤਾ, ਸਿੱਧਾ ਆ ਕੇ ਰੇਲਵੇ ਸਟੇਸ਼ਨ ਤੇ ਚਾਹ ਵੇਚਣ ਲੱਗ ਪਏ, ਜਦੋਂ ਕਿ ਉਦੋਂ ਤਾਂ ਉੱਥੇ ਰੇਲਵੇ ਸਟੇਸ਼ਨ ਹੀ ਨਹੀਂ ਬਣਿਆ ਸੀ। ਉਦੋਂ ਉੱਥੇ ਰੇਲਵੇ ਦੀ ਲਾਈਨ ਹੀ ਨਹੀਂ ਸੀ। ਉਹ ਕਹਿੰਦੇ ਹਨ

ਕਿ ਗੋਰਖ ਨਾਥ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇੱਥੇ ਬੈਠ ਕੇ ਧਾਰਮਿਕ ਵਿਚਾਰਾਂ ਕੀਤੀਆਂ ਸੀ, ਜਦੋਂ ਕਿ ਉਨ੍ਹਾਂ ਦੇ ਜਨਮ ਦਾ ਆਪਸ ਵਿੱਚ 200 ਸਾਲ ਦਾ ਫਰਕ ਹੈ। ਮਤਲਬ ਛੋਟਾ-ਮੋਟਾ ਗੱਪ ਤਾਂ ਰੁੜ੍ਹ ਜਾਂਦਾ ਹੈ, ਉਹ ਤਾਂ ਪਤੰਦਰ ਚੌਰਸ ਹੀ ਰੋੜ੍ਹੀ ਜਾਂਦਾ ਹੈ। (ਹਾਸਾ) ਪਤਾ ਹੀ ਨਹੀਂ ਕੀ-ਕੀ ਬੋਲਦੇ ਹਨ, ਕੀ ਕਰਦੇ ਹਨ ਅਤੇ ਕੀ ਕਹਿੰਦੇ ਹਨ? ਮੈਥ ਦਾ ਵੀ ਇਹੀ ਸਪੈਸ਼ਲਿਸਟ ਹੈ ਜੀ, ਜਿਓਗ੍ਰਾਫੀ ਦਾ ਵੀ ਇਹੀ ਸਪੈਸ਼ਲਿਸਟ ਹੈ ਜੀ। ਸਾਰੇ ਕੰਮ ਇਨ੍ਹਾਂ ਕੋਲ ਹਨ। ਹਾਂ, ਦੇਸ਼ ਥੱਲੇ ਜਾ ਰਿਹਾ ਹੈ। ਗੁਜਰਾਤ ਦਾ ਕਿਹੜਾ ਮਾਡਲ ਵੇਚ ਦਿੱਤਾ ਜੀ? ਅਸੀਂ ਗੁਜਰਾਤ ਜਾਂਦੇ ਹਾਂ, ਗੁਜਰਾਤ ਵਿੱਚ ਸਾਡੀ ਪਾਰਟੀ ਦੇ 5 ਐਮ.ਐਲ.ਏ. ਹਨ। ਗੁਜਰਾਤ ਦੇ ਵਿੱਚ ਸੜਕ ਤੇ ਸਪੀਡ ਦੀ 30 ਕਿਲੋਮੀਟਰ ਦੀ ਐਵਰੇਜ ਆਉਂਦੀ ਹੈ, 90 ਕਿਲੋਮੀਟਰ ਨੂੰ ਉਹ 3 ਘੰਟਿਆਂ ਦਾ ਰਾਹ ਮੰਨਦੇ ਹਨ ਜੀ, ਉੱਥੇ ਹਾਈਵੇਅ ਉਤੇ ਜਗ੍ਹਾ-ਜਗ੍ਹਾ ਡਾਈਵਰਸ਼ਨਜ਼ ਹਨ ਕਿਉਂਕਿ ਪੁਲ ਨਹੀਂ ਬਣਿਆ, ਕਦੇ ਕੁਝ ਨਹੀਂ ਬਣਿਆ, ਉੱਥੇ ਥੱਲੇ ਵਾਲੀਆਂ ਸੜਕਾਂ ਦਾ ਤਾਂ ਬੁਰਾ ਹੀ ਹਾਲ ਹੈ। ਪਤਾ ਨਹੀਂ ਇਹ ਗੁਜਰਾਤ ਦਾ ਕਿਹੜਾ ਮਾਡਲ ਵੇਚ ਗਏ? ਗੁਜਰਾਤ ਦਾ ਕੋਈ ਮਾਡਲ ਨਹੀਂ ਹੈ।

ਸੋ, ਇਸ ਕਰਕੇ ਅਸੀਂ ਇਸ ਸਮਝੌਤੇ ਦਾ ਵਿਰੋਧ ਕਰਦੇ ਹਾਂ, ਇਸ ਟ੍ਰੀਟੀ ਵਿੱਚੋਂ ਐਗਰੀਕਲਚਰ ਐਗਜ਼ੰਪਟ ਹੋਣੀ ਚਾਹੀਦੀ ਹੈ। ਵੈਸੇ ਤਾਂ ਸਾਰੀ ਟ੍ਰੀਟੀ ਹੀ ਐਗਜ਼ੰਪਟ ਹੋਣੀ ਚਾਹੀਦੀ ਹੈ ਕਿ ਛੱਡੋ ਪਰ੍ਹੇ ਅਸੀਂ ਕਿਉਂ ਕਰੀਏ? ਸਾਡਾ ਮੁਲਕ ਕਿਹੜੀ ਚੀਜ਼ ਪੈਦਾ ਨਹੀਂ ਕਰਦਾ। ਤੇਲ ਸਾਡੇ ਕੋਲ ਹੈ, ਕੋਲਾ ਸਾਡੇ ਕੋਲ ਹੈ ਜੀ, ਪਠਾਨਕੋਟ ਵਰਗੀ ਲੀਚੀ ਕਿਤੇ ਵੀ ਨਹੀਂ ਹੈ। ਫਾਜ਼ਿਲਕਾ ਵਰਗੇ ਕਿੰਨੂ ਕਿਤੇ ਵੀ ਨਹੀਂ ਹਨ। ਕਪੂਰਥਲੇ ਅਤੇ ਜਲੰਧਰ ਵਰਗਾ ਆਲੂ ਅਤੇ ਗਾਰਲਿਕ ਕਿਤੇ ਨਹੀਂ ਹੈ। ਸਾਡੇ ਮਾਲਵੇ ਵਰਗਾ ਝੋਨਾ, ਕਣਕ ਹੋਰ ਕਿਤੇ ਵੀ ਨਹੀਂ ਹੈ। ਇੱਥੇ ਸਾਡੇ ਦੇਸ਼ ਵਿੱਚ ਕੀ ਨਹੀਂ ਪੈਦਾ ਹੁੰਦਾ ਜੀ? ਸੋਨਾ ਸਾਡੇ ਦੇਸ਼ ਵਿੱਚ ਨਿਕਲਦਾ ਹੈ। ਗੁਜਰਾਤ ਵਿੱਚ ਸੂਰਤ ਵਗੈਰਾ ਵਿਖੇ ਸਾਰੇ ਡਾਇਮੰਡ ਦੇ ਵਪਾਰੀ ਹਨ। ਸਾਡੇ ਮੁਲਕ ਵਿੱਚ ਕੀ ਨਹੀਂ ਹੈ? ਸਾਡੀ ਕੌਮ ਮਿਹਨਤੀ ਹੈ, ਅਸੀਂ ਦਿਨ-ਰਾਤ ਕੰਮ ਕਰਦੇ ਹਾਂ। ਅਸੀਂ ਬਾਹਰਲੇ ਮੁਲਕਾਂ ਵਿੱਚ ਜਾ ਕੇ ਤਾਂ ਕਾਮਯਾਬ ਹੋ ਜਾਂਦੇ ਹਾਂ ਪ੍ਰੰਤੂ ਇੱਥੇ ਅਸੀਂ ਫੇਲ੍ਹ ਰਹਿ ਜਾਂਦੇ ਹਾਂ। ਇਸ ਦਾ ਕਾਰਨ ਇਹ ਹੈ ਕਿ ਸਾਨੂੰ ਇੱਥੇ ਮੌਕਾ ਹੀ ਨਹੀਂ ਦਿੰਦੇ। ਚੰਦ ਬੰਦੇ ਜਿਹੜੇ ਅਮੀਰ ਹਨ, ਉਹ ਅਮੀਰ ਹੋਈ ਜਾਂਦੇ ਹਨ ਅਤੇ ਗਰੀਬ, ਹੋਰ ਗਰੀਬ ਹੋਈ ਜਾਂਦੇ ਹਨ। ਉਨ੍ਹਾਂ ਨੂੰ ਕੋਈ ਫਿਕਰ ਹੀ ਨਹੀਂ ਹੈ। ਚਾਹ ਵੇਚਦੇ-ਵੇਚਦੇ ਨੇ ਦੇਸ਼ ਹੀ ਵੇਚ ਦਿੱਤਾ ਜੀ। ਸਾਰਾ ਕੁਝ ਵੇਚ ਦਿੱਤਾ, ਤੇਲ ਵੇਚ ਦਿੱਤਾ, ਰੇਲ ਵੇਚ ਦਿੱਤੀ, ਏਅਰਪੋਰਟ ਵੇਚ ਦਿੱਤੇ, ਸਭ ਕੁਝ ਵੇਚ ਦਿੱਤਾ ਹੈ। ਸਿਰਫ 2 ਚੀਜ਼ਾਂ ਖਰੀਦੀਆਂ ਹਨ ਜਾਂ ਤਾਂ ਦੂਜੀਆਂ ਪਾਰਟੀਆਂ ਦੇ ਐਮ.ਐਲ.ਏ. ਖਰੀਦਦਾ ਹੈ ਜਾਂ ਫਿਰ ਮੀਡੀਏ ਨੂੰ ਖਰੀਦਦਾ ਹੈ। ਬਸ, ਦੋ ਚੀਜ਼ਾਂ ਖਰੀਦ ਲੈਂਦਾ ਹੈ, ਬਾਕੀ ਸਾਰੀਆਂ ਚੀਜ਼ਾਂ ਵੇਚੀ ਜਾਂਦਾ ਹੈ। ਸੋ, ਇਹ ਤਾਂ ਸਾਨੂੰ ਅੱਛੇ ਦਿਨ ਕੋਈ ਨਹੀਂ ਆਏ ਜੀ। ਉਨ੍ਹਾਂ ਦੇ ਹੀ ਅੱਛੇ ਦਿਨ ਹਨ, ਲੋਕਾਂ ਦੇ ਤਾਂ ਇਨ੍ਹਾਂ ਨੇ ਮਾੜੇ ਦਿਨ ਕਰ ਰੱਖੇ ਹਨ। ਸ਼ਾਇਦ, ਪੰਜਾਬ ਵਾਸਤੇ ਤਾਂ ਉਹ ਇਸ ਗੱਲ ਦਾ ਗੁੱਸਾ ਹੀ ਕਰ ਗਿਆ ਕਿ ਜਿਹੜਾ ਕਿਸਾਨ ਅੰਦੋਲਨ ਸੀ, ਉਸ ਨੂੰ ਪਹਿਲੀ ਵਾਰੀ ਯੂ-ਟਰਨ ਮਾਰਨਾ ਪੈ ਗਿਆ, ਨਹੀਂ ਉਹ ਕਿਸੇ ਗੱਲ ਤੋਂ ਮੁੜਦਾ ਨਹੀਂ ਹੈ। ਉਹ ਆਪਣੀ ਜ਼ਿੱਦ ਪੁਗਾਉਂਦਾ ਹੈ, ਉਦੋਂ ਉਸ ਨੂੰ ਝੁਕਣਾ ਪੈ ਗਿਆ। ਪ੍ਰਧਾਨ ਮੰਤਰੀ ਹੁਣ ਇਸ ਗੱਲ ਦੀ ਕਿੜ ਕੱਢ ਰਿਹਾ ਹੈ, ਪੰਜਾਬ ਨਾਲ ਇਸ ਗੱਲ ਦੀ ਕਿੜ ਕੱਢ ਰਿਹਾ ਹੈ।

ਉਹ, ਸੈਂਟਰ ਸਰਕਾਰ ਸਾਡਾ ਆਰ.ਡੀ.ਐਫ. ਦਾ ਪੈਸਾ ਰੋਕੀ ਬੈਠੇ ਹਨ, ਜੀ.ਐਸ.ਟੀ. ਦਾ ਸਾਡਾ ਪੈਸਾ ਰੋਕੀ ਬੈਠੇ ਹਨ, ਨੈਸ਼ਨਲ ਹੈਲਥ ਮਿਸ਼ਨ (ਐਨ.ਐਚ.ਐਮ.) ਦਾ ਸਾਡਾ ਪੈਸਾ ਰੋਕੀ ਬੈਠੇ ਹਨ। ਹਰ ਇੱਕ ਚੀਜ਼ ਤੇ ਕੱਟ ਲਗਾ ਰੱਖਿਆ ਹੈ। ਉਹ ਕਹਿੰਦੇ ਕਿ ਚੰਡੀਗੜ੍ਹ ਦੀ ਯੂਨੀਵਰਸਿਟੀ ਨੂੰ ਸੈਂਟਰ ਦੇ ਅਧੀਨ ਕਰਾਂਗੇ, ਕਹਿੰਦੇ ਚੰਡੀਗੜ੍ਹ ਸ਼ਹਿਰ ਨੂੰ ਬਦਲ ਦੇਵਾਂਗੇ ਅਤੇ ਇੱਥੇ ਉੱਪ-ਰਾਜਪਾਲ ਆ ਜਾਵੇਗਾ। ਕੋਈ ਚੀਜ਼ ਤਾਂ ਸਾਡੀ ਛੱਡ ਦੇਵੋ, ਯਾਰ। ਅਸੀਂ ਕੁਰਬਾਨੀਆਂ ਦੇ ਕੇ ਦੇਸ਼ ਲੈ ਕੇ ਦਿੱਤਾ ਹੈ ਅਤੇ ਤੁਸੀਂ ਪ੍ਰਧਾਨ ਮੰਤਰੀ ਬਣ ਕੇ ਸਾਨੂੰ ਹੀ ਪੈ ਨਿਕਲੇ। ਮੋਦੀ ਸਾਹਿਬ, ਤੁਸੀਂ ਜਿਹੜੀ ਟਾਹਣੀ ਤੇ ਬੈਠੇ ਹੋ, ਉਸ ਟਾਹਣੀ ਨੂੰ ਹੀ ਵੱਢੀ ਜਾਂਦੇ ਹੋ। ਦੇਸ਼ ਵਿੱਚ 2 ਬੰਦਿਆਂ ਤੋਂ ਬਿਨਾਂ ਕਿਸੇ ਦੀ ਚੱਲਦੀ ਹੀ ਨਹੀਂ ਹੈ।

ਸੀਵਰੇਜ ਦਾ ਢੱਕਣ ਬਦਲਣ ਲਈ ਵੀ ਹੋਮ ਮਨਿਸਟਰ ਨਾਲ ਗੱਲ ਕਰਨੀ ਪੈਂਦੀ ਹੈ। ਉੱਥੇ ਬਾਕੀ ਤਾਂ ਸਾਰੇ ਐਵੇਂ ਹੀ ਤੁਰੇ ਫਿਰਦੇ ਹਨ। ਉਨ੍ਹਾਂ ਦੇ ਕਿਸੇ ਮੰਤਰੀ ਦੀ ਕੱਖ ਵੀ ਨਹੀਂ ਚਲਦੀ। ਜੇ ਉਨ੍ਹਾਂ ਕੋਲ ਵੀ ਜਾਈਏ ਅਤੇ ਖੇਤੀਬਾੜੀ ਨਾਲ ਸਬੰਧਿਤ ਮੰਤਰਾਲੇ ਦੀ ਮੀਟਿੰਗ ਲੈ ਲਈਏ ਤਾਂ ਖੁਦ ਕੁਝ ਨਹੀਂ ਦੱਸਦੇ। ਇੱਕ ਵਾਰ ਅਸੀਂ ਖਾਦਾਂ, ਡੀ.ਏ.ਪੀ. ਆਦਿ ਬਾਰੇ ਦੀ ਗੱਲ ਕਰਨੀ ਸੀ। ਅਸੀਂ ਉੱਥੇ ਗਏ ਅਤੇ ਜਾ ਕੇ ਕਿਹਾ ਕਿ ਸਾਨੂੰ ਪੂਰੀ ਡੀ.ਏ.ਪੀ.ਖਾਦ ਦੇਵੋ ਅਤੇ ਸਾਡੇ ਸਟੋਰਾਂ ਵਿੱਚ ਪਏ ਅਨਾਜ ਦੇ ਸਟਾਕ ਨੂੰ ਚੁਕਵਾਓ ਜੀ, ਜੇ ਸਟੋਰਾਂ ਵਿੱਚ ਜਗ੍ਹਾ ਬਣੇਗੀ ਤਾਂ ਹੀ ਕਣਕ ਰੱਖਾ ਸਕਾਂਗੇ। ਉਹ ਕਹਿੰਦੇ, 'एक मिनट मैं आता हूँ।' ਉਹ ਅੰਦਰ ਫੋਨ ਕਰਨ ਚਲੇ ਗਏ, ਕਹਿੰਦੇ 'हाँ जी, बात हुई है, चुकवा देंगे।' ਮੈਂ ਕਿਹਾ ਜੀ ਇੱਕ ਆਹ ਕੰਮ ਵੀ ਕਰਨ ਵਾਲਾ ਹੈ, ਡੀ.ਏ.ਪੀ. ਦੇ ਨਾਲ 3-3 ਹੋਰ ਬੋਰੀਆਂ ਨੈਨੋ ਯੂਰੀਆ ਦੀਆਂ ਵੀ ਦਿੰਦੇ ਹਨ। ਉਹ ਫਿਰ ਕਹਿੰਦੇ, 'ਇੱਕ ਮਿੰਟ, ਮੈਂ ਆਇਆ।' ਫਿਰ ਉੱਥੇ ਹੀ ਫੋਨ ਕਰਨ ਚਲਾ ਗਿਆ। ਫਿਰ ਆਇਆ ਕਹਿੰਦਾ, 'हाँ जी, ये भी कर देंगे, लेकिन थोड़ा टाइम लगेगा।' ਮੈਂ ਕਿਹਾ ਜੀ ਸਾਡੀ ਬਾਸਮਤੀ ਤੇ ਐਮ.ਐਸ.ਪੀ. ਨੂੰ ਵਧਾਓ, ਸਭ ਤੋਂ ਵਧੀਆ ਬਾਸਮਤੀ ਚੌਲ ਪੂਰੀ ਦੁਨੀਆ ਵਿੱਚ ਸਾਡੇ ਹਨ। ਸਾਡੇ ਵਾਲੇ ਚੌਲ ਬਹੁਤ ਸੁਗੰਧੀਦਾਰ ਹਨ। ਉਹ ਕਹਿੰਦੇ, 'एक मिनट, पूछ के आता हूँ।' ਮੈਂ ਕਿਹਾ ਜੀ ਜੇ ਤੁਸੀਂ ਹਰ ਗੱਲ ਤੇ ਉੱਧਰ ਹੀ ਜਾਣਾ ਸੀ ਤਾਂ ਅਸੀਂ ਸਿੱਧਾ ਹੀ ਉੱਧਰ ਉਨ੍ਹਾਂ ਦੇ ਘਰ ਚਲੇ ਜਾਂਦੇ। ਉਹ ਹਰ ਗੱਲ ਉਨ੍ਹਾਂ ਨੂੰ ਪੁੱਛ ਕੇ ਕਰਦੇ ਹਨ ਜੀ। ਕਿਸੇ ਮੰਤਰੀ ਕੋਲ ਫਰੀ ਚਾਰਜ ਨਹੀਂ ਹੈ ਕਿ ਉਹ ਕੋਈ ਫੈਸਲਾ ਲੈ ਸਕਣ। ਪਹਿਲਾਂ ਤਾਂ ਕੈਬਨਿਟ ਗੁਲਾਮ ਹੈ, ਆਪ ਇਹ ਅਮਰੀਕਾ ਦੇ ਗੁਲਾਮ ਹਨ, ਕੀ ਰਹਿ ਗਿਆ ਜੀ ਫਿਰ? ਜਦੋਂ ਦੁਬਾਰਾ ਇਸ tenure ਲਈ ਟਰੰਪ ਨੇ ਸਹੁੰ ਚੁੱਕਣੀ ਸੀ ਤਾਂ ਸਾਡਾ ਵਿਦੇਸ਼ ਮੰਤਰੀ, ਸ੍ਰੀ ਜੈ ਸ਼ੰਕਰ ਅਮਰੀਕਾ ਵਿੱਚ 10 ਦਿਨ ਬੈਠਾ ਰਿਹਾ ਕਿ ਮੋਦੀ ਨੂੰ ਕਾਰਡ ਦੇ ਦਿਓ। ਉਹ ਕਹਿੰਦੇ ਕਿ ਮੋਦੀ ਨੂੰ ਬੁਲਾ ਲਵੋ ਪਰ ਉਹ ਕਹਿੰਦਾ ਕਿ ਅਸੀਂ ਨਹੀਂ ਬੁਲਾਉਂਦੇ। ਉਨ੍ਹਾਂ ਨੇ ਬੁਲਾਇਆ ਹੀ ਨਹੀਂ। ਉਂਝ ਜਾ ਕੇ ਉੱਥੇ ਕਹਿੰਦੇ ਹਨ ਕਿ ਮੇਰਾ ਦੋਸਤ ਹੈ, ਮੇਰਾ ਫਲਾਣਾ ਹੈ, ਮੇਰਾ ਟਿਮਕਣਾ ਹੈ। ਇਹ ਉੱਤੋਂ-ਉੱਤੋਂ ਗੱਲਾਂ ਕਰਨੀਆਂ, ਬੱਸ ਮੀਡੀਆ ਵਿੱਚ ਆ ਜਾਂਦਾ ਹੈ, ਮੀਡੀਆ ਨਾਲ ਜਾਂਦਾ ਹੈ। ਉੱਥੋਂ ਆ ਜਾਂਦਾ ਹੈ ਕਿ हमारे देश का डंका बज रहा है। कहाँ डंका बज रहा है? ਤੁਸੀਂ ਤਾਂ ਦੇਸ਼ ਦਾ ਵਾਜਾ ਵਜਾ ਕੇ ਰੱਖ ਦਿੱਤਾ ਹੈ। ਨਾ ਜੀ.ਡੀ.ਪੀ. ਪੱਖੋਂ, ਨਾ ਕਿਸੇ ਹੋਰ ਪੱਖੋਂ, ਕਿਸੇ ਪੱਖੋਂ ਤਾਂ ਕੋਈ ਤਰੱਕੀ ਕਰਦੇ ਹੋਈਏ? ਇਹੋ ਜਿਹੇ ਕਾਨੂੰਨ ਲਿਆ ਕੇ ਤੁਸੀਂ ਦੇਸ਼ ਨੂੰ ਵੇਚੀ ਜਾ ਰਹੇ ਹੋ? ਸਰ, ਇਹ ਐਫ.ਡੀ.ਆਈ. ਦੇ ਵਿਰੋਧੀ ਸਨ। ਆਉਣ ਸਾਰ, even defence ਵਿੱਚ ਵੀ 51 ਪਰਸੈਂਟ ਰਾਸ਼ੀ ਯੂਟੇਲਾਈਜ਼ ਕਰ ਦਿੱਤੀ ਹੈ ਮਤਲਬ ਕਿ ਚਾਈਨਾ ਵਾਲੇ ਕੀ ਕਰਨਗੇ, ਸਾਡੇ ਦੇਸ਼ ਵਿੱਚ ਹਥਿਆਰ ਵੇਚਣਗੇ ਅਤੇ ਜਦੋਂ ਉਨ੍ਹਾਂ ਨਾਲ ਲੜਾਂਗੇ ਤਾਂ ਉਨ੍ਹਾਂ ਦੇ ਹੀ ਹਥਿਆਰਾਂ ਨਾਲ ਲੜਾਂਗੇ। ਉਨ੍ਹਾਂ ਨੂੰ ਵੀ ਪਤਾ ਹੈ ਕਿ ਅਸੀਂ ਕਿਹੜੇ-ਕਿਹੜੇ ਹਥਿਆਰ ਵਿੱਚ ਚਿੱਪ ਲਗਾਈ ਹੈ। ਐਫ.ਡੀ.ਆਈ. ਡਿਫੈਂਸ ਵਿੱਚ ਵੀ ਆ ਗਈ ਹੈ ਅਤੇ ਸਾਡਾ ਕੁਝ ਵੀ secret ਨਹੀਂ ਰਿਹਾ ਹੈ। ਜਦੋਂ ਮੋਦੀ ਜੀ ਨੇ ਪਹਿਲਾਂ ਭਾਸ਼ਣ ਦਿੱਤਾ ਸੀ ਤਾਂ ਮੈਂ ਉਸ ਵੇਲੇ ਹਾਊਸ ਵਿੱਚ ਮੌਜੂਦ ਸੀ। ਉਨ੍ਹਾਂ ਨੇ ਕਿਹਾ ਸੀ ਕਿ ਮੈਂ ਮਗਨਰੇਗਾ ਖਤਮ ਨਹੀਂ ਕਰਾਂਗਾ, यह कांग्रेस की failure की निशानी है, इसको खत्म नहीं करूँगा। ਇਨ੍ਹਾਂ ਨੇ ਖਤਮ ਕਰ ਦਿੱਤੀ। ਕਾਂਗਰਸ ਮਗਨਰੇਗਾ ਦੀਆਂ ਰੈਲੀਆਂ ਕਰਦੀ ਫਿਰਦੀ ਹੈ। ਚੱਲੋ, ਇਹ ਅਲੱਗ ਗੱਲ ਹੈ ਕਿ ਜਿਸ ਨੇ ਪੰਜਾਬ ਵਿੱਚ ਰੈਲੀਆਂ ਕੀਤੀਆਂ ਸਨ, ਉਹ ਮਗਨਰੇਗਾ ਬਾਰੇ ਘੱਟ ਬੋਲਿਆ ਹੈ, ਮੇਰੇ ਬਾਰੇ ਵੱਧ ਬੋਲਿਆ ਹੈ। ਮੈਂ ਕਿਹਾ ਕਿ ਜੇਕਰ ਉਸ ਵਿੱਚ ਮਗਨਰੇਗਾ ਵੀ ਬੋਲ ਦਿਓਗੇ ਤਾਂ ਮੈਨੂੰ ਕੋਈ ਇਤਰਾਜ਼ ਨਹੀਂ ਹੈ। ਜਦੋਂ ਅਸੀਂ ਇੱਥੇ ਪ੍ਰਸਤਾਵ ਪਾਸ ਕੀਤਾ ਸੀ ਤਾਂ ਆਪਣੇ ਐਮ.ਐਲ.ਏ. ਸਾਹਿਬ, ਅਸ਼ਵਨੀ ਜੀ ਜਿਹੜੇ ਪਠਾਨਕੋਟ ਤੋਂ ਹਨ, ਉਹ ਮਗਨਰੇਗਾ ਦੀ ਬਜਾਏ 'ਮਾਰੇਗਾ' ਹੀ ਕਹਿ ਗਏ ਕਿ 'ਮਾਰੇਗਾ ਸਕੀਮ' ਹੈ, ਮੈਂ ਕਿਹਾ ਕਿ ਮਾਰਨ ਵਾਲੀ ਹੀ ਸਕੀਮ ਹੈ। ਇਨ੍ਹਾਂ ਦੇ ਦਿਮਾਗ਼ ਵਿੱਚ ਮਰਨਾ, ਲੜਨਾ, ਨਫ਼ਰਤ ਹੀ ਚੜ੍ਹੀ ਪਈ ਹੈ। ਉਹੀ ਇਹ ਬੋਲਦੇ ਰਹਿੰਦੇ ਹਨ।

ਸੋ, ਇਸ ਕਰਕੇ ਇਹ ਜਿਹੜਾ ਅਮਰੀਕਾ ਦਾ ਦਬਾਅ ਹੈ, ਵੱਡਾ ਸਵਾਲ ਇਹ ਹੈ ਕਿ ਇਹ ਕਿਉਂ ਹੋ ਰਿਹਾ ਹੈ। ਇਹ ਇੱਕ ਇਤਫਾਕ ਹੈ ਕਿ ਅਮਰੀਕਾ ਭਾਰਤ ਬਾਰੇ ਬਿਆਨ ਦੇ ਰਿਹਾ ਹੈ ਤੇ ਉਸ ਦੀ ਭਾਰਤ ਨੂੰ ਫ਼ੈਸਲਿਆਂ ਲਈ ਇਜਾਜ਼ਤ ਲੈਣੀ ਪੈਂਦੀ ਹੈ। ਮੈਂ ਇੱਕ ਵਾਰੀ ਫਿਰ ਕਹਿੰਦਾ ਹਾਂ ਕਿ ਦੇਸ਼ ਵਾਸ਼ਿੰਗਟਨ ਤੋਂ ਚੱਲ ਰਿਹਾ ਹੈ, ਵ੍ਹਾਈਟ ਹਾਊਸ ਤੋਂ ਚੱਲ ਰਿਹਾ ਹੈ। ਇੱਥੇ ਰਾਜ ਭਵਨ ਦਾ ਨਾਂ ਲੋਕ ਭਵਨ ਰੱਖ ਲਿਆ, ਪਤਾ ਨਹੀਂ ਕਿ ਰਾਜਪਾਲ ਦੇ ਨਾਂ ਤੇ ਰੱਖ ਲਿਆ। ਰੇਲਵੇ ਸਟੇਸ਼ਨ ਦਾ ਨਾਂ ਬਦਲ ਦਿਓ, ਸ਼ਹਿਰਾਂ ਦੇ ਨਾਂ ਬਦਲ ਦਿਓ, ਨਾਂ ਬਦਲਣ ਨਾਲ ਕੁਝ ਨਹੀਂ ਹੁੰਦਾ। ਉਨ੍ਹਾਂ ਦੀ ਤਸਵੀਰ ਬਦਲੋ, ਤਕਦੀਰ ਬਦਲੋ, ਜੇਕਰ ਬਦਲ ਸਕਦੇ ਹੋ। ਸੋ, ਲਗਾਇਆ ਤਾਂ ਇਸ ਕਰਕੇ ਅੱਗੇ ਸੀ ਕਿ ਸ਼ਾਇਦ ਗਰੀਬਾਂ ਦੀ ਗੱਲ ਸੁਣਨਗੇ ਪਰ ਗੱਲ ਨਹੀਂ ਬਣੀ ਜੀ। ਉਨ੍ਹਾਂ ਨੇ ਉਦਯੋਗਪਤੀਆਂ ਦੇ ਕਰਜ਼ੇ ਮੁਆਫ ਕਰ ਦਿੱਤੇ ਜਦੋਂ ਕਿ ਗਰੀਬੀ ਵਿਹੜਿਆਂ ਵਿੱਚ ਰਹਿੰਦੀ ਹੈ। ਸ਼ੀਸ਼ਿਆਂ ਉੱਤੇ ਧੂੜਾਂ ਜੰਮੀਆਂ, ਕੰਧਾਂ ਝਾੜੀ ਜਾਂਦੇ ਹਨ। ਗਰੀਬੀ ਵਿਹੜਿਆਂ ਵਿੱਚ ਹੈ, ਅਡਾਨੀਆਂ, ਅੰਬਾਨੀਆਂ ਦੇ ਕਰਜ਼ੇ ਮੁਆਫ਼ ਕਰ ਦਿੱਤੇ। ਸ਼ੀਸ਼ਿਆਂ ਉੱਤੇ ਧੂੜਾਂ ਜੰਮੀਆਂ, ਕੰਧਾਂ ਝਾੜੀ ਜਾਂਦੇ ਹਨ, ਜਿਲਦਾਂ ਸਾਂਭੀ ਜਾਂਦੇ ਹਨ, ਵਰਕੇ ਫਾੜੀ ਜਾਂਦੇ ਹਨ, ਜਿਉਂਦਿਆਂ ਦੇ ਗਲ ਲੀਰਾਂ ਲਮਕਣ, ਕੋਈ ਪੁੱਛਦਾ ਨਹੀਂ, ਮਰਿਆਂ ਉੱਤੇ ਤਿੱਲੇ ਜੜੀਆਂ ਚਾਦਰਾਂ ਚਾੜ੍ਹੀ ਜਾਂਦੇ ਹਨ। ਉਨ੍ਹਾਂ ਗਰੀਬਾਂ ਦੇ ਵੀ ਤੁਸੀਂ ਪ੍ਰਧਾਨ ਮੰਤਰੀ ਹੋ, ਉਨ੍ਹਾਂ ਨੂੰ ਜਵਾਬ ਤਾਂ ਦਿਓ, ਜਿਹੜੇ ਦੀਵਾਲੀ ਵਾਲੇ ਦਿਨ ਵੀ ਦਿਹਾੜੀਆਂ ਤੇ ਜਾਂਦੇ ਹਨ। ਗਰੀਬ ਦੀ ਕਾਹਦੀ ਦੀਵਾਲੀ ਹੁੰਦੀ ਹੈ। ਜੇਕਰ ਗਰੀਬ ਦਿਹਾੜੀ ਉੱਤੇ ਜਾਵੇਗਾ ਤਾਂ ਹੀ ਉਸ ਦਾ ਚੁੱਲ੍ਹਾ ਬਲੇਗਾ। ਗਰੀਬ ਦਾ ਬੱਚਾ ਤਾਂ ਦੂਜਿਆਂ ਦੀਆਂ ਆਤਿਸ਼ਬਾਜ਼ੀਆਂ, ਪਟਾਕੇ ਵੇਖ ਕੇ ਹੀ ਮਨ ਪਰਚਾਵਾ ਕਰ ਲੈਂਦਾ ਹੈ।

ਸੋ, ਜੇਕਰ ਗਰੀਬਾਂ ਦੀ ਕਿਸਮਤ ਬਦਲਣੀ ਹੈ ਤਾਂ ਪੜ੍ਹਾਈ ਤੇ ਖਰਚਾ ਕਰੋ। ਦੇਸ਼ ਨੂੰ ਪੜ੍ਹਾਈ ਦਾ ਬਜਟ ਦਿਓ, ਕੁਆਲਿਟੀ ਐਜੂਕੇਸ਼ਨ ਦਿਓ, ਹੈਲਥ ਤੇ ਖਰਚਾ ਕਰੋ। ਜਿਹੜੇ ਬਜ਼ੁਰਗ ਹਨ, ਉਹ ਆਪ ਕਹਿ ਦਿੰਦੇ ਹਨ ਕਿ ਮੇਰੇ ਤੇ ਖਰਚਾ ਨਾ ਕਰੋ, ਜਿਹੜੀ ਜ਼ਮੀਨ ਜਾਂ ਥੋੜ੍ਹੇ ਬਹੁਤ ਗਹਿਣੇ ਹਨ, ਉਹ ਵੀ ਵਿਕ ਜਾਣਗੇ। ਮੈਂ ਵੀ ਜਾਵਾਂਗਾ, ਘਰ ਵੀ ਨਾਲ ਲੈ ਜਾਵਾਂਗਾ। ਮੇਰੇ ਤੇ ਖਰਚਾ ਨਾ ਕਰਿਓ, ਮੈਂ ਮੰਜੇ ਤੇ ਪਿਆ ਹਾਂ। ਜਦੋਂ ਸਵਾਸ ਪੂਰੇ ਹੋਏ ਤਾਂ ਦਾਗ ਲਗਾ ਦਿਓ। ਆਹ ਹਾਲਾਤ ਦੇਸ਼ ਦੇ ਕਰ ਦਿੱਤੇ ਹਨ। ਇਨ੍ਹਾਂ ਨੇ ਕਦੇ ਜਹਾਜ਼ ਆਪ ਖਰੀਦ ਲਿਆ, ਆਪਣੇ ਨਾਂ ਤੇ ਵੱਡੇ-ਵੱਡੇ ਸਟੇਡੀਅਮ ਬਣਾ ਦਿੱਤੇ, ਬੁੱਤ ਲਗਾ ਦਿੱਤੇ। ਮੇਰੇ ਖਿਆਲ ਵਿੱਚ ਕੋਈ psychological ਪੰਗਾ ਪੈ ਗਿਆ ਹੈ। ਕਈ ਵਾਰ ਹੋ ਜਾਂਦਾ ਹੈ, ਬੰਦੇ ਨੂੰ ਇਹ ਹੁੰਦਾ ਹੈ ਕਿ ਮੈਂ ਅੱਗੇ ਆਉਣ ਵਾਲੇ ਟਾਈਮ ਤੇ ਸਿਲੇਬਸ ਵਿੱਚ ਪੜ੍ਹਾਇਆ ਜਾਵਾਂ। ਹਾਂ, ਹੁਣ ਪੇਪਰਾਂ ਵਿੱਚ ਸਵਾਲ ਆਉਣ, ਬੱਚਿਓ ਭਾਰਤ ਦੀ ਨਵੀਂ ਪਾਰਲੀਮੈਂਟ ਕਿਸ ਨੇ ਬਣਾਈ, ਸਹੀ ਜਵਾਬ ਨਰਿੰਦਰ ਮੋਦੀ, very good, ਪੰਜ ਨੰਬਰ। ਰਾਮ ਮੰਦਰ ਕਿਸ ਨੇ ਬਣਾਇਆ, ਨਰਿੰਦਰ ਮੋਦੀ, very good, ਦਸ ਨੰਬਰ। ਬੱਚੋ, ਉਸ ਕਾ ਨਾਂ ਬਦਲ ਕੇ ਕਿਸ ਨੇ ਰੱਖਿਆ ਸੀ, ਨਰਿੰਦਰ ਮੋਦੀ, very good। ਹਰ ਗੱਲ ਵਿੱਚ ਆਪਣਾ ਨਾਂ ਚਾਹੁੰਦੇ ਹਨ। ਚੰਗੇ ਕੰਮਾਂ ਨਾਲ ਵੀ ਨਾਂ ਹੋ ਜਾਂਦਾ ਹੈ। ਲੋਕ ਚੰਗੇ ਕੰਮ ਕਰਨ ਵਾਲਿਆਂ ਦੇ ਨਾਂ ਨੂੰ ਯਾਦ ਰੱਖਦੇ ਹਨ। ਵੈਸੇ ਤਾਂ ਬਦਨਾਮ ਬੰਦਿਆਂ ਦਾ ਨਾਂ ਵੀ ਬਹੁਤ ਰਹਿੰਦਾ ਹੈ ਪਰ ਜੇ ਚੰਗੇ ਪਾਸੇ ਕੰਮ ਕਰਕੇ ਨਾਂ ਕਮਾ ਲਵਾਂਗੇ ਤਾਂ ਚਾਰ ਬੰਦੇ ਯਾਦ ਕਰ ਲੈਣਗੇ। ਨਹੀਂ ਤਾਂ ਜਿਹੜੇ ਆਪਣੇ ਹੁੰਦੇ ਹਨ, ਇੱਕ ਕਹਾਵਤ ਹੈ ਕਿ-

ਪੈਰ ਪਸਾਰ ਪਿਆ ਵਿੱਚ ਵਿਹੜੇ, ਕਿੱਥੇ ਗਏ ਤੇਰੇ ਘਰ ਦੇ,
ਜਿਨ੍ਹਾਂ ਪਿੱਛੇ ਆਹ ਲੁੱਟ ਮਚਾਈ, ਉਹ ਹੁਣ ਚੱਕੋ-ਚੱਕੋ ਕਰਦੇ।

ਜਦੋਂ ਸਵਾਸ ਮੁੱਕ ਜਾਂਦੇ ਹਨ ਤਾਂ ਘਰ ਵਾਲੇ ਇੱਕ ਘੰਟਾ ਨਹੀਂ ਰੱਖਦੇ। ਉਹ ਵੀ ਕਹਿ ਦਿੰਦੇ ਹਨ ਕਿ ਕੋਟਫੱਤੇ ਵਾਲੀ ਭੂਆ ਪਰਸੋਂ ਆ ਜਾਈਂ, ਫੁੱਲ ਚੁਗਣੇ ਹਨ। ਉਹ ਕਹਿ ਦਿੰਦੀ ਹੈ, ਰੋਟੀ ਪਕਾਉਣੀ ਹੈ, ਜਵਾਕ ਭੁੱਖੇ ਹਨ। ਸੋ, ਇੱਥੇ

ਕੋਈ ਕਿਸੇ ਨੂੰ ਨਹੀਂ ਪੁੱਛਦਾ, ਕੌਣ ਕਿਸੇ ਨੂੰ ਦੇਖਦਾ ਹੈ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਚੰਗੇ ਕੰਮ ਕਰ ਜਾਵਾਂਗੇ ਤਾਂ 4 ਬੰਦੇ ਯਾਦ ਰੱਖ ਲੈਣਗੇ। ਸਿਕੰਦਰ ਵਰਗੇ ਵੀ ਗਏ ਹਨ ਪਰ ਦੁਨੀਆ ਤੋਂ ਖਾਲੀ ਹੱਥ ਹੀ ਗਏ ਹਨ।

ਇਸ ਕਰਕੇ ਮੈਂ ਪ੍ਰਧਾਨ ਮੰਤਰੀ ਨੂੰ ਬੇਨਤੀ ਕਰਦਾ ਹਾਂ ਕਿ ਕਿਰਪਾ ਕਰਕੇ ਦੇਸ਼ ਬਾਰੇ ਸੋਚੋ। ਤੁਸੀਂ ਵਿਦੇਸ਼ ਬਾਰੇ ਜ਼ਿਆਦਾ ਸੋਚਦੇ ਹੋ, ਦੇਸ਼ ਬਾਰੇ ਸੋਚੋ। ਦੇਸ਼ ਨੇ ਬੜੀਆਂ ਉਮੀਦਾਂ ਨਾਲ ਤੁਹਾਨੂੰ 2014 ਵਾਲੀ ਟਰਮ ਵੀ ਦਿੱਤੀ, 2019 ਵਾਲੀ ਵੀ ਦਿੱਤੀ, 2024 ਵਾਲੀ ਵੀ ਦਿੱਤੀ। ਤੁਸੀਂ ਤਿੰਨ ਟਰਮਾਂ ਵਾਲੇ ਹੋ ਗਏ ਪਰ ਸਿਰਫ ਪਾਰਟੀਆਂ ਤੋੜਨ ਵੱਲ ਤੁਹਾਡਾ ਧਿਆਨ ਹੈ। ਇਸ ਪਾਰਟੀ ਦਾ ਐਮ.ਐਲ.ਏ. ਪੁੱਟ ਲਓ, ਇਸ ਪਾਰਟੀ ਦਾ ਐਮ.ਪੀ. ਪੁੱਟ ਲਓ, ਇਸ ਪਾਰਟੀ ਦਾ ਚੋਣ ਨਿਸ਼ਾਨ ਖੋਹ ਲਓ, ਇਸ ਨੂੰ ਅੰਦਰ ਕਰ ਦਿਓ, ਇਸ ਨੂੰ ਤੋੜ ਦਿਓ, ਇਸ ਨੂੰ ਜੋੜ ਦਿਓ। ਇਹ ਕਿਹੜੇ ਚੱਕਰਾਂ ਵਿੱਚ ਪਏ ਹੋਏ ਹੋ, ਤੁਸੀਂ ਦੇਸ਼ ਚਲਾਓ। ਜੇ ਮੋਦੀ ਦੇ ਖਿਲਾਫ਼ ਬੋਲੀਏ ਤਾਂ ਮੀਡੀਆ ਕਹਿੰਦਾ ਹੈ ਇਹ ਭਾਰਤ ਵਿਰੋਧੀ ਹੈ, ਇਹ ਰਾਸ਼ਟਰਵਾਦੀ ਬੰਦਾ ਨਹੀਂ ਹੈ, ਉਹ ਕਹਿੰਦੇ ਹਨ ਕਿ ਇਸ ਕੋ ਤੋ ਪਾਕਿਸਤਾਨ ਚਲਾ ਜਾਨਾ ਚਾਹੀਏ। ਸਪੀਕਰ ਸਾਹਿਬ, ਸ਼੍ਰੀ ਨਰਿੰਦਰ ਮੋਦੀ ਜੀ ਦੇਸ਼ ਦੇ ਪ੍ਰਧਾਨ ਮੰਤਰੀ ਹਨ, ਉਹ ਭਾਰਤ ਨਹੀਂ ਹਨ, ਉਹ ਦੇਸ਼ ਨਹੀਂ ਹਨ। ਉਹ ਦੇਸ਼ ਦੇ ਪ੍ਰਧਾਨ ਮੰਤਰੀ ਹਨ। ਉਨ੍ਹਾਂ ਦੀ ਆਲੋਚਨਾ ਕਰਨ ਦਾ ਮਤਲਬ ਦੇਸ਼ ਦੀ ਆਲੋਚਨਾ ਕਰਨਾ ਨਹੀਂ ਹੈ, ਦੇਸ਼ ਦੇ ਵਿਰੁੱਧ ਗੱਦਾਰੀ ਨਹੀਂ ਹੈ। ਉਨ੍ਹਾਂ ਦੀ ਆਲੋਚਨਾ ਕਰਨਾ ਡੈਮੋਕ੍ਰੇਟਿਕ ਰਾਈਟ ਹੈ। ਉਹ ਚੁਣੇ ਹੋਏ ਹਨ, ਪਹਿਲਾਂ ਤਾਂ ਉਹ ਐਮ.ਪੀ. ਹਨ। ਸੋ, ਚੁਣੇ ਹੋਏ ਨੂੰ ਅਸੀਂ ਬੋਲ ਸਕਦੇ ਹਾਂ, ਪੁੱਛ ਸਕਦੇ ਹਾਂ, ਆਲੋਚਨਾ ਕਰ ਸਕਦੇ ਹਾਂ ਪਰ ਨਹੀਂ, ਕਹਿੰਦੇ ਸਾਡੇ ਵਿਰੁੱਧ ਨਾ ਬੋਲੋ। ਜਿਹੜਾ ਉਨ੍ਹਾਂ ਨੂੰ ਬੋਲਿਆ, ਉਸ ਖਿਲਾਫ ਈ.ਡੀ., ਸੀ.ਬੀ.ਆਈ. ਛਾਪੇ ਮਾਰਦੀ ਹੈ। ਜਦੋਂ ਉਹੀ ਬੰਦਾ ਬੀ.ਜੇ.ਪੀ. ਜੁਆਇਨ ਕਰ ਲੈਂਦਾ ਹੈ ਤਾਂ ਬਿਲਕੁਲ ਸਹੀ ਹੋ ਜਾਂਦਾ ਹੈ। ਕੈਪਟਨ ਸਾਹਿਬ ਬਿਲਕੁਲ ਸਹੀ ਹੋ ਗਏ, ਸਾਰਾ ਕੁਝ ਠੀਕ ਹੋ ਗਿਆ। ਇੱਥੇ ਹੀ ਕੈਪਟਨ ਸਾਹਿਬ ਬਹਿੰਦੇ ਹੁੰਦੇ ਸੀ। ਮੈਂ ਤਾਂ ਆਪ ਕਹਿੰਦਾ ਹਾਂ ਕਿ ਇਹ ਸੀਟ ਚੇਂਜ ਕਰਵਾਈਏ ਕਿਉਂਕਿ ਇੱਥੇ ਬੈਠ ਕੇ ਝੂਠ ਬੋਲਦੇ ਰਹੇ ਹਨ। ਇੱਥੇ ਬਹਿ ਕੇ ਪਤਾ ਨਹੀਂ ਕਿਹੜੇ-ਕਿਹੜੇ ਕਾਨੂੰਨ ਬਣਾਉਂਦੇ ਰਹੇ ਹਨ। ਸੋ, ਉਹ ਹੁਣ ਉਧਰ ਚਲੇ ਗਏ। ਸਾਰੀ ਕਾਂਗਰਸ ਉੱਧਰ ਚਲੀ ਗਈ। ਪ੍ਰਧਾਨ ਚਲਾ ਗਿਆ, ਮੁੱਖ ਮੰਤਰੀ ਚਲਾ ਗਿਆ, ਬਿੱਟੂ ਹੋਰੀਂ ਚਲੇ ਗਏ, ਬਾਜਵਾ ਸਾਹਿਬ ਦੇ ਭਰਾ ਚਲੇ ਗਏ, ਮਨਪ੍ਰੀਤ ਬਾਦਲ ਉੱਧਰ ਹੀ ਫਿਰਦਾ ਹੈ। ਮਤਲਬ ਪੰਜਾਬ ਵਿੱਚ ਭਾਜਪਾ ਦੀ ਕਾਂਗਰਸ ਇਕਾਈ ਹੈ। ਇਹ ਮੂਹਰੇ ਬੈਠੇ ਹੁੰਦੇ ਹਨ ਅਤੇ ਆਪਣੇ ਮਨੋਰੰਜਨ ਕਾਲੀਆ ਜੀ ਪਿੱਛੇ ਬੈਠੇ ਹੁੰਦੇ ਹਨ। ਉਹ ਕਹਿੰਦੇ ਹਨ ਕਿ ਅਸੀਂ ਤਾਂ ਪਿੱਛੇ ਹੀ ਰਹਿ ਗਏ। ਜਿਵੇਂ ਡਿਸਕਵਰੀ ਚੈਨਲ ਤੇ ਦੇਖਦੇ ਹੋਵੋਗੇ ਜਾਂ ਜਿਓਗਰਾਫੀਕਲ ਚੈਨਲ ਤੇ ਦੇਖਦੇ ਹੋਵੋਗੇ, 15-16 ਸ਼ੇਰ ਕੀ ਕਰਦੇ ਹਨ ਕਿ ਬੜੀ ਪਲਾਨਿੰਗ ਨਾਲ ਇੱਧਰੋਂ-ਉੱਧਰੋਂ ਇਕੱਠੇ ਹੋ ਕੇ ਇੱਕ ਹਿਰਨ ਨੂੰ ਘੇਰ ਕੇ ਮਾਰ ਕੇ ਹਾਲੇ ਇੱਕ-ਇੱਕ ਬੁਰਕੀ ਹੀ ਲਾਹੁੰਦੇ ਹਨ ਕਿ ਉੱਧਰੋਂ ਲੱਕੜਬੱਗੇ ਆ ਜਾਂਦੇ ਹਨ। ਉਹ ਸਾਰੇ ਇਕੱਠੇ ਹੋ ਕੇ, ਆਉਂਦੇ ਵੀ 40-50 ਹਨ ਅਤੇ ਸ਼ੇਰਾਂ ਨੂੰ ਭਜਾ ਦਿੰਦੇ ਹਨ। ਫਿਰ ਸ਼ੇਰ ਦੂਰ ਬੈਠਾ ਦੇਖਦਾ ਹੈ, ਲਾਲ ਜਿਹਾ ਮੂੰਹ ਹੁੰਦਾ ਹੈ, ਜੀਭ ਫੇਰ ਕੇ ਚੈੱਕ ਕਰਦਾ ਰਹਿੰਦਾ ਹੈ ਅਤੇ ਨਾਲੇ ਸੋਚਦਾ ਹੈ ਕਿ ਇਹ ਸ਼ਿਕਾਰ ਮੈਂ ਮਾਰਿਆ ਸੀ ਤੇ ਖਾਈ ਇਹ ਜਾਂਦੇ ਹਨ। ਸੋ, ਉਹੀ ਗੱਲ ਹੈ, ਵਿਚਾਰੇ ਪੰਜਾਬ ਦੀ ਬੀ.ਜੇ.ਪੀ. ਵਾਲੇ ਇਵੇਂ ਹੀ ਦੇਖੀ ਜਾਂਦੇ ਹਨ ਕਿ ਅਸੀਂ ਵੀ ਪ੍ਰਧਾਨ ਹੁੰਦੇ ਸੀ, ਉੱਧਰੋਂ ਇਹ ਲੱਕੜਬੱਗੇ ਜਿਹੇ ਆ ਗਏ (ਹਾਸਾ) ਤੇ ਆ ਕੇ ਕਬਜ਼ਾ ਕਰਕੇ ਬਹਿ ਗਏ। (ਥੰਪਿੰਗ) ਸੋ, ਮੈਂ ਇਹੀ ਕਹਿੰਦਾ ਹਾਂ ਕਿ ਕਾਂਗਰਸ ਤੋਂ ਦੇਸ਼ ਨੂੰ ਛੁਡਾਈਏ ਤੇ ਉਸ ਤੋਂ ਬਾਅਦ ਮੋਦੀ ਤੋਂ ਦੇਸ਼ ਨੂੰ ਛੁਡਾਈਏ। ਸਾਡੀ ਆਮ ਆਦਮੀ ਪਾਰਟੀ ਨੈਸ਼ਨਲ ਪਾਰਟੀ ਹੈ, ਉਨ੍ਹਾਂ ਨੇ ਝੂਠੇ ਕੇਸ ਪਾ ਕੇ ਕੇਜਰੀਵਾਲ ਜੀ ਨੂੰ, ਸਿਸੋਦੀਆ ਸਾਹਿਬ ਨੂੰ ਅੰਦਰ ਕੀਤਾ ਸੀ। ਕਿਸੇ ਨੂੰ ਦੋ ਸਾਲ, ਕਿਸੇ ਨੂੰ ਛੇ ਮਹੀਨੇ ਅਤੇ ਕਿਸੇ ਨੂੰ ਸੱਤ ਮਹੀਨੇ ਸਜ਼ਾ ਤੇ ਬਾਅਦ ਵਿੱਚ ਕੋਰਟ ਨੇ ਕਹਿ ਦਿੱਤਾ ਕਿ ਮੁਕੱਦਮਾ ਹੀ ਨਹੀਂ ਬਣਦਾ। ਬਰੀ ਤਾਂ ਤਦ ਹੋਵੋਗੇ ਜੇ ਮੁਕੱਦਮਾ ਚੱਲੇਗਾ। ਉਹ ਕਹਿੰਦੇ ਕਿ ਮੁਕੱਦਮਾ ਹੀ ਨਹੀਂ ਬਣਦਾ। (ਥੰਪਿੰਗ) ਤੁਸੀਂ ਵੈਸੇ ਹੀ ਅੰਦਰ ਕਰ ਦਿੱਤੇ। ਇਵੇਂ ਕਰ ਲਓ ਕਿ

ਵੋਟਾਂ ਤੋਂ ਤਿੰਨ ਮਹੀਨੇ ਪਹਿਲਾਂ ਚੁੱਕ ਕੇ ਅੰਦਰ ਮਾਰੋ, ਕੋਰਟ ਤੋਂ 4-5 ਲੰਬੀਆਂ ਡੇਟਾਂ ਲੈ ਲਓ, ਇੰਨੇ ਨੂੰ ਇਲੈਕਸ਼ਨਾਂ ਹਾਰ ਜਾਉਗੇ, ਉਸ ਤੋਂ ਬਾਅਦ ਬਰੀ ਹੋ ਜਾਓ, ਅਸੀਂ ਕੀ ਕਰੀਏ? ਬਰੀ ਹੋ ਗਏ।

ਸੋ, ਇਨ੍ਹਾਂ ਕੰਮਾਂ ਵੱਲ ਧਿਆਨ ਦੇਣ ਦੀ ਬਜਾਏ ਦੇਸ਼ ਦੇ ਕੰਮਾਂ ਵੱਲ ਧਿਆਨ ਦਿਓ। ਠੀਕ ਹੈ, ਵਿਰੋਧੀ ਪਾਰਟੀਆਂ ਤੋਂ ਤੁਸੀਂ ਜਿੱਤੇ ਹੋ, ਤੁਹਾਡੇ ਕੋਲ ਪ੍ਰਚੰਡ ਬਹੁਮਤ ਹੈ, ਲੋਕਾਂ ਦਾ ਫਤਵਾ ਸਿਰ ਮੱਥੇ ਹੈ ਪਰ ਜੇ ਕੋਈ ਸਵਾਲ ਉੱਠਦਾ ਹੈ, ਜੇ ਈ.ਵੀ.ਐਮ. ਤੇ ਸਵਾਲ ਉੱਠਦਾ ਹੈ, ਬੀ.ਜੇ.ਪੀ. ਉਸ ਦੇ ਹੱਕ ਵਿੱਚ ਕਿਉਂ ਆ ਜਾਂਦੀ ਹੈ? ਜੇ ਬੀ.ਜੇ.ਪੀ. ਨੂੰ ਮੋਦੀ ਦੀ ਲਹਿਰ ਤੇ ਇੰਨਾ ਯਕੀਨ ਹੈ ਤਾਂ ਕਹਿਣ ਕਿ ਜਿਵੇਂ ਮਰਜ਼ੀ ਵੋਟਾਂ ਪੁਆ ਲਓ, ਅਸੀਂ ਤਾਂ ਮੋਦੀ ਦੇ ਨਾਂ ਤੇ ਜਿੱਤਾਂਗੇ। ਜੇ ਕਹਿ ਦੇਈਏ ਕਿ ਸਾਨੂੰ ਈ.ਵੀ.ਐਮ. ਤੇ ਥੋੜ੍ਹਾ ਜਿਹਾ ਸ਼ੱਕ ਹੈ ਤਾਂ ਕਹਿਣਗੇ ਕਿ ਨਾ-ਨਾ, ਈ.ਵੀ.ਐਮ. ਠੀਕ ਹੈ। ਫੇਰ ਇਹ ਕਿਉਂ ਈ.ਵੀ.ਐਮ. ਦੇ ਹੱਕ ਵਿੱਚ ਆ ਜਾਂਦੇ ਹਨ? ਹੁਣ ਜਦੋਂ ਐਸ.ਆਈ.ਆਰ. ਤੇ ਸਵਾਲ ਉੱਠਦੇ ਹਨ ਤਾਂ ਇਹ ਸਾਰੇ ਉਸ ਦੇ ਹੱਕ ਵਿੱਚ ਕਿਉਂ ਆ ਜਾਂਦੇ ਹਨ? ਐਸ.ਆਈ.ਆਰ ਉੱਥੇ-ਉੱਥੇ ਕਿਉਂ ਹੋ ਰਹੀ ਹੈ, ਜਿੱਥੇ-ਜਿੱਥੇ ਨਾਨ-ਬੀ.ਜੇ.ਪੀ ਸਰਕਾਰ ਹੈ? ਮਮਤਾ ਬੈਨਰਜੀ ਨੂੰ ਧਰਨੇ ਦੇਣੇ ਪੈ ਰਹੇ ਹਨ ਕਿ ਤੁਸੀਂ ਲੋਕਾਂ ਦੀਆਂ ਵੋਟਾਂ ਕੱਟ ਰਹੇ ਹੋ। ਸੋ, ਵਿਰੋਧੀਆਂ ਦੀਆਂ ਵੋਟਾਂ ਕੱਟ ਦਿਓ ਤੇ ਆਪਣਿਆਂ ਦੀਆਂ ਜਾਅਲੀ ਬਣਾ ਲਓ। ਵੋਟਾਂ ਦੀਆਂ ਟ੍ਰੇਨਾਂ ਭਰੀ ਫਿਰਦੇ ਹਨ, ਜਿੱਥੇ-ਜਿੱਥੇ ਵੋਟਾਂ ਪੈਂਦੀਆਂ ਹਨ, ਉਥੇ ਲੈ ਜਾਂਦੇ ਹਨ। ਉਥੇ ਵੋਟਾਂ ਪੁਆ ਕੇ ਸਟੇਟਾਂ ਵਿੱਚ ਲੈ ਜਾਂਦੇ ਹਨ, ਉਨ੍ਹਾਂ ਨੇ ਆਪਣੀ ਡਿਜੀਟਲ ਜਨਤਾ ਬਣਾ ਲਈ ਹੈ। ਸੋ, ਪਬਲਿਕ ਦਾ ਮੈਨਡੇਟ ਹੈ, ਇਹ ਬਹੁਤ ਵੱਡਾ ਲੋਕਤੰਤਰ ਹੈ। ਇਸ ਨੂੰ ਨਾ ਵੇਚੋ, ਵਿਦੇਸ਼ਾਂ ਕੋਲ ਗਹਿਣੇ ਨਾ ਧਰੋ। ਜੇ ਟਰੰਪ ਕੁਝ ਕਹਿੰਦਾ ਹੈ, ਮਿਸਗਾਈਡ ਕਰਦਾ ਹੈ ਜਾਂ ਤੁਹਾਨੂੰ ਬਲੈਕਮੇਲ ਕਰਦਾ ਹੈ ਤਾਂ ਦੇਸ਼ ਨੂੰ ਦੱਸ ਦਿਓ। ਦੇਸ਼ ਬਹੁਤ ਕਾਬਲ ਹੈ। ਸਾਡਾ ਅਮਰੀਕਾ ਤੋਂ ਬਿਨਾ ਵੀ ਕੰਮ ਚੱਲ ਜਾਵੇਗਾ ਪਰ ਕਿਤੇ ਆਪਣਾ ਨੇਪਾਲ ਵਾਲਾ ਹਾਲ ਨਾ ਹੋ ਜਾਵੇ।

ਪਰਸੋਂ ਰਿਜ਼ਲਟ ਆਏ ਹਨ। 35 ਸਾਲ ਦਾ ਮੁੰਡਾ, ਉਹ ਵੀ ਮੇਰੇ ਵਾਂਗ ਪਹਿਲਾਂ ਪੁਲੀਟੀਕਲ ਗੀਤ ਹੀ ਗਾਉਂਦਾ ਸੀ, ਬਾਲਨ ਸ਼ਾਹ, ਉਹ ਹੁਣ ਨੇਪਾਲ ਦਾ ਪ੍ਰਧਾਨ ਮੰਤਰੀ ਬਣੇਗਾ। ਲੋਕਾਂ ਨੇ ਹੂੰਝਾ ਫੇਰ ਕੇ ਰੱਖ ਦਿੱਤਾ, ਇਕਦਮ ਪਾਸਾ ਹੀ ਪਲਟ ਦਿੱਤਾ। ਜਿਵੇਂ ਆਪਣੇ 92 ਮੈਂਬਰ ਆ ਗਏ ਸੀ। ਠੀਕ ਹੈ ਜੀ। ਤੁਸੀਂ 2-4 ਹੀ ਰਹਿ ਗਏ ਹੋ, ਤੁਹਾਡੀ ਕਿਸਮਤ ਹੈ, ਕੀ ਪਤਾ ਤੁਸੀਂ ਪੁਰਾਣੇ ਜਨਮਾਂ ਦੇ ਕੋਈ ਪੁੰਨ ਕੀਤੇ ਹੋਣਗੇ, ਕੋਈ ਚੌਲ ਵਗੈਰਾ ਦਾਨ ਕਰ ਦਿੱਤੇ ਹੋਣੇ। ਮੈਨੂੰ ਲੱਗਦਾ ਹੈ ਕਿ ਰਾਣਾ ਜੀ ਨੇ ਤਾਂ ਡਬਲ ਚੌਲ ਪਾਏ ਹੋਣੇ ਕਿਉਂਕਿ ਇਨ੍ਹਾਂ ਦਾ ਮੁੰਡਾ ਵੀ ਇੱਥੇ ਬੈਠਾ ਹੈ। ਇਹ ਚੌਲ ਅਤੇ ਮੱਕੀ ਆਦਿ ਤਾਂ ਦਾਨ ਕਰਦੇ ਹੀ ਰਹਿੰਦੇ ਹਨ ਤਾਂ ਕਰਕੇ ਇਨ੍ਹਾਂ ਦਾ ਬਚਾਅ ਹੋ ਗਿਆ, ਨਹੀਂ ਤਾਂ ਉਦੋਂ ਸਭ ਵੱਡੇ-ਵੱਡੇ ਵੀ ਰਗੜੇ ਗਏ ਸੀ, ਉਨ੍ਹਾਂ ਦੇ ਅਜੇ ਤੱਕ ਵੀ ਫੱਟ ਠੀਕ ਨਹੀਂ ਹੋਏ ਪਰ ਠੀਕ ਹੈ ਜਿੰਨੇ ਕੁ ਵੀ ਤੁਸੀਂ ਹੋ। ਮੈਨੂੰ ਕੱਲ੍ਹ ਆਸਟਰੇਲੀਆ ਵਾਲਿਆਂ ਨੇ ਪੁੱਛਿਆ ਕਿ ਇੱਧਰਲਾ ਆਪੋਜ਼ੀਸ਼ਨ ਬੈਂਚਿਜ਼ ਵਾਲਾ ਪਾਸਾ ਖਾਲੀ ਕਿਉਂ ਸੀ। ਮੈਂ ਉਨ੍ਹਾਂ ਨੂੰ ਕਿਹਾ ਕਿ ਇੱਧਰਲਾ ਪਾਸਾ ਭਰਿਆ ਹੋਇਆ ਹੀ ਸੀ, ਉਹ ਬੱਸ ਇੰਨੇ ਕੁ ਹੀ ਹਨ। ਮੈਂ ਉਨ੍ਹਾਂ ਨੂੰ ਕਿਹਾ ਕਿ ਇੱਧਰਲਾ ਸੱਜੇ ਵਾਲਾ ਪਾਸਾ ਦੇਖਿਆ ਕਰੋ ਕਿ ਕਿਵੇਂ ਭਰਿਆ ਪਿਆ ਹੈ। ਸੋ, ਤੁਸੀਂ ਜਿੰਨੇ ਕੁ ਵੀ ਹੋ, ਸਾਨੂੰ ਤਾਂ ਉਨਿਆਂ ਨਾਲ ਹੀ ਵਧੀਆ ਲੱਗਦਾ ਹੈ ਪਰ ਤੁਸੀਂ ਸੀਟਾਂ ਤੇ ਬਹਿ ਜਾਇਆ ਕਰੋ, ਜਿਵੇਂ ਅੱਜ ਬੈਠੇ ਹੋ। ਫਿਰ ਬੋਲਣ ਦਾ ਵੀ ਨਜ਼ਾਰਾ ਆਉਂਦਾ ਹੈ। ਖਾਲੀ ਸੀਟਾਂ ਮੂਹਰੇ ਕੀ ਬੋਲੀਏ? ਖੈਰ, ਤੁਸੀਂ (ਰਾਣਾ ਗੁਰਜੀਤ ਸਿੰਘ ਨੂੰ ਮੁਖਾਤਬ ਹੁੰਦੇ ਹੋਏ) ਤਾਂ ਕੱਲ੍ਹ ਵੀ ਸਮਝਾਉਂਦੇ ਸੀ ਕਿ ਪ੍ਰਤਾਪ ਨਾ ਪੰਗੇ ਲੈ। ਆਪਾਂ ਗੱਲਾਂ ਵਿੱਚ ਇਨ੍ਹਾਂ ਕੋਲੋਂ ਨਹੀਂ ਜਿੱਤ ਸਕਦੇ। ਆ ਜਾ ਚੱਲੀਏ, ਘਰੇ ਚੱਲੀਏ। (ਹਾਸਾ) ਪਰ ਇਹ ਤੁਹਾਡੀ ਮੰਨਦੇ ਨਹੀਂ। ਕਰੀਏ ਕੀ? ਪਰ ਕੋਈ ਗੱਲ ਨਹੀਂ, ਅਸੀਂ ਤੁਹਾਡਾ ਸਵਾਗਤ ਕਰਦੇ ਹਾਂ। ਤੁਸੀਂ ਬੋਲੋ, ਦੇਸ਼ ਦੇ ਹਿੱਤ ਵਿੱਚ ਬੋਲੋ। ਇਹੋ-ਜਿਹੇ ਮੁੱਦਿਆਂ ਉੱਤੇ ਪਾਰਟੀ ਪੱਧਰ ਤੋਂ ਉਪਰ ਉੱਠ ਕੇ, ਪਾਲੀਟਿਕਸ ਲੈਵਲ ਤੋਂ ਉੱਪਰ

ਉੱਠ ਕੇ ਆਪਣਾ ਦੇਸ਼ ਪ੍ਰਤੀ ਫਰਜ਼ ਬਣਦਾ ਹੈ। ਮੈਂ, ਸਰਦਾਰ ਭਗਤ ਸਿੰਘ ਹੁਰਾਂ ਦੇ ਸ਼ੇਅਰ ਨਾਲ ਆਪਣੀ ਗੱਲ ਖਤਮ ਕਰਾਂਗਾ। ਸਰਦਾਰ ਭਗਤ ਸਿੰਘ ਨੇ ਲਿਖਿਆ ਹੈ:-

इश्क करना सबका पैदाइशी हक है,
इश्क करना सबका पैदाइशी हक है,
क्यों ना इस बार वतन की सरजमीं को
महबूब बना लिया जाए।

ਸੋ, ਆਪਾਂ ਵਤਨ ਦੀ ਸਰਜ਼ਮੀਨ ਨੂੰ ਪਿਆਰ ਕਰਕੇ, ਇਸ ਦੇਸ਼ ਨੂੰ ਦੁਬਾਰਾ ਸੋਨੇ ਦੀ ਚਿੜੀ ਬਣਾਈਏ। ਫਿਰ ਸਾਨੂੰ ਲੋਕ ਇਤਿਹਾਸ ਵਿੱਚ ਯਾਦ ਰੱਖ ਲੈਣਗੇ। ਨਹੀਂ ਤਾਂ ਸਿਕੰਦਰ ਵਰਗੇ ਬੜੇ ਵੱਡੇ-ਵੱਡੇ ਇੱਥੇ ਆਏ ਅਤੇ ਤੁਰ ਗਏ। ਸੋ, ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ। ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਇਸ ਮਤੇ ਦੇ ਹੱਕ ਵਿੱਚ ਖੜ੍ਹਾ ਹੋਇਆ ਹਾਂ। ਟਰੇਡ ਸਮਝੌਤੇ ਦੀ ਜ਼ਬਰਦਸਤ ਨਿੰਦਾ ਕਰਨੀ ਚਾਹੀਦੀ ਹੈ ਔਰ ਕਿਸਾਨ ਯੂਨੀਅਨਾਂ ਜਾਂ ਜਿਹੜੇ ਵੀ ਕਿਸਾਨ ਬੁੱਧੀਜੀਵੀ ਹਨ, ਕਿਸਾਨੀ ਸਪੈਸ਼ਲਿਸਟ ਲੋਕ ਹਨ, ਉਨ੍ਹਾਂ ਸਭ ਨੂੰ ਵੀ ਇੱਕ ਆਵਾਜ਼ ਬਣ ਕੇ ਦਿੱਲੀ ਦੇ ਕੰਨਾਂ ਦੇ ਵਿੱਚ ਇਹ ਗੱਲ ਪਹੁੰਚਾਉਣੀ ਚਾਹੀਦੀ ਹੈ। ਤੁਹਾਡਾ ਬਹੁਤ-ਬਹੁਤ ਧੰਨਵਾਦ। ਬਹੁਤ-ਬਹੁਤ ਮਿਹਰਬਾਨੀ ਜੀ। (ਥੰਪਿੰਗ)

**ਮਾਣਯੋਗ ਸਪੀਕਰ:** ਬਹੁਤ ਧੰਨਵਾਦ, ਮੁੱਖ ਮੰਤਰੀ ਸਾਹਿਬ। ਪ੍ਰਸ਼ਨ ਹੈ ਕਿ-

"ਹਾਲ ਹੀ ਵਿੱਚ ਭਾਰਤ ਦੇਸ਼ ਬਾਰੇ ਅਮਰੀਕਾ ਸਰਕਾਰ ਵੱਲੋਂ ਜਿਹੜੇ ਤਰੀਕੇ ਨਾਲ ਬਿਆਨ ਦਿੱਤੇ ਗਏ ਹਨ, ਉਹ ਬਹੁਤ ਹੀ ਚਿੰਤਾਜਨਕ ਹਨ। ਅਜਿਹਾ ਲੱਗਦਾ ਹੈ ਜਿਵੇਂ ਭਾਰਤ ਕੋਈ ਆਜ਼ਾਦ ਅਤੇ ਪ੍ਰਭੂਸੱਤਾ ਸੰਪੰਨ ਰਾਸ਼ਟਰ ਨਹੀਂ, ਸਗੋਂ ਅਮਰੀਕਾ ਦੀ ਕੋਈ ਬਸਤੀ ਹੋਵੇ।

ਪਿਛਲੇ ਕੁਝ ਦਿਨਾਂ ਵਿੱਚ ਅਮਰੀਕਾ ਸਰਕਾਰ ਦੇ ਪ੍ਰਤੀਨਿਧੀਆਂ ਨੇ ਭਾਰਤ ਦੇ ਸਬੰਧ ਵਿੱਚ ਕਈ ਅਜਿਹੇ ਬਿਆਨ ਦਿੱਤੇ ਹਨ, ਜਿਨ੍ਹਾਂ ਨਾਲ ਪੂਰੇ ਦੇਸ਼ ਦੀ ਜਨਤਾ, ਖਾਸ ਕਰਕੇ ਪੰਜਾਬ ਦੇ ਲੋਕਾਂ ਵਿੱਚ ਗਹਿਰੀ ਚਿੰਤਾ ਪੈਦਾ ਹੋਈ ਹੈ। ਕਦੇ ਇਹ ਕਿਹਾ ਜਾਂਦਾ ਹੈ ਕਿ ਭਾਰਤ ਨੂੰ ਰੂਸ ਤੋਂ ਤੇਲ ਖਰੀਦਣ ਦੀ ਇਜਾਜ਼ਤ ਕੇਵਲ ਤੀਹ ਦਿਨਾਂ ਲਈ ਦਿੱਤੀ ਗਈ ਹੈ, ਕਦੇ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਪਾਕਿਸਤਾਨ ਨਾਲ ਜੰਗਬੰਦੀ ਅਮਰੀਕਾ ਨੇ ਕਰਵਾਈ ਸੀ ਅਤੇ ਕਦੇ ਭਾਰਤ ਦੀ ਊਰਜਾ ਸਪਲਾਈ ਬਾਰੇ ਇਸ ਤਰ੍ਹਾਂ ਦੇ ਬਿਆਨ ਦਿੱਤੇ ਜਾਂਦੇ ਹਨ ਜਿਵੇਂ ਭਾਰਤ ਦੀਆਂ ਨੀਤੀਆਂ ਅਮਰੀਕਾ ਦੀ ਇਜਾਜ਼ਤ ਨਾਲ ਚੱਲਦੀਆਂ ਹੋਣ।

ਇਸ ਤੋਂ ਵੀ ਵੱਧ ਚਿੰਤਾਜਨਕ ਗੱਲ ਇਹ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਨੇ ਇਨ੍ਹਾਂ ਬਿਆਨਾਂ ਦਾ ਅਜੇ ਤੱਕ ਕੋਈ ਸਪੱਸ਼ਟ ਅਤੇ ਸਖਤ ਖੰਡਨ ਨਹੀਂ ਕੀਤਾ। ਪ੍ਰਧਾਨ ਮੰਤਰੀ ਨੇ ਇੱਕ ਵਾਰ ਵੀ ਇਹ ਨਹੀਂ ਕਿਹਾ ਕਿ ਅਮਰੀਕਾ ਵੱਲੋਂ ਦਿੱਤੇ ਗਏ ਇਹ ਬਿਆਨ ਗਲਤ ਹਨ। ਨਾ ਹੀ ਉਨ੍ਹਾਂ ਨੇ ਅੰਤਰਰਾਸ਼ਟਰੀ ਮੰਚਾਂ 'ਤੇ ਭਾਰਤ ਦੀ ਪ੍ਰਭੂਸੱਤਾ ਨੂੰ ਇਸ ਤਰ੍ਹਾਂ ਕਮਜ਼ੋਰ ਦਿਖਾਉਣ ਦੀਆਂ ਕੋਸ਼ਿਸ਼ਾਂ ਦਾ ਕੋਈ ਵਿਰੋਧ ਦਰਜ ਕਰਵਾਇਆ ਹੈ।

ਪ੍ਰਧਾਨ ਮੰਤਰੀ ਦੀ ਇਸ ਚੁੱਪੀ ਅਤੇ ਕਮਜ਼ੋਰ ਰੁੱਖ ਨੂੰ ਵੇਖਦੇ ਹੋਏ ਇਹ ਸਦਨ ਇਹ ਸੰਦੇਹ ਪ੍ਰਗਟ ਕਰਦਾ ਹੈ ਕਿ ਕਿਤੇ ਇਸ ਪਿਛੋਕੜ ਵਿੱਚ ਅਮਰੀਕਾ ਨਾਲ ਖੇਤੀਬਾੜੀ ਅਤੇ ਬੀਜਾਂ ਨਾਲ ਸਬੰਧਤ ਕੋਈ ਅਜਿਹਾ ਵਪਾਰਕ ਸਮਝੌਤਾ ਤਾਂ ਨਹੀਂ ਕੀਤਾ ਜਾ ਰਿਹਾ ਜਿਸ ਵਿੱਚ ਦੇਸ਼ ਦੇ ਕਿਸਾਨਾਂ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ

ਹੋਵੇ। ਇਹ ਵੀ ਸ਼ੰਕਾ ਹੈ ਕਿ ਕਿਤੇ ਕਿਸੇ ਦਬਾਅ ਹੇਠ ਆ ਕੇ ਭਾਰਤ ਸਰਕਾਰ ਨੇ ਕਿਸਾਨਾਂ ਦੇ ਹਿੱਤਾਂ ਨੂੰ ਦਾਅ 'ਤੇ ਲਗਾ ਕੇ ਅਮਰੀਕਾ ਨਾਲ ਖੇਤੀਬਾੜੀ ਵਪਾਰ ਸਮਝੌਤੇ ਦੀ ਤਿਆਰੀ ਤਾਂ ਨਹੀਂ ਕਰ ਲਈ।

ਪੰਜਾਬ ਦੀ ਅਰਥਵਿਵਸਥਾ ਦਾ ਆਧਾਰ ਉਸ ਦਾ ਕਿਸਾਨ ਹੈ। ਪੰਜਾਬ ਦਾ ਕਿਸਾਨ ਸਿਰਫ਼ ਉਤਪਾਦਨ ਕਰਨ ਵਾਲਾ ਨਹੀਂ, ਸਗੋਂ ਆਪਣੇ ਬੀਜ 'ਤੇ ਆਪਣੇ ਅਧਿਕਾਰ, ਆਪਣੀ ਖੇਤੀ ਦੀ ਆਜ਼ਾਦੀ ਅਤੇ ਦੇਸ਼ ਦੀ ਖਾਦ ਸੁਰੱਖਿਆ ਦਾ ਰਾਖਾ ਵੀ ਹੈ।

ਇਸ ਲਈ ਇਹ ਸਦਨ ਪੰਜਾਬ ਦੇ ਹਰ ਇੱਕ ਕਿਸਾਨ ਦੇ ਨਾਲ ਖੜ੍ਹਾ ਹੈ ਅਤੇ ਇਹ ਸਪੱਸ਼ਟ ਕਰਦਾ ਹੈ ਕਿ ਕਿਸਾਨ ਨੂੰ ਆਪਣੀ ਖੇਤੀ ਕਰਨ, ਆਪਣੇ ਬੀਜਾਂ 'ਤੇ ਅਧਿਕਾਰ ਰੱਖਣ ਅਤੇ ਆਪਣੇ ਪਰੰਪਰਾਗਤ ਖੇਤੀਬਾੜੀ ਤਰੀਕਿਆਂ ਨੂੰ ਅਪਣਾਉਣ ਦੀ ਪੂਰੀ ਆਜ਼ਾਦੀ ਮਿਲਣੀ ਚਾਹੀਦੀ ਹੈ।

ਇਹ ਸਦਨ ਭਾਰਤ ਸਰਕਾਰ ਦਾ ਧਿਆਨ ਇਸ ਵੱਲ ਵੀ ਖਿੱਚਣਾ ਚਾਹੁੰਦਾ ਹੈ ਕਿ ਜੇਕਰ ਅਮਰੀਕਾ-ਭਾਰਤ ਵਪਾਰ ਸਮਝੌਤੇ ਦੇ ਤਹਿਤ ਖਾਦ ਅਤੇ ਖੇਤੀਬਾੜੀ ਉਤਪਾਦਾਂ ਵਿੱਚ ਟੈਰਿਫ਼ ਅਤੇ ਨਾਨ-ਟੈਰਿਫ਼ ਰੁਕਾਵਟਾਂ ਨੂੰ ਹਟਾਇਆ ਜਾਂਦਾ ਹੈ ਤਾਂ ਇਸ ਦੇ ਗੰਭੀਰ ਪ੍ਰਭਾਵ ਪੰਜਾਬ ਦੀ ਖੇਤੀ ਪ੍ਰਣਾਲੀ 'ਤੇ ਪੈ ਸਕਦੇ ਹਨ।

ਖ਼ਾਸ ਤੌਰ ’ਤੇ ਇਹ ਚਿੰਤਾਵਾਂ ਸਾਹਮਣੇ ਆਈਆਂ ਹਨ:-

1. ਇਸ ਨਾਲ ਫਸਲਾਂ ਦੀ ਵਿਭਿੰਨਤਾ ’ਤੇ ਨਕਾਰਾਤਮਕ ਅਸਰ ਪੈ ਸਕਦਾ ਹੈ। ਜੇਕਰ ਅਮਰੀਕਾ ਤੋਂ ਘੱਟ ਕੀਮਤ ’ਤੇ ਫੀਡ Substitutes ਜਿਵੇਂ DDGS ਜਾਂ ਸੋਇਆਬੀਨ ਤੇਲ ਦਾ ਆਯਾਤ ਹੁੰਦਾ ਹੈ, ਤਾਂ ਇਸ ਨਾਲ ਮੱਕੀ ਅਤੇ ਸੋਇਆਬੀਨ ਦੀਆਂ ਕੀਮਤਾਂ ’ਤੇ ਦਬਾਅ ਪਵੇਗਾ ਜੋ ਪੰਜਾਬ ਵਿੱਚ ਚੱਲ ਰਹੇ ਫਸਲ ਵਿਭਿੰਨਤਾ ਦੇ ਯਤਨਾਂ ਨੂੰ ਕਮਜ਼ੋਰ ਕਰ ਸਕਦਾ ਹੈ।

2. ਇਸ ਦਾ ਕਪਾਹ ਖੇਤਰ ’ਤੇ ਗੰਭੀਰ ਪ੍ਰਭਾਵ ਪੈ ਸਕਦਾ ਹੈ। ਜੇਕਰ ਅਮਰੀਕਾ ਤੋਂ ਕਪਾਹ ਦਾ ਆਯਾਤ ਵਧਦਾ ਹੈ, ਤਾਂ ਖ਼ਾਸ ਕਰਕੇ ਪੰਜਾਬ ਦੇ ਮਾਲਵਾ ਖੇਤਰ ਦੇ ਕਪਾਹ ਪੈਦਾ ਕਰਨ ਵਾਲੇ ਕਿਸਾਨਾਂ ਨੂੰ ਕੀਮਤਾਂ ਵਿੱਚ ਗਿਰਾਵਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

3. ਜੇ ਨਾਨ-ਟੈਰਿਫ਼ ਰੁਕਾਵਟਾਂ ਵਿੱਚ ਢਿੱਲ ਦਿੱਤੀ ਜਾਂਦੀ ਹੈ, ਤਾਂ ਇਸ ਨਾਲ ਜੀ.ਐਮ.ਓ. ਸਮੱਗਰੀ ਦੇ ਦਾਖਲੇ ਦਾ ਖ਼ਤਰਾ ਵਧ ਸਕਦਾ ਹੈ ਅਤੇ ਨਾਲ ਹੀ ਨਵੇਂ ਕੀੜੇ, ਪੌਦਿਆਂ ਦੀਆਂ ਬਿਮਾਰੀਆਂ ਅਤੇ ਮਾਰੂ ਘਾਹ-ਫੂਸ ਭਾਰਤ ਦੀ ਖੇਤੀ ਵਿੱਚ ਦਾਖਲ ਹੋ ਸਕਦੇ ਹਨ, ਜੋ ਪੰਜਾਬ ਦੀ ਖੇਤੀ ਲਈ ਗੰਭੀਰ ਖ਼ਤਰਾ ਬਣ ਸਕਦੇ ਹਨ।

4. ਅਮਰੀਕਾ ਦੀ ਖੇਤੀ ਪ੍ਰਣਾਲੀ ਵੱਡੇ ਖੇਤਾਂ, ਭਾਰੀ ਸਰਕਾਰੀ ਸਬਸਿਡੀ ਅਤੇ ਵੱਡੇ ਪੈਮਾਨੇ ਦੀ ਉਤਪਾਦਨ ਸਮਰੱਥਾ ’ਤੇ ਆਧਾਰਿਤ ਹੈ। ਅਜਿਹੇ ਹਾਲਾਤਾਂ ਵਿੱਚ ਉਥੋਂ ਆਉਣ ਵਾਲੇ ਸਸਤੇ ਖੇਤੀਬਾੜੀ ਉਤਪਾਦਾਂ ਨਾਲ ਪੰਜਾਬ ਦੇ ਕਿਸਾਨਾਂ ਨੂੰ ਬੇਤਰਤੀਬੇ ਮੁਕਾਬਲੇ ਦਾ ਸਾਹਮਣਾ ਕਰਨਾ ਪਵੇਗਾ।

ਇਨ੍ਹਾਂ ਸਾਰੇ ਪਹਿਲੂਆਂ ’ਤੇ ਵਿਚਾਰ ਕਰਨ ਤੋਂ ਬਾਅਦ ਇਹ ਸਦਨ ਸਪੱਸ਼ਟ ਤੌਰ ’ਤੇ ਇਹ ਮਤਾ ਪਕਾਉਂਦਾ ਹੈ ਕਿ ਕਿਸਾਨਾਂ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕਰਕੇ ਅਮਰੀਕਾ ਨਾਲ ਕਿਸੇ ਵੀ ਕਿਸਮ ਦਾ ਖੇਤੀਬਾੜੀ ਸਮਝੌਤਾ ਮਨਜ਼ੂਰ ਨਹੀਂ ਕੀਤਾ ਜਾ ਸਕਦਾ। ਪੰਜਾਬ ਦੀ ਵਿਧਾਨ ਸਭਾ ਇਹ ਸਪੱਸ਼ਟ ਕਰਦੀ ਹੈ ਕਿ ਕਿਸਾਨਾਂ ਦੇ

ਅਧਿਕਾਰਾਂ, ਉਨ੍ਹਾਂ ਦੀ ਖੇਤੀ ਦੀ ਆਜ਼ਾਦੀ ਅਤੇ ਬੀਜਾਂ 'ਤੇ ਉਨ੍ਹਾਂ ਦੇ ਮਾਲਕੀ ਹੱਕ ਨਾਲ ਕਿਸੇ ਵੀ ਕਿਸਮ ਦਾ ਸਮਝੌਤਾ ਕਬੂਲ ਨਹੀਂ ਕੀਤਾ ਜਾਵੇਗਾ।

ਇਸ ਲਈ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਭਾਰਤ ਸਰਕਾਰ ਨੂੰ ਅਪੀਲ ਕਰੇ ਕਿ ਉਹ ਕਿਸੇ ਵੀ ਕਿਸਮ ਦੇ ਅੰਤਰਰਾਸ਼ਟਰੀ ਦਬਾਅ ਵਿੱਚ ਆਏ ਬਿਨਾਂ ਦੇਸ਼ ਦੇ ਕਿਸਾਨਾਂ, ਖ਼ਾਸ ਕਰਕੇ ਪੰਜਾਬ ਦੇ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਯਕੀਨੀ ਬਣਾਏ ਅਤੇ ਬੀਜਾਂ ਤੇ ਕਿਸਾਨਾਂ ਦੇ ਮਾਲਕੀ ਹੱਕਾਂ ਦੀ ਰਾਖੀ ਯਕੀਨੀ ਬਣਾਵੇ।"

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ। (ਥੰਪਿੰਗ)***

**ਮੁੱਖ ਮੰਤਰੀ (ਬੈਠੇ ਬੈਠੇ):** ਇਆਲੀ ਸਾਹਿਬ ਦੀ 'ਹਾਂ' ਹੈ ਜੀ, ਕੱਲ੍ਹ ਇਨ੍ਹਾਂ ਨੇ ਹੱਥ ਖੜ੍ਹਾ ਕਰਕੇ ਆਪਣੀ ਰਜ਼ਿਸਟੈਂਸ ਦਰਜ ਕਰਵਾਈ ਸੀ। (ਹਾਸਾ)

**ਮਾਣਯੋਗ ਸਪੀਕਰ:** ਹੁਣ ਸਦਨ ਬੁੱਧਵਾਰ, ਮਿਤੀ 11 ਮਾਰਚ, 2026 ਦੇ 10.00 ਪੂਰਵ ਦੁਪਹਿਰ ਤੱਕ ਸਥਗਿਤ ਹੁੰਦਾ ਹੈ।

*5.37 ਵਜੇ ਸ਼ਾਮ।) (ਇਸ *ਸਮੇਂ ਸਦਨ ਬੁੱਧਵਾਰ, ਮਿਤੀ 11 ਮਾਰਚ, 2026 ਦੇ 10.00 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੋ ਗਿਆ।)

------------

## ANNEXURE

### STARRED QUESTION AND ANSWER

**ਪਬਲਿਕ ਕਾਲਜ ਸਮਾਣਾ ਨੂੰ ਸਰਕਾਰ ਦੁਆਰਾ ਆਪਣੇ ਅਧਿਕਾਰ ਖੇਤਰ ਵਿੱਚ ਲੈਣਾ**

***1764. ਸਰਦਾਰ ਚੇਤਨ ਸਿੰਘ ਜੋੜਾਮਾਜਰਾ**: ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਬਲਿਕ ਕਾਲਜ ਸਮਾਣਾ ਨੂੰ ਸਰਕਾਰ ਆਪਣੇ ਅਧਿਕਾਰ ਖੇਤਰ ਵਿੱਚ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਸਰਦਾਰ ਹਰਜੋਤ ਸਿੰਘ ਬੈਂਸ**: ਨਹੀਂ ਜੀ। ਪਬਲਿਕ ਕਾਲਜ, ਸਮਾਣਾ ਨੂੰ ਸਰਕਾਰ ਦੇ ਅਧਿਕਾਰ ਖੇਤਰ ਵਿੱਚ ਕਰਨ ਦੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

------

# APPENDIX- II
# BULLETINS

## ਪੰਜਾਬ ਵਿਧਾਨ ਸਭਾ ਸਕੱਤਰੇਤ

**ਬੁਲੇਟਿਨ ਨੰ: 4**

**ਮੰਗਲਵਾਰ, 10 ਮਾਰਚ, 2026**

(10.00 ਵਜੇ ਪੂਰਵ ਦੁਪਹਿਰ ਤੋਂ 05.37 ਵਜੇ ਸ਼ਾਮ ਤੱਕ)

**1. ਪ੍ਰਸ਼ਨ**

**(ੳ) ਨਿਸ਼ਾਨ ਵਾਲੇ ਪ੍ਰਸ਼ਨ:**

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁੱਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗਿਣਤੀ |
|---|---|---|---|---|---|
| 20 | 14 | - | 2 | 4 | 23 |

**2. ਸਦਨ ਨੂੰ ਥੋੜ੍ਹੇ ਸਮੇਂ ਲਈ ਸਥੱਗਿਤ ਕਰਨਾ**

ਮਾਣਯੋਗ ਸਪੀਕਰ ਵੱਲੋਂ ਸਦਨ ਨੂੰ 11.10 ਵਜੇ ਪੂਰਵ ਦੁਪਹਿਰ ਤੋਂ 11.30 ਵਜੇ ਪੂਰਵ ਦੁਪਹਿਰ ਤੱਕ ਤੱਕ ਸਥੱਗਿਤ ਕੀਤਾ ਗਿਆ।

**3. ਨਿੰਦਾ ਪ੍ਰਸਤਾਵ**

ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ ਵੱਲੋਂ ਨਿਮਨਲਿਖਤ ਨਿੰਦਾ ਪ੍ਰਸਤਾਵ ਸਦਨ ਵਿੱਚ ਪੇਸ਼ ਕੀਤਾ ਅਤੇ ਪ੍ਰਵਾਨ ਹੋਇਆ:

"ਕਿ ਮੌਜੂਦਾ ਵਿਧਾਨ ਸਭਾ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਵੱਲੋਂ ਸੋਸ਼ਲ ਮੀਡੀਆ ਤੇ ਪੋਸਟ ਪਾਈ ਗਈ ਹੈ ਕਿ ਇੱਕ ਹਜ਼ਾਰ ਰੁਪਏ ਪਿੱਛੇ ਗਿੱਧਾ ਪਾਉਣ ਵਾਲੀਆਂ ਬੀਬੀਆਂ ਕਿਥੋਂ ਸੂਰਮੇ ਜੰਮ ਲੈਣਗੀਆਂ। ਇਹ ਪੋਸਟ ਸਿੱਧੇ ਤੌਰ ਤੇ ਔਰਤਾਂ ਦਾ ਅਪਮਾਨ ਹੈ। ਇਸ ਤੋਂ ਇਲਾਵਾ ਇਹ ਫੈਸਲਾ ਇਸ ਪਵਿੱਤਰ ਸਦਨ ਵੱਲੋਂ ਲਿਆ ਗਿਆ ਹੈ, ਕਿ ਇਹ ਇਸ ਪਵਿੱਤਰ ਸਦਨ ਦਾ ਵੀ ਅਪਮਾਨ ਹੈ । ਇਸ ਕਰਕੇ ਇਹ ਸਦਨ ਸੁਖਪਾਲ ਸਿੰਘ ਖਹਿਰਾ ਵੱਲੋਂ ਔਰਤਾਂ ਅਤੇ ਇਸ ਪਵਿੱਤਰ ਸਦਨ ਦੇ ਕੀਤੇ ਅਪਮਾਨ ਦੀ ਘੋਰ ਨਿੰਦਾ ਕਰਦਾ ਹੈ।"

ਨਿਮਨਲਿਖਤ ਮੈਂਬਰਾਂ ਨੇ ਉਪਰੋਕਤ ਨਿੰਦਾ ਪਸ੍ਰਤਾਵ ਵਿੱਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:

1. ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਆਮ ਆਦਮੀ ਪਾਰਟੀ — 01 ਮਿੰਟ
2. ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ — 02 ਮਿੰਟ

| | |
|---|---|
| **3.** ਸ. ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ | 01 ਮਿੰਟ |
| 4. ਸ਼੍ਰੀਮਤੀ ਇੰਦਰਜੀਤ ਕੌਰ ਮਾਨ, ਆਮ ਆਦਮੀ ਪਾਰਟੀ | 01 ਮਿੰਟ |
| 5. ਡਾ. ਅਮਨਦੀਪ ਕੌਰ ਅਰੋੜਾ, ਆਮ ਆਦਮੀ ਪਾਰਟੀ | 01 ਮਿੰਟ |
| 6. ਸ਼੍ਰੀਮਤੀ ਗਨੀਵ ਕੌਰ ਮਜੀਠੀਆ, ਸ਼੍ਰੋਮਣੀ ਅਕਾਲੀ ਦਲ | 01 ਮਿੰਟ |
| 7. ਸ. ਪ੍ਰਤਾਪ ਸਿੰਘ ਬਾਜਵਾ, ਵਿਰੋਧੀ ਧਿਰ ਦੇ ਨੇਤਾ | 01 ਮਿੰਟ |
| 8. ਸ਼੍ਰੀਮਤੀ ਅਨਮੋਲ ਗਗਨ ਮਾਨ, ਆਮ ਆਦਮੀ ਪਾਰਟੀ | 02 ਮਿੰਟ |
| 9. ਸਰਦਾਰ ਤਰੁਨਪ੍ਰੀਤ ਸਿੰਘ ਸੌਂਦ, ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਮੰਤਰੀ | 02 ਮਿੰਟ |
| **10.** ਸਰਦਾਰ ਹਰਜੋਤ ਸਿੰਘ ਬੈਂਸ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ | 03 ਮਿੰਟ |
| 11. ਸ਼੍ਰੀਮਤੀ ਅਰੁਨਾ ਚੌਧਰੀ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ | 01 ਮਿੰਟ |
| 12. ਰਾਣਾ ਗੁਰਜੀਤ ਸਿੰਘ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ | 02 ਮਿੰਟ |
| **13.** ਸਰਦਾਰ ਹਰਭਜਨ ਸਿੰਘ, ਲੋਕ ਨਿਰਮਾਣ (ਭ ਤੇ ਮ) ਮੰਤਰੀ | 07 ਮਿੰਟ |
| 14. ਸ. ਮਨਜੀਤ ਸਿੰਘ ਬਿਲਾਸਪੁਰ, ਆਮ ਆਦਮੀ ਪਾਰਟੀ | 02 ਮਿੰਟ |
| **15.** ਸ਼੍ਰੀ ਅਮਨ ਅਰੋੜਾ, ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ | 02 ਮਿੰਟ |

**4. <u>ਮਾਣਯੋਗ ਸਪੀਕਰ ਵੱਲੋਂ ਸਵਾਗਤੀ ਐਲਾਨ</u>**

ਮਾਣਯੋਗ ਸਪੀਕਰ ਵੱਲੋਂ ਵੱਖ-ਵੱਖ ਸਮੇਂ ਤੇ ਨਿਮਨਲਿਖਤ ਸ਼ਖ਼ਸੀਅਤਾਂ ਦੇ ਹਾਜ਼ਰ ਹੋਣ ਬਾਰੇ ਸਦਨ ਨੂੰ ਜਾਣੂੰ ਕਰਵਾਇਆ ਗਿਆ ਅਤੇ ਸਮੂਹ ਸਦਨ ਵੱਲੋਂ ਉਨ੍ਹਾਂ ਨੂੰ ਜੀ ਆਇਆਂ ਆਖਿਆ ਗਿਆ-

**1.** ਓਲੰਪੀਅਨ ਮਿਸ ਗੁਰਜੀਤ ਕੌਰ, ਭਾਰਤ ਦੀ ਅੰਤਰ-ਰਾਸ਼ਟਰੀ ਹਾਕੀ ਟੀਮ ਦੀ ਖਿਡਾਰਨ;

**2.** ਫਰੀਦਕੋਟ ਬਾਰ ਕੌਂਸਲ ਦੇ ਸਤਿਕਾਰਯੋਗ ਵਕੀਲ ਸਾਹਿਬਾਨ ਅਤੇ ਮਾਣਯੋਗ ਸਪੀਕਰ ਸਾਹਿਬ ਦੇ ਛੋਟੇ ਭਰਾ ਐਡਵੋਕੇਟ ਬੀਰ ਇੰਦਰ ਸਿੰਘ;

**3.** ਸ਼੍ਰੀ ਦਵਿੰਦਰ ਸ਼ਰਮਾ, ਫੂਡ ਪਾਲਿਸੀ ਐਨਾਲਿਸਟ/ਐਕਸਪਰਟ, ਸਾਊਥ ਏਸ਼ੀਆ।

**5. <u>ਧਿਆਨ ਦਿਵਾਊ ਨੋਟਿਸ</u>**

1. ਡਾ.ਨਛੱਤਰ ਪਾਲ, ਐਮ.ਐੱਲ.ਏ ਵੱਲੋਂ ਸਰਕਾਰ ਦਾ ਧਿਆਨ ਧਾਲੀਵਾਲ, ਜ਼ਿਲ੍ਹਾ ਗੁਰਦਾਸਪੁਰ ਵਿੱਚ ਅਵਾਰਾ ਕੁੱਤਿਆਂ ਦੁਆਰਾ ਇੱਕ ਬੱਚੇ ਨੂੰ ਵੱਢਣ ਦੀ ਘਟਨਾ ਵੱਲ ਦਿਵਾਇਆ ਗਿਆ। (ਨੰ:21)

ਸਥਾਨਕ ਸਰਕਾਰ ਮੰਤਰੀ ਵੱਲੋਂ ਜਵਾਬ ਦਿੱਤਾ ਗਿਆ।

**6. <u>ਰਿਪੋਰਟਾਂ ਪੇਸ਼ ਕਰਨਾ</u>**

1. ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ ਦੇ ਸਭਾਪਤੀ (ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ) ਨੇ ਸਾਲ 2025-26 ਲਈ ਆਮ ਕੰਮ-ਕਾਰ ਤੇ ਕਮੇਟੀ ਦੀ 50ਵੀਂ ਰਿਪੋਰਟ ਪੇਸ਼ ਕੀਤੀ।

2. ਸਰਕਾਰੀ ਆਸ਼ਵਾਸ਼ਨਾਂ ਸਬੰਧੀ ਕਮੇਟੀ ਦੇ ਸਭਾਪਤੀ (ਸ. ਦਵਿੰਦਰਜੀਤ ਸਿੰਘ ਲਾਡੀ ਢੋਸ) ਨੇ ਸਮੇਂ-ਸਮੇਂ ਤੇ ਸਦਨ ਵਿੱਚ ਦਿੱਤੇ ਗਏ ਆਸ਼ਵਾਸਨਾਂ ਅਤੇ ਕੀਤੇ ਗਏ ਵਾਅਦਿਆਂ ਦੀ ਛਾਣਬੀਣ ਕਰਨ ਲਈ ਕਮੇਟੀ ਦੀ 54ਵੀਂ ਰਿਪੋਰਟ ਪੇਸ਼ ਕੀਤੀ।

**7. <u>ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ</u>**

ਜਲ ਸਰੋਤ ਮੰਤਰੀ ਨੇ ਅੱਜ ਦੀ ਕਾਰਜ-ਸੂਚੀ ਦੇ ਲੜੀ ਨੰ: 4 ਅਧੀਨ ਦਰਸਾਏ ਗਏ 1 ਤੋਂ 5 ਤੱਕ ਦੇ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖੇ।

**8. <u>ਵਿੱਤੀ ਕੰਮ-ਕਾਰ</u>**

I. ਵਿੱਤ ਮੰਤਰੀ ਨੇ ਸਾਲ 2025-26 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕੀਤੀਆਂ।

II. ਸ. ਮਨਜੀਤ ਸਿੰਘ ਬਿਲਾਸਪੁਰ, ਸਭਾਪਤੀ, ਅਨੁਮਾਨ ਕਮੇਟੀ ਨੇ ਸਾਲ 2025-26 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕੀਤੀ।

III. ਸਾਲ 2025-26 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ।

1) ਰਾਜ ਦੇ ਮਾਲੀਏ ਤੇ ਭਾਰਿਤ ਖਰਚਿਆਂ ਦੀਆਂ ਅਨੁਪੂਰਕ ਗ੍ਰਾਂਟਾਂ/ਅਨੁਮਾਨਾਂ ਲਈ ਮੰਗਾਂ ਤੇ ਬਹਿਸ ਅਤੇ ਵੋਟਿੰਗ-

ਕਾਰਜ ਸੂਚੀ ਵਿੱਚ ਦਰਜ ਸਾਲ 2025-26 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਨੰ:1 ਤੋਂ 38, 41, 42 ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖੀਆਂ ਗਈਆਂ ਅਤੇ ਪ੍ਰਵਾਨ ਹੋਈਆਂ।

**9. <u>ਪੰਜਾਬ ਨਮਿੱਤਣ (ਨੰ:1) ਬਿਲ, 2026</u>**

ਵਿੱਤ ਮੰਤਰੀ ਨੇ ਪੰਜਾਬ ਨਮਿੱਤਣ (ਨੰ:1) ਬਿਲ, 2026 ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਵੀ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ਾਂ 2 ਤੋਂ 4 ਇਕੱਠੀਆਂ, ਸ਼ਡਿਊਲ, ਕਲਾਜ਼ 1 ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਪ੍ਰਵਾਨ ਹੋਏ।

ਵਿੱਤ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ ਕਿ ਪੰਜਾਬ ਨਮਿੱਤਣ (ਨੰ:1) ਬਿਲ, 2026 ਪਾਸ ਕੀਤਾ ਜਾਵੇ, ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

**10. <u>ਸਾਲ 2026-27 ਲਈ ਬਜਟ ਅਨੁਮਾਨਾਂ ਉੱਤੋਂ ਮੁੜ ਬਹਿਸ ਆਰੰਭ ਕਰਨਾ</u>**

ਸਾਲ 2026-27 ਲਈ ਬਜਟ ਅਨੁਮਾਨਾਂ ਤੇ ਮੁੜ ਬਹਿਸ ਆਰੰਭ ਕੀਤੀ ਗਈ ਅਤੇ ਨਿਮਨਲਿਖਤ ਮੈਂਬਰਾਂ ਨੇ ਬਜਟ ਅਨੁਮਾਨਾਂ ਤੇ ਆਮ ਬਹਿਸ ਵਿੱਚ ਦਰਸਾਏ ਸਮੇਂ ਅਨੁਸਾਰ ਹਿੱਸਾ ਲਿਆ:-

1. ਰਾਣਾ ਗੁਰਜੀਤ ਸਿੰਘ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ 15 ਮਿੰਟ
2. ਪ੍ਰਿੰਸੀਪਲ ਬੁੱਧ ਰਾਮ, ਆਮ ਆਦਮੀ ਪਾਰਟੀ 13 ਮਿੰਟ
3. ਸ. ਮਨਜੀਤ ਸਿੰਘ ਬਿਲਾਸਪੁਰ, ਆਮ ਆਦਮੀ ਪਾਰਟੀ 12 ਮਿੰਟ

**11. <u>ਸਦਨ ਦਾ ਸਮਾਂ ਵਧਾਉਣ ਸਬੰਧੀ</u>**

ਮਾਣਯੋਗ ਸਪੀਕਰ ਵੱਲੋਂ ਅੱਜ ਦੀ ਬੈਠਕ ਦਾ ਸਮਾਂ ਅੱਜ ਦੀ ਕਾਰਜਸੂਚੀ ਵਿੱਚ ਦਰਜ ਕੰਮ-ਕਾਰ ਦੇ ਖਤਮ ਹੋਣ ਤੱਕ ਵਧਾਇਆ ਗਿਆ।

**12. <u>ਸਰਕਾਰੀ ਮਤਾ</u>**

ਭਾਰਤ-ਅਮਰੀਕਾ ਵਪਾਰਕ ਸਮਝੌਤੇ ਨਾਲ ਪੰਜਾਬ ਦੀ ਖੇਤੀਬਾੜੀ ਨਾਲ ਧੋਖਾ ਮਾਮਲੇ ਤੇ ਬਹਿਸ-

ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਵੱਲੋਂ ਪ੍ਰਸਤਾਵ ਕੀਤਾ ਗਿਆ ਹੇਠ ਲਿਖਿਆ ਸਰਕਾਰੀ ਮਤਾ ਪੇਸ਼ ਹੋਇਆ ਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ:

"ਹਾਲ ਹੀ ਵਿੱਚ ਭਾਰਤ ਦੇਸ਼ ਬਾਰੇ ਅਮਰੀਕਾ ਸਰਕਾਰ ਵੱਲੋਂ ਜਿਹੜੇ ਤਰੀਕੇ ਨਾਲ ਬਿਆਨ ਦਿੱਤੇ ਗਏ ਹਨ, ਉਹ ਬਹੁਤ ਹੀ ਚਿੰਤਾਜਨਕ ਹਨ। ਅਜਿਹਾ ਲੱਗਦਾ ਹੈ ਜਿਵੇਂ ਭਾਰਤ ਕੋਈ ਆਜ਼ਾਦ ਅਤੇ ਪ੍ਰਭੂਸੱਤਾ ਸੰਪੰਨ ਰਾਸ਼ਟਰ ਨਹੀਂ, ਸਗੋਂ ਅਮਰੀਕਾ ਦੀ ਕੋਈ ਬਸਤੀ ਹੋਵੇ।

ਪਿਛਲੇ ਕੁਝ ਦਿਨਾਂ ਵਿੱਚ ਅਮਰੀਕਾ ਸਰਕਾਰ ਦੇ ਪ੍ਰਤੀਨਿਧੀਆਂ ਨੇ ਭਾਰਤ ਦੇ ਸਬੰਧ ਵਿੱਚ ਕਈ ਅਜਿਹੇ ਬਿਆਨ ਦਿੱਤੇ ਹਨ, ਜਿਨ੍ਹਾਂ ਨਾਲ ਪੂਰੇ ਦੇਸ਼ ਦੀ ਜਨਤਾ, ਖ਼ਾਸ ਕਰਕੇ ਪੰਜਾਬ ਦੇ ਲੋਕਾਂ ਵਿੱਚ ਗਹਿਰੀ ਚਿੰਤਾ ਪੈਦਾ ਹੋਈ ਹੈ। ਕਦੇ ਇਹ ਕਿਹਾ ਜਾਂਦਾ ਹੈ ਕਿ ਭਾਰਤ ਨੂੰ ਰੂਸ ਤੋਂ ਤੇਲ ਖਰੀਦਣ ਦੀ ਇਜਾਜ਼ਤ ਕੇਵਲ ਤੀਹ ਦਿਨਾਂ ਲਈ ਦਿੱਤੀ ਗਈ ਹੈ, ਕਦੇ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਪਾਕਿਸਤਾਨ ਨਾਲ ਜੰਗਬੰਦੀ ਅਮਰੀਕਾ ਨੇ ਕਰਵਾਈ ਸੀ ਅਤੇ ਕਦੇ ਭਾਰਤ ਦੀ ਊਰਜਾ ਸਪਲਾਈ ਬਾਰੇ ਇਸ ਤਰ੍ਹਾਂ ਦੇ ਬਿਆਨ ਦਿੱਤੇ ਜਾਂਦੇ ਹਨ ਜਿਵੇਂ ਭਾਰਤ ਦੀਆਂ ਨੀਤੀਆਂ ਅਮਰੀਕਾ ਦੀ ਇਜਾਜ਼ਤ ਨਾਲ ਚੱਲਦੀਆਂ ਹੋਣ।

ਇਸ ਤੋਂ ਵੀ ਵੱਧ ਚਿੰਤਾਜਨਕ ਗੱਲ ਇਹ ਹੈ ਕਿ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਨੇ ਇਨ੍ਹਾਂ ਬਿਆਨਾਂ ਦਾ ਅਜੇ ਤੱਕ ਕੋਈ ਸਪੱਸ਼ਟ ਅਤੇ ਸਖਤ ਖੰਡਨ ਨਹੀਂ ਕੀਤਾ। ਪ੍ਰਧਾਨ ਮੰਤਰੀ ਨੇ ਇੱਕ ਵਾਰ ਵੀ ਇਹ ਨਹੀਂ ਕਿਹਾ ਕਿ ਅਮਰੀਕਾ ਵੱਲੋਂ ਦਿੱਤੇ ਗਏ ਇਹ ਬਿਆਨ ਗਲਤ ਹਨ। ਨਾ ਹੀ ਉਨ੍ਹਾਂ ਨੇ

ਅੰਤਰਰਾਸ਼ਟਰੀ ਮੰਚਾਂ 'ਤੇ ਭਾਰਤ ਦੀ ਪ੍ਰਭੂਸੱਤਾ ਨੂੰ ਇਸ ਤਰ੍ਹਾਂ ਕਮਜ਼ੋਰ ਦਿਖਾਉਣ ਦੀਆਂ ਕੋਸ਼ਿਸ਼ਾਂ ਦਾ ਕੋਈ ਵਿਰੋਧ ਦਰਜ ਕਰਵਾਇਆ ਹੈ।

ਪ੍ਰਧਾਨ ਮੰਤਰੀ ਦੀ ਇਸ ਚੁੱਪੀ ਅਤੇ ਕਮਜ਼ੋਰ ਰੁੱਖ ਨੂੰ ਵੇਖਦੇ ਹੋਏ ਇਹ ਸਦਨ ਇਹ ਸੰਦੇਹ ਪ੍ਰਗਟ ਕਰਦਾ ਹੈ ਕਿ ਕਿਤੇ ਇਸ ਪਿਛੋਕੜ ਵਿੱਚ ਅਮਰੀਕਾ ਨਾਲ ਖੇਤੀਬਾੜੀ ਅਤੇ ਬੀਜਾਂ ਨਾਲ ਸੰਬੰਧਿਤ ਕੋਈ ਅਜਿਹਾ ਵਪਾਰਕ ਸਮਝੌਤਾ ਤਾਂ ਨਹੀਂ ਕੀਤਾ ਜਾ ਰਿਹਾ ਜਿਸ ਵਿੱਚ ਦੇਸ਼ ਦੇ ਕਿਸਾਨਾਂ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੋਵੇ। ਇਹ ਵੀ ਸ਼ੰਕਾ ਹੈ ਕਿ ਕਿਤੇ ਕਿਸੇ ਦਬਾਅ ਹੇਠ ਆ ਕੇ ਭਾਰਤ ਸਰਕਾਰ ਨੇ ਕਿਸਾਨਾਂ ਦੇ ਹਿੱਤਾਂ ਨੂੰ ਦਾਅ 'ਤੇ ਲਗਾ ਕੇ ਅਮਰੀਕਾ ਨਾਲ ਖੇਤੀਬਾੜੀ ਵਪਾਰ ਸਮਝੌਤੇ ਦੀ ਤਿਆਰੀ ਤਾਂ ਨਹੀਂ ਕਰ ਲਈ।

ਪੰਜਾਬ ਦੀ ਅਰਥਵਿਵਸਥਾ ਦਾ ਆਧਾਰ ਉਸਦਾ ਕਿਸਾਨ ਹੈ। ਪੰਜਾਬ ਦਾ ਕਿਸਾਨ ਸਿਰਫ਼ ਉਤਪਾਦਨ ਕਰਨ ਵਾਲਾ ਨਹੀਂ, ਸਗੋਂ ਆਪਣੇ ਬੀਜ 'ਤੇ ਆਪਣੇ ਅਧਿਕਾਰ, ਆਪਣੀ ਖੇਤੀ ਦੀ ਆਜ਼ਾਦੀ ਅਤੇ ਦੇਸ਼ ਦੀ ਖਾਦ ਸੁਰੱਖਿਆ ਦਾ ਰਾਖਾ ਵੀ ਹੈ।

ਇਸ ਲਈ ਇਹ ਸਦਨ ਪੰਜਾਬ ਦੇ ਹਰ ਇੱਕ ਕਿਸਾਨ ਦੇ ਨਾਲ ਖੜ੍ਹਾ ਹੈ ਅਤੇ ਇਹ ਸਪੱਸ਼ਟ ਕਰਦਾ ਹੈ ਕਿ ਕਿਸਾਨ ਨੂੰ ਆਪਣੀ ਖੇਤੀ ਕਰਨ, ਆਪਣੇ ਬੀਜਾਂ 'ਤੇ ਅਧਿਕਾਰ ਰੱਖਣ ਅਤੇ ਆਪਣੇ ਪਰੰਪਰਾਗਤ ਖੇਤੀਬਾੜੀ ਤਰੀਕਿਆਂ ਨੂੰ ਅਪਣਾਉਣ ਦੀ ਪੂਰੀ ਆਜ਼ਾਦੀ ਮਿਲਣੀ ਚਾਹੀਦੀ ਹੈ।

ਇਹ ਸਦਨ ਭਾਰਤ ਸਰਕਾਰ ਦਾ ਧਿਆਨ ਇਸ ਵੱਲ ਵੀ ਖਿੱਚਣਾ ਚਾਹੁੰਦਾ ਹੈ ਕਿ ਜੇਕਰ ਅਮਰੀਕਾ-ਭਾਰਤ ਵਪਾਰ ਸਮਝੌਤੇ ਦੇ ਤਹਿਤ ਖਾਦ ਅਤੇ ਖੇਤੀਬਾੜੀ ਉਤਪਾਦਾਂ ਵਿੱਚ ਟੈਰਿਫ਼ ਅਤੇ ਨਾਨ-ਟੈਰਿਫ਼ ਰੁਕਾਵਟਾਂ ਨੂੰ ਹਟਾਇਆ ਜਾਂਦਾ ਹੈ ਤਾਂ ਇਸ ਦੇ ਗੰਭੀਰ ਪ੍ਰਭਾਵ ਪੰਜਾਬ ਦੀ ਖੇਤੀ ਪ੍ਰਣਾਲੀ 'ਤੇ ਪੈ ਸਕਦੇ ਹਨ।

ਖ਼ਾਸ ਤੌਰ 'ਤੇ ਇਹ ਚਿੰਤਾਵਾਂ ਸਾਹਮਣੇ ਆਈਆਂ ਹਨ:

1. ਇਸ ਨਾਲ ਫਸਲਾਂ ਦੀ ਵਿਭਿੰਨਤਾ 'ਤੇ ਨਕਾਰਾਤਮਕ ਅਸਰ ਪੈ ਸਕਦਾ ਹੈ। ਜੇਕਰ ਅਮਰੀਕਾ ਤੋਂ ਘੱਟ ਕੀਮਤ 'ਤੇ ਫੀਡ Substitutes ਜਿਵੇਂ DDGS ਜਾਂ ਸੋਇਆਬੀਨ ਤੇਲ ਦਾ ਆਯਾਤ ਹੁੰਦਾ ਹੈ, ਤਾਂ ਇਸ ਨਾਲ ਮੱਕੀ ਅਤੇ ਸੋਇਆਬੀਨ ਦੀਆਂ ਕੀਮਤਾਂ 'ਤੇ ਦਬਾਅ ਪਵੇਗਾ ਜੋ ਪੰਜਾਬ ਵਿੱਚ ਚੱਲ ਰਹੇ ਫਸਲ ਵਿਭਿੰਨਤਾ ਦੇ ਯਤਨਾਂ ਨੂੰ ਕਮਜ਼ੋਰ ਕਰ ਸਕਦਾ ਹੈ।
2. ਇਸ ਦਾ ਕਪਾਹ ਖੇਤਰ 'ਤੇ ਗੰਭੀਰ ਪ੍ਰਭਾਵ ਪੈ ਸਕਦਾ ਹੈ। ਜੇਕਰ ਅਮਰੀਕਾ ਤੋਂ ਕਪਾਹ ਦਾ ਆਯਾਤ ਵਧਦਾ ਹੈ, ਤਾਂ ਖ਼ਾਸ ਕਰਕੇ ਪੰਜਾਬ ਦੇ ਮਾਲਵਾ ਖੇਤਰ ਦੇ ਕਪਾਹ ਪੈਦਾ ਕਰਨ ਵਾਲੇ ਕਿਸਾਨਾਂ ਨੂੰ ਕੀਮਤਾਂ ਵਿੱਚ ਗਿਰਾਵਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ।
3. ਜੇ ਨਾਨ-ਟੈਰਿਫ਼ ਰੁਕਾਵਟਾਂ ਵਿੱਚ ਢਿੱਲ ਦਿੱਤੀ ਜਾਂਦੀ ਹੈ, ਤਾਂ ਇਸ ਨਾਲ ਜੀ.ਐਮ.ਓ. ਸਮੱਗਰੀ ਦੇ ਦਾਖਲੇ ਦਾ ਖ਼ਤਰਾ ਵੱਧ ਸਕਦਾ ਹੈ ਅਤੇ ਨਾਲ ਹੀ ਨਵੇਂ ਕੀੜੇ, ਪੌਦਿਆਂ ਦੀਆਂ ਬਿਮਾਰੀਆਂ ਅਤੇ ਮਾਰੂ

ਘਾਹ-ਫੂਸ ਭਾਰਤ ਦੀ ਖੇਤੀ ਵਿੱਚ ਦਾਖਲ ਹੋ ਸਕਦੇ ਹਨ, ਜੋ ਪੰਜਾਬ ਦੀ ਖੇਤੀ ਲਈ ਗੰਭੀਰ ਖ਼ਤਰਾ ਬਣ ਸਕਦੇ ਹਨ।

4. ਅਮਰੀਕਾ ਦੀ ਖੇਤੀ ਪ੍ਰਣਾਲੀ ਵੱਡੇ ਖੇਤਾਂ, ਭਾਰੀ ਸਰਕਾਰੀ ਸਬਸਿਡੀ ਅਤੇ ਵੱਡੇ ਪੈਮਾਨੇ ਦੀ ਉਤਪਾਦਨ ਸਮਰੱਥਾ 'ਤੇ ਆਧਾਰਿਤ ਹੈ। ਅਜਿਹੇ ਹਾਲਾਤਾਂ ਵਿੱਚ ਉਥੋਂ ਆਉਣ ਵਾਲੇ ਸਸਤੇ ਖੇਤੀਬਾੜੀ ਉਤਪਾਦਾਂ ਨਾਲ ਪੰਜਾਬ ਦੇ ਕਿਸਾਨਾਂ ਨੂੰ ਬੇਤਰਤੀਬੇ ਮੁਕਾਬਲੇ ਦਾ ਸਾਹਮਣਾ ਕਰਨਾ ਪਵੇਗਾ।

ਇਨ੍ਹਾਂ ਸਾਰੇ ਪਹਿਲੂਆਂ 'ਤੇ ਵਿਚਾਰ ਕਰਨ ਤੋਂ ਬਾਅਦ ਇਹ ਸਦਨ ਸਪੱਸ਼ਟ ਤੌਰ 'ਤੇ ਇਹ ਮਤਾ ਪਕਾਉਂਦਾ ਹੈ ਕਿ ਕਿਸਾਨਾਂ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕਰਕੇ ਅਮਰੀਕਾ ਨਾਲ ਕਿਸੇ ਵੀ ਕਿਸਮ ਦਾ ਖੇਤੀਬਾੜੀ ਸਮਝੌਤਾ ਮਨਜ਼ੂਰ ਨਹੀਂ ਕੀਤਾ ਜਾ ਸਕਦਾ। ਪੰਜਾਬ ਦੀ ਵਿਧਾਨ ਸਭਾ ਇਹ ਸਪੱਸ਼ਟ ਕਰਦੀ ਹੈ ਕਿ ਕਿਸਾਨਾਂ ਦੇ ਅਧਿਕਾਰਾਂ, ਉਨ੍ਹਾਂ ਦੀ ਖੇਤੀ ਦੀ ਆਜ਼ਾਦੀ ਅਤੇ ਬੀਜਾਂ 'ਤੇ ਉਨ੍ਹਾਂ ਦੇ ਮਾਲਕੀ ਹੱਕ ਨਾਲ ਕਿਸੇ ਵੀ ਕਿਸਮ ਦਾ ਸਮਝੌਤਾ ਕਬੂਲ ਨਹੀਂ ਕੀਤਾ ਜਾਵੇਗਾ।

ਇਸ ਲਈ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਉਹ ਭਾਰਤ ਸਰਕਾਰ ਨੂੰ ਅਪੀਲ ਕਰੇ ਕਿ ਉਹ ਕਿਸੇ ਵੀ ਕਿਸਮ ਦੇ ਅੰਤਰਰਾਸ਼ਟਰੀ ਦਬਾਅ ਵਿੱਚ ਆਏ ਬਿਨਾਂ ਦੇਸ਼ ਦੇ ਕਿਸਾਨਾਂ, ਖ਼ਾਸ ਕਰਕੇ ਪੰਜਾਬ ਦੇ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਯਕੀਨੀ ਬਣਾਏ ਅਤੇ ਬੀਜਾਂ ਤੇ ਕਿਸਾਨਾਂ ਦੇ ਮਾਲਕੀ ਹੱਕਾਂ ਦੀ ਰਾਖੀ ਯਕੀਨੀ ਬਣਾਵੇ।"

ਨਿਮਨਲਿਖਤ ਮੈਂਬਰਾਂ ਨੇ ਭਾਰਤ-ਅਮਰੀਕਾ ਵਪਾਰਕ ਸਮਝੌਤੇ ਨਾਲ ਪੰਜਾਬ ਦੀ ਖੇਤੀਬਾੜੀ ਨਾਲ ਧੋਖਾ ਮਾਮਲੇ ਤੇ ਬਹਿਸ ਵਿੱਚ ਦਰਸਾਏ ਸਮੇਂ ਅਨੁਸਾਰ ਹਿੱਸਾ ਲਿਆ:-

| | | |
|---|---|---|
| 1. | ਸ. ਪਰਗਟ ਸਿੰਘ ਪੋਆਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ | 06 ਮਿੰਟ |
| 2. | ਸ. ਪ੍ਰਤਾਪ ਸਿੰਘ ਬਾਜਵਾ, ਵਿਰੋਧੀ ਧਿਰ ਦੇ ਨੇਤਾ | 08 ਮਿੰਟ |
| 3. | ਸ. ਗੁਰਪ੍ਰੀਤ ਸਿੰਘ ਬਨਾਂਵਾਲੀ , ਆਮ ਆਦਮੀ ਪਾਰਟੀ | 07 ਮਿੰਟ |
| 4. | ਸ੍ਰੀ ਅਮਨਸ਼ੇਰ ਸਿੰਘ (ਸ਼ੈਰੀ ਕਲਸੀ), ਆਮ ਆਦਮੀ ਪਾਰਟੀ | 02 ਮਿੰਟ |
| 5. | ਸ੍ਰੀ ਨਰਿੰਦਰਪਾਲ ਸਿੰਘ ਸਵਨਾ, ਆਮ ਆਦਮੀ ਪਾਰਟੀ | 06 ਮਿੰਟ |
| 6. | ਸ੍ਰੀ ਜਗਦੀਪ ਕੰਬੋਜ ਗੋਲਡੀ, ਆਮ ਆਦਮੀ ਪਾਰਟੀ | 02 ਮਿੰਟ |
| 7. | ਸ੍ਰੀ ਦਿਨੇਸ਼ ਕੁਮਾਰ ਚੱਢਾ, ਆਮ ਆਦਮੀ ਪਾਰਟੀ | 09 ਮਿੰਟ |
| 8. | ਮੁਹੰਮਦ ਜਮੀਲ ਉਰ ਰਹਿਮਾਨ, ਆਮ ਆਦਮੀ ਪਾਰਟੀ | 05 ਮਿੰਟ |
| 9. | ਸ. ਕੁਲਦੀਪ ਸਿੰਘ ਧਾਲੀਵਾਲ, ਆਮ ਆਦਮੀ ਪਾਰਟੀ | 09 ਮਿੰਟ |
| 10. | ਰਾਣਾ ਗੁਰਜੀਤ ਸਿੰਘ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ | 09 ਮਿੰਟ |
| 11. | ਸ. ਸਰਵਨ ਸਿੰਘ ਧੁੰਨ, ਆਮ ਆਦਮੀ ਪਾਰਟੀ | 03 ਮਿੰਟ |

| | | |
|---|---|---|
| 12. | ਸਰਦਾਰ ਲਾਲਜੀਤ ਸਿੰਘ ਭੁੱਲਰ, ਟਰਾਂਸਪੋਰਟ ਮੰਤਰੀ | 07 ਮਿੰਟ |
| 13. | ਸ਼੍ਰੀਮਤੀ ਇੰਦਰਜੀਤ ਕੌਰ ਮਾਨ, ਆਮ ਆਦਮੀ ਪਾਰਟੀ | 03 ਮਿੰਟ |
| 14. | ਸ. ਮਨਪ੍ਰੀਤ ਸਿੰਘ ਇਆਲੀ, ਸ਼੍ਰੋਮਣੀ ਅਕਾਲੀ ਦਲ | 05 ਮਿੰਟ |
| 15. | ਸਰਦਾਰ ਹਰਜੋਤ ਸਿੰਘ ਬੈਂਸ, ਸਿੱਖਿਆ ਮੰਤਰੀ | 08 ਮਿੰਟ |
| 16. | ਸ਼੍ਰੀ ਅਮਨ ਅਰੋੜਾ, ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ | 10 ਮਿੰਟ |
| 17. | ਡਾ. ਨਛੱਤਰ ਪਾਲ, ਬਹੁਜਨ ਸਮਾਜ ਪਾਰਟੀ | 02 ਮਿੰਟ |
| 18. | ਸ. ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ | 07 ਮਿੰਟ |

ਸ਼੍ਰੀ ਭਗਵੰਤ ਮਾਨ, ਮੁੱਖ ਮੰਤਰੀ ਭਾਰਤ-ਅਮਰੀਕਾ ਵਪਾਰਕ ਸਮਝੌਤੇ ਨਾਲ ਪੰਜਾਬ ਦੀ ਖੇਤੀਬਾੜੀ ਨਾਲ ਧੋਖਾ ਮਾਮਲੇ ਤੇ ਪੇਸ਼ ਕੀਤੇ ਗਏ ਸਰਕਾਰੀ ਮਤੇ ਤੇ ਬਹਿਸ ਦਾ ਜਵਾਬ ਦਿੰਦੇ ਹੋਏ 31 ਮਿੰਟਾਂ ਲਈ ਬੋਲੇ।

ਉਪਰੰਤ, ਸਦਨ ਬੁੱਧਵਾਰ ਮਿਤੀ 11 ਮਾਰਚ, 2026 ਨੂੰ 10.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।

---

**PUNJAB VIDHAN SABHA SECRETARIAT**
**BULLETIN NO. 04**
**Tuesday, the 10th March, 2026**
**(From 10:00 A.M to 05:37 P.M)**

1. **Questions**
   a. **Starred Questions: -**

| Total No. of Questions on the order paper | Answered | Not put | Postponed | Answered under Rule 38 | No. of Supplementaries |
|---|---|---|---|---|---|
| 20 | 14 | ---- | 02 | 04 | 23 |

2. **Adjournment of the House for a short period**

The House was adjourned by the Hon'ble Speaker from 11:10 AM to 11:40 AM and from 01:30 P.M to 03:00 P.M.

3. **Censure Motion**

The following Censure Motion was moved in the House by Smt. Sarvjit Kaur Manuke and was carried:

"That a post has been shared on social media by Sardar Sukhpal Singh Khaira, sitting Member of the Punjab Vidhan Sabha stating how can women who perform Giddha for just Rs. 1000 be expected to raise warriors. This post is a direct insult to women. Furthermore, since this decision is taken by this August House that it is disrespect to this August House also. Therefore, this House strongly condemns the insult to women and this August House by Sukhpal Singh Khaira."

The following Members took part in the above Censure Motion and spoke for the time as mentioned against their names:

1. Smt. Sarvjit Kaur Manuke, Aam Aadmi Party — 01 Minute
2. Sardar Harpal Singh Cheema, Finance Minister — 02 Minutes
3. Sardar Tript Rajinder Singh Bajwa, Indian National Congress — 01 Minute
4. Smt. Inderjit Kaur Mann, Aam Aadmi Party — 01 Minute
5. Dr. Amandeep Kaur Arora, Aam Aadmi Party — 01 Minute
6. Smt. Ganieve Kaur Majithia, Shiromani Akali Dal — 01 Minute
7. Sardar Partap Singh Bajwa, Leader of Opposition — 01 Minute
8. Smt. Anmol Gagan Mann, Aam Aadmi Party — 02 Minutes
9. Sardar Tarunpreet Singh Sond, Minister of Tourism and Cultural Affairs — 02 Minutes
10. Sardar Harjot Singh Bains, Minister of Technical Education and Industrial Training — 03 Minutes
11. Smt. Aruna Chaudhary, Indian National Congress Party — 01 Minute
12. Rana Gurjeet Singh, Indian National Congress Party — 02 Minutes
13. Sardar Harbhajan Singh, Public Works (B & R) Minister — 07 Minutes

14. Sardar Manjit Singh Bilaspur, Aam Aadmi Party 02 Minutes
15. Shri Aman Arora, New and Renewable Energy Resources Minister 02 Minutes

**4. Welcome Announcement by the Hon'ble Speaker**

The Hon'ble Speaker informed the House regarding the presence of the following personalities at various times and they were welcomed on behalf of the entire House:

1. Olympian Miss Gurjit Kaur, player of the Indian International Hockey team;
2. Respected lawyers of the Faridkot Bar Council and Advocate Bir Inder Singh younger Brother of the Hon'ble Speaker;
3. Shri Devinder Sharma, Food Policy Analyst Expert, South Asia.

**5. Calling Attention Notice**

1. Doctor Nachhatar Pal, M.L.A., drew the attention of the Government towards the incident in which a child mauled by stray dogs in Dhaliwal, District Gurdaspur.

(No.21)

The Local Government Minister gave reply.

**6. Presentation of Reports**

1. The Chairperson of Committee on the Welfare of Scheduled Castes, Scheduled Tribes and Backward Classes (Smt. Sarvjit Kaur Manuke) presented the 50$^{th}$ Report on the General Working for the year 2025-26.
2. The Chairman of Committee on Government Assurances (Sardar Devinderjeet Singh Laddi Dhos) presented the 54$^{th}$ Report to examine the assurances, commitments and beliefs made in the House from time to time.

**7. Papers to be laid on the Table**

The Water Resources Minister laid papers on the table of the House as mentioned at Serial No.01 to 05 as shown under Item No.04 in today's list of Business.

**8. Financial Business**

i. The Finance Minister presented the Supplementary Demands for Grants for Expenditure of the Government of Punjab for the year 2025-26.
ii. Sardar Manjit Singh Bilaspur, Chairman, Committee on Estimates presented the Report of the Committee on Estimates on the Supplementary Demands for Grants for Expenditure of the Government of Punjab for the year 2025-26.
iii. Supplementary Demands for Grants for Expenditure of the Government of Punjab for the year 2025-26.

1. Discussion and voting on the Demands for Supplementary Grants/Estimates of the Expenditure charged on revenue of the State.

The Supplementary Demands No.01 to 38, 41, 42 for Grants for Expenditure of the Government of Punjab for the year 2025-26 as listed in the List of Business were put to the vote of the House collectively and carried.

**9. The Punjab Appropriation (No. 1) Bill, 2026**

The Finance Minister introduced The Punjab Appropriation (No. 1) Bill, 2026 and also moved that the Bill be taken into consideration at once.

The Motion was put to the vote of the House and carried.

During clause-wise consideration of the Bill, clauses 02 to 04 collectively, Schedule, clause 1 and Title were put to the vote of the House and carried.

The Motion moved by the Finance Minister that The Punjab Appropriation (No. 1) Bill, 2026 be passed was put to the vote of the House and carried.

**10. Resumption of General Discussion on the Budget Estimates for the Year 2026-27**

The General discussion on the Budget estimates for the year 2026-27 was resumed and the following members took part in the General Discussion on the Budget Estimates and spoke for the time as mentioned against their names:

| | | |
|---|---|---|
| 1. | Rana Gurjeet Singh, Indian National Congress Party | 15 Minutes |
| 2. | Principal Budh Ram, Aam Aadmi Party | 13 Minutes |
| 3. | Sardar Manjit Singh Bilaspur, Aam Aadmi Party | 12 Minutes |

**11. Regarding Extension of time of House**

The Hon'ble Speaker extended the time of today's sitting till the completion of Business mentioned in today's List of Business.

**12. Official Resolution**

Discussion on Betrayal of Punjab's Agriculture through the India-US trade agreement

The following official resolution moved by Agriculture and Farmers' Welfare Minister was presented and passed unanimously:

"The recent statements being made by the Government of United States of America regarding India are extremely worrying. It appears as if India is not an independent and sovereign nation, but a colony of the America.

In the past few days, representatives of the USA Government have made numerous statements with regard to India that have caused deep concern to the people of the entire country, especially those in Punjab. Sometimes it is claimed that India has been granted permission to purchase oil from Russia for only thirty days, sometimes it is claimed that the US brokered a ceasefire with Pakistan, and sometimes statements are made about India's energy supply as if India's policies are guided by US approval.

Even more worrying is that the country's Prime Minister, Shri Narendra Modi, has not yet issued a clear and strong rebuttal to these statements. Not once has the Prime Minister stated that these statements made by the US are

false. Nor has he registered any protest against such attempts to undermine India's sovereignty on international platforms.

In context of the Prime Minister's silence and weak stance and against this backdrop, this House expresses concern that, a trade agreement related to agriculture and seeds is being negotiated with the United States, ignoring the interests of the country's farmers. It is also feared that, under pressure, the Indian Government has put farmers' interests at stake by preparing for an agricultural trade agreement with the United States of America.

The foundation of Punjab's economy is its farmers. Punjab's farmers are not merely producers, but also protectors of their seed rights, their agricultural independence and the country's food security.

This House, therefore, stands with every farmer in Punjab and makes it clear that farmers should be given complete freedom to cultivate their own land, own their seeds, and adopt their traditional agricultural practices.

This House also wishes to draw the attention of the Government of India to the potential serious adverse consequences for Punjab's agricultural system if tariff and non-tariff barriers on food and agricultural products are removed under the US-India Trade Agreement.

The following concerns have been raised in particular:

First, it could have a negative impact on crop diversification. If feed substitutes such as DDGS or soybean oil are imported from the US at low prices, this would put pressure on corn and soybean prices and undermine ongoing crop diversification efforts in Punjab.

Second, it could have a serious impact on the cotton sector. If cotton imports from the US increase, cotton farmers, especially in the Malwa region of Punjab, could face falling prices.

Third, if non-tariff barriers are relaxed, it could increase the risk of GMO inputs, as well as the introduction of new pests, plant diseases, and invasive weeds into Indian agriculture, posing a serious threat to Punjab's agriculture.

Fourth, the US agricultural system is based on large farms, heavy government subsidies, and large-scale production capacity. Consequently, Punjab farmers would face unequal competition from cheap agricultural products coming from there.

After considering all these aspects, this House clearly resolves that any agricultural agreement with the United States that ignores the interests of farmers is unacceptable. The Punjab Legislative Assembly makes it clear that any compromise on farmers' rights, their freedom to farm, and their ownership of seeds will not be acceptable.

This House, therefore, strongly recommends to State Government to take up matter with Government of India to ensure that the interests of the country's farmers and their ownership of seeds, especially those of Punjab, are protected without succumbing to any international pressure."

The following members took part in discussion on betrayal of Punjab's Agriculture through the India-Us trade agreement as mentioned time:

| | | |
|---|---|---|
| 1. | S. Pargat Singh Powar, Indian National Congress Party | 06 minutes |
| 2. | S. Pratap Singh Bajwa, Leader of Opposition | 08 minutes |
| 3. | S. Gurpreet Singh Banawali, Aam Aadmi Party | 07 minutes |
| 4. | Shri Amansher Singh (Sherry Kalsi), Aam Aadmi Party | 02 minutes |
| 5. | Shri Narinderpal Singh Sawna, Aam Aadmi Party | 06 minutes |
| 6. | Shri Jagdeep Kamboj Goldy, Aam Aadmi Party | 02 minutes |
| 7. | Shri Dinesh Kumar Chadha, Aam Aadmi Party | 09 minutes |
| 8. | Mohammad Jamil Ur Rahman, Aam Aadmi Party | 05 minutes |
| 9. | S. Kuldeep Singh Dhaliwal, Aam Aadmi Party | 09 minutes |
| 10. | Rana Gurjit Singh, Indian National Congress Party | 09 minutes |
| 11. | S. Sarvan Singh Dhun, Aam Aadmi Party | 03 minutes |
| 12. | Sardar Laljit Singh Bhullar, Transport Minister | 07 minutes |
| 13. | Smt. Inderjit Kaur Mann, Aam Aadmi Party | 03 minutes |
| 14. | S. Manpreet Singh Ayali, Shiromani Akali Dal | 05 minutes |
| 15. | Sardar Harjot Singh Bains, Technical Education and Industrial Training Minister | 08 minutes |
| 16. | Shri Aman Arora, Minister of New and Renewable Energy Resources | 10 minutes |
| 17. | Dr. Nachattar Pal, Bahujan Samaj Party | 02 minutes |
| 18. | S. Harpal Singh Cheema, Finance Minister | 07 minutes |

Shri Bhagwant Mann, Chief Minister, by way of reply on discussion to official resolution moved on Betrayal of Punjab's Agriculture through the India-US trade agreement, spoke for 31 minutes.

The House then adjourned till 10.00 A.M on Wednesday, the 11th March, 2026.

@ 2026

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਕਰਵਾਈ ਗਈ।